
Ray Dhaliwal
Real Estate Broker

# Moving to Indiana?

Contact Ray Dhaliwal @ 317-993-4987

Helpful in Easy and Accessible Home Loans at best Interest Rates.

Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.

CENTURY 21 SCHEETZ
RAYD@C21Scheetz.com



Twenty-Fourth Year of Publication | ਨਿਊਯਾਰਕ ਐਡੀਸ਼ਨ | Price 50¢

Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 24, Issue 44; November 4, 2023 | 20451 N. Plum Grove Rd., Palatine, IL 60074 | Ph:847-359-0746, Fax:847-705-9388


## ਕੇਂਦਰੀ ਏਜੰਸੀਆਂ ਨੇ 'ਆਪ' ਉਤੇ ਸ਼ਿਕੰਜਾ ਕੱਸਿਆ

**ਚੰਡੀਗੜ੍ਹ:** ਕੇਂਦਰੀ ਏਜੰਸੀਆਂ ਨੇ ਆਮ ਆਦਮੀ ਪਾਰਟੀ (ਆਪ) ਉਤੇ ਸ਼ਿਕੰਜਾ ਕੱਸ ਦਿੱਤਾ ਹੈ। ਆਪ ਦੇ ਮੰਤਰੀ ਤੇ ਵਿਧਾਇਕ ਕੇਂਦਰੀ ਏਜੰਸੀਆਂ ਦੇ ਰਡਾਰ ਉਤੇ ਹਨ। ਇਥੋਂ ਤੱਕ ਕਿ ਦਿੱਲੀ ਦੇ ਮੁੱਖ ਮੰਤਰੀ ਅਤੇ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਉਤੇ ਵੀ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਸ਼ਿਕੰਜਾ ਕੱਸ ਦਿੱਤਾ ਹੈ। ਅਰਵਿੰਦ ਕੇਜਰੀਵਾਲ ਨੂੰ ਮਨੀ ਲਾਂਡਰਿੰਗ ਨਾਲ ਜੁੜੇ ਦਿੱਲੀ ਆਬਕਾਰੀ ਨੀਤੀ ਵਾਲੇ ਕੇਸ ਵਿਚ ਪੁੱਛ-ਪੜਤਾਲ ਲਈ ਸੰਮਨ ਭੇਜੇ ਗਏ ਹੈ।





ਇਧਰ, 'ਆਪ' ਆਗੂਆਂ ਖ਼ਿਲਾਫ਼ ਦਿੱਲੀ ਤੋਂ ਸ਼ੁਰੂ ਹੋਈ ਇਸ 'ਮੁਹਿੰਮ' ਦਾ ਸੇਕ ਪੰਜਾਬ ਤੱਕ ਆ ਪਹੁੰਚਿਆ ਹੈ। ਮੁਹਾਲੀ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਕੁਲਵੰਤ ਸਿੰਘ ਦੇ ਘਰ ਈ.ਡੀ. ਨੇ ਛਾਪੇ ਮਾਰੇ ਹਨ। ਈ.ਡੀ. ਦੀ ਵਿਸ਼ੇਸ਼ ਟੀਮ ਮੁਹਾਲੀ ਦੇ ਸੈਕਟਰ-71 ਸਥਿਤ ਵਿਧਾਇਕ ਕੁਲਵੰਤ ਸਿੰਘ ਦੇ ਘਰ ਪਹੁੰਚ ਗਈ। ਈ.ਡੀ. ਵੱਲੋਂ ਇਹ ਛਾਪੇ ਕਿਸ ਮਾਮਲੇ ਵਿਚ ਮਾਰੇ ਹਨ, ਇਸ ਬਾਰੇ ਪੁਖਤਾ ਜਾਣਕਾਰੀ ਨਹੀਂ ਮਿਲੀ ਹੈ। ਪਿਛਲੇ ਦਿਨੀਂ ਪੰਜਾਬ ਦੇ ਰਾਜਪਾਲ ਵੱਲੋਂ ਸੂਬੇ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਪੱਤਰ ਭੇਜ ਕੇ ਰੀਅਲ ਅਸਟੇਟ ਦੇ ਕੁਝ ਪ੍ਰੋਜੈਕਟਾਂ ਬਾਰੇ ਸਵਾਲ ਚੁੱਕੇ ਗਏ ਸਨ। ਸੂਤਰਾਂ ਮੁਤਾਬਕ ਏਜੰਸੀ ਨੇ ਮੁਹਾਲੀ, ਅੰਮ੍ਰਿਤਸਰ ਅਤੇ ਲੁਧਿਆਣਾ ਵਿਚ ਵੱਖ-ਵੱਖ ਥਾਵਾਂ ਛਾਪੇ ਮਾਰੇ।

ਉਧਰ, 'ਆਪ' ਨੇ ਦਾਅਵਾ ਕੀਤਾ ਹੈ ਕਿ ਈ.ਡੀ. ਅਰਵਿੰਦ ਕੇਜਰੀਵਾਲ ਨੂੰ ਗ੍ਰਿਫਤਾਰ ਕਰਨ ਦੀ ਤਿਆਰੀ ਕਰ ਰਹੀ ਹੈ। ਆਪ ਦਾ ਦੋਸ਼ ਹੈ ਕਿ ਭਾਜਪਾ, ਪਾਰਟੀ ਦੇ ਆਗੂਆਂ ਨੂੰ ਜੇਲ੍ਹਾਂ ਵਿਚ ਪਾ ਕੇ ਇਸ ਨੂੰ ਖਤਮ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਕੇਜਰੀਵਾਲ ਨੂੰ ਕਾਲੇ ਧਨ ਨੂੰ ਸਫੈਦ ਕਰਨ ਤੋਂ ਰੋਕੂ ਕਾਨੂੰਨ (ਪੀ.ਐਮ.ਐਲ.ਏ.) ਤਹਿਤ ਸੰਮਨ ਜਾਰੀ ਕੀਤਾ ਗਿਆ ਹੈ। ਇਹ ਪਹਿਲੀ ਵਾਰ ਹੈ ਜਦੋਂ ਈ.ਡੀ. ਨੇ ਕੇਜਰੀਵਾਲ ਨੂੰ ਸੰਮਨ ਭੇਜਿਆ ਹੈ।

ਯਾਦ ਰਹੇ ਕਿ ਕੇਂਦਰ ਦੀ ਮੋਦੀ ਸਰਕਾਰ ਉਤੇ ਵਿਰੋਧੀ ਧਿਰਾਂ ਦੇ ਆਗੂਆਂ ਉਤੇ ਕੇਂਦਰੀ ਏਜੰਸੀਆਂ ਤੋਂ ਮਿਥ ਕੇ ਕਾਰਵਾਈ ਕਰਵਾਉਣ ਦੇ ਦੋਸ਼ ਅਕਸਰ ਲੱਗਦੇ ਆਏ ਹਨ। ਦਿੱਲੀ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਇਸ ਪਾਰਟੀ ਦੇ ਦਰਜਨ ਦੇ ਕਰੀਬ ਵਿਧਾਇਕਾਂ ਉਤੇ ਗੰਭੀਰ ਦੋਸ਼ਾਂ ਤਹਿਤ ਮਾਮਲੇ ਦਰਜ ਹੋਏ ਹਨ। ਆਪ ਸਰਕਾਰ ਵਿਚ ਉੱਪ ਮੁੱਖ ਮੰਤਰੀ ਮਨੀਸ਼ ਸਿਸੋਦੀਆ, ਸਾਬਕਾ ਜੇਲ੍ਹ ਮੰਤਰੀ ਸਤੇਂਦਰ ਜੈਨ ਅਤੇ ਰਾਜ ਸਭਾ ਮੈਂਬਰ ਸੰਜੇ ਸਿੰਘ ਇਸ ਸਮੇਂ ਜੇਲ੍ਹ ਵਿਚ ਹਨ।

'ਆਪ' ਸੰਸਦ ਮੈਂਬਰ ਰਾਘਵ ਚੱਢਾ ਦੀ ਰਾਜ ਸਭਾ ਵਿਚੋਂ ਅਣਮਿਥੇ ਸਮੇਂ ਲਈ ਮੁਅੱਤਲੀ ਉਤੇ ਵੀ ਲਗਾਤਾਰ ਸਵਾਲ ਉਠ ਰਹੇ ਹਨ। ਇਸ ਮੁੱਦੇ ਉਤੇ ਸੁਪਰੀਮ ਕੋਰਟ ਨੇ ਵੀ ਸਵਾਲ ਕੀਤਾ ਕਿ ਕੀ ਸੰਸਦ ਦੀ ਵਿਸ਼ੇਸ਼ ਅਧਿਕਾਰ ਕਮੇਟੀ 'ਆਪ' ਸੰਸਦ ਮੈਂਬਰ ਦੀ ਰਾਜ ਸਭਾ ਵਿਚੋਂ ਅਣਮਿਥੇ ਸਮੇਂ ਲਈ ਮੁਅੱਤਲੀ ਦੇ ਹੁਕਮ ਦੇ ਸਕਦੀ ਹੈ। ਕੋਰਟ ਨੇ ਵੀ ਆਖ ਦਿੱਤਾ ਕਿ ਵਿਰੋਧੀ ਧਿਰ ਦੇ ਇਕ ਮੈਂਬਰ ਨੂੰ ਸਦਨ ਵਿਚੋਂ ਸਿਰਫ ਇਸ ਲਈ ਬਾਹਰ ਕਰਨਾ ਕਿਉਂਕਿ ਉਸ ਦਾ ਦ੍ਰਿਸ਼ਟੀਕੋਣ ਸ਼ਾਇਦ ਸਰਕਾਰ ਦੇ ਦ੍ਰਿਸ਼ਟੀਕੋਣ ਨਾਲ ਮੇਲ ਨਹੀਂ ਖਾਂਦਾ, ਬਹੁਤ ਗੰਭੀਰ ਮੁੱਦਾ ਹੈ। ਰਾਘਵ ਚੱਢਾ 11 ਅਗਸਤ ਤੋਂ ਮੁਅੱਤਲ ਹਨ। ਬੈਂਚ ਨੇ ਕਿਹਾ ਕਿ ਸੰਸਦ ਵਿਚ ਸਾਰਿਆਂ ਦੀ ਆਵਾਜ਼ ਸੁਣੀ ਜਾਣੀ ਚਾਹੀਦੀ ਹੈ, ਇਹ ਗੰਭੀਰ ਮੁੱਦਾ ਹੈ।

ਚੇਤੇ ਰਹੇ ਕਿ ਆਮ ਆਦਮੀ ਪਾਰਟੀ ਦਿੱਲੀ ਅਤੇ ਪੰਜਾਬ ਵਿਚ ਸੱਤਾ ਵਿਚ ਹੈ ਅਤੇ ਦੋਵਾਂ ਸਰਕਾਰਾਂ ਦਾ ਰਾਜਪਾਲ ਨਾਲ ਸਿੱਧਾ ਟਕਰਾਅ ਚੱਲ ਰਿਹਾ ਹੈ। ਆਪ ਹਮੇਸ਼ਾ ਦੋਸ਼ ਲਾਉਂਦੀ ਆ ਰਹੀ ਹੈ ਕਿ ਰਾਜਪਾਲ ਕੇਂਦਰ ਦੇ ਇਸ਼ਾਰੇ ਉਤੇ ਸਰਕਾਰ ਦੇ ਕੰਮ ਕਾਜ ਵਿਚ ਅੜਿੱਕੇ ਡਾਹ ਰਿਹਾ ਹੈ। ਇਸ ਸਮੇਂ ਪੰਜਾਬ ਵਿਚ ਇਹ ਮਸਲਾ ਕਾਫੀ

*(ਬਾਕੀ ਸਫਾ 6 'ਤੇ)*

## ਸ੍ਰੀ ਹਰਿਮੰਦਰ ਸਾਹਿਬ ਦੇ ਮਾਡਲ ਦੀ ਨਿਲਾਮੀ ਦਾ ਮਾਮਲਾ ਭਖਿਆ



**ਅੰਮ੍ਰਿਤਸਰ:** ਮੋਦੀ ਸਰਕਾਰ ਵੱਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮਾਡਲ ਨੂੰ ਨਿਲਾਮ ਕਰਨ ਦਾ ਮਾਮਲਾ ਭਖ ਗਿਆ ਹੈ। ਇਹ ਮਾਡਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸ਼੍ਰੋਮਣੀ ਕਮੇਟੀ ਵੱਲੋਂ 2015 'ਚ ਦਰਬਾਰ ਸਾਹਿਬ ਦੀ ਫੇਰੀ ਦੌਰਾਨ ਭੇਟ ਕੀਤਾ ਗਿਆ ਸੀ।

ਪ੍ਰਧਾਨ ਮੰਤਰੀ ਦਫਤਰ ਵੱਲੋਂ ਨਰਿੰਦਰ ਮੋਦੀ ਨੂੰ ਤੋਹਫ਼ੇ ਵਜੋਂ ਪ੍ਰਾਪਤ 912 ਵਸਤਾਂ ਦੀ ਨਿਲਾਮੀ ਕੀਤੀ ਜਾ ਰਹੀ ਹੈ, ਹਰਿਮੰਦਰ ਸਾਹਿਬ ਦਾ ਮਾਡਲ ਇਨ੍ਹਾਂ ਵਿਚੋਂ ਇਕ ਹੈ। ਇਸ ਨੂੰ ਨਿਲਾਮੀ ਸਾਈਟ 'ਤੇ 13,500 ਦੀ ਬੇਸ ਕੀਮਤ ਨਾਲ ਸੂਚੀਬੱਧ ਕੀਤਾ ਗਿਆ ਹੈ। ਉਧਰ, ਸਿੱਖ ਜਥੇਬੰਦੀਆਂ ਸਰਕਾਰ ਦੇ ਇਸ ਫੈਸਲੇ ਤੋਂ ਖ਼ਫ਼ਾ ਹਨ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਟਵੀਟ ਕਰ ਕੇ ਅਪੀਲ ਕੀਤੀ ਕਿ ਉਹ ਸ੍ਰੀ ਹਰਿਮੰਦਰ ਸਾਹਿਬ ਦੇ ਮਾਡਲ ਨੂੰ ਆਪਣੇ ਗ੍ਰਹਿ ਵਿਖੇ ਸਜਾ ਕੇ ਰੱਖਣ ਅਤੇ ਇਸ ਨੂੰ ਨਿਲਾਮ ਨਾ ਕਰਨ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨੂੰ ਮਿਲੇ ਸਨਮਾਨਾਂ ਅਤੇ ਤੋਹਫਿਆਂ ਦੀ ਨਿਲਾਮੀ ਕੀਤੀ ਜਾ ਰਹੀ ਹੈ, ਜਿਨ੍ਹਾਂ ਵਿਚ ਸ੍ਰੀ ਹਰਿਮੰਦਰ ਸਾਹਿਬ ਦਾ ਮਾਡਲ ਵੀ ਸ਼ਾਮਲ ਹੈ। ਇਹ ਕੋਈ ਆਮ ਤੋਹਫਾ ਨਹੀਂ, ਸਗੋਂ ਇਕ ਸਰਧਾ ਅਤੇ ਸਤਿਕਾਰ ਦਾ ਪ੍ਰਤੀਕ ਹੈ।

ਇਸੇ ਦੌਰਾਨ ਪੰਜਾਬ ਭਾਜਪਾ ਆਗੂ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਵੀ ਪ੍ਰਧਾਨ ਮੰਤਰੀ ਦਫਤਰ ਵੱਲੋਂ ਪ੍ਰਧਾਨ ਮੰਤਰੀ ਨੂੰ ਮਿਲੇ ਸਨਮਾਨਾਂ ਅਤੇ ਤੋਹਫ਼ਿਆਂ ਦੀ ਕੀਤੀ ਜਾ ਰਹੀ ਨਿਲਾਮੀ 'ਚੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮਾਡਲ ਨੂੰ ਹਟਾਉਣ ਦੀ ਅਪੀਲ ਕੀਤੀ ਹੈ। ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਤੁਰਤ ਨਿੱਜੀ ਦਖਲ ਦੇਣ ਦੀ ਅਪੀਲ ਕੀਤੀ ਹੈ। ਪ੍ਰੋ. ਸਰਚਾਂਦ ਸਿੰਘ ਨੇ ਪ੍ਰਧਾਨ ਮੰਤਰੀ ਨੂੰ ਲਿਖੇ ਪੱਤਰ ਵਿਚ ਕਿਹਾ ਕਿ ਸ੍ਰੀ ਅਕਾਲ ਤਖਤ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਦਿੱਤੇ ਜਾਂਦੇ ਸਨਮਾਨ ਪੂਰੀ ਕੌਮ ਵੱਲੋਂ ਦਿੱਤੇ ਗਏ ਸਨਮਾਨ ਹਨ। ਪ੍ਰਧਾਨ ਮੰਤਰੀ ਦੀ ਮਾਰਚ 2015 ਨੂੰ ਪਹਿਲੀ ਵਾਰ ਸ੍ਰੀ ਹਰਿਮੰਦਰ ਸਾਹਿਬ ਆਮਦ 'ਤੇ ਸ਼੍ਰੋਮਣੀ ਕਮੇਟੀ ਵੱਲੋਂ ਇਹ ਮਾਡਲ ਸਨਮਾਨ

*(ਬਾਕੀ ਸਫਾ 6 'ਤੇ)*


**One stop shop for all your taxi needs**

**The Friendly Group Ltd.**
**Chelsea Taxi Brokers**
**Ph: 212-947-9833, 212-695-0601**

*40 ਸਾਲਾਂ ਤੋਂ ਭਾਈਚਾਰੇ ਦੀ ਸੇਵਾ ਵਿਚ*

*All types of insurance*
* *Medallion transfers*
* *Accident claims*
* *Taxi Stand Facility available*




We are here at your service to sell and buy or insure medallions and we are in business to help our Punjabi Community since last 40 years.

*Ask us about Purchase or new buyer and financing.

ਟੈਕਸੀ ਮਡਾਲੀਅਨ ਖਰੀਦਣ, ਵੇਚਣ ਜਾਂ ਲੀਜ਼ 'ਤੇ ਲੈਣ ਜਾਂ ਦੇਣ ਲਈ ਸਾਡਾ ਸੁਝਵਾਨ ਤੇ ਸੁਹਿਰਦ ਸਟਾਫ਼ ਤੁਹਾਨੂੰ ਵਾਜਬ ਕੀਮਤਾਂ ਦਿਵਾਉਣ ਲਈ ਹਰ ਯਤਨ ਕਰੇਗਾ।

# ਸਿਨਸਿਨੈਟੀ ਦੇ ਕੀਰਤਨ ਸਮਾਗਮ ਵਿਚ ਅਮਰੀਕਾ ਅਤੇ ਕੈਨੇਡਾ ਦੀ ਸੰਗਤ ਵਲੋਂ ਸ਼ਮੂਲੀਅਤ

**ਸਿਨਸਿਨੈਟੀ:** ਇੱਥੇ 21ਵਾਂ ਸਾਲਾਨਾ ਤਿੰਨ ਦਿਨਾਂ ਕੀਰਤਨ ਸਮਾਗਮ ਗੁਰੂ ਨਾਨਕ ਸੋਸਾਇਟੀ ਆਫ ਗ੍ਰੇਟਰ ਸਿਨਸਿਨੈਟੀ ਗੁਰਦੁਆਰਾ ਸਾਹਿਬ ਵਿਖੇ ਕਰਵਾਇਆ ਗਿਆ। ਹਰ ਸਾਲ ਵਾਂਗ, ਇਸ ਵਾਰ ਵੀ ਅਮਰੀਕਾ ਦੇ ਵੱਖ ਵੱਖ ਸੂਬਿਆਂ ਅਤੇ ਕੈਨੇਡਾ ਤੋਂ ਗੁਰਸਿੱਖ ਪਰਿਵਾਰ ਅਨੰਦਮਈ ਕੀਰਤਨ ਲਈ ਕਈ ਘੰਟਿਆਂ ਦੀ ਯਾਤਰਾ ਕਰ ਕੇ ਪਹੁੰਚੇ।

ਹਰ ਸਾਲ ਸਿਨਸਿਨੈਟੀ ਅਤੇ ਲਾਗਲੇ ਸ਼ਹਿਰਾਂ ਡੇਅਟਨ ਆਦਿ ਦੀ ਸੰਗਤ ਇਸ ਸਾਲਾਨਾ ਸਮਾਗਮ ਦੀ ਬੇਸਬਰੀ ਨਾਲ ਉਡੀਕ ਕਰਦੀ ਹੈ ਅਤੇ ਗੁਰੂ ਸਾਹਿਬ ਤੇ ਗੁਰੂ ਜੀ ਦੇ ਪਿਆਰੇ ਸਿੱਖਾਂ ਦੀ ਸੰਗਤ ਵਿਚ ਤਿੰਨ ਦਿਨ ਬਿਤਾਉਣ ਲਈ ਉਤਸੁਕ ਰਹਿੰਦੀ ਹੈ। ਸਮਾਗਮ ਵਿਚ ਭਾਗ ਲੈਣ ਲਈ ਟੋਰਾਂਟੋ, ਬਰੈਂਪਟਨ, ਸਾਨ ਫਰਾਂਸਿਸਕੋ ਅਤੇ ਹੋਰ ਦੂਰ-ਦੁਰਾਡੇ ਤੋਂ ਸੰਗਤ ਪੁੱਜੀ ਅਤੇ ਰਸਭਿੰਨੇ ਸ਼ਬਦ ਕੀਰਤਨ ਦਾ ਅਨੰਦ ਮਾਣਿਆ।

ਤਿੰਨ ਦਿਨ (18 ਘੰਟੇ) ਕੀਰਤਨੀਆਂ, ਜਿਨ੍ਹਾਂ ਵਿਚ ਬੱਚੇ ਅਤੇ ਨੌਜਵਾਨ ਵੀ ਸ਼ਾਮਲ ਸਨ, ਨੇ ਗੁਰਬਾਣੀ ਦਾ ਮਨੋਹਰ ਕੀਰਤਨ ਕੀਤਾ। ਸਵੇਰੇ ਰੋਜ਼ਾਨਾ ਨਿਤਨੇਮ ਤੋਂ ਬਾਅਦ ਆਸਾ ਦੀ ਵਾਰ ਦਾ ਗਾਇਨ ਕੀਤਾ ਗਿਆ। ਕੀਰਤਨ ਦੌਰਾਨ ਕੋਈ ਘੋਸ਼ਣਾ ਨਹੀਂ ਕੀਤੀ ਗਈ ਅਤੇ ਸਾਰੇ ਕੀਰਤਨ ਕਰਨ ਵਾਲੇ ਸੇਵਾਦਾਰਾਂ ਨੂੰ ਪਹਿਲਾਂ ਹੀ ਵਾਰੀ ਅਤੇ ਸਮਾਂ ਦਿੱਤਾ ਗਿਆ ਸੀ। ਕਿਸੇ ਹੋਰ ਨੇ ਕੀਰਤਨ ਕਰਨ ਲਈ ਵਾਰੀ ਮੰਗਣ ਬਾਰੇ ਸੋਚਿਆ ਵੀ ਨਹੀਂ ਕਿਉਂਕਿ ਸਾਰੇ ਕੀਰਤਨ ਦੌਰਾਨ ਨਾਮ ਦੇ ਰੰਗ ਵਿਚ ਰੰਗੇ ਹੋਏ ਸਨ। ਕਈ ਘੰਟੇ ਬੀਤ ਜਾਣ ਤੋਂ ਬਾਅਦ ਵੀ ਸੰਗਤ ਵਿਚ ਬੈਠੇ ਕਿਸੇ ਨੂੰ ਘਰ ਜਾਣ ਜਾਂ ਸੌਣ ਦੀ ਕੋਈ ਇੱਛਾ ਨਹੀਂ ਸੀ। ਲੰਗਰ ਵਿਚ ਸੇਵਾ ਨਿਰੰਤਰ ਚੱਲਦੀ ਰਹੀ ਅਤੇ ਨਾਮ ਦੀ ਗੂੰਜ ਮਹਿਸੂਸ ਹੁੰਦੀ ਰਹੀ।









ਸਿਨਸਿਨੈਟੀ ਵਿਖੇ ਸਾਲ 2003 ਵਿਚ ਸੰਗਤਾਂ ਦੇ ਸਹਿਯੋਗ ਨਾਲ ਇਸ ਸਾਲਾਨਾ ਕੀਰਤਨ ਸਮਾਗਮ ਨੂੰ ਸ਼ੁਰੂ ਕਰਨ ਵਾਲੇ ਨੌਜਵਾਨ ਭਾਈ ਜੈਪਾਲ ਸਿੰਘ, ਬੀਤੇ ਸਾਲ ਮਈ ਮਹੀਨੇ 41 ਸਾਲ ਦੀ ਉਮਰ ਵਿਚ ਕੈਂਸਰ ਕਾਰਨ ਸੰਗਤਾਂ ਨੂੰ ਵਿਛੋੜਾ ਦੇ ਗਏ ਸਨ। ਹੁਣ ਉਨ੍ਹਾਂ ਦੇ ਜਾਣ ਤੋਂ ਬਾਅਦ ਵੀ ਸੰਗਤ ਵਲੋਂ ਇਸ ਸਾਲਾਨਾ ਕੀਰਤਨ ਸਮਾਗਮ ਨੂੰ ਜਾਰੀ ਰੱਖਦਿਆਂ ਇਸ ਕੀਰਤਨ ਸਮਾਗਮ ਦਾ ਆਯੋਜਨ ਕੀਤਾ ਜਾਂਦਾ ਹੈ। ਇੱਥੇ ਇਹ ਵੀ ਵਰਣਨਯੋਗ ਹੈ ਕਿ ਜਿਹੜਾ ਉੱਧਮ ਅਤੇ ਸਿੱਖੀ ਦਾ ਬੂਟਾ ਜੈਪਾਲ ਸਿੰਘ ਨੇ ਬੀਜਿਆ ਸੀ, ਉਸ ਸਮੇਂ ਜਿਹੜੇ ਬੱਚੇ 6-7 ਸਾਲ ਦੀ ਉਮਰ ਦੇ ਸਨ, ਹੁਣ ਉਨ੍ਹਾਂ ਸਭਨਾਂ ਨੌਜਵਾਨਾਂ ਵਲੋਂ ਇਨ੍ਹਾਂ ਸਮਾਗਮਾਂ ਵਿਚ ਕੀਰਤਨ ਦੀ ਸੇਵਾ ਹਾਲੇ ਵੀ ਜਾਰੀ ਹੈ।


ਸੰਗਤਾਂ ਨੇ ਇਹ ਅਰਦਾਸ ਕੀਤੀ ਕਿ ਇਸ ਸਾਲਾਨਾ ਸਮਾਗਮ ਦਾ ਆਯੋਜਨ ਸਤੰਬਰ ਜਾਂ ਅਕਤੂਬਰ ਮਹੀਨੇ ਚੌਥੀ ਪਾਤਸ਼ਾਹੀ ਸ੍ਰੀ ਗੁਰੂ ਰਾਮਦਾਸ ਜੀ ਦੇ ਗੁਰਪੁਰਬ ਨੇੜੇ ਹੁੰਦਾ ਰਹੇ ਅਤੇ ਇਸੇ ਤਰ੍ਹਾਂ ਹਰ ਸਾਲ ਦੂਰ ਦੁਰਾਡੇ ਤੋਂ ਆ ਕੇ ਸੰਗਤ ਗੁਰਬਾਣੀ ਕੀਰਤਨ ਦਾ ਅਨੰਦ ਮਾਨਣ ਲਈ ਜੁੜਦੀ ਰਹੇ।

*-ਰਿਪੋਰਟ: ਸਮੀਪ ਸਿੰਘ ਗੁਮਟਾਲਾ*

# ਭਾਰਤੀ ਹਾਕੀ ਟੀਮ ਦੇ ਕਪਤਾਨ ਮਨਪ੍ਰੀਤ ਸਿੰਘ ਦਾ ਗਾਖਲ ਗਰੁੱਪ ਕਰੇਗਾ ਗੋਲਡ ਮੈਡਲ ਨਾਲ ਸਨਮਾਨ

## ਅੰਤਰਰਾਸ਼ਟਰੀ ਪ੍ਰਾਪਤੀਆਂ ਕਰਨ ਵਾਲੇ ਪੰਜਾਬ ਦੇ ਹਰ ਖਿਡਾਰੀ ਨੂੰ ਉਤਸ਼ਾਹਿਤ ਕਰਨਾ ਹਰ ਪੰਜਾਬੀ ਦਾ ਫਰਜ਼: ਗਾਖਲ

**ਸਾਨ ਫਰਾਂਸਿਸਕੋ:** ਸੁਰਜੀਤ ਹਾਕੀ ਸੁਸਾਇਟੀ ਜਲੰਧਰ ਵਲੋਂ ਸੀ.ਈ.ਓ. ਸ. ਇਕਬਾਲ ਸਿੰਘ ਸੰਧੂ ਤੇ ਸੁਰਿੰਦਰ ਸਿੰਘ ਭਾਪਾ ਦੀ ਅਗਵਾਈ ਹੇਠ 40ਵਾਂ ਸੁਰਜੀਤ ਹਾਕੀ ਟੂਰਨਾਮੈਂਟ 25 ਅਕਤੂਬਰ ਤੋਂ 3 ਨਵੰਬਰ ਤੱਕ ਕਰਵਾਇਆ ਜਾ ਰਿਹਾ ਹੈ ਜਿਸਦਾ ਪਹਿਲਾ ਇਨਾਮ 5 ਲੱਖ 50 ਹਜ਼ਾਰ ਰੁਪਏ ਗਾਖਲ ਗਰੁੱਪ ਅਤੇ ਗਾਖਲ ਪਰਿਵਾਰ (ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ ਅਤੇ ਇਕਬਾਲ ਸਿੰਘ ਗਾਖਲ) ਵਲੋਂ ਦਿੱਤਾ ਜਾ ਰਿਹਾ ਹੈ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਗਾਖਲ ਗਰੁੱਪ ਦੇ ਚੇਅਰਮੈਨ ਸ. ਅਮੋਲਕ ਸਿੰਘ ਗਾਖਲ ਨੇ ਦੱਸਿਆ ਕਿ ਟੂਰਨਾਮੈਂਟ ਦੇ ਫਾਈਨਲ 'ਤੇ ਗਾਖਲ ਗਰੁੱਪ ਅਤੇ ਗਾਖਲ ਪਰਿਵਾਰ ਵਲੋਂ ਭਾਰਤੀ ਹਾਕੀ ਟੀਮ ਦੇ ਕਪਤਾਨ ਮਨਪ੍ਰੀਤ ਸਿੰਘ ਦਾ ਗੋਲਡ ਮੈਡਲ ਨਾਲ ਸਨਮਾਨ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਪੰਜਾਬ ਦੇ ਅੰਤਰਰਾਸ਼ਟਰੀ ਪੱਧਰ 'ਤੇ ਪ੍ਰਾਪਤੀਆਂ ਕਰਨ ਵਾਲੇ ਹਰ ਖਿਡਾਰੀ ਦਾ ਸਨਮਾਨ ਕਰਨਾ ਹਰ ਪੰਜਾਬੀ ਦਾ ਫਰਜ਼ ਹੈ। ਉਨ੍ਹਾਂ ਕਿਹਾ ਕਿ ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਬਚਪਨ ਵਿਚ ਹੀ ਖੇਡਾਂ ਅਤੇ ਵਿੱਦਿਆ ਨਾਲ ਜੋੜਨ ਲਈ ਵਿਸ਼ੇਸ਼ ਉਪਰਾਲੇ ਕਰਨ ਤਾਂ ਜੋ ਭਵਿੱਖ ਵਿਚ ਇਕ ਨਰੋਆ ਸਮਾਜ ਸਿਰਜ ਸਕਣ।


ਅਮੋਲਕ ਸਿੰਘ ਗਾਖਲ


ਪਲਵਿੰਦਰ ਸਿੰਘ ਗਾਖਲ


ਇਕਬਾਲ ਸਿੰਘ ਗਾਖਲ


ਇਕਬਾਲ ਸਿੰਘ ਸੰਧੂ


ਸੁਰਿੰਦਰ ਸਿੰਘ ਭਾਪਾ


ਮਨਪ੍ਰੀਤ ਸਿੰਘ

*-ਐੱਸ.ਅਸ਼ੋਕ ਭੌਰਾ*

# ਮਾਤਾ ਸੁੰਦਰੀ ਗਰੁੱਪ ਆਫ ਇੰਸਟੀਚਿਊਸ਼ਨਜ਼ ਢੱਡੇ ਵਿਖੇ ਕੌਮਾਂਤਰੀ ਸੈਮੀਨਾਰ

**ਬਠਿੰਡਾ:** ਮਾਤਾ ਸੁੰਦਰੀ ਗਰੁੱਪ ਆਫ ਇੰਸਟੀਚਿਊਸ਼ਨਜ਼ ਢੱਡੇ ਦੇ ਮਾਤਾ ਸੁੰਦਰੀ ਗਰਲਜ਼ ਕਾਲਜ ਵਿੰਗ ਦੇ ਰਾਜਨੀਤੀ ਸ਼ਾਸਤਰ ਵਿਭਾਗ ਨੇ ਸੰਯੁਕਤ ਰਾਸ਼ਟਰ ਦੇ ਸਥਾਪਨਾ ਦਿਵਸ ਨੂੰ ਸਮਰਪਿਤ 'ਸੰਯੁਕਤ ਰਾਸ਼ਟਰ ਅਧੀਨ ਅੰਤਰਰਾਸ਼ਟਰੀ ਸਹਿਯੋਗ ਅਤੇ ਮਨੁੱਖੀ ਅਧਿਕਾਰ' ਵਿਸ਼ੇ 'ਤੇ ਅੰਤਰਰਾਸ਼ਟਰੀ ਸੈਮੀਨਾਰ ਕਰਵਾਇਆ। ਇਸ ਦੇ ਪਹਿਲੇ ਸੈਸ਼ਨ ਦੀ ਪ੍ਰਧਾਨਗੀ ਸੰਸਥਾ ਦੇ ਮੈਨੇਜਿੰਗ ਡਾਇਰੈਕਟਰ ਗੁਰਬਿੰਦਰ ਸਿੰਘ ਅਤੇ ਡਾਇਰੈਕਟਰ ਸਿੰਬਲਜੀਤ ਕੌਰ ਨੇ ਕੀਤੀ। ਪ੍ਰਬੰਧਕੀ ਨਿਰਦੇਸ਼ਕ ਪਰਮਿੰਦਰ ਸਿੰਘ ਸਿੱਧੂ ਨੇ ਆਏ ਮਹਿਮਾਨਾਂ ਦਾ ਸਵਾਗਤ ਕੀਤਾ। ਮੁੱਖ ਮਹਿਮਾਨ ਵਜੋਂ ਭਾਰਤ ਦੇ ਸਾਬਕਾ ਆਈ ਐਫ ਐਸ ਅਧਿਕਾਰੀ ਹਰਦੀਪ ਸਿੰਘ ਕਿੰਗਰਾ ਸ਼ਾਮਲ ਹੋਏ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਵਿਸ਼ਵ ਵਿਆਪੀ ਵਰਤਾਰਿਆਂ ਅਤੇ ਕੌਮਾਂਤਰੀ ਘਟਨਾਵਾਂ ਨੂੰ ਵਾਚਦਿਆਂ ਆਪਣੀ ਸੋਚ ਦਾ ਦਾਇਰਾ ਵਿਸ਼ਵ ਵਿਆਪੀ ਬਣਾਉਣ 'ਤੇ ਜ਼ੋਰ ਦਿੱਤਾ। ਸੈਮੀਨਾਰ ਵਿਚ ਡਾ. ਇੰਦਰਜੀਤ ਸਿੰਘ ਸੇਠੀ ਸਾਬਕਾ ਮੁਖੀ ਪੱਤਰ ਵਿਹਾਰ ਸਿੱਖਿਆ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਸੰਯੁਕਤ ਰਾਸ਼ਟਰ ਦੀ ਲੋੜ, ਭੂਮਿਕਾ ਅਤੇ ਕਮੀਆਂ 'ਤੇ ਚਾਨਣਾ ਪਾਇਆ।



ਇਸ ਮੌਕੇ ਗੈਸਟ ਆਫ ਆਨਰ ਵਜੋਂ ਪਰਸਨ ਸਿੰਘ ਮਾਨ (ਸ਼ਿਕਾਗੋ) ਪਹੁੰਚੇ। ਉਨ੍ਹਾਂ ਅਮਰੀਕੀ ਸਿੱਖਿਆ ਪ੍ਰਣਾਲੀ, ਖੋਜ ਪ੍ਰਣਾਲੀ ਅਤੇ ਵਿਦਿਆਰਥੀਆਂ ਨੂੰ ਖੋਜ ਲਈ ਮਿਲਦੇ ਮੌਕਿਆਂ ਦਾ ਵਰਣਨ ਕੀਤਾ। ਮਾਨ ਸਾਹਿਬ ਅਤੇ ਉਨ੍ਹਾਂ ਦੀ ਪਤਨੀ ਜਸਬੀਰ ਕੌਰ ਮਾਨ ਅਮਰੀਕਾ ਵਿਚ ਖੇਡਾਂ, ਸੱਭਿਆਚਾਰ ਅਤੇ ਸਮਾਜਿਕ ਸੰਗਠਨ ਚਲਾ ਰਹੇ ਸਨ, ਜਿਨ੍ਹਾਂ ਵਿਚ ਇਕ ਸੰਸਥਾ 'ਸਵੇਰਾ' ਹੈ, ਜੋ ਔਰਤਾਂ ਦੀ ਮਦਦ ਕਰਦੀ ਹੈ। ਸ. ਮਾਨ ਨੇ ਮਾਤਾ ਸੁੰਦਰੀ ਕਾਲਜ ਦੇ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ 'ਤੇ ਤਸੱਲੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਕੋਸ਼ਿਸ਼ ਹੋਵੇਗੀ ਕਿ ਇਸ ਕਾਲਜ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਦਾ ਵਫ਼ਦ ਅਮਰੀਕਾ ਦੀ ਧਰਤੀ 'ਤੇ ਸੱਭਿਆਚਾਰਕ ਆਦਾਨ-ਪ੍ਰਦਾਨ ਕਰਨ ਲਈ ਬੁਲਾ ਸਕਣ। ਦੂਜੇ ਸੈਸ਼ਨ ਦੀ ਪ੍ਰਧਾਨਗੀ ਕਾਲਜ ਦੇ ਚੇਅਰਮੈਨ ਕੁਲਵੰਤ ਸਿੰਘ ਸਿੱਧੂ ਨੇ ਕੀਤੀ। ਮੁੱਖ ਮਹਿਮਾਨ ਵਜੋਂ ਕਰਮ ਸਿੰਘ ਚੌਹਾਨ ਐਮ.ਡੀ. ਆਦਰਸ਼ ਸਕੂਲ ਚਾਉਕੇ, ਵਿਸ਼ੇਸ਼ ਮਹਿਮਾਨ ਬਘੇਲ ਸਿੰਘ ਪ੍ਰਿੰਸੀਪਲ ਆਦਰਸ਼ ਸਕੂਲ ਚਾਉਕੇ ਤੇ ਹਰਫੂਲ ਸਿੰਘ ਭੁੱਲਰ ਮੰਡੀ ਕਲਾਂ ਅਤੇ ਵਿਸ਼ੇਸ਼ ਮਹਿਮਾਨ ਅਤੇ ਰਿਸੋਸਰ ਪਰਸਨ ਵਜੋਂ ਡਾ. ਰਣਬੀਰ ਸਿੰਘ ਕਿੰਗਰਾ ਪ੍ਰਿੰਸੀਪਲ ਗੁਰੂ ਗੋਬਿੰਦ ਸਿੰਘ ਕਾਲਜ, ਤਲਵੰਡੀ ਸਾਬੋ ਸ਼ਾਮਲ ਹੋਏ। ਪ੍ਰੋ. ਰਾਜਵਿੰਦਰ ਕੌਰ ਅਤੇ ਡਾ. ਚੀਮਾ ਨੇ ਵੱਖ ਵੱਖ ਵਿਸ਼ਿਆਂ 'ਤੇ ਭਾਸ਼ਣ ਦਿੱਤਾ। ਅਖੀਰ ਵਿਚ ਕਾਲਜ ਦੇ ਪ੍ਰਿੰਸੀਪਲ ਡਾ. ਰਾਜ ਸਿੰਘ ਬਾਘਾ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।

# ਲੇਖਕ ਕਦੇ ਜਲਾਵਤਨ ਨਹੀਂ ਹੁੰਦਾ: ਡਾ. ਸੁਖਦੇਵ ਸਿੰਘ ਸਿਰਸਾ

ਸਿਰਸਾ: ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਵੱਲੋਂ ਪੰਜਾਬੀ ਲੇਖਕ ਸਭਾ, ਸਿਰਸਾ ਦੇ ਸਹਿਯੋਗ ਨਾਲ 'ਸਮਕਾਲ ਅਤੇ ਪੰਜਾਬੀ ਸਾਹਿਤ' ਵਿਸ਼ੇ 'ਤੇ ਪੰਚਾਇਤ ਭਵਨ, ਸਿਰਸਾ ਵਿਖੇ ਰਾਸ਼ਟਰੀ ਸੈਮੀਨਾਰ ਕਰਵਾਇਆ ਗਿਆ। ਇਸ ਮੌਕੇ ਸਰਬ ਭਾਰਤੀ ਪ੍ਰਗਤੀਸ਼ੀਲ ਲੇਖਕ ਸੰਘ (ਪ੍ਰਲੇਸ) ਦੇ ਜਨਰਲ ਸਕੱਤਰ ਡਾ. ਸੁਖਦੇਵ ਸਿੰਘ ਸਿਰਸਾ ਨੇ ਮੁੱਖ ਬੁਲਾਰੇ ਵਜੋਂ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਸਮਾਜ ਹਮੇਸ਼ਾ ਲੇਖਕ ਤੋਂ ਇਹ ਆਸ ਰੱਖਦਾ ਹੈ ਕਿ ਉਹ ਹਰ ਹਾਲ ਵਿਚ ਆਮ ਲੋਕਾਂ ਦੀਆਂ ਆਸਾਂ ਅਤੇ ਖਾਹਿਸ਼ਾਂ ਨੂੰ ਜ਼ੁਬਾਨ ਪ੍ਰਦਾਨ ਕਰੇ, ਇਸ ਲਈ ਹਰ ਸੰਕਟ ਦੀ ਘੜੀ ਵਿਚ ਲੇਖਕਾਂ ਨੂੰ ਸਮਾਜ ਦੀ ਇਸ ਉਮੀਦ 'ਤੇ ਖ਼ਰਾ ਉਤਰਨਾ ਚਾਹੀਦਾ ਹੈ। ਬਦਲੇ ਦੇ ਆਤੰਕ ਕਾਰਨ ਸਮਾਜ ਜੇਕਰ ਬੋਲ਼ਾ ਅਤੇ ਗੂੰਗਾ ਵੀ ਹੋ ਜਾਵੇ ਤਾਂ ਇਸ ਨੂੰ ਜਗਾਉਣ ਲਈ ਨਿਜ਼ਾਮ ਦੇ ਟਾਕਰੇ ਲਈ ਲੇਖਕ ਦੀ ਕੂਕ ਜ਼ਰੂਰੀ ਹੈ। ਲੇਖਕ ਨੂੰ ਹਰ ਹਾਲਾਤ ਵਿਚ ਆਮ ਲੋਕਾਂ ਦੇ ਸਰੋਕਾਰਾਂ ਪ੍ਰਤੀ ਪ੍ਰਤਿਬੱਧ ਰਹਿਣਾ ਚਾਹੀਦਾ ਹੈ, ਇਸ ਕਰਕੇ ਜ਼ੁਲਮ ਦੇ ਸਮੇਂ ਵੀ ਲੇਖਕ ਕਦੇ ਜਲਾਵਤਨ ਨਹੀਂ ਹੁੰਦਾ ਸਗੋਂ ਆਪਣੇ ਲੋਕਾਂ ਦੇ ਨਾਲ ਖੜਾ ਰਹਿੰਦਾ ਹੈ। ਉਨ੍ਹਾਂ ਨੇ ਸਿੱਖ ਗੁਰੂਆਂ, ਨੇਰੂਦਾ, ਲੋਰਕਾ, ਬ੍ਰੈਖ਼ਤ, ਮਹਿਮੂਦ ਦਰਵੇਸ਼, ਨਿਖਿਲ ਸੁਚਾਨ, ਸਲਮਾਨ ਹੈਦਰ, ਅਹਿਮਦ ਬਦਰ, ਪੁਸ਼ਪਾ ਮਿੱਤਰਾ, ਜਾਵੇਦ ਅਖ਼ਤਰ, ਗ਼ਦਰ, ਸੁਰਜੀਤ ਜੱਜ, ਦੇਵਨੀਤ, ਪ੍ਰੋ. ਗੁਰਦਿਆਲ ਸਿੰਘ ਆਦਿ ਲੇਖਕਾਂ ਦੇ ਹਵਾਲੇ ਨਾਲ ਲੇਖਕ ਦੀ ਜਵਾਬਦੇਹੀ ਨੂੰ ਪਰਿਭਾਸ਼ਿਤ ਕੀਤਾ।




ਇਸ ਸੈਮੀਨਾਰ ਦੀ ਪ੍ਰਧਾਨਗੀ ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਪ੍ਰਧਾਨ ਡਾ. ਲਖਵਿੰਦਰ ਸਿੰਘ ਜੌਹਲ, ਸਾਬਕਾ ਪ੍ਰਧਾਨ ਪ੍ਰੋ. ਗੁਰਭਜਨ ਸਿੰਘ ਗਿੱਲ, ਜਨਰਲ ਸਕੱਤਰ ਡਾ. ਗੁਰਇਕਬਾਲ ਸਿੰਘ, ਡਾ. ਸੁਖਦੇਵ ਸਿੰਘ ਸਿਰਸਾ ਅਤੇ ਪੰਜਾਬੀ ਲੇਖਕ ਸਭਾ, ਸਿਰਸਾ ਦੇ ਪ੍ਰਧਾਨ ਪਰਮਾਨੰਦ ਸ਼ਾਸਤਰੀ ਉਪਰ ਆਧਾਰਿਤ ਪ੍ਰਧਾਨਗੀ ਮੰਡਲ ਨੇ ਕੀਤੀ। ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਮੀਤ-ਪ੍ਰਧਾਨ ਅਤੇ ਸੈਮੀਨਾਰ ਦੇ ਕਨਵੀਨਰ ਡਾ. ਹਰਵਿੰਦਰ ਸਿੰਘ ਸਿਰਸਾ ਵੱਲੋਂ ਪ੍ਰਧਾਨਗੀ ਮੰਡਲ ਅਤੇ ਬੁਲਾਰਿਆਂ ਨਾਲ ਜਾਣ-ਪਛਾਣ ਤੋਂ ਬਾਅਦ ਪਰਮਾਨੰਦ ਸ਼ਾਸਤਰੀ ਨੇ ਸਮੂਹ ਹਾਜ਼ਰੀਨ ਨੂੰ ਜੀ ਆਇਆਂ ਕਿਹਾ। ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਜਨਰਲ ਸਕੱਤਰ ਡਾ. ਗੁਰਇਕਬਾਲ ਸਿੰਘ ਵੱਲੋਂ ਪੰਜਾਬੀ ਸਾਹਿਤ ਅਕਾਡਮੀ ਦੇ ਇਤਿਹਾਸਕ ਪਿਛੋਕੜ, ਇਸਦੀ ਕਾਰਜ-ਪ੍ਰਣਾਲੀ ਅਤੇ ਸੈਮੀਨਾਰ ਦੀ ਰੂਪ-ਰੇਖਾ ਬਾਰੇ ਜਾਣੂੰ ਕਰਵਾਏ ਜਾਣ ਉਪਰੰਤ ਪ੍ਰੋਗਰਾਮ ਦਾ ਆਗਾਜ਼ ਮਹਿਕ ਭਾਰਤੀ ਅਤੇ ਕੁਲਦੀਪ ਸਿਰਸਾ ਵੱਲੋਂ ਗੀਤ ਗਾਇਨ ਦੀ ਪੇਸ਼ਕਾਰੀ ਨਾਲ ਹੋਇਆ। ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਪੰਜਾਬੀ ਅਧਿਐਨ ਸਕੂਲ ਦੇ ਪ੍ਰੋ. ਸਰਬਜੀਤ ਸਿੰਘ ਨੇ ਪੰਜਾਬੀ ਸਮਾਜ, ਇਤਿਹਾਸਕ ਵੰਗਾਰਾਂ ਅਤੇ ਸਾਹਿਤ ਬਾਰੇ ਵਿਚਾਰ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਅਜੋਕੇ ਦੌਰ ਦੇ ਨਿਜ਼ਾਮ ਦਾ ਚਿਹਰਾ ਤਾਂ ਮਾਨਵਵਾਦੀ ਨਜ਼ਰ ਆਉਂਦਾ ਹੈ ਪਰ ਇਸ ਦੀ ਨੀਅਤ ਲੋਕ ਵਿਰੋਧੀ ਹੈ। ਉਨ੍ਹਾਂ ਰਾਸ਼ਟਰੀ ਸਿੱਖਿਆ ਨੀਤੀ ਬਾਰੇ ਚਰਚਾ ਕਰਦੇ ਹੋਏ ਇਸ ਦੇ ਖ਼ਤਰਨਾਕ ਮਨਸੂਬਿਆਂ ਬਾਰੇ ਵੀ ਸੁਚੇਤ ਕੀਤਾ। ਸੈਮੀਨਾਰ ਵਿਚ ਗੁਰੂ ਹਰਗੋਬਿੰਦ ਸਾਹਿਬ ਪੀ.ਜੀ.ਕਾਲਜ, ਸ੍ਰੀ ਗੰਗਾਨਗਰ ਦੇ ਪ੍ਰਿੰਸੀਪਲ ਡਾ. ਸੰਦੀਪ ਸਿੰਘ ਮੁੰਡੇ ਨੇ ਕਿਹਾ ਕਿ ਰਾਜਸਥਾਨ ਵਿਚ ਪੰਜਾਬੀ ਨੂੰ ਤੀਜੀ ਭਾਸ਼ਾ ਵਜੋਂ ਪੜ੍ਹਾਇਆ ਜਾਂਦਾ ਹੈ। ਇਸ ਦੀ ਹਾਲਤ ਤਸੱਲੀਬਖ਼ਸ਼ ਨਾ ਹੋਣ ਦੇ ਬਾਵਜੂਦ ਕੋਸ਼ਿਸ਼ਾਂ ਜਾਰੀ ਹਨ ਅਤੇ ਉਮੀਦਾਂ ਬਰਕਰਾਰ ਹਨ। ਡਾ. ਰਤਨ ਸਿੰਘ ਢਿੱਲੋਂ ਨੇ ਹਰਿਆਣਾ ਵਿਚ ਪੰਜਾਬੀ ਭਾਸ਼ਾ, ਸਾਹਿਤ ਅਤੇ ਇਸ ਦੇ ਸੱਭਿਆਚਾਰਕ ਸੰਦ੍ਰਿਸ਼ 'ਤੇ ਚਾਨਣਾ ਪਾਉਂਦੇ ਹੋਏ ਹਰਿਆਣਾ ਵਿਚ ਇਸ ਸਭ ਪ੍ਰਤੀ ਉਦਾਸੀਨਤਾ ਲਈ ਸਿਸਟਮ ਨੂੰ ਜ਼ਿੰਮੇਵਾਰ ਠਹਿਰਾਇਆ। ਡਾ. ਸੁਭਾਸ਼ ਮਾਨਸਾ ਨੇ ਹਰਿਆਣਾ ਦੇ ਸਭਿਆਚਾਰਕ ਅੰਤਰ-ਸੰਵਾਦ ਅਤੇ ਹਰਿਆਣੇ ਦੇ ਪੰਜਾਬੀ ਸਾਹਿਤ ਬਾਰੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਹਰਿਆਣਵੀ ਸਮਾਜ ਅਜੇ ਤੱਕ ਵੀ ਆਪਣੀ ਸੌੜੀ ਸੋਚ ਤੋਂ ਮੁਕਤ ਨਹੀਂ ਹੋ ਸਕਿਆ।

ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਕਿਹਾ ਕਿ ਸਾਡੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੇ ਵਿਕਾਸ ਲਈ ਵਿਸ਼ਾਲ ਲੋਕ-ਲਾਮਬੰਦੀ ਹੀ ਕਾਰਗਰ ਹੋ ਸਕਦੀ ਹੈ। ਆਪਣੇ ਪ੍ਰਧਾਨਗੀ ਭਾਸ਼ਣ ਵਿਚ ਡਾ. ਲਖਵਿੰਦਰ ਸਿੰਘ ਜੌਹਲ ਨੇ ਕਿਹਾ ਕਿ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੇ ਵਿਕਾਸ ਲਈ ਲਗਾਤਾਰ ਯਤਨ ਜਾਰੀ ਰਹਿਣੇ ਚਾਹੀਦੇ ਹਨ। ਉਨ੍ਹਾਂ ਸਪੱਸ਼ਟ ਕੀਤਾ ਕਿ ਸਾਹਿਤ ਕਦੇ ਵੀ ਸੱਤਾ ਦੇ ਇਰਾਦਿਆਂ ਅਨੁਸਾਰ ਨਹੀਂ ਰਚਿਆ ਜਾ ਸਕਦਾ ਕਿਉਂਕਿ ਸਾਹਿਤ ਆਮ ਲੋਕਾਂ ਦੀ ਆਵਾਜ਼ ਨੂੰ ਅਭੀਵਿਅਕਤੀ ਪ੍ਰਦਾਨ ਕਰਦਾ ਹੈ। ਪ੍ਰੋਗਰਾਮ ਦਾ ਸੰਚਾਲਨ ਸੈਮੀਨਾਰ ਕਨਵੀਨਰ ਡਾ. ਹਰਵਿੰਦਰ ਸਿੰਘ ਸਿਰਸਾ ਅਤੇ ਪੰਜਾਬੀ ਲੇਖਕ ਸਭਾ, ਸਿਰਸਾ ਦੇ ਜਨਰਲ ਸਕੱਤਰ ਸੁਰਜੀਤ ਸਿਰੜੀ ਨੇ ਕੀਤਾ।

ਸੈਮੀਨਾਰ ਦੌਰਾਨ ਡਾ. ਸੁਖਦੇਵ ਸਿੰਘ ਸਿਰਸਾ ਦੇ ਅਨੁਵਾਦਿਤ ਸਮੀਖਿਆ ਸੰਗ੍ਰਹਿ 'ਪੰਜਾਬੀ ਕਵਿਤਾ ਕੀ ਪ੍ਰਤਿਰੋਧੀ ਪਰੰਪਰਾ', ਪਰਮਾਨੰਦ ਸ਼ਾਸਤਰੀ ਦੁਆਰਾ ਹਿੰਦੀ ਵਿਚ ਅਨੁਵਾਦਤ ਪਰਗਟ ਸਤੌਜ ਦੇ ਨਾਵਲ '1947', ਛਿੰਦਰ ਕੌਰ ਸਿਰਸਾ ਦੇ ਕਾਵਿ-ਸੰਗ੍ਰਹਿ 'ਭਰ ਜੋਬਨ ਬੰਦਗੀ', ਡਾ. ਕੁਲਵਿੰਦਰ ਸਿੰਘ ਪਦਮ ਦੇ ਨਾਟਕ 'ਕੂਕਦੀ ਕੂੰਜ' ਡਾ. ਮੰਗਲ ਸਿੰਘ ਰਤੀਆ ਦੇ ਕਾਵਿ-ਸੰਗ੍ਰਹਿ 'ਸੁਲਗਦੇ ਦਰਿਆ', ਭੁਪਿੰਦਰ ਪੰਨੀਵਾਲੀਆ ਦੁਆਰਾ ਸੰਪਾਦਤ 'ਇਕ ਸੀ ਗੁਰਮੇਲ ਸਰਾ' ਅਤੇ ਮਨਜੀਤ ਸਿੰਘ ਮੂਸਾਖੇੜਾ ਦੀ 'ਲਾਗੂਵਾਦ: ਆਖ਼ਰ ਤਕ ਇਨਕਲਾਬ' ਪੁਸਤਕਾਂ ਦਾ ਲੋਕ-ਅਰਪਣ ਵੀ ਕੀਤਾ ਗਿਆ।

ਇਸ ਮੌਕੇ ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਸਰਪ੍ਰਸਤ ਮੈਂਬਰ ਸੁਰਿੰਦਰ ਸਿੰਘ ਸੁੰਨੜ, ਪ੍ਰਬੰਧਕੀ ਬੋਰਡ ਦੇ ਮੈਂਬਰ ਜਸਵੀਰ ਝੱਜ ਤੇ ਹਰਦੀਪ ਢਿੱਲੋਂ, ਪ੍ਰਲੇਸ ਪੰਜਾਬ ਦੇ ਜਨਰਲ ਸਕੱਤਰ ਡਾ. ਕੁਲਦੀਪ ਦੀਪ, ਸੁਖਜੀਵਨ, ਕਾ. ਸੁਵਰਨ ਸਿੰਘ ਵਿਰਕ, ਪ੍ਰੋ. ਆਰ ਪੀ ਸੇਠੀ, ਪ੍ਰੋ. ਰੂਪ ਦੇਵਗੁਣ, ਪ੍ਰੋ. ਇੰਦਰਜੀਤ ਢੀਂਗਰਾ, ਪ੍ਰੋ. ਹਰਭਗਵਾਨ ਚਾਵਲਾ, ਬਲਬੀਰ ਕੌਰ ਗਾਂਧੀ, ਗੁਰਤੇਜ ਸਿੰਘ ਬਰਾੜ, ਮਾ. ਬੂਟਾ ਸਿੰਘ ਤੋਂ ਇਲਾਵਾ ਹਰਿਆਣਾ, ਪੰਜਾਬ ਅਤੇ ਰਾਜਸਥਾਨ ਤੋਂ ਵਿਦਿਆਰਥੀਆਂ, ਅਧਿਆਪਕਾਂ ਅਤੇ ਹੋਰਨਾਂ ਸਮੇਤ ਸਾਢੇ ਤਿੰਨ ਦੇ ਕਰੀਬ ਪ੍ਰਤੀਭਾਗੀਆਂ ਨੇ ਹਾਜ਼ਰੀ ਲਵਾਈ।

# ਸਿਆਟਲ ਵਿਚ ਲੱਗਿਆ ਬਜ਼ੁਰਗਾਂ ਦਾ ਮੇਲਾ

**ਸਿਆਟਲ:** ਪੰਜਾਬੀ ਕਲਚਰਲ ਸੁਸਾਇਟੀ ਵਲੋਂ ਕੈਂਟ ਦੀ ਗੋਲਡਨ ਇੰਡੀਆ ਕਰੀ ਹਾਊਸ ਵਿਚ ਬਜ਼ੁਰਗਾਂ ਦਾ ਮੇਲਾ (55 ਸਾਲ ਤੋਂ ਵੱਧ) ਕਰਵਾਇਆ ਗਿਆ, ਜਿਸ ਵਿਚ ਪਹੁੰਚੇ ਵੱਡੀ ਗਿਣਤੀ ਬਜ਼ੁਰਗਾਂ ਨੇ ਇਸ ਮੌਕੇ ਕਰਵਾਏ ਰੰਗਾਰੰਗ ਪ੍ਰੋਗਰਾਮ ਦਾ ਖ਼ੂਬ ਆਨੰਦ ਮਾਣਿਆ। ਇਸ ਮੇਲੇ ਵਿਚ ਦਾਨੀਆਂ, ਵਾਲੰਟੀਅਰਾਂ ਤੇ ਪੰਜਾਬੀ ਕਲਚਰਲ ਸੁਸਾਇਟੀ ਦੇ ਮੈਂਬਰਾਂ ਨੇ ਵੱਡਾ ਯੋਗਦਾਨ ਪਾਇਆ। ਸਿੱਖਸ ਆਫ਼ ਸਿਆਟਲ ਦੇ ਸਮੂਹ ਨੌਜਵਾਨਾਂ ਸਵਾਰੀਆਂ ਲਿਆਉਣ ਦੀ ਵੱਡੀ ਸੇਵਾ ਕੀਤੀ।

ਕੈਨੇਡਾ ਪਹੁੰਚੇ ਡਾ. ਕਾਲਾ ਸਿੰਘ ਨੇ ਬਜ਼ੁਰਗਾਂ ਨੂੰ ਮਾਨਸਿਕ ਬਿਮਾਰੀਆਂ, ਡਿਪਰੈਸ਼ਨ ਸਬੰਧੀ ਜਾਗਰੂਕ ਕੀਤਾ, ਮਗਰੋਂ ਪ੍ਰਬੰਧਕਾਂ ਵਲੋਂ ਉਨ੍ਹਾਂ ਦਾ ਸਨਮਾਨ ਵੀ ਕੀਤਾ ਗਿਆ।

ਸਟੇਜ ਦਾ ਸੰਚਾਲਨ ਰੀਅਲ ਅਸਟੇਟ ਦੇ ਸਕੱਤਰ ਸਿੰਘ ਸੰਧੂ ਅਤੇ ਇੰਦਰਜੀਤ ਸਿੰਘ ਬਲੋਵਾਲ ਨੇ ਸੁਚੱਜੇ ਢੰਗ ਨਾਲ ਕੀਤਾ। ਪਵਨਦੀਪ ਕੌਰ, ਜਗਰਾਜ ਸਿੰਘ, ਸਿਮਰਨ ਸਾਡਾ ਟੀ ਵੀ, ਗੁਰਪ੍ਰੀਤ ਸਿੰਘ ਝੰਜੂ, ਸ਼ੀਤਲ ਵੀਡੀਓ, ਡਰੀਮ ਪ੍ਰੋਡਕਸ਼ਨ ਦੇ ਜਗਦੇਵ, ਅਮਰਬੀਰ ਆਦਿ ਨੇ ਪ੍ਰੋਗਰਾਮ ਦੀ ਸਫ਼ਲਤਾ ਵਿਚ ਵੱਡਾ ਯੋਗਦਾਨ ਪਾਇਆ। ਮੇਲੇ ਦੌਰਾਨ ਖਾਣ-ਪੀਣ ਦਾ ਪ੍ਰਬੰਧਕਾਂ ਵਲੋਂ ਖੁੱਲ੍ਹਾ ਇੰਤਜ਼ਾਮ ਕੀਤਾ ਗਿਆ ਸੀ।

ਅਖੀਰ ਵਿਚ ਸੁਖ ਗਿੱਲ ਦੀ ਅਗਵਾਈ ਹੇਠ ਭੰਗੜਾ ਟੀਮ ਨੇ ਭੰਗੜਾ ਤੇ ਬੋਲੀਆਂ ਪਾ ਕੇ ਬਜ਼ੁਰਗਾਂ ਨੂੰ ਨੱਚਣ ਲਈ ਮਜਬੂਰ ਕਰ ਦਿੱਤਾ।


# Matrimonials

## ਲੜਕੀ ਦੀ ਲੋੜ ਹੈ

Gursikh family seeks a suitable match for their Amritdhari son, 36 years, 5'-11", vegetarian, Software Manager in San Francisco, CA, USA, owns a house in San Francisco Bay-area, innocent divorcee (short marriage of 4 months). The girl should be well qualified, amritdhari, vegetarian and keski/dastar wearing (or willing to wear). Preference to girl living in USA or Canada. Caste no bar. Please send your biodata & recent picture to singhmat001@gmail.com or Call: +1-510-281-7065 or +91-98993-79442 (WhatsApp).
40-43

Wanted suitable girl for Ivy League MBA Jatt Sikh divorced 40 years old 5'10" man settled in the Bay Area (California). Homeowner and working as a Sr Product Manager in big tech. Moved from Chandigarh (India) to the US 12 years ago. Looking in the US only. Caste no bar. dhillonravi1983@gmail.com or 408-859-5613.
36-39

U.S. Citizen, Jatt Sikh, Brar, Fresno, California Resident, Divorced Boy, 33 yrs, 6'-3" tall, Handsome, Pilot in American Airlines. Please email biodata and picture at: flykhush15@gmail.com or Contact: (559) 824-9028
36-39

USA based Arora Gursikh family looking for a suitable match for their turbaned, divorced son, 36, 5'9", M.Tech Engineering. He does not drink, smoke. Works for a reputed company in health care sector. He earns six figure salary. Owns house in US, commercial, residential property in India. Caste no bar. Contact us at: email: utakecare2@yahoo.com or call 1-618-402-4269
35-38

Well educated Jatt Sikh Bay area family is seeking a match for their July 2000 US born 5' 10" Son. He has earned a Bachelor in Computer Science from UCLA and Masters in CS BioMedical Imaging from UCSF. He does not drink. He wears a turban and keeps his hair. He is employed with a six figure salary. Beyond education, girl must be with a family-oriented mindset and should have good moral family values. Please contact Ph: 5108616491 or email pgrrealty@gmail.com
34-37

## ਲੜਕੇ ਦੀ ਲੋੜ ਹੈ

Jatt Sikh parents invite matrimonial alliance for their US born daughter 38, 5'9" beautiful, family oriented, never married. Master's in Bioengineering Management- executive position in Bay Area, California. The boy must be from the USA, professionally qualified; good-natured and well settled, with family values. Serious enquiries only. Please respond with latest photo and biodata to kaurprincess11@yahoo.com or whatsapp 669-946-5891
41-44

Jatt Sikh family seeks suitable match for their daughter who has her MD and is currently working in the Bay Area (California) as a Doctor. 38 yrs old (never married). 5'-5". The boy should be settled in the Bay Area (California) with a University degree and professionally employed. Please contact 408-763-3949
39-42

Hindu/Sikh Nai family looking for a suitable match for their U.S. citizen daughter, 26 years, 5'6". She has completed Bachelors of Science and currently in her final dentistry year pursuing DMD degree. The whole family is settled here and are U.S. citizens. Please contact us at: 516-510-9744
39-42

Sikh family belongs to Ludhiana Punjab, looking for a US or Canadian Citizen match for their daughter, 35, 5'9" divorcee and has one child living with. She has completed her nursing associate in India, currently not working as she is preparing for RN/IELTS. Whatsapp us: 262-960-7366. Serious inquiries only.
34-37

Jatt Sikh girl, 28 years, 5'4" Graduated in Bachelor of Science in Medical Technology. Studying to become Medical Doctor in the USA. Looking for well settled American citizen match. Please contact: +1 (510) 240-2236 or e-mail itsjas1990@gmail.com
32-35

# ਸ਼੍ਰੋਮਣੀ ਕਮੇਟੀ ਪ੍ਰਧਾਨ ਦੀ ਚੋਣ ਲਈ ਸਰਗਰਮੀਆਂ ਤੇਜ਼ ਹੋਈਆਂ

**ਚੰਡੀਗੜ੍ਹ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੀ ਸਾਲਾਨਾ ਚੋਣ ਮੌਕੇ ਅਕਾਲੀਆਂ ਦੇ ਦੋ ਧੜੇ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਲਗਾਤਾਰ ਤੀਜੀ ਵਾਰੀ ਆਹਮੋ ਸਾਹਮਣੇ ਹੋਣਗੇ ਜਿਸ ਲਈ ਦੋਹਾਂ ਧੜਿਆਂ ਨੇ ਜ਼ੋਰ-ਅਜ਼ਮਾਈ ਸ਼ੁਰੂ ਕਰ ਦਿੱਤੀ ਹੈ। ਸੁਖਦੇਵ ਸਿੰਘ ਢੀਂਡਸਾ ਦੀ ਅਗਵਾਈ ਹੇਠਲੇ ਅਕਾਲੀ ਦਲ ਸੰਯੁਕਤ ਵੱਲੋਂ ਬਾਦਲਾਂ ਤੋਂ ਵੱਖ ਹੋਣ ਤੋਂ ਬਾਅਦ ਸਾਲ 2021 ਵਿਚ ਆਪਣੀ ਪਾਰਟੀ ਵੱਲੋਂ ਉਮੀਦਵਾਰ ਖੜ੍ਹਾਇਆ ਗਿਆ ਸੀ ਪਰ ਉਸ ਨੂੰ ਬੁਰੀ ਤਰ੍ਹਾਂ ਹਾਰ ਦਾ ਸਾਹਮਣਾ ਕਰਨਾ ਪਿਆ।

ਇਸ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਪ੍ਰਧਾਨਗੀ ਲਈ ਚੋਣ ਮੈਦਾਨ ਵਿਚ ਨਿੱਤਰੇ ਅਤੇ ਸ੍ਰੀ ਢੀਂਡਸਾ ਦੀ ਅਗਵਾਈ ਵਾਲੇ ਅਕਾਲੀ ਦਲ ਵੱਲੋਂ ਹਮਾਇਤ ਕੀਤੀ ਗਈ ਪਰ ਬੀਬੀ ਜਗੀਰ ਕੌਰ ਨੂੰ ਵੀ ਨਮੋਸ਼ੀ ਭਰੀ ਹਾਰ ਦਾ ਸਾਹਮਣਾ ਕਰਨਾ ਪਿਆ। ਬਾਦਲਾਂ ਵਿਰੋਧੀ ਧੜੇ ਵੱਲੋਂ ਇਸ ਗੱਲ 'ਤੇ ਹੈਰਾਨੀ ਪ੍ਰਗਟਾਈ ਜਾ ਰਹੀ ਹੈ ਕਿ ਸੁਖਬੀਰ ਸਿੰਘ ਬਾਦਲ ਨੂੰ ਪਾਰਟੀ ਦੇ ਅੰਦਰੋਂ ਅਤੇ ਬਾਹਰੋਂ ਮਿਲ ਰਹੀਆਂ ਭਾਰੀ ਸਿਆਸੀ ਚੁਣੌਤੀਆਂ ਦੇ ਬਾਵਜੂਦ ਵਿਰੋਧੀ ਧੜਿਆਂ ਨੂੰ ਸ਼੍ਰੋਮਣੀ ਕਮੇਟੀ ਮੈਂਬਰਾਂ ਦੀ ਹਮਾਇਤ ਨਹੀਂ ਮਿਲ ਰਹੀ। ਬਾਦਲਾਂ ਵਿਰੁੱਧ ਭੁਗਤਣ ਵਾਲੇ ਕਮੇਟੀ ਮੈਂਬਰਾਂ ਦੀ ਗਿਣਤੀ 50 ਦਾ ਅੰਕੜਾ ਵੀ ਪਾਰ ਨਹੀਂ ਕਰ ਸਕੀ। ਸੂਤਰਾਂ ਦਾ ਦੱਸਣਾ ਹੈ ਕਿ



ਇਸ ਵਾਰ ਦੀ ਚੋਣ ਵਿਚ ਵਿਰੋਧੀ ਧੜਿਆਂ ਵੱਲੋਂ ਸੁਖਬੀਰ ਬਾਦਲ ਦੀ ਅਗਵਾਈ ਹੇਠਲੇ ਅਕਾਲੀ ਦਲ ਦੇ ਉਮੀਦਵਾਰ ਨੂੰ ਟੱਕਰ ਦੇਣ ਲਈ ਜ਼ੋਰ-ਅਜ਼ਮਾਈ ਕੀਤੀ ਜਾ ਰਹੀ ਹੈ ਤਾਂ ਕਿ ਬਾਦਲ ਪਰਿਵਾਰ ਦੀ ਸ਼੍ਰੋਮਣੀ ਕਮੇਟੀ 'ਤੇ ਪਕੜ ਘਟਾਈ ਜਾ ਸਕੇ। ਇਸੇ ਰਣਨੀਤੀ ਤਹਿਤ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਨੂੰ ਸਿੱਧੇ ਅਤੇ ਅਸਿੱਧੇ ਤੌਰ 'ਤੇ ਪਹੁੰਚ ਕਰਨ ਦਾ ਫੈਸਲਾ ਕੀਤਾ ਗਿਆ ਹੈ ਤਾਂ ਜੋ ਬਾਗੀਆਂ ਦਾ ਕਾਫਲਾ ਵਧਾਇਆ ਜਾ ਸਕੇ।

ਸੂਤਰਾਂ ਮੁਤਾਬਕ ਢੀਂਡਸਾ ਧੜੇ ਵੱਲੋਂ ਅਕਾਲੀ ਦਲ ਦੇ ਸੀਨੀਅਰ ਆਗੂਆਂ ਤੱਕ ਵੀ ਪਹੁੰਚ ਕੀਤੀ ਗਈ ਸੀ ਪਰ ਸੀਨੀਅਰ ਆਗੂਆਂ ਤੋਂ ਹੁਣ ਤੱਕ ਕੋਈ ਖਾਸ ਹੁੰਗਾਰਾ ਨਹੀਂ ਮਿਲਿਆ। ਉਧਰ, ਸੁਖਬੀਰ ਸਿੰਘ ਬਾਦਲ ਨੇ ਵੀ ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਨਾਲ ਜੋੜੀ ਰੱਖਣ ਲਈ ਆਪਣੇ ਸਾਥੀਆਂ ਨੂੰ ਮੈਦਾਨ ਵਿਚ ਉਤਾਰਿਆ ਹੈ। ਦੇਖਿਆ ਜਾਵੇ ਤਾਂ ਸਾਲ 2015 ਤੋਂ ਲੈ ਕੇ ਜਦੋਂ ਤੋਂ ਅਕਾਲੀ ਦਲ ਬੇਅਦਬੀ ਦੇ ਦੋਸ਼ਾਂ ਵਿਚ ਘਿਰਿਆ ਸੀ, ਉਦੋਂ ਤੋਂ ਹੀ ਪਾਰਟੀ ਅਤੇ ਬਾਦਲ ਪਰਿਵਾਰ ਅੰਦਰੋਂ ਅਤੇ ਬਾਹਰੋਂ ਚੁਣੌਤੀਆਂ ਦਾ ਸਾਹਮਣਾ ਕਰਦਾ ਆ ਰਿਹਾ ਹੈ।

ਇਧਰ, ਸੁਖਬੀਰ ਸਿੰਘ ਬਾਦਲ ਅਤੇ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਨੇ ਵੱਖ-ਵੱਖ ਥਾਈਂ ਆਪੋ-ਆਪਣੀ ਪਾਰਟੀ ਦੇ ਆਗੂਆਂ ਨਾਲ ਵਿਚਾਰ ਕੀਤੀ। ਸ੍ਰੀ ਬਾਦਲ ਨੇ ਕੁਝ ਜ਼ਿਲ੍ਹਿਆਂ ਦੇ ਸ਼੍ਰੋਮਣੀ ਕਮੇਟੀ ਮੈਂਬਰਾਂ ਨਾਲ ਮੀਟਿੰਗ ਕੀਤੀ। ਸੂਤਰਾਂ ਦਾ ਦੱਸਣਾ ਹੈ ਕਿ ਪਾਰਟੀ ਪ੍ਰਧਾਨ ਨੇ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਤੋਂ ਪ੍ਰਧਾਨਗੀ ਦੇ ਅਹੁਦੇ ਲਈ ਉਮੀਦਵਾਰਾਂ ਦੇ ਨਾਂਵਾਂ 'ਤੇ ਚਰਚਾ ਕੀਤੀ। ਉਨ੍ਹਾਂ ਵੱਲੋਂ ਧਾਰਮਿਕ ਸੰਸਥਾ ਦੇ ਮੁਖੀ ਦੀ ਚੋਣ 'ਚ ਆਮ ਸਹਿਮਤੀ ਬਣਾਉਣ ਅਤੇ ਖ਼ੁਦਮੁਖ਼ਤਿਆਰੀ ਨਾਲ ਚੋਣ ਕਰਨ ਦਾ ਪ੍ਰਭਾਵ ਦਿੱਤਾ ਜਾ ਰਿਹਾ ਹੈ ਕਿਉਂਕਿ ਬਾਦਲ ਪਰਿਵਾਰ 'ਤੇ ਲਗਾਤਾਰ ਦੋਸ਼ ਲੱਗ ਰਹੇ ਹਨ ਕਿ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਲਿਫਾਫੇ ਵਿਚੋਂ ਨਿਕਲਦਾ ਹੈ। ਇਸ ਲਈ ਬਾਦਲ ਪਰਿਵਾਰ ਵੱਲੋਂ ਇਹ ਪ੍ਰਭਾਵ ਖਤਮ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਇਸ ਵਾਰੀ ਵੀ ਇਸ ਅਹੁਦੇ ਲਈ ਮੋਹਰੀ ਉਮੀਦਵਾਰ ਮੰਨੇ ਜਾ ਰਹੇ ਹਨ। ਸੂਤਰਾਂ ਮੁਤਾਬਕ ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਸ੍ਰੀ ਧਾਮੀ ਦਾ ਕਾਰਜਕਾਲ ਵਿਵਾਦ ਰਹਿਤ ਹੋਣ ਦੀ ਗੱਲ ਵੀ ਕਹੀ ਹੈ। ਅਕਾਲੀ ਦਲ ਦੇ ਇਕ ਆਗੂ ਨੇ ਕਿਹਾ ਕਿ ਪਾਰਟੀ ਪ੍ਰਧਾਨ ਵੱਲੋਂ ਸਾਰੇ ਮੈਂਬਰਾਂ ਨਾਲ ਮੀਟਿੰਗ ਕੀਤੀ ਜਾਵੇਗੀ ਤੇ ਮੀਟਿੰਗਾਂ ਦੌਰਾਨ ਜਿਹੜੀ ਵੀ ਸ਼ਖ਼ਸੀਅਤ 'ਤੇ ਸਹਿਮਤੀ ਬਣੀ, ਉਸੇ ਨੂੰ ਉਮੀਦਵਾਰ ਬਣਾਇਆ ਜਾਵੇਗਾ।

ਇਸ ਮੀਟਿੰਗ ਵਿਚ ਸੁਖਦੇਵ ਸਿੰਘ ਢੀਂਡਸਾ ਦੀ ਅਗਵਾਈ ਵਾਲੇ ਅਕਾਲੀ ਦਲ ਵੱਲੋਂ ਖੜ੍ਹੇ ਕੀਤੇ ਜਾਣ ਵਾਲੇ ਸੰਭਾਵੀ ਉਮੀਦਵਾਰ ਬਾਰੇ ਵੀ ਚਰਚਾ ਕੀਤੀ ਗਈ। ਅਕਾਲੀ ਦਲ ਵੱਲੋਂ ਸਿੱਖਾਂ ਦੀ ਮਿੰਨੀ ਪਾਰਲੀਮੈਂਟ ਵਜੋਂ ਜਾਣੀ ਜਾਂਦੀ ਇਸ ਸੰਸਥਾ 'ਤੇ ਕਬਜ਼ਾ ਬਣਾਈ ਰੱਖਣ ਲਈ ਹਰ ਤਰ੍ਹਾਂ ਦਾ ਹਰਬਾ ਵਰਤਿਆ ਜਾ ਰਿਹਾ ਹੈ।

## ਸੁਖਬੀਰ ਬਾਦਲ ਵੱਲੋਂ ਜਸਟਿਸ ਸਾਰੋਂ ਨਾਲ ਮੁਲਾਕਾਤ



**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਇੱਥੇ ਗੁਰਦੁਆਰਾ ਚੋਣਾਂ ਦੇ ਮੁੱਖ ਕਮਿਸ਼ਨਰ ਜਸਟਿਸ (ਸੇਵਾ ਮੁਕਤ) ਐਸ.ਐਸ. ਸਾਰੋਂ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਉਨ੍ਹਾਂ ਅਪੀਲ ਕੀਤੀ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਲਈ ਵੋਟਾਂ ਦੀ ਰਜਿਸਟਰੇਸ਼ਨ ਦਾ ਸਮਾਂ ਤਿੰਨ ਮਹੀਨੇ ਵਧਾਇਆ ਜਾਵੇ। ਸ੍ਰੀ ਬਾਦਲ ਨੇ ਮੁੱਖ ਕਮਿਸ਼ਨਰ ਨੂੰ ਇਸ ਸਬੰਧੀ ਮੰਗ ਪੱਤਰ ਵੀ ਸੌਂਪਿਆ। ਉਨ੍ਹਾਂ ਜਸਟਿਸ ਸਾਰੋਂ ਨੂੰ ਵੋਟਰਾਂ ਦੀ ਰਜਿਸਟਰੇਸ਼ਨ ਦੌਰਾਨ ਆਉਣ ਵਾਲੀਆਂ ਦਿੱਕਤਾਂ ਤੋਂ ਜਾਣੂ ਕਰਵਾਇਆ। ਸ੍ਰੀ ਬਾਦਲ ਨੇ ਦੱਸਿਆ ਕਿ ਵੱਡੀ ਗਿਣਤੀ ਵਿਚ ਵੋਟਰ ਪੇਂਡੂ ਖੇਤਰ ਤੋਂ ਹਨ, ਜੋ ਇਸ ਵੇਲੇ ਪਿਛਲੇ ਮਹੀਨੇ ਤੋਂ ਝੋਨੇ ਦੀ ਵਾਢੀ ਵਿਚ ਲੱਗੇ ਹਨ ਅਤੇ ਹੁਣ ਕਣਕ ਦੀ ਬਿਜਾਈ ਵਿੱਚ ਲੱਗੇ ਹਨ। ਉਨ੍ਹਾਂ ਕਿਹਾ ਕਿ ਇਹ ਉਹ ਸਮਾਂ ਹੈ ਜਦੋਂ ਬੰਦੀ ਛੋੜ ਦਿਵਸ ਮਨਾਇਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਦਸੰਬਰ ਦੇ ਦੂਜੇ ਅੱਧ ਵਿਚ ਸੰਗਤ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਪੰਦਰਵਾੜਾ ਮਨਾਉਂਦੀ ਹੈ।

# ਗੁਰਦੁਆਰਾ ਪਤਾਲਪੁਰੀ ਸਾਹਿਬ ਸਰੋਵਰ ਦੀ ਸੇਵਾ ਮੁਕੰਮਲ



**ਕੀਰਤਪੁਰ ਸਾਹਿਬ:** ਕਿਲ੍ਹਾ ਅਨੰਦਗੜ੍ਹ ਸਾਹਿਬ ਦੇ ਮੁੱਖ ਪ੍ਰਬੰਧਕ ਬਾਬਾ ਸੁੱਚਾ ਸਿੰਘ ਅਤੇ ਬਾਬਾ ਸਤਨਾਮ ਸਿੰਘ ਵੱਲੋਂ ਸ਼ੁਰੂ ਕੀਤੀ ਗਈ ਸ੍ਰੀ ਕੀਰਤਪੁਰ ਸਾਹਿਬ ਦੇ ਇਤਿਹਾਸਿਕ ਗੁਰਦੁਆਰਾ ਪਤਾਲਪੁਰੀ ਸਾਹਿਬ ਦੇ ਸਰੋਵਰ ਨੂੰ ਸੁੰਦਰ ਬਣਾਉਣ ਦੀ ਸੇਵਾ ਮੁਕੰਮਲ ਹੋ ਗਈ ਹੈ।

ਸੇਵਾ ਦਾ ਕੰਮ ਮੁਕੰਮਲ ਹੋਣ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ ਗੁਰਦੁਆਰਾ ਪਤਾਲਪੁਰੀ ਸਾਹਿਬ ਪਹੁੰਚੇ ਅਤੇ ਸਰੋਵਰ ਮੁੜ ਸੰਗਤ ਅਰਪਣ ਕੀਤਾ। ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਜੋਗਿੰਦਰ ਸਿੰਘ ਨੇ ਅਰਦਾਸ ਕਰਨ ਤੋਂ ਬਾਅਦ ਸੰਤੋਖ ਸਰ, ਵਿਵੇਕ ਸਰ, ਰਾਮਸਰ, ਕੌਲ ਸਰ ਅਤੇ ਦਰਬਾਰ ਸਾਹਿਬ ਦੇ ਸਰੋਵਰਾਂ 'ਚੋਂ ਜਲ ਲਿਆ ਕੇ ਗੁਰਦੁਆਰਾ ਪਤਾਲਪੁਰੀ ਸਾਹਿਬ ਦੇ ਸਰੋਵਰ ਵਿਚ ਪਾਇਆ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਦੱਸਿਆ ਕਿ ਗੁਰਦੁਆਰਾ ਪਤਾਲਪੁਰੀ ਸਾਹਿਬ ਆਉਣ ਵਾਲੀ ਸੰਗਤ ਦੀ ਸਹੂਲਤ ਲਈ ਬਣਨ ਵਾਲੀਆਂ ਸਰਾਵਾਂ ਅਤੇ ਪਖਾਨਿਆਂ ਦੀਆਂ ਸੇਵਾਵਾਂ ਨਿਰੰਤਰ ਜਾਰੀ ਹਨ। ਇਸੇ ਤਰ੍ਹਾਂ ਗੁਰਦੁਆਰਾ ਸੀਸ ਮਹਿਲ ਸਾਹਿਬ ਵਿਖੇ ਚੱਲ ਰਹੀ ਸੇਵਾ ਵੀ ਜਲਦ ਮੁਕੰਮਲ ਹੋ ਜਾਵੇਗੀ।

ਕੀਰਤਪੁਰ ਸਾਹਿਬ ਦੇ ਇਤਿਹਾਸਕ ਸਰੋਵਰ ਵਿਚ ਡਿੱਗਦੇ ਸ਼ਹਿਰ ਦੇ ਗੰਦੇ ਪਾਣੀ ਬਾਰੇ ਧਾਮੀ ਨੇ ਕਿਹਾ ਕਿ ਉਹ ਸਰਕਾਰ ਕੋਲ ਇਹ ਮਸਲਾ ਕਈ ਵਾਰ ਉਠਾ ਚੁੱਕੇ ਹਨ ਪਰ ਸਰਕਾਰ ਇਸ ਵੱਲ ਬਿਲਕੁਲ ਧਿਆਨ ਨਹੀਂ ਦੇ ਰਹੀ, ਜਿਸ ਕਰਕੇ ਹੁਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕਾਰ ਸੇਵਾ ਵਾਲੇ ਮਹਾਪੁਰਸ਼ਾਂ ਦੇ ਸਹਿਯੋਗ ਨਾਲ ਯੋਗ ਪ੍ਰਬੰਧ ਕਰਨਾ ਪਵੇਗਾ।

# ਗੁਰਬਾਣੀ ਪ੍ਰਸਾਰਨ: ਸੈਟੇਲਾਈਟ ਚੈਨਲ ਬਾਰੇ ਕੇਂਦਰ ਨੇ ਹੁੰਗਾਰਾ ਨਾ ਭਰਿਆ

**ਅੰਮ੍ਰਿਤਸਰ:** ਸ੍ਰੀ ਦਰਬਾਰ ਸਾਹਿਬ ਤੋਂ ਗੁਰਬਾਣੀ ਕੀਰਤਨ ਨੂੰ ਸੈਟੇਲਾਈਟ ਚੈਨਲ ਰਾਹੀਂ ਪ੍ਰਸਾਰਨ ਕਰਨ ਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਯੋਜਨਾ ਨੂੰ ਪੂਰਾ ਹੋਣ ਵਿਚ ਹੋਰ ਸਮਾਂ ਲੱਗ ਸਕਦਾ ਹੈ। ਇਸ ਮਾਮਲੇ ਵਿਚ ਹੁਣ ਤੱਕ ਕੇਂਦਰ ਸਰਕਾਰ ਦੇ ਸਬੰਧਤ ਵਿਭਾਗ ਵੱਲੋਂ ਹੁੰਗਾਰੇ ਦੀ ਉਡੀਕ ਕੀਤੀ ਜਾ ਰਹੀ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਸਿੱਖ ਜਥੇਬੰਦੀ ਦਾ ਵਫ਼ਦ ਕੇਂਦਰ ਸਰਕਾਰ ਦੇ ਪ੍ਰਸਾਰਨ ਮੰਤਰਾਲੇ ਦੇ ਮੰਤਰੀ ਅਨੁਰਾਗ ਠਾਕੁਰ ਅਤੇ ਵਿਭਾਗ ਦੇ ਅਧਿਕਾਰੀਆਂ ਨੂੰ ਮਿਲ ਚੁੱਕਾ ਹੈ। ਉਹ ਖੁਦ ਵੀ ਇਕ ਵਾਰ ਇਸ ਵਫ਼ਦ ਨਾਲ ਕੇਂਦਰੀ ਮੰਤਰੀ ਨਾਲ ਮੁਲਾਕਾਤ ਕਰ ਚੁੱਕੇ ਹਨ। ਉਨ੍ਹਾਂ ਕਿਹਾ ਕਿ ਇਸ ਸਬੰਧੀ ਪ੍ਰਕਿਰਿਆ ਜਾਰੀ ਹੈ। ਇਸ ਦੌਰਾਨ ਸ਼੍ਰੋਮਣੀ ਕਮੇਟੀ ਵੱਲੋਂ ਇਸ ਸਬੰਧੀ ਆਪਣਾ ਲੋੜੀਂਦਾ ਢਾਂਚਾ ਮੁਕੰਮਲ ਕੀਤਾ ਜਾ ਰਿਹਾ। ਜਿਵੇਂ ਹੀ ਕੇਂਦਰ ਸਰਕਾਰ ਵੱਲੋਂ ਸਹਿਮਤੀ



ਮਿਲੇਗੀ, ਕੀਰਤਨ ਦੇ ਸਿੱਧੇ ਪ੍ਰਸਾਰਨ ਲਈ ਸ਼੍ਰੋਮਣੀ ਕਮੇਟੀ ਆਪਣਾ ਸੈਟੇਲਾਈਟ ਚੈਨਲ ਸ਼ੁਰੂ ਕਰ ਦੇਵੇਗੀ।

ਫਿਲਹਾਲ ਸ਼੍ਰੋਮਣੀ ਕਮੇਟੀ ਵੱਲੋਂ ਪਹਿਲਾਂ ਵਾਲੇ ਪ੍ਰਾਈਵੇਟ ਚੈਨਲ ਰਾਹੀਂ ਹੀ ਕੀਰਤਨ ਦਾ ਸਿੱਧਾ ਪ੍ਰਸਾਰਨ ਕੀਤਾ ਜਾ ਰਿਹਾ। ਸਿੱਖ ਸੰਸਥਾ ਵੱਲੋਂ ਇਸ ਸਬੰਧੀ ਆਪਣਾ ਇਕ ਵੈੱਬ ਚੈਨਲ ਵੀ ਸ਼ੁਰੂ ਕੀਤਾ ਗਿਆ ਹੈ, ਜਿਸ ਰਾਹੀਂ ਯੂ-ਟਿਊਬ ਅਤੇ ਫੇਸਬੁਕ ਉਤੇ ਵੀ ਕੀਰਤਨ ਦਾ ਸਿੱਧਾ ਪ੍ਰਸਾਰਨ ਦਿਖਾਇਆ ਜਾ ਰਿਹਾ ਹੈ। ਸਿੱਖ ਸੰਸਥਾ ਵੱਲੋਂ ਸੈਟੇਲਾਈਟ ਚੈਨਲ ਨਿਰੋਲ ਧਾਰਮਿਕ ਕਾਰਜਾਂ ਵਾਸਤੇ ਚਲਾਉਣ ਦੀ ਪ੍ਰਵਾਨਗੀ ਮੰਗੀ ਗਈ ਹੈ, ਜਿਸ ਰਾਹੀਂ ਮਸ਼ਹੂਰੀ ਆਦਿ ਨਹੀਂ ਦਿਖਾਈ ਜਾਵੇਗੀ।

# ਤਿਉਹਾਰਾਂ ਅਤੇ ਨਵੇਂ ਸਾਲ ਦੇ ਮੌਕੇ ਚਲਾਏ ਜਾ ਸਕਣਗੇ ਗ੍ਰੀਨ ਪਟਾਕੇ



**ਚੰਡੀਗੜ੍ਹ:** ਵਾਤਾਵਰਨ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਦੱਸਿਆ ਕਿ ਸੂਬਾ ਸਰਕਾਰ ਵੱਲੋਂ ਦੀਵਾਲੀ, ਗੁਰਪੁਰਬ, ਕ੍ਰਿਸਮਸ ਅਤੇ ਨਵੇਂ ਸਾਲ ਮੌਕੇ ਥੋੜ੍ਹੇ ਸਮੇਂ ਲਈ ਸਿਰਫ ਗ੍ਰੀਨ ਪਟਾਕੇ ਚਲਾਉਣ ਦੀ ਹੀ ਇਜਾਜ਼ਤ ਦੇਣ ਦਾ ਫੈਸਲਾ ਕੀਤਾ ਗਿਆ ਹੈ। ਸੁਪਰੀਮ ਕੋਰਟ, ਨੈਸ਼ਨਲ ਗ੍ਰੀਨ ਟ੍ਰਿਬਿਊਨਲ, ਪੰਜਾਬ ਤੇ ਹਰਿਆਣਾ ਹਾਈ ਕੋਰਟ ਤੇ ਹੋਰ ਵਾਤਾਵਰਨ ਮੰਤਰਾਲਿਆਂ ਵੱਲੋਂ ਦਿੱਤੀਆਂ ਹਦਾਇਤਾਂ ਦੀ ਪਾਲਣਾ ਕਰਦਿਆਂ ਸੂਬਾ ਸਰਕਾਰ ਗ੍ਰੀਨ ਪਟਾਕਿਆਂ ਦੀ ਵਰਤੋਂ ਨੂੰ ਉਤਸ਼ਾਹਿਤ ਕਰ ਰਹੀ ਹੈ। ਮੀਤ ਹੇਅਰ ਨੇ ਕਿਹਾ ਕਿ ਦੀਵਾਲੀ ਵਾਲੇ ਦਿਨ (ਰਾਤ ਅੱਠ ਤੋਂ ਰਾਤ ਦਸ ਵਜੇ ਤੱਕ), ਗੁਰਪੁਰਬ ਮੌਕੇ (ਸਵੇਰੇ ਚਾਰ ਤੋਂ ਪੰਜ ਵਜੇ ਅਤੇ ਰਾਤ ਨੌਂ ਤੋਂ ਦਸ ਵਜੇ ਤੱਕ), ਕ੍ਰਿਸਮਸ 'ਤੇ (ਰਾਤ 11:55 ਤੋਂ ਸਵੇਰੇ 12:30 ਤੱਕ) ਅਤੇ ਨਵੇਂ ਸਾਲ ਦੀ ਪੂਰਵ ਸੰਧਿਆ ਮੌਕੇ (ਰਾਤ 11:55 ਤੋਂ ਸਵੇਰੇ 12:30 ਤੱਕ) ਸਿਰਫ ਹਰੇ ਪਟਾਕੇ ਹੀ ਚਲਾਏ ਜਾ ਸਕਦੇ ਹਨ।

# ਅੰਮ੍ਰਿਤਪਾਲ ਸਿੰਘ ਦੇ ਪਿਤਾ ਨੂੰ ਵਿਦੇਸ਼ ਜਾਣ ਤੋਂ ਰੋਕਿਆ

**ਅੰਮ੍ਰਿਤਸਰ:** ਹਵਾਈ ਅੱਡੇ 'ਤੇ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਨੂੰ ਵਿਦੇਸ਼ ਜਾਣ ਤੋਂ ਰੋਕ ਦਿੱਤਾ ਗਿਆ। ਮਿਲੇ ਵੇਰਵਿਆਂ ਅਨੁਸਾਰ ਉਹ ਕਤਰ ਏਅਰਵੇਜ਼ ਦੀ ਹਵਾਈ ਉਡਾਣ ਰਾਹੀ ਕਤਰ ਜਾਣ ਲਈ ਸਥਾਨਕ ਸ੍ਰੀ ਗੁਰੂ ਰਾਮਦਾਸ ਜੀ ਕੌਮਾਂਤਰੀ ਹਵਾਈ ਅੱਡੇ 'ਤੇ ਪੁੱਜੇ ਸਨ। ਇਹ ਉਡਾਣ ਬਾਅਦ ਦੁਪਹਿਰ ਲਗਭਗ ਪੌਣੇ ਚਾਰ ਵਜੇ ਸਥਾਨਕ ਹਵਾਈ ਅੱਡੇ ਤੋਂ ਰਵਾਨਾ ਹੋਣੀ ਸੀ। ਇਸ ਉਡਾਣ ਰਾਹੀਂ ਤਰਸੇਮ ਸਿੰਘ ਨੇ ਪਹਿਲਾਂ ਖਾੜੀ ਮੁਲਕ ਅਤੇ ਬਾਅਦ ਵਿਚ ਕੈਨੇਡਾ ਜਾਣਾ ਸੀ।



ਇਸ ਦੌਰਾਨ ਹਵਾਈ ਅੱਡੇ 'ਤੇ ਸਥਿਤ ਅਧਿਕਾਰੀਆਂ ਵੱਲੋਂ ਉਨ੍ਹਾਂ ਨੂੰ ਵਿਦੇਸ਼ ਜਾਣ ਦੀ ਆਗਿਆ ਨਹੀਂ ਦਿੱਤੀ ਗਈ। ਇਸ ਤੋਂ ਬਾਅਦ ਉਹ ਵਾਪਸ ਪਰਤ ਗਏ। ਇਸ ਦੀ ਪੁਸ਼ਟੀ ਸ਼੍ਰੋਮਣੀ ਕਮੇਟੀ ਮੈਂਬਰ ਅਤੇ ਐਡਵੋਕੇਟ ਬੀ.ਐੱਸ. ਸਿਆਲਕਾ ਨੇ ਕੀਤੀ ਹੈ ਜੋ ਅੰਮ੍ਰਿਤਪਾਲ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦੇ ਕੇਸ ਦੀ ਸ਼੍ਰੋਮਣੀ ਕਮੇਟੀ ਵੱਲੋਂ ਪੈਰਵੀ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਤਰਸੇਮ ਸਿੰਘ ਨੂੰ ਹਵਾਈ ਅੱਡੇ 'ਤੇ ਵਿਦੇਸ਼ ਜਾਣ ਤੋਂ ਰੋਕ ਦਿੱਤਾ ਗਿਆ।

ਇਸ ਤੋਂ ਪਹਿਲਾਂ ਅੰਮ੍ਰਿਤਪਾਲ ਸਿੰਘ ਦੀ ਪਤਨੀ ਨੂੰ ਵੀ ਯੂਕੇ ਜਾਣ ਤੋਂ ਰੋਕ ਦਿੱਤਾ ਗਿਆ ਸੀ ਅਤੇ ਉਸ ਨੂੰ ਵੀ ਹਵਾਈ ਅੱਡੇ ਤੋਂ ਵਾਪਸ ਭੇਜ ਦਿੱਤਾ ਗਿਆ ਸੀ। ਜ਼ਿਕਰਯੋਗ ਹੈ ਕਿ ਇਸ ਵੇਲੇ ਅੰਮ੍ਰਿਤਪਾਲ ਸਿੰਘ ਅਤੇ ਉਸ ਦੇ ਸਾਥੀ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਬੰਦ ਹਨ। ਉਨ੍ਹਾਂ ਖ਼ਿਲਾਫ਼ ਕੌਮੀ ਸੁਰੱਖਿਆ ਐਕਟ ਹੇਠ ਕੇਸ ਦਰਜ ਕੀਤਾ ਗਿਆ ਹੈ।

# ਮੁਲਾਜ਼ਮ ਮਸਲੇ: ਮਾਨ ਸਰਕਾਰ ਵੀ ਲਾਰਿਆਂ ਦੇ ਰਾਹ ਪਈ

**ਚੰਡੀਗੜ੍ਹ:** ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਵੀ ਕੱਚੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਲਾਰਿਆਂ ਵਿਚ ਰੱਖ ਕੇ ਡੰਗ ਟਪਾ ਰਹੀ ਹੈ। ਪੰਜਾਬ ਦੇ ਮੁਲਾਜ਼ਮ ਅਤੇ ਪੈਨਸ਼ਨਰ ਲੰਬੇ ਸਮੇਂ ਤੋਂ ਮੰਗਾਂ ਲਈ ਜੱਦੋਜਹਿਦ ਕਰ ਰਹੇ ਹਨ। ਪਿਛਲੀਆਂ ਸਰਕਾਰਾਂ ਦੇ ਸਤਾਏ ਹੋਏ ਇਨ੍ਹਾਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਉਤੇ ਟੇਕ ਲਾਈ ਸੀ। ਸਰਕਾਰ ਨੇ ਆਪਣੀ ਪਹਿਲੀ ਦੀਵਾਲੀ ਵੇਲੇ ਕੁਝ ਮਸਲੇ ਹੱਲ ਕਰਨ ਦਾ ਭਰੋਸਾ ਦਿੱਤਾ ਸੀ ਪਰ ਹੁਣ ਦੂਜੀ ਦੀਵਾਲੀ ਵੀ ਨੇੜੇ ਆ ਗਈ ਹੈ ਪਰ ਮਸਲੇ ਜਿਉਂ ਦੇ ਤਿਉਂ ਖੜ੍ਹੇ ਹਨ। ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਨਾਲ ਵੀ ਕੁਝ ਅਜਿਹਾ ਹੀ ਹੋਇਆ। ਪਹਿਲਾਂ 14 ਅਕਤੂਬਰ ਨੂੰ ਸੈਕਟਰ-39 ਵਿਚ ਕੀਤੀ ਗਈ ਰੋਸ ਰੈਲੀ ਦੌਰਾਨ ਸਰਕਾਰ ਵੱਲੋਂ ਫਰੰਟ ਦੇ ਆਗੂਆਂ ਨੂੰ ਮੁੱਖ ਮੰਤਰੀ ਦੀ ਰਿਹਾਇਸ਼ 'ਚ 18 ਅਕਤੂਬਰ ਦੀ ਮੀਟਿੰਗ ਦਾ ਸਮਾਂ ਦਿੱਤਾ ਗਿਆ ਸੀ। ਜਦੋਂ ਫਰੰਟ ਦਾ ਵਫਦ 18 ਅਕਤੂਬਰ ਨੂੰ ਮੁੱਖ ਮੰਤਰੀ ਦੀ ਕੋਠੀ ਪਹੁੰਚਿਆ ਤਾਂ ਓ.ਐਸ.ਡੀ. ਨਵਰਾਜ ਸਿੰਘ ਬਰਾੜ ਨਾਲ ਮੁਲਾਕਾਤ ਹੋਈ। ਉਨ੍ਹਾਂ ਅਗਿਉਂ ਫਿਰ ਮੀਟਿੰਗ ਦਾ ਭਰੋਸਾ ਦੇ ਦਿੱਤਾ।



ਇਧਰ, ਪੰਜਾਬ ਭਰ ਤੋਂ ਪੁੱਜੇ ਸਿੱਖਿਆ ਵਿਭਾਗ ਦੇ ਕੱਚੇ ਮੁਲਾਜ਼ਮਾਂ, ਦਫ਼ਤਰੀ ਕਰਮਚਾਰੀਆਂ ਅਤੇ ਵਿਸ਼ੇਸ਼ ਅਧਿਆਪਕਾਂ ਵੱਲੋਂ ਸੇਵਾਵਾਂ ਰੈਗੂਲਰ ਕਰਨ ਦੀ ਮੰਗ ਨੂੰ ਲੈ ਕੇ ਮੁੱਖ ਮੰਤਰੀ ਦੀ ਸੰਗਰੂਰ ਕੋਠੀ ਅੱਗੇ ਰੋਸ ਪ੍ਰਦਰਸ਼ਨ ਕੀਤਾ ਗਿਆ ਅਤੇ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਗਈ। ਪ੍ਰਦਰਸ਼ਨਕਾਰੀਆਂ ਵੱਲੋਂ ਕੋਠੀ ਵੱਲ ਵਧਣ ਦੀ ਕੋਸ਼ਿਸ਼ ਕੀਤੀ ਗਈ ਪਰ ਪੁਲਿਸ ਨੇ ਉਨ੍ਹਾਂ ਨੂੰ ਰੋਕ ਲਿਆ ਜਿਸ ਮਗਰੋਂ ਉਨ੍ਹਾਂ ਆਵਾਜਾਈ ਠੱਪ ਕਰਕੇ ਰੋਸ ਧਰਨਾ ਦਿੱਤਾ। ਅਧਿਆਪਕ ਕੌਮੀ ਹਾਈਵੇਅ ਦੇ ਸੰਗਰੂਰ-ਪਟਿਆਲਾ ਬਾਈਪਾਸ ਦੇ ਪੁਲ ਹੇਠਾਂ ਇਕੱਠੇ ਹੋਏ ਜਿਥੋਂ ਮੁੱਖ ਮੰਤਰੀ ਦੀ ਕੋਠੀ ਤੱਕ ਰੋਸ ਮਾਰਚ ਕੀਤਾ ਗਿਆ ਪਰ ਪੁਲਿਸ ਵੱਲੋਂ ਉਨ੍ਹਾਂ ਨੂੰ ਰਿਹਾਇਸ਼ੀ ਕਲੋਨੀ ਦੇ ਮੁੱਖ ਗੇਟ ਅੱਗੇ ਹੀ ਰੋਕ ਲਿਆ ਗਿਆ। ਯੂਨੀਅਨ ਆਗੂਆਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸਿੱਖਿਆ ਵਿਭਾਗ ਦੇ ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ ਦਾ ਫੈਸਲਾ ਲੈਣ ਦੇ ਬਾਵਜੂਦ 17 ਮਹੀਨਿਆਂ ਦੌਰਾਨ ਵਿਭਾਗ ਵੱਲੋਂ ਮੁਲਾਜ਼ਮਾਂ ਨੂੰ ਪੱਕਾ ਕਰਨ ਦੇ ਕੰਮ ਨੂੰ ਅਮਲੀਜਾਮਾ ਨਹੀਂ ਪਹਿਨਾਇਆ ਗਿਆ। ਇਸ ਦੌਰਾਨ ਸਿੱਖਿਆ ਮੰਤਰੀ ਅਤੇ ਅਧਿਕਾਰੀਆਂ ਨੇ ਮੁਲਾਜ਼ਮਾਂ ਨਾਲ ਕਈ ਮੀਟਿੰਗਾਂ ਕੀਤੀਆਂ ਪਰ ਸਿਰਫ ਭਰੋਸੇ ਅਤੇ ਲਾਰਿਆਂ ਤੋਂ ਕੁੱਝ ਪੱਲੇ ਨਹੀਂ ਪਾਇਆ। ਆਗੂਆਂ ਨੇ ਅਲਟੀਮੇਟਮ ਦਿੰਦਿਆਂ ਕਿਹਾ ਕਿ ਜੇਕਰ ਵਿਭਾਗ ਨੇ ਦੀਵਾਲੀ ਤੱਕ ਕੱਚੇ ਮੁਲਾਜ਼ਮਾਂ ਨੂੰ ਪੱਕਾ ਨਾ ਕੀਤਾ ਤਾਂ ਮੁਲਾਜ਼ਮ ਪੱਕਾ ਧਰਨਾ ਲਗਾ ਕੇ ਵਿਭਾਗ ਦਾ ਕੰਮ ਠੱਪ ਕਰਨਗੇ।

ਇਸ ਤੋਂ ਇਲਾਵਾ ਪੰਜਾਬ ਪੁਲਿਸ ਭਰਤੀ-2016 ਅਤੇ ਭਰਤੀ-2021 ਦੇ ਉਮੀਦਵਾਰਾਂ ਵੱਲੋਂ ਮੁੱਖ ਮੰਤਰੀ ਦੀ ਕੋਠੀ ਅੱਗੇ ਆਵਾਜਾਈ ਠੱਪ ਕਰਕੇ ਰੋਸ ਧਰਨਾ ਦਿੱਤਾ ਗਿਆ ਤੇ ਪੰਜਾਬ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਗਈ। ਭਰਤੀ-2016 ਦੇ ਉਮੀਦਵਾਰ ਵੇਟਿੰਗ ਸੂਚੀ ਕਲੀਅਰ ਕਰ ਕੇ ਉਮੀਦਵਾਰਾਂ ਨੂੰ ਨੌਕਰੀ 'ਤੇ ਜੁਆਇਨ ਕਰਨ ਦੀ ਮੰਗ ਕਰ ਰਹੇ ਸਨ ਜਦਕਿ ਭਰਤੀ-2021 ਦੇ ਉਮੀਦਵਾਰ ਦੂਜੀ ਸੂਚੀ ਜਾਰੀ ਕਰਨ ਦੀ ਮੰਗ ਕਰ ਰਹੇ ਸਨ।

ਇਸ ਤੋਂ ਪਹਿਲਾਂ ਦੋਵੇਂ ਪੁਲਿਸ ਭਰਤੀਆਂ ਦੇ ਉਮੀਦਵਾਰ ਸ਼ਹਿਰ ਦੀ ਪਟਿਆਲਾ ਰੋਡ ਸਥਿਤ ਵੇਰਕਾ ਮਿਲਕ ਪਲਾਂਟ ਨੇੜੇ ਇਕੱਠੇ ਹੋਏ ਜਿੱਥੋਂ ਬਾਅਦ ਦੁਪਹਿਰ ਮੁੱਖ ਮੰਤਰੀ ਦੀ ਕੋਠੀ ਵੱਲ ਰੋਸ ਮਾਰਚ ਕੀਤਾ ਗਿਆ ਪਰ ਕਲੋਨੀ ਦੇ ਮੁੱਖ ਗੇਟ 'ਤੇ ਪੁਲਿਸ ਵੱਲੋਂ ਸਖ਼ਤ ਨਾਕਾਬੰਦੀ ਕਰ ਕੇ ਉਨ੍ਹਾਂ ਨੂੰ ਰੋਕ ਲਿਆ ਗਿਆ। ਉਮੀਦਵਾਰਾਂ ਨੇ ਸੜਕ ਉੱਪਰ ਹੀ ਧਰਨਾ ਲਾ ਦਿੱਤਾ। ਇਸ ਦੌਰਾਨ ਭਰਤੀ-2016 ਦੇ ਉਮੀਦਵਾਰਾਂ ਦੇ ਆਗੂ ਜਗਸੀਰ ਸਿੰਘ ਅਤੇ ਅਮਨਦੀਪ ਸਿੰਘ ਨੇ ਕਿਹਾ ਕਿ ਮੈਰਿਟ ਲਿਸਟ ਵਿਚ ਨਾਂ ਆਉਣ ਦੇ ਬਾਵਜੂਦ ਉਨ੍ਹਾਂ ਨੂੰ ਵੇਟਿੰਗ ਲਿਸਟ ਵਿਚ ਪਾ ਦਿੱਤਾ ਗਿਆ ਸੀ, ਭਰਤੀ ਸਬੰਧੀ ਦਸਤਾਵੇਜ਼ਾਂ ਦੀ ਪੜਤਾਲ ਹੋ ਚੁੱਕੀ ਹੈ। ਤਕਰੀਬਨ 300 ਉਮੀਦਵਾਰ ਤਾਂ ਦਸੰਬਰ-2022 ਵਿਚ ਭਰਤੀ ਕਰ ਲਏ ਸਨ ਜਦਕਿ ਬਾਕੀ ਜੁਆਇਨ ਦੀ ਉਡੀਕ ਵਿਚ ਖੁਆਰ ਹੋ ਰਹੇ ਹਨ।

ਪੁਲਿਸ ਭਰਤੀ-2021 ਦੇ ਉਮੀਦਵਾਰਾਂ ਵੀਰਪਾਲ ਕੌਰ, ਜਗਦੀਸ਼ ਕੰਬੋਜ ਅਤੇ ਲਵਪ੍ਰੀਤ ਸਿੰਘ ਨੇ ਕਿਹਾ ਕਿ 2021 ਵਿਚ ਪੰਜਾਬ ਪੁਲਿਸ ਵਲੋਂ ਵੱਖ-ਵੱਖ ਅਸਾਮੀਆਂ ਅਧੀਨ ਨੋਟੀਫਿਕੇਸ਼ਨ ਜਾਰੀ ਕੀਤੇ ਗਏ ਸਨ। ਪੁਲਿਸ ਕਾਂਸਟੇਬਲ ਦੀਆਂ 4358 ਅਸਾਮੀਆਂ ਵਿਚੋਂ 3270 ਉਮੀਦਵਾਰਾਂ ਦੀ ਜੁਆਇਨਿੰਗ ਹੋ ਚੁੱਕੀ ਹੈ ਜਦੋਂਕਿ 1100 ਅਸਾਮੀਆਂ ਖਾਲੀ ਰਹਿ ਗਈਆਂ ਸਨ। ਇਸ ਤੋਂ ਇਲਾਵਾ 560 ਸਬ-ਇੰਸਪੈਕਟਰਾਂ ਵਿਚੋਂ 60 ਅਸਾਮੀਆਂ, ਹੈੱਡ-ਕਾਂਸਟੇਬਲਾਂ ਦੀਆਂ 792 ਵਿਚੋਂ 200, ਟੀ.ਐਸ.ਐਸ. ਸਬ-ਇੰਸਪੈਕਟਰਾਂ ਦੀਆਂ 267 ਵਿਚੋਂ 60 ਅਸਾਮੀਆਂ, ਟੀ.ਐਸ.ਐਸ. 2340 ਵਿਚੋਂ 1000 ਅਸਾਮੀਆਂ ਖਾਲੀ ਰਹਿ ਗਈਆਂ ਹਨ। ਇਸ ਤੋਂ ਇਲਾਵਾ ਇੰਟੈਲੀਜੈਂਸ ਅਤੇ ਇਨਵੈਸਟੀਗੇਸ਼ਨ ਦੀਆਂ 1190 ਵਿਚੋਂ 900 ਤੋਂ ਵੱਧ ਅਸਾਮੀਆਂ ਖਾਲੀ ਰਹਿਣ ਦਾ ਅਨੁਮਾਨ ਹੈ। ਉਨ੍ਹਾਂ ਕਿਹਾ ਕਿ ਚੋਣਾਂ ਤੋਂ ਪਹਿਲਾਂ 'ਆਪ' ਨੇ ਦੂਜੀ ਸੂਚੀ ਜਾਰੀ ਕਰਨ ਦਾ ਭਰੋਸਾ ਦਿੱਤਾ ਸੀ। ਧਰਨੇ 'ਚ ਬੀ.ਕੇ.ਯੂ. ਏਕਤਾ ਉਗਰਾਹਾਂ ਦੇ ਬਲਾਕ ਆਗੂਆਂ ਨੇ ਵੀ ਸ਼ਮੂਲੀਅਤ ਕੀਤੀ।

## ਨੌਕਰੀਆਂ ਗੈਰ-ਪੰਜਾਬੀਆਂ ਨੂੰ ਦਿੱਤੀਆਂ ਜਾ ਰਹੀਆਂ: ਸੁਖਬੀਰ



**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਦੋਸ਼ ਲਾਇਆ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ 'ਆਪ' ਸਰਕਾਰ ਦੇ ਡੇਢ ਸਾਲ ਪੂਰੇ ਹੋਣ 'ਤੇ ਆਪਣੀਆਂ ਅਖੌਤੀ ਪ੍ਰਾਪਤੀਆਂ ਦੱਸਣ ਵਾਸਤੇ ਇਕ ਦਿਨ ਵਿਚ 25 ਕਰੋੜ ਰੁਪਏ ਖਰਚੇ ਗਏ ਹਨ। ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਪੰਜਾਬ 'ਚ ਗੈਰ-ਪੰਜਾਬੀਆਂ ਨੂੰ ਨੌਕਰੀਆਂ ਦਿੱਤੀਆਂ ਜਾ ਰਹੀਆਂ ਹਨ। ਮਿਸਾਲ ਦੇ ਤੌਰ 'ਤੇ ਪੀ.ਐਸ.ਪੀ.ਸੀ.ਐਲ. ਦੀਆਂ 1370 ਵਿਚੋਂ 534 ਉਮੀਦਵਾਰ ਹਰਿਆਣਾ ਤੇ 94 ਰਾਜਸਥਾਨ ਦੇ ਹਨ। ਪੰਜਾਬ ਪੁਲਿਸ ਵੱਲੋਂ ਭਰਤੀ ਕੀਤੇ 7 ਸਬ-ਇੰਸਪੈਕਟਰਾਂ ਵਿਚੋਂ ਛੇ ਹਰਿਆਣਾ ਤੋਂ ਹਨ। ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਵਿਚ ਹੋਈ ਭਰਤੀ ਵਿਚ 300 ਪੰਜਾਬ ਤੋਂ ਬਾਹਰਲੇ ਹਨ ਜਦਕਿ ਪਸ਼ੂ ਪਾਲਣ ਵਿਭਾਗ ਨੇ 134 ਬਾਹਰਲੇ ਵਿਅਕਤੀਆਂ ਨੂੰ ਰੁਜ਼ਗਾਰ ਦਿੱਤਾ ਹੈ।

## 'ਦਾਸਤਾਨ-ਏ-ਸਰਹੰਦ' ਵਿਵਾਦਾਂ ਵਿਚ ਘਿਰੀ

**ਅੰਮ੍ਰਿਤਸਰ:** ਫਿਲਮ ਦਾਸਤਾਨ-ਏ-ਸਰਹੰਦ ਰਿਲੀਜ਼ ਹੋਣ ਤੋਂ ਪਹਿਲਾਂ ਇਕ ਵਾਰ ਮੁੜ ਵਿਵਾਦਾਂ ਵਿਚ ਘਿਰ ਗਈ ਹੈ। ਇਸ ਸਬੰਧ 'ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਪਸ਼ਟ ਕਿਹਾ ਕਿ ਫਿਲਮ ਨੂੰ ਕੋਈ ਪ੍ਰਵਾਨਗੀ ਨਹੀਂ ਦਿੱਤੀ ਗਈ। ਸੋਸ਼ਲ ਮੀਡੀਆ ਰਾਹੀਂ ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਆਖਿਆ ਕਿ ਫਿਲਮ ਰਿਲੀਜ਼ ਹੋਣ ਸਬੰਧੀ ਲਗਾਏ ਜਾ ਰਹੇ ਬੋਰਡਾਂ ਬਾਰੇ ਫਿਲਮ ਦੇ ਪ੍ਰਬੰਧਕ ਹੀ ਜਵਾਬਦੇਹ ਹਨ। ਉਨ੍ਹਾਂ ਨੇ ਫਿਲਮ ਪ੍ਰਬੰਧਕਾਂ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਸਿੱਖ ਕੌਮ ਦੀਆਂ ਭਾਵਨਾਵਾਂ ਨੂੰ ਧਿਆਨ ਵਿਚ ਰੱਖਦੇ ਹੋਏ ਹੀ ਕੋਈ ਫੈਸਲਾ ਲੈਣ। ਸ਼੍ਰੋਮਣੀ ਕਮੇਟੀ ਨੇ ਆਪਣਾ ਪੱਖ ਰੱਖਦਿਆਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਧਰਮ ਪ੍ਰਚਾਰ ਕਮੇਟੀ ਦੇ ਇਕ ਮਤੇ ਰਾਹੀਂ ਗੁਰੂ ਸਾਹਿਬਾਨ, ਉਨ੍ਹਾਂ ਦੇ ਪਰਿਵਾਰ ਤੇ ਸਾਹਿਬਜ਼ਾਦਿਆਂ ਬਾਰੇ ਕਿਸੇ ਵੀ ਤਰ੍ਹਾਂ ਦੇ ਫਿਲਮਾਂਕਣ 'ਤੇ ਰੋਕ ਲਗਾਈ ਹੋਈ ਹੈ।

# ਫਰਜ਼ੀ ਮੁਕਾਬਲਾ: ਸੀ.ਆਈ.ਏ. ਦਾ ਤਤਕਾਲੀ ਇੰਚਾਰਜ ਦੋਸ਼ੀ ਕਰਾਰ

**ਮੁਹਾਲੀ:** ਸੀ.ਬੀ.ਆਈ. ਅਦਾਲਤ ਨੇ ਤਕਰੀਬਨ ਤਿੰਨ ਦਹਾਕੇ ਪੁਰਾਣੇ ਫਰਜ਼ੀ ਪੁਲਿਸ ਮੁਕਾਬਲੇ ਦੇ ਮਾਮਲੇ ਦਾ ਨਿਬੇੜਾ ਕਰਦਿਆਂ ਸੀ.ਆਈ.ਏ. ਸਟਾਫ ਮਜੀਠਾ ਦੇ ਤਤਕਾਲੀ ਇੰਚਾਰਜ ਤਰਸੇਮ ਲਾਲ ਖ਼ਿਲਾਫ਼ ਦੋਸ਼ ਤੈਅ ਕੀਤੇ ਹਨ। ਸਬੂਤਾਂ ਦੀ ਘਾਟ ਅਤੇ ਸ਼ਿਕਾਇਤਕਰਤਾ ਸਣੇ ਗਵਾਹਾਂ ਦੇ ਬਿਆਨਾਂ ਤੋਂ ਮੁਨਕਰ ਹੋਣ ਕਾਰਨ ਥਾਣਾ ਲੋਪੋਕੇ ਦੇ ਤਤਕਾਲੀ ਐਸ.ਐਚ.ਓ. ਧਰਮ ਸਿੰਘ ਨੂੰ ਬਰੀ ਕੀਤਾ ਗਿਆ ਹੈ ਜਦਕਿ ਨਾਮਜ਼ਦ ਸਬ ਇੰਸਪੈਕਟਰ ਸਵਰਨ ਸਿੰਘ ਅਤੇ ਏ.ਐਸ.ਆਈ. ਅਵਤਾਰ ਸਿੰਘ ਦੀ ਕੇਸ ਦੀ ਸੁਣਵਾਈ ਦੌਰਾਨ ਪਹਿਲਾਂ ਹੀ ਮੌਤ ਹੋ ਚੁੱਕੀ ਹੈ। ਤਰਸੇਮ ਲਾਲ ਅਤੇ ਧਰਮ ਸਿੰਘ ਪਹਿਲਾਂ ਵੀ ਫਰਜ਼ੀ ਪੁਲਿਸ ਮੁਕਾਬਲੇ 'ਚ ਪਟਿਆਲਾ ਜੇਲ੍ਹ ਵਿਚ ਉਮਰ ਕੈਦ ਦੀ ਸਜ਼ਾ ਭੁਗਤ ਰਹੇ ਹਨ।

ਵਕੀਲ ਸਰਬਜੀਤ ਸਿੰਘ ਵੇਰਕਾ, ਪੁਸ਼ਪਿੰਦਰ ਸਿੰਘ ਨੱਤ ਅਤੇ ਜਗਜੀਤ ਸਿੰਘ ਬਾਜਵਾ ਨੇ ਦੱਸਿਆ ਕਿ 13 ਦਸੰਬਰ 1992 ਨੂੰ ਅੰਮ੍ਰਿਤਸਰ ਪੁਲਿਸ ਨੇ ਐਸ.ਪੀ.ਓ. ਦਲਜੀਤ ਸਿੰਘ ਪੁੱਤਰ ਕਸ਼ਮੀਰ ਸਿੰਘ ਨੂੰ ਹਿਰਾਸਤ ਵਿਚ ਲੈ ਲਿਆ। ਮਗਰੋਂ ਉਸ ਦਾ ਕੋਈ ਥਹੁ ਪਤਾ ਨਾ ਲੱਗਣ ਉਤੇ ਉਸ ਦੇ ਪਿਤਾ ਨੇ 1994 ਵਿਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਦਾ ਬੂਹਾ ਖੜਕਾਇਆ। ਹਾਈ ਕੋਰਟ ਨੇ ਜ਼ਿਲ੍ਹਾ ਤੇ ਸੈਸ਼ਨ ਜੱਜ ਅੰਮ੍ਰਿਤਸਰ ਨੂੰ



ਨਿਆਇਕ ਜਾਂਚ ਦੇ ਆਦੇਸ਼ ਦਿੱਤੇ। ਪੜਤਾਲ ਦੌਰਾਨ ਪੁਲਿਸ ਨੇ ਦੱਸਿਆ ਕਿ ਜਗੀਰ ਸਿੰਘ ਨਾਂ ਦੇ ਨਾਲ ਦਲਜੀਤ ਸਿੰਘ ਵੀ ਮੁਕਾਬਲੇ ਵਿਚ ਮਾਰਿਆ ਗਿਆ ਸੀ। ਮਗਰੋਂ ਸੁਣਵਾਈ ਦੌਰਾਨ ਪੁਲਿਸ ਨੇ ਜਗੀਰ ਸਿੰਘ ਨਾਂ ਦੇ ਜਿਸ ਵਿਅਕਤੀ ਨੂੰ ਮੁਕਾਬਲੇ ਵਿਚ ਮਾਰਿਆ ਦਿਖਾਇਆ ਸੀ, ਉਹ ਜਿਉਂਦਾ ਮਿਲ ਗਿਆ ਅਤੇ ਉਹ ਸਤੰਬਰ 2023 ਵਿਚ ਕੇਸ ਦੀ ਸੁਣਵਾਈ ਦੌਰਾਨ ਅਦਾਲਤ ਵਿਚ ਪੇਸ਼ ਹੋ ਗਿਆ। ਗਵਾਹ ਬਿਆਨਾਂ ਤੋਂ ਮੁੱਕਰ ਗਏ ਅਤੇ ਲੋਪੋਕੇ ਥਾਣਾ ਦੇ ਐਸ.ਐਚ.ਓ. ਧਰਮ ਸਿੰਘ ਨੂੰ ਬਰੀ ਕਰ ਦਿੱਤਾ। ਜਦੋਂਕਿ ਤਰਸੇਮ ਲਾਲ ਨੂੰ ਦੋਸ਼ੀ ਕਰਾਰ ਦਿੱਤਾ ਗਿਆ।

# ਬੱਬਰ ਖਾਲਸਾ ਦੇ ਚਾਰ ਕਾਰਕੁਨ ਕਾਬੂ ਕਰਨ ਦਾ ਦਾਅਵਾ ਕੀਤਾ

**ਮੁਹਾਲੀ:** ਜ਼ਿਲ੍ਹਾ ਸੀ.ਆਈ.ਏ. ਸਟਾਫ ਮੁਹਾਲੀ ਨੇ ਖਾੜਕੂ ਜਥੇਬੰਦੀ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਤਿੰਨ ਕਾਰਕੁਨਾਂ ਨੂੰ ਭਾਰੀ ਮਾਤਰਾ ਵਿਚ ਨਾਜਾਇਜ਼ ਅਸਲੇ ਸਣੇ ਗ੍ਰਿਫਤਾਰ ਕੀਤਾ ਹੈ, ਜੋ ਪਾਕਿਸਤਾਨ ਵਿਚ ਬੈਠੇ ਹਰਵਿੰਦਰ ਸਿੰਘ ਰਿੰਦਾ ਦੇ ਸਾਥੀ ਦੱਸੇ ਜਾ ਰਹੇ ਹਨ ਅਤੇ ਉਸ ਦੇ ਇਸ਼ਾਰੇ 'ਤੇ ਅਪਰਾਧਿਕ ਵਾਰਦਾਤਾਂ ਕਰਦੇ ਸਨ।

ਇਸ ਤੋਂ ਇਲਾਵਾ ਇਕ ਕਾਰਕੁਨ ਨੂੰ ਫਾਜ਼ਿਲਕਾ ਤੋਂ ਕਾਬੂ ਕੀਤਾ ਗਿਆ ਹੈ। ਰੂਪਨਗਰ ਰੇਂਜ ਦੇ ਆਈ.ਜੀ. ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਮੁਲਜ਼ਮਾਂ ਦੀ ਪਛਾਣ ਸ਼ਕੀਲ ਅਹਿਮਦ ਉਰਫ਼ ਲਾਡੀ ਗੁੱਜਰ ਵਾਸੀ ਪਿੰਡ ਸੰਧਵਾਂ ਥਾਣਾ ਧਾਰੀਵਾਲ (ਗੁਰਦਾਸਪੁਰ), ਲਵਪ੍ਰੀਤ ਸਿੰਘ ਉਰਫ਼ ਲੰਬੂ ਉਰਫ਼ ਸੰਧੂ ਵਾਸੀ ਪਿੰਡ ਦਾਦੂ ਜੋਧ (ਫਤਿਹਗੜ੍ਹ ਚੂੜੀਆਂ), ਸਰੂਪ ਸਿੰਘ ਉਰਫ਼ ਰੂਪ ਉਰਫ਼ ਘੁੱਲਾ ਵਾਸੀ ਪਿੰਡ ਕੋਠਾ, ਥਾਣਾ ਡੇਰਾ ਬਾਬਾ ਨਾਨਕ (ਗੁਰਦਾਸਪੁਰ) ਵਜੋਂ ਹੋਈ ਹੈ। ਇਨ੍ਹਾਂ ਖ਼ਿਲਾਫ਼ ਬਲੌਂਗੀ ਥਾਣੇ ਵਿਚ ਕੇਸ ਦਰਜ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਤਲਾਸ਼ੀ ਦੌਰਾਨ ਮੁਲਜ਼ਮਾਂ ਕੋਲੋਂ 6 ਪਿਸਤੌਲ ਅਤੇ 275 ਕਾਰਤੂਸ ਬਰਾਮਦ ਕੀਤੇ ਗਏ ਹਨ ਜਦੋਂਕਿ ਇਨ੍ਹਾਂ ਦੇ ਇੱਕ ਸਾਥੀ ਨਿਰਵੈਰ ਸਿੰਘ ਉਰਫ਼ ਸਹਿਜਪ੍ਰੀਤ ਸਿੰਘ ਉਰਫ਼ ਸੰਨੀ ਵਾਸੀ ਪਿੰਡ ਕੋਠਾ, ਥਾਣਾ ਡੇਰਾ ਬਾਬਾ ਨਾਨਕ



(ਗੁਰਦਾਸਪੁਰ) ਨੂੰ ਫਾਜ਼ਿਲਕਾ ਪੁਲਿਸ ਵੱਲੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਇਹ ਸਾਰੇ ਮੁਲਜ਼ਮ ਅਪਰਾਧਿਕ ਪਿਛੋਕੜ ਵਾਲੇ ਹਨ। ਉਨ੍ਹਾਂ ਖ਼ਿਲਾਫ਼ ਪੰਜਾਬ ਦੇ ਵੱਖ-ਵੱਖ ਥਾਣਿਆਂ ਵਿਚ ਐਨ.ਡੀ.ਪੀ.ਐਸ, ਅਸਲਾ ਐਕਟ ਅਤੇ ਜਾਇਦਾਦਾਂ ਸਬੰਧੀ ਝਗੜਿਆਂ ਦੇ ਕੇਸ ਦਰਜ ਹਨ। ਮੁਲਜ਼ਮਾਂ ਕੋਲੋਂ .9 ਐਮ.ਐਮ. ਦੇ ਤਿੰਨ ਪਿਸਤੌਲ, .30 ਬੋਰ ਦੇ ਤਿੰਨ ਪਿਸਤੌਲ, .9 ਬੋਰ ਦੇ 30 ਕਾਰਤੂਸ, .30 ਬੋਰ ਦੇ 195 ਕਾਰਤੂਸ, .32 ਬੋਰ ਦੇ 50 ਕਾਰਤੂਸ ਬਰਾਮਦ ਕੀਤੇ ਗਏ।

ਡੀ.ਜੀ.ਪੀ. ਗੌਰਵ ਯਾਦਵ ਨੇ ਐਕਸ 'ਤੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਪੰਜਾਬ ਪੁਲਿਸ ਤੇ ਮੁਹਾਲੀ ਪੁਲਿਸ ਦੀ ਸਾਂਝੀ ਟੀਮ ਨੇ ਬੱਬਰ ਖਾਲਸਾ ਦੇ ਚਾਰ ਕਾਰਕੁਨਾਂ ਨੂੰ ਭਾਰੀ ਅਸਲੇ ਸਣੇ ਕਾਬੂ ਕੀਤਾ ਹੈ।

# ਗੁਰੂ ਘਰ ਵਿਚ ਚੋਰੀ ਦੇ ਦੋਸ਼ ਹੇਠ ਨੌਜਵਾਨ ਦੀ ਕੁੱਟ-ਕੁੱਟ ਕੇ ਹੱਤਿਆ

**ਮੋਗਾ:** ਥਾਣਾ ਬਾਘਾਪੁਰਾਣਾ ਦੇ ਪਿੰਡ ਗੁਰੂ ਸਰ ਮਾੜੀ ਦੇ ਨੌਜਵਾਨ ਦੀ ਡਿੱਗਣ ਕਾਰਨ ਮੌਤ ਨਹੀਂ ਹੋਈ ਸੀ, ਸਗੋਂ ਉਸ ਨੂੰ ਗੁਰਦੁਆਰੇ ਵਿਚ ਚੋਰੀ ਕਰਨ ਦੇ ਦੋਸ਼ ਹੇਠ ਹਜੂਮ ਨੇ ਕੁੱਟ-ਕੁੱਟ ਕੇ ਮਾਰਿਆ ਸੀ। ਇਹ ਘਟਨਾ ਸੀ.ਸੀ.ਟੀ.ਵੀ. ਕੈਮਰੇ ਵਿਚ ਕੈਦ ਹੋ ਗਈ ਸੀ ਜਿਸ ਦੀ ਹੁਣ ਵੀਡੀਓ ਵਾਇਰਲ ਹੋਣ ਮਗਰੋਂ ਪੁਲਿਸ ਨੇ ਯੂ-ਟਰਨ ਲੈਂਦਿਆਂ ਮੁਲਜ਼ਮਾਂ ਖ਼ਿਲਾਫ਼ ਹੱਤਿਆ ਦਾ ਕੇਸ ਦਰਜ ਕਰ ਦਿੱਤਾ ਹੈ।

ਬਾਘਾਪੁਰਾਣਾ ਪੁਲਿਸ ਨੇ ਮ੍ਰਿਤਕ ਨੌਜਵਾਨ ਕਰਮ ਸਿੰਘ (37) ਦੀ ਮਾਂ ਸੀਤੋ ਕੌਰ (70) ਦੇ ਬਿਆਨ ਉੱਤੇ ਨਾਨਕ ਸਿੰਘ, ਜਗਤਾਰ ਸਿੰਘ, ਸੀਰਾ ਸਿੰਘ, ਗੁਰਨਾਮ ਸਿੰਘ, ਧਰਮਪਾਲ, ਕਾਕੂ ਸਿੰਘ ਅਤੇ 14-15 ਅਣਪਛਾਤੇ ਵਿਅਕਤੀਆਂ



ਖ਼ਿਲਾਫ਼ ਕੇਸ ਦਰਜ ਕੀਤਾ ਹੈ। ਜਾਣਕਾਰੀ ਮੁਤਾਬਕ ਪਿੰਡ ਗੁਰੂ ਸਰ ਮਾੜੀ ਵਿਚ 15 ਅਕਤੂਬਰ ਨੂੰ ਪਿੰਡ ਦੇ ਗੁਰਦੁਆਰੇ 'ਚੋਂ ਚੋਰੀ ਦੀ ਘਟਨਾ ਤੋਂ ਬਾਅਦ ਪਿੰਡ ਵਾਸੀਆਂ ਨੇ ਕਰਮ ਸਿੰਘ ਦੀਆਂ ਬਾਹਾਂ ਬੰਨ੍ਹ ਕੇ ਬੇਰਹਿਮੀ ਨਾਲ ਕੁੱਟਮਾਰ ਕੀਤੀ ਸੀ ਅਤੇ ਜ਼ਖ਼ਮਾਂ ਦੀ ਤਾਬ ਨਾ ਝੱਲਦਾ ਹੋਇਆ ਕਰਮ ਸਿੰਘ ਦਮ ਤੋੜ ਗਿਆ। ਇਸ ਮੌਕੇ ਪੁਲਿਸ ਨੇ ਧਾਰਾ 174 ਸੀ.ਆਰ.ਪੀ.ਸੀ. ਤਹਿਤ ਪੋਸਟ ਮਾਰਟਮ ਦੀ ਕਾਰਵਾਈ ਕਰਕੇ ਮਾਮਲਾ ਇਹ ਕਹਿੰਦਿਆਂ ਠੰਢੇ ਬਸਤੇ ਵਿਚ ਪਾ ਦਿੱਤਾ ਕਿ ਪਰਿਵਾਰ ਨੇ ਸਮਝੌਤਾ ਕਰ ਲਿਆ ਹੈ ਪਰ ਇਸ ਦੀ ਵੀਡੀਓ ਵਾਇਰਲ ਹੋਣ ਮਗਰੋਂ ਜ਼ਿਲ੍ਹਾ ਪੁਲਿਸ ਮੁਖੀ ਜੇ. ਐਲਨਚੇਜ਼ੀਅਨ ਨੇ ਮਾਮਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਕੇਸ ਦਰਜ ਕਰਨ ਦਾ ਹੁਕਮ ਦਿੱਤਾ।

ਐਫ.ਆਈ.ਆਰ. ਮੁਤਾਬਕ ਮ੍ਰਿਤਕ ਨੌਜਵਾਨ ਮਾਂ ਸੀਤੋ ਕੌਰ ਨੇ ਪੁਲਿਸ ਨੂੰ ਦਿੱਤੇ ਬਿਆਨ ਵਿਚ ਕਿਹਾ ਕਿ ਉਹ ਆਪਣੇ ਪਤੀ ਉਜਾਗਰ ਸਿੰਘ ਨਾਲ ਰਾਜਸਥਾਨ ਵਿਚ ਨਰਮਾ ਚੁਗਣ ਗਈ ਸੀ। ਉਸ ਨੂੰ ਦੱਸਿਆ ਗਿਆ ਕਿ ਉਸ ਦਾ ਲੜਕਾ ਕਰਮ ਸਿੰਘ ਚੋਰੀ ਕਰਨ ਗਿਆ ਸੀ ਜਿਥੇ ਡਿੱਗ ਕੇ ਉਹ ਗੰਭੀਰ ਜ਼ਖ਼ਮੀ ਹੋ ਗਿਆ ਤੇ ਮੋਹਤਬਰਾਂ ਦੇ ਕਹਿਣ 'ਤੇ ਪੋਸਟਮਾਰਟਮ ਦੀ ਕਾਰਵਾਈ ਕਰਵਾ ਦਿੱਤੀ। ਪੀੜਤਾ ਨੇ ਕਿਹਾ ਕਿ ਕੁਝ ਦਿਨ ਬਾਅਦ ਸੋਸ਼ਲ ਮੀਡੀਆ ਉੱਤੇ ਵੀਡੀਓ ਵਾਇਰਲ ਹੋਣ ਉੱਤੇ ਉਸ ਨੂੰ ਪਤਾ ਲੱਗਾ ਕਿ ਉਸ ਦੇ ਪੁੱਤਰ ਨੂੰ ਗੁਰਦੁਆਰੇ ਦੀ ਗੋਲਕ ਵਿਚੋਂ ਪੈਸੇ ਚੋਰੀ ਕਰਨ ਦੇ ਦੋਸ਼ ਹੇਠ ਬੰਨ੍ਹ ਕੇ ਕੁੱਟਮਾਰ ਕੀਤੀ ਗਈ ਜਿਸ ਕਾਰਨ ਉਸ ਦੇ ਪੁੱਤਰ ਦੀ ਮੌਤ ਹੋ ਗਈ।

# ਡੇਢ ਸੌ ਕਿਸਾਨਾਂ ਦੇ ਰਿਕਾਰਡ ਵਿਚ 'ਰੈੱਡ ਐਂਟਰੀ'

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਪਰਾਲੀ ਨੂੰ ਅੱਗ ਲਾਉਣ ਵਾਲੇ ਕਿਸਾਨਾਂ ਦੇ ਮਾਲ ਰਿਕਾਰਡ ਵਿਚ 'ਰੈੱਡ ਐਂਟਰੀ' ਪਾਉਣੀ ਸ਼ੁਰੂ ਕਰ ਦਿੱਤੀ ਹੈ ਤਾਂ ਕਿ ਕੌਮੀ ਗਰੀਨ ਟ੍ਰਿਬਿਊਨਲ ਦੇ ਹੁਕਮਾਂ ਦੀ ਪਾਲਣਾ ਕੀਤੀ ਜਾ ਸਕੇ। ਮਾਲਵਾ ਖਿੱਤੇ 'ਚ ਪਰਾਲੀ ਦਾ ਧੂੰਆਂ ਅਸਮਾਨੀਂ ਚੜ੍ਹ ਗਿਆ ਹੈ ਅਤੇ ਇਸ ਵੇਲੇ ਵਾਢੀ ਦਾ ਸੀਜ਼ਨ ਪੂਰਾ ਸਿਖਰ 'ਤੇ ਹੈ। ਕਣਕ ਦੀ ਬਿਜਾਈ ਸ਼ੁਰੂ ਹੋਣ ਕਰਕੇ ਕਿਸਾਨ ਖੇਤ ਵਿਹਲੇ ਕਰਨ ਲਈ ਕਾਹਲੇ ਜਾਪਦੇ ਹਨ। ਅੱਗ ਲੱਗਣ ਦੀਆਂ ਘਟਨਾਵਾਂ ਦੇ ਮੁਕਾਬਲੇ ਸਰਕਾਰ ਵੱਲੋਂ ਕੀਤੀ ਕਾਰਵਾਈ ਨਿਗੂਣੀ ਜਾਪਦੀ ਹੈ।

ਪੰਜਾਬ ਸਰਕਾਰ ਵੱਲੋਂ ਤਿਆਰ ਕੀਤੀ ਐਕਸ਼ਨ ਟੇਕਨ ਰਿਪੋਰਟ ਦੀ ਪੜਚੋਲ ਤੋਂ ਤੱਥ ਸਾਹਮਣੇ ਆਏ ਹਨ ਕਿ 29 ਅਕਤੂਬਰ ਤੱਕ ਪੰਜਾਬ ਵਿਚ ਪਰਾਲੀ ਸਾੜਨ ਦੀਆਂ 6284 ਘਟਨਾਵਾਂ ਰਿਪੋਰਟ ਹੋਈਆਂ ਹਨ। ਹਾਲਾਂਕਿ ਪਿਛਲੇ ਵਰ੍ਹੇ 30 ਅਕਤੂਬਰ ਤੱਕ 13,873 ਘਟਨਾਵਾਂ ਸਾਹਮਣੇ ਆਈਆਂ ਸਨ। ਘਟਨਾਵਾਂ ਵਿਚ ਕਮੀ ਤਾਂ ਆਈ ਹੈ ਪਰ ਅਸਮਾਨੀ ਚੜ੍ਹੇ ਗੁਬਾਰ ਤੋਂ ਹਕੀਕਤ ਹੋਰ ਜਾਪਦੀ ਹੈ।

ਪੰਜਾਬ ਸਰਕਾਰ ਨੇ ਅੱਗ ਲਾਉਣ ਵਾਲੇ 151 ਕਿਸਾਨਾਂ ਦੇ ਮਾਲ ਵਿਭਾਗ ਦੇ ਰਿਕਾਰਡ ਵਿਚ ਰੈੱਡ ਐਂਟਰੀ ਪਾ ਦਿੱਤੀ ਹੈ ਜਿਨ੍ਹਾਂ ਵਿਚ ਅੰਮ੍ਰਿਤਸਰ ਦੇ 76 ਕੇਸ, ਪਟਿਆਲਾ ਦੇ 67 ਕੇਸ, ਲੁਧਿਆਣਾ ਦੇ ਛੇ ਅਤੇ ਬਠਿੰਡਾ ਦੇ ਦੋ ਕੇਸ ਸ਼ਾਮਲ ਹਨ। ਇਕ ਵੀ ਮਾਮਲਾ ਅਜਿਹਾ ਨਹੀਂ ਹੈ ਜਿੱਥੇ ਏਅਰ ਐਕਟ ਦੀ ਧਾਰਾ 39 ਤਹਿਤ ਕੇਸ ਦਰਜ ਕੀਤਾ ਗਿਆ ਹੋਵੇ। ਇਸੇ ਤਰ੍ਹਾਂ ਤਰਨ ਤਾਰਨ, ਫ਼ਾਜ਼ਿਲਕਾ ਅਤੇ ਫ਼ਰੀਦਕੋਟ ਦੇ ਤਿੰਨ ਕਿਸਾਨਾਂ ਖ਼ਿਲਾਫ਼ ਧਾਰਾ 188 ਤਹਿਤ ਕੇਸ ਦਰਜ ਕੀਤਾ ਗਿਆ ਹੈ।

ਪੰਜਾਬ ਸਰਕਾਰ ਨੇ 625 ਘਟਨਾਵਾਂ ਦੇ ਮਾਮਲਿਆਂ ਵਿਚ 15.57 ਲੱਖ ਰੁਪਏ ਵਾਤਾਵਰਨ ਮੁਆਵਜ਼ੇ ਵਜੋਂ ਕਿਸਾਨਾਂ ਤੋਂ ਵਸੂਲਣੇ ਹਨ ਪਰ ਇਨ੍ਹਾਂ 'ਚੋਂ ਸਿਰਫ 307 ਅੱਗ ਦੀਆਂ ਘਟਨਾਵਾਂ ਵਿਚੋਂ 2.45 ਲੱਖ ਰੁਪਏ ਹੀ ਵਸੂਲ ਕੀਤੇ ਗਏ ਹਨ।

## ਹਵਾ ਪ੍ਰਦੂਸ਼ਣ ਰੋਕਣ ਲਈ ਚੁੱਕੇ ਕਦਮਾਂ ਬਾਰੇ ਹਲਫ਼ਨਾਮੇ ਦਾਖਲ ਕਰਨ ਦੇ ਹੁਕਮ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਦਿੱਲੀ, ਪੰਜਾਬ, ਹਰਿਆਣਾ, ਉੱਤਰ ਪ੍ਰਦੇਸ ਅਤੇ ਰਾਜਸਥਾਨ ਨੂੰ ਹਵਾ ਪ੍ਰਦੂਸ਼ਣ ਨੂੰ ਕੰਟਰੋਲ ਕਰਨ ਲਈ ਚੁੱਕੇ ਕਦਮਾਂ ਦਾ ਵੇਰਵਾ ਦੇਣ ਵਾਲੇ ਹਲਫ਼ਨਾਮੇ ਦਾਇਰ ਕਰਨ ਦੇ ਨਿਰਦੇਸ਼ ਦਿੱਤੇ ਹਨ। ਜਸਟਿਸ ਐਸ.ਕੇ. ਕੌਲ ਦੀ ਅਗਵਾਈ ਵਾਲੇ ਤਿੰਨ ਮੈਂਬਰੀ ਬੈਂਚ ਨੇ ਉਨ੍ਹਾਂ ਨੂੰ ਹਫਤੇ ਦੇ ਅੰਦਰ ਹਲਫ਼ਨਾਮਾ ਦਾਇਰ ਕਰਨ ਦੇ ਨਿਰਦੇਸ਼ ਦਿੱਤੇ ਹਨ। ਬੈਂਚ ਵਿਚ ਜਸਟਿਸ ਸੁਧਾਂਸ਼ੂ ਧੂਲੀਆ ਅਤੇ ਜਸਟਿਸ ਪੀ.ਕੇ. ਮਿਸ਼ਰਾ ਵੀ ਸ਼ਾਮਲ ਹਨ। ਬੈਂਚ ਨੇ ਕਿਹਾ ਕਿ ਪਰਾਲੀ ਸਾੜਨਾ ਦਿੱਲੀ ਵਿਚ ਹਵਾ ਪ੍ਰਦੂਸ਼ਣ ਦਾ ਇਕ ਮੁੱਖ ਕਾਰਨ ਹੈ।

## ਗੌਰਵ ਯਾਦਵ ਦੀ ਡੀ.ਜੀ.ਪੀ. ਵਜੋਂ ਨਿਯੁਕਤੀ ਨੂੰ ਚੁਣੌਤੀ

**ਚੰਡੀਗੜ੍ਹ:** ਪੰਜਾਬ ਦੇ ਸੀਨੀਅਰ ਆਈ.ਪੀ.ਐਸ. ਅਧਿਕਾਰੀ ਵੀ.ਕੇ. ਭਾਵੜਾ ਨੇ ਗੌਰਵ ਯਾਦਵ ਦੀ ਪੰਜਾਬ ਪੁਲਿਸ ਦੇ ਡਾਇਰੈਕਟਰ ਜਨਰਲ ਵਜੋਂ ਨਿਯੁਕਤੀ ਨੂੰ ਕੇਂਦਰੀ ਪ੍ਰਸ਼ਾਸਨਿਕ ਟ੍ਰਿਬਿਊਨਲ ਚੰਡੀਗੜ੍ਹ ਦੇ ਬੈਂਚ ਅੱਗੇ ਚੁਣੌਤੀ ਦਿੱਤੀ ਹੈ। ਭਾਵੜਾ ਦੀ ਅਰਜ਼ੀ ਟ੍ਰਿਬਿਊਨਲ ਅੱਗੇ 30 ਅਕਤੂਬਰ ਨੂੰ ਸੁਣਵਾਈ ਲਈ ਸੂਚੀਬੱਧ ਹੋਈ ਹੈ। ਭਾਵੜਾ ਨੇ ਕਿਹਾ ਕਿ ਉਹ 1987 ਬੈਚ ਦਾ ਆਈ.ਪੀ.ਐੱਸ. ਅਧਿਕਾਰੀ ਹੈ। ਉਸ ਕੋਲ 35 ਸਾਲਾਂ ਤੋਂ ਵੱਧ ਦਾ ਸੇਵਾ ਰਿਕਾਰਡ ਹੈ, ਉਨ੍ਹਾਂ ਨੂੰ ਘੱਟੋ-ਘੱਟ ਦੋ ਸਾਲਾਂ ਲਈ ਡੀ.ਜੀ.ਪੀ. ਨਿਯੁਕਤ ਕੀਤਾ ਗਿਆ ਸੀ। ਚੋਣਾਂ ਤੋਂ ਬਾਅਦ ਨਵੀਂ ਸਰਕਾਰ ਨੇ ਅਹੁਦੇ ਦਾ ਚਾਰਜ ਛੱਡਣ ਲਈ ਦਬਾਅ ਪਾਇਆ ਸੀ।

# ਇਟਲੀ ਦੀ ਥਾਂ ਲਿਬੀਆ ਭੇਜੇ ਨੌਜਵਾਨ ਮੌਤ ਦੇ ਮੂੰਹੋਂ ਮੁੜੇ

**ਜਲੰਧਰ:** ਟਰੈਵਲ ਏਜੰਟ ਵੱਲੋਂ ਨੌਜਵਾਨ ਨੂੰ ਇਟਲੀ ਭੇਜਣ ਦੇ ਨਾਂ ਉਤੇ ਠੱਗੀ ਮਾਰਨ ਦਾ ਮਾਮਲਾ ਸਾਹਮਣੇ ਆਇਆ ਹੈ। ਟਰੈਵਲ ਏਜੰਟ ਨੇ ਲੱਖਾਂ ਰੁਪਏ ਲੈ ਕੇ ਨੌਜਵਾਨ ਨੂੰ ਲਿਬੀਆ 'ਚ ਭੇਜ ਦਿੱਤਾ। ਉੱਥੇ ਉਸ ਨੂੰ ਤਕਰੀਬਨ 5 ਮਹੀਨਿਆਂ ਤੱਕ ਬੰਧਕ ਬਣਾ ਕੇ ਰੱਖਿਆ ਗਿਆ।

ਲਿਬੀਆ ਦੀ ਤ੍ਰਿਪੋਲੀ ਜੇਲ੍ਹ ਵਿਚ ਦੋ ਮਹੀਨੇ 'ਚ ਰਹਿਣ ਮਗਰੋਂ 17 ਭਾਰਤੀ ਵਤਨ ਪਰਤੇ ਹਨ। ਇਨ੍ਹਾਂ ਦੀ ਘਰ ਵਾਪਸੀ 20 ਅਗਸਤ ਨੂੰ ਹੋਈ ਸੀ। ਇਨ੍ਹਾਂ ਨੂੰ ਇਟਲੀ ਵਿਚ ਵਧੀਆ ਨੌਕਰੀ ਦਿਵਾਉਣ ਦਾ ਸਬਜ਼ਬਾਗ ਦਿਖਾ ਕੇ ਲਿਬੀਆ ਲਿਜਾਇਆ ਗਿਆ ਜਿੱਥੇ ਇਨ੍ਹਾਂ 'ਤੇ ਤਸ਼ੱਦਦ ਢਾਹਿਆ ਗਿਆ ਜਿਸ ਕਾਰਨ ਇਨ੍ਹਾਂ ਨੂੰ ਮਾਨਸਿਕ ਤਣਾਅ ਵਿਚੋਂ ਲੰਘਣਾ ਪਿਆ।

ਇਨ੍ਹਾਂ ਵਿਚ ਹਰਿਆਣਾ ਦੇ ਕੁਰੂਕਸ਼ੇਤਰ ਦੇ ਟੇਵਾ ਦਾ ਰਾਹੁਲ ਸ਼ਰਮਾ ਵੀ ਸ਼ਾਮਲ ਸੀ ਜਿਸ ਨੇ ਲੂੰ ਕੰਢੇ ਖੜ੍ਹੇ ਕਰਨ ਵਾਲੀ ਹੱਡਬੀਤੀ ਸੁਣਾਈ ਹੈ। ਰਾਹੁਲ ਨੇ ਦੱਸਿਆ ਕਿ ਉਹ ਇਥੇ ਹੋਮ ਗਾਰਡ ਵਜੋਂ ਕੰਮ ਕਰਦਾ ਸੀ ਤੇ ਉਸ ਨੂੰ ਇਟਲੀ ਵਿਚ ਦੋ ਹਜ਼ਾਰ ਅਮਰੀਕੀ ਡਾਲਰ ਪ੍ਰਤੀ ਮਹੀਨਾ ਨੌਕਰੀ ਦੇਣ ਦਾ ਭਰੋਸਾ ਦਿੱਤਾ ਗਿਆ ਸੀ। ਉਹ ਅੱਠ ਅਪਰੈਲ ਨੂੰ ਦੁਬਈ ਪੁੱਜਿਆ ਜਿਥੋਂ ਉਸ ਨੂੰ ਬੈਨਗਾਜ਼ੀ ਲਿਆਂਦਾ ਗਿਆ। ਇਥੇ ਉਸ ਨਾਲ ਜਾ ਰਹੇ ਪਾਕਿਸਤਾਨੀ ਨੇ ਦੱਸਿਆ ਕਿ ਇਟਲੀ ਵਿਚ ਨੌਕਰੀ ਦੇਣ ਦੇ ਨਾਂ 'ਤੇ ਉਨ੍ਹਾਂ ਨਾਲ ਠੱਗੀ ਮਾਰੀ ਗਈ ਹੈ। ਪਾਕਿਸਤਾਨੀ ਨੌਜਵਾਨ ਨੇ ਦੱਸਿਆ ਕਿ ਉਸ ਨੇ ਭੱਜਣ ਦੀ ਕੋਸ਼ਿਸ਼ ਕੀਤੀ ਸੀ ਪਰ ਉਸ ਨੂੰ ਜੁਵਾਰਾ ਦੇ ਮਾਫੀਆ ਕੋਲ ਵੇਚ ਦਿੱਤਾ ਗਿਆ। ਰਾਹੁਲ ਨੇ ਦੱਸਿਆ ਕਿ ਉਨ੍ਹਾਂ ਨੇ ਕਈ ਮਹੀਨਿਆਂ ਤੋਂ ਕੱਪੜੇ ਵੀ ਨਹੀਂ ਬਦਲੇ ਤੇ ਨਾ ਹੀ ਨਹਾ ਕੇ ਦੇਖਿਆ। ਉਨ੍ਹਾਂ ਨੂੰ ਜਿਸ ਥਾਂ 'ਤੇ ਰੱਖਿਆ ਗਿਆ ਉਥੇ ਨੇੜੇ ਹੀ ਇਕ ਲੜਕਾ ਏਕੇ 47 ਨਾਲ ਪਹਿਰੇਦਾਰੀ ਕਰਦਾ ਸੀ ਤੇ ਇਥੇ ਰੋਜ਼ਾਨਾ ਹੀ ਗੋਲੀਆਂ ਚੱਲਣ ਦੀਆਂ ਆਵਾਜ਼ਾਂ ਆਉਂਦੀਆਂ ਸਨ।

ਰਾਹੁਲ ਦੇ ਨਾਲ ਜਲੰਧਰ ਦਾ ਅਨਮੋਲ ਸਿੰਘ ਵੀ ਵਤਨ ਪਰਤਿਆ ਹੈ ਅਤੇ ਉਸ ਨੂੰ ਵੀ ਟੇਵਾ ਦੇ ਏਜੰਟ ਮਦਨ ਲਾਲ ਨੇ ਵਿਦੇਸ਼ ਵਿਚ ਨੌਕਰੀ ਦਿਵਾਉਣ ਦਾ ਭਰੋਸਾ ਦਿੱਤਾ ਸੀ। ਪੁਲਿਸ ਨੇ ਹੁਣ ਮਦਨ ਲਾਲ ਨੂੰ ਗ੍ਰਿਫਤਾਰ ਕਰ ਲਿਆ ਹੈ। ਅਨਮੋਲ ਦੀ ਭੈਣ ਰਮਨਦੀਪ ਵੀ ਟੇਵਾ ਵਿਚ ਵਿਆਹੀ ਹੋਈ ਹੈ ਜਿਸ ਨੇ ਦੱਸਿਆ ਕਿ ਉਸ ਦੇ ਭਰਾ ਨੇ ਵਾਲ ਕਟਵਾਉਣ ਤੋਂ ਇਨਕਾਰ ਕਰ ਦਿੱਤਾ ਸੀ, ਇਸ ਕਰ ਕੇ ਉਸ ਨੂੰ ਵਾਲਾਂ ਤੋਂ ਘੜੀਸਿਆ ਜਾਂਦਾ ਸੀ ਤੇ ਉਸ 'ਤੇ ਤਸ਼ੱਦਦ ਕੀਤਾ ਜਾਂਦਾ ਸੀ। ਉਸ ਦੇ ਸਾਰੇ ਸਰੀਰ 'ਤੇ ਛਾਲੇ ਪੈ ਗਏ ਹਨ। ਉਸ ਦਾ ਲਿਵਰ ਤੇ ਕਿਡਨੀ ਖਰਾਬ ਹੋ ਗਏ ਹਨ ਕਿਉਂਕਿ ਉਨ੍ਹਾਂ ਨੂੰ ਕਈ ਮਹੀਨੇ ਖਾਣ ਨੂੰ ਨਹੀਂ ਦਿੱਤਾ ਗਿਆ। ਉਨ੍ਹਾਂ ਨੂੰ ਕੰਧਾਂ ਤੋਂ ਕੁੱਤਿਆਂ ਵਾਂਗ ਬਰੈਡਾਂ ਦੇ ਟੁਕੜੇ ਖਾਣ ਲਈ ਸੁੱਟੇ ਜਾਂਦੇ ਸਨ।

## ਕੈਨੇਡਾ ਤੇ ਖਾੜੀ ਦੇਸ਼ਾਂ ਦੇ ਜਾਅਲੀ ਵੀਜ਼ਾ ਦੇਣ ਦੇ ਦੋਸ਼ ਹੇਠ ਤਿੰਨ ਗ੍ਰਿਫਤਾਰ

**ਨਵੀਂ ਦਿੱਲੀ:** ਦਿੱਲੀ ਪੁਲਿਸ ਦੀ ਕ੍ਰਾਈਮ ਬ੍ਰਾਂਚ ਨੇ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਕੈਨੇਡਾ ਅਤੇ ਖਾੜੀ ਦੇਸਾਂ ਦਾ ਵੀਜ਼ਾ ਦਿਵਾਉਣ ਦੇ ਬਹਾਨੇ ਠੱਗੀਆਂ ਮਾਰਨ ਵਾਲੇ ਇਕ ਗਰੋਹ ਦਾ ਪਰਦਾਫਾਸ਼ ਕੀਤਾ ਹੈ। ਮੁਲਜ਼ਮਾਂ ਦੀ ਪਛਾਣ ਤਰੁਣ ਕੁਮਾਰ (43), ਵਿਨਾਇਕ ਉਰਫ ਬਿੰਨੀ (29) ਅਤੇ ਜਸਵਿੰਦਰ ਸਿੰਘ (25) ਵਾਸੀ ਪੰਜਾਬ ਵਜੋਂ ਹੋਈ ਹੈ।

ਵਿਸ਼ੇਸ਼ ਪੁਲਿਸ ਕਮਿਸ਼ਨਰ (ਅਪਰਾਧ) ਰਵਿੰਦਰ ਸਿੰਘ ਯਾਦਵ ਨੇ ਖੁਲਾਸਾ ਕੀਤਾ ਕਿ ਉਨ੍ਹਾਂ ਨੂੰ ਚੰਡੀਗੜ੍ਹ ਤੇ ਪੰਜਾਬ ਸਥਿਤ 'ਬਿਰਲਾ ਜੀ' ਵਜੋਂ ਜਾਣੀ ਜਾਂਦੀ ਇਕ ਕੰਪਨੀ ਵੱਲੋਂ ਕਈ ਲੋਕਾਂ ਨਾਲ ਧੋਖਾਧੜੀ ਕਰਨ ਦੀ ਸੂਚਨਾ ਮਿਲੀ ਸੀ। ਇਸ ਕੰਪਨੀ ਨੇ ਕੈਨੇਡੀਅਨ ਵੀਜ਼ਾ ਦੇਣ ਦਾ ਵਾਅਦਾ ਕਰਦਿਆਂ ਲੋਕਾਂ ਨੂੰ ਜਾਅਲੀ ਵੀਜ਼ੇ ਦਿੱਤੇ। ਜਾਂਚ ਵਿਚ ਪਤਾ ਲੱਗਿਆ ਕਿ ਤਰੁਣ ਅਤੇ ਕਰਨ ਚੰਡੀਗੜ੍ਹ ਦੇ ਸੈਕਟਰ-34-ਏ ਵਿਚ ਚੰਡੀਗੜ੍ਹ ਟੂ ਅਬਰੌਡ ਨਾਮੀ ਕੰਪਨੀ ਚਲਾ ਰਹੇ ਸਨ ਤੇ ਲੋਕਾਂ ਨਾਲ ਠੱਗੀਆਂ ਮਾਰਦੇ ਸਨ। ਪੁਲਿਸ ਨੇ ਇਨ੍ਹਾਂ ਦੇ ਦਫਤਰ ਵਿਚ ਛਾਪਾ ਮਾਰਿਆ। ਇਸ ਮੌਕੇ ਦਫਤਰ ਵਿਚੋਂ ਜਾਅਲੀ ਦਸਤਾਵੇਜ਼, ਲੈਪਟਾਪ, ਨਕਲੀ ਵੀਜ਼ਾ ਵਾਲੇ ਪਾਸਪੋਰਟ, ਇਕ ਬਾਰਕੋਡ ਮੇਕਰ, ਲੈਮੀਨੇਟਰ ਮਸ਼ੀਨ, ਰੋਲ ਅਤੇ ਜਾਅਲੀ ਦਸਤਾਵੇਜ਼ ਬਣਾਉਣ ਲਈ ਵਰਤੀ ਜਾਂਦੀ ਸਟੇਸ਼ਨਰੀ ਦੇ ਨਾਲ-ਨਾਲ ਕਈ ਫਰਮਾਂ ਅਤੇ ਕੌਮਾਂਤਰੀ ਬੈਂਕਾਂ ਦੀਆਂ ਸਟੈਂਪਾਂ ਵੀ ਮਿਲੀਆਂ। ਇਹ ਵੀ ਪਤਾ ਲੱਗਿਆ ਕਿ ਤਰੁਣ ਆਪਣੇ ਇਕ ਮੁਲਾਜ਼ਮ ਜਸਵਿੰਦਰ ਸਿੰਘ ਦੇ ਨਾਂ 'ਤੇ ਦਫਤਰ ਚਲਾ ਰਿਹਾ ਸੀ। ਪੁਲਿਸ ਅਧਿਕਾਰੀ ਨੇ ਦੱਸਿਆ ਕਿ ਇਨ੍ਹਾਂ ਨੂੰ ਅੱਗੇ ਵਿਨਾਇਕ ਜਾਅਲੀ ਵੀਜ਼ਾ ਮੁਹੱਈਆ ਕਰਵਾਉਂਦਾ ਸੀ ਜੋ ਚੰਡੀਗੜ੍ਹ ਦੇ ਸੈਕਟਰ-34 ਵਿਚ ਸ੍ਰੀ ਸਾਈਂ ਐਜੂਕੇਸ਼ਨ ਦੇ ਨਾਮ ਹੇਠ ਦਫਤਰ ਚਲਾ ਰਿਹਾ ਸੀ। ਉਸ ਨੇ ਲੋਕਾਂ ਤੋਂ 50,000 ਰੁਪਏ ਤੋਂ ਲੈ ਕੇ ਦੋ ਲੱਖ ਰੁਪਏ ਤੱਕ ਦੀ ਅਗਾਊਂ ਰਕਮ ਅਗਾਊਂ ਵਸੂਲੀ ਸੀ।

## ਪੰਜਾਬ 'ਚ ਟਰੈਕਟਰਾਂ ਨਾਲ ਸਟੰਟ ਕਰਨ 'ਤੇ ਪਾਬੰਦੀ

**ਚੰਡੀਗੜ੍ਹ:** ਗੁਰਦਾਸਪੁਰ ਜ਼ਿਲ੍ਹੇ 'ਚ ਪਿੰਡ ਸਾਰਚੂਰ ਵਿਚ ਮੇਲੇ ਦੌਰਾਨ ਟਰੈਕਟਰ 'ਤੇ ਸਟੰਟ ਕਰਦਿਆਂ ਨੌਜਵਾਨ ਸੁਖਮਨਦੀਪ ਸਿੰਘ ਦੀ ਮੌਤ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਮਾਨ ਨੇ ਸੂਬੇ 'ਚ ਟਰੈਕਟਰਾਂ ਤੇ ਹੋਰ ਖੇਤੀ ਸੰਦਾਂ ਨਾਲ ਸਟੰਟ ਕਰਨ 'ਤੇ ਮੁਕੰਮਲ ਪਾਬੰਦੀ ਲਗਾ ਦਿੱਤੀ ਹੈ।

ਮੁੱਖ ਮੰਤਰੀ ਭਗਵੰਤ ਮਾਨ ਨੇ ਟਰੈਕਟਰ 'ਤੇ ਖਤਰਨਾਕ ਸਟੰਟ ਵਿਖਾਉਣ ਕਰਕੇ ਹਾਲ ਹੀ 'ਚ ਆਪਣੀ ਜਾਨ ਗੁਆ ਬੈਠੇ ਨੌਜਵਾਨ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਬਹੁਤ ਹੀ ਮੰਦਭਾਗੀ ਘਟਨਾ ਹੈ ਅਤੇ ਆਉਣ ਵਾਲੇ ਸਮੇਂ 'ਚ ਅਜਿਹੇ ਕਿਸੇ ਵੀ ਹਾਦਸੇ ਤੋਂ ਬਚਣ ਦੀ ਲੋੜ ਹੈ। ਉਨ੍ਹਾਂ ਕਿਹਾ ਇਸ ਨੂੰ ਧਿਆਨ 'ਚ ਰੱਖਦਿਆਂ ਸੂਬੇ ਵਿਚ ਟਰੈਕਟਰਾਂ ਤੇ ਹੋਰ ਖੇਤੀ ਸੰਦਾਂ ਨਾਲ ਸਟੰਟ ਕਰਨ 'ਤੇ ਮੁਕੰਮਲ ਪਾਬੰਦੀ ਲਾਈ ਗਈ ਹੈ। ਸ੍ਰੀ ਮਾਨ ਨੇ ਕਿਹਾ ਕਿ ਟਰੈਕਟਰ ਨੂੰ 'ਖੇਤਾਂ ਦਾ ਰਾਜਾ' ਕਿਹਾ ਜਾਂਦਾ ਹੈ, ਇਸ ਲਈ ਟਰੈਕਟਰ ਦੀ ਵਰਤੋਂ ਖੇਤਾਂ ਵਿਚ ਹੀ ਕੀਤੀ ਜਾਵੇਗੀ।

## ਸ੍ਰੀ ਹਰਿਮੰਦਰ ਸਾਹਿਬ ਦੇ ਮਾਡਲ ਦੀ ਨਿਲਾਮੀ ਦਾ ਮਾਮਲਾ ਭਖਿਆ

*(ਪਹਿਲੇ ਸਫੇ ਦੀ ਬਾਕੀ)*

ਵਜੋਂ ਦਿੱਤਾ ਗਿਆ ਸੀ ਜਿਸ ਦੀ ਨਿਲਾਮੀ ਕਰਨ ਦੇ ਐਲਾਨ ਨਾਲ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਠੇਸ ਪੁੱਜੀ ਹੈ।

ਸ੍ਰੀ ਆਨੰਦਪੁਰ ਸਾਹਿਬ ਤੋਂ ਮੈਂਬਰ ਪਾਰਲੀਮੈਂਟ ਮਨੀਸ਼ ਤਿਵਾੜੀ ਨੇ ਪ੍ਰਧਾਨ ਮੰਤਰੀ ਦਫਤਰ ਵੱਲੋਂ ਸ੍ਰੀ ਦਰਬਾਰ ਸਾਹਿਬ ਦੇ ਮਾਡਲ ਦੀ ਨਿਲਾਮੀ ਦੀ ਯੋਜਨਾ ਨੂੰ ਨਿੰਦਣਯੋਗ ਦੱਸਿਆ ਅਤੇ ਕਿਹਾ ਕਿ ਦਰਬਾਰ ਸਾਹਿਬ ਦੁਨੀਆ ਭਰ ਦੇ ਲੋਕਾਂ ਲਈ ਸ਼ਰਧਾ ਦਾ ਕੇਂਦਰ ਹੈ। 'ਆਪ' ਪੰਜਾਬ ਦੇ ਕਾਰਜਕਾਰੀ ਪ੍ਰਧਾਨ ਪ੍ਰਿੰਸੀਪਲ ਬੁੱਧ ਰਾਮ ਨੇ ਕਿਹਾ ਕਿ ਪ੍ਰਧਾਨ ਮੰਤਰੀ ਦਫ਼ਤਰ ਗੁਰੂ ਸਾਹਿਬ ਦੇ ਆਸ਼ੀਰਵਾਦ ਦੀ ਕੀਮਤ ਨਹੀਂ ਲਾ ਸਕਦਾ ਤੇ ਸਿੱਖ ਕੌਮ ਦੀ ਆਸਥਾ ਦੇ ਪ੍ਰਤੀਕ ਨੂੰ ਨਿਲਾਮ ਕਰਨਾ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਵੀ ਠੇਸ ਪਹੁੰਚਾ ਰਿਹਾ ਹੈ। ਪ੍ਰਧਾਨ ਮੰਤਰੀ ਮੋਦੀ ਅਤੇ ਪੀ.ਐਮ.ਓ. ਨੂੰ ਤੁਰਤ ਸਿੱਖ ਕੌਮ ਤੋਂ ਮੁਆਫੀ ਮੰਗਣੀ ਚਾਹੀਦੀ ਹੈ ਤੇ ਇਸ ਮਾਡਲ ਨੂੰ ਨਿਲਾਮੀ ਵਾਲੀ ਥਾਂ ਤੋਂ ਹਟਾ ਦੇਣਾ ਚਾਹੀਦਾ ਹੈ। ਹਰਿਮੰਦਰ ਸਾਹਿਬ ਦੇ ਮਾਡਲ ਨੂੰ ਵੇਚਿਆ ਨਹੀਂ ਜਾਣਾ ਚਾਹੀਦਾ।

# ਕੇਂਦਰੀ ਏਜੰਸੀਆਂ ਨੇ 'ਆਪ' ਉਤੇ ਸ਼ਿਕੰਜਾ ਕੱਸਿਆ

*(ਪਹਿਲੇ ਸਫੇ ਦੀ ਬਾਕੀ)*

ਭਖਿਆ ਹੋਇਆ ਹੈ। ਪਿਛਲੇ ਮਹੀਨੇ ਤਾਂ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਸੂਬੇ ਵਿਚ ਰਾਸ਼ਟਰਪਤੀ ਰਾਜ ਲਾਉਣ ਦੀ ਸਿਫਾਰਸ਼ ਕਰਨ ਦੀ ਧਮਕੀ ਦੇ ਕੇ ਵੱਡਾ ਵਿਵਾਦ ਖੜ੍ਹਾ ਕਰ ਦਿੱਤਾ ਸੀ। ਪੰਜਾਬ ਸਰਕਾਰ ਇਸ ਸਮੇਂ ਦੂਜੀ ਵਾਰ ਰਾਜਪਾਲ ਦੀਆਂ 'ਵਧੀਕੀਆਂ' ਖ਼ਿਲਾਫ਼ ਸੁਪਰੀਮ ਕੋਰਟ ਪਹੁੰਚੀ ਹੋਈ ਹੈ। ਰਾਜਪਾਲ ਕੋਲ ਪੰਜਾਬ ਵਿਧਾਨ ਸਭਾ ਵਿਚ ਪਾਸ ਕੀਤੇ ਅੱਧੀ ਦਰਜਨ ਦੇ ਕਰੀਬ ਬਿੱਲ ਪੈਂਡਿੰਗ ਪਏ ਹੋਏ ਹਨ। ਹਾਲ ਹੀ ਵਿਚ ਪੰਜਾਬ ਦੇ ਰਾਜਪਾਲ ਵੱਲੋਂ ਤਿੰਨ ਮਨੀ ਬਿੱਲਾਂ ਨੂੰ ਰੋਕਦੇ ਹੋਏ ਦੋ ਦਿਨਾਂ ਦੇ ਵਿਧਾਨ ਸਭਾ ਸੈਸ਼ਨ ਨੂੰ ਗ਼ੈਰ-ਕਾਨੂੰਨੀ ਕਰਾਰ ਦੇ ਦਿੱਤਾ ਸੀ ਹਾਲਾਂਕਿ ਸਰਕਾਰ ਦੇ ਸੁਪਰੀਮ ਕੋਰਟ ਪਹੁੰਚਦੇ ਹੀ ਰਾਜਪਾਲ ਨੇ ਆਪਣਾ ਪੈਂਤੜਾ ਬਦਲ ਲਿਆ ਹੈ ਅਤੇ ਮੁੱਖ ਮੰਤਰੀ ਨੂੰ ਪੱਤਰ ਭੇਜ ਕੇ ਆਖ ਦਿੱਤਾ ਹੈ ਕਿ ਪੰਜਾਬ ਵਿਧਾਨ ਸਭਾ ਵੱਲੋਂ ਪਾਸ ਕੀਤੇ ਪੰਜ ਬਿੱਲਾਂ ਦੇ ਨਾਲ ਅਗਾਊਂ ਪ੍ਰਵਾਨਗੀ ਲਈ ਆਏ ਤਿੰਨ ਮਨੀ ਬਿੱਲ ਉਨ੍ਹਾਂ ਦੇ ਵਿਚਾਰ ਅਧੀਨ ਹਨ ਅਤੇ ਆਉਂਦੇ ਦਿਨਾਂ ਵਿਚ ਉਹ ਇਨ੍ਹਾਂ 'ਤੇ ਵਿਚਾਰ ਕਰਨ ਤੋਂ ਬਾਅਦ ਫੈਸਲਾ ਲੈਣਗੇ। ਉਹ ਹਰ ਬਿੱਲ ਬਾਰੇ ਵੱਖਰੇ ਤੌਰ 'ਤੇ ਮੁੱਖ ਮੰਤਰੀ ਨੂੰ ਆਪਣੇ ਫੈਸਲੇ ਤੋਂ ਜਾਣੂ ਕਰਾਉਣਗੇ। ਆਪ ਸਰਕਾਰ ਹਮੇਸ਼ਾ ਦੋਸ਼ ਲਾਉਂਦੀ ਆ ਰਹੀ ਹੈ ਕਿ ਰਾਜਪਾਲ ਕੇਂਦਰ ਦੇ ਕਹਿਣ ਉਤੇ ਸੂਬਾ ਸਰਕਾਰ ਨੂੰ ਕੰਮ ਕਰਨ ਤੋਂ ਰੋਕ ਰਿਹਾ ਹੈ। ਰਾਜਪਾਲ ਅਤੇ ਕੇਂਦਰੀ ਏਜੰਸੀਆਂ ਦੀਆਂ ਤਾਜ਼ਾ ਕਾਰਵਾਈਆਂ ਇਸ਼ਾਰਾ ਕਰ ਰਹੀਆਂ ਹਨ ਕਿ ਆਉਣ ਵਾਲੇ ਦਿਨਾਂ ਵਿਚ ਆਪ ਸਰਕਾਰ ਦੀਆਂ ਮੁਸ਼ਕਿਲਾਂ ਵਧ ਸਕਦੀਆਂ ਹਨ, ਕਿਉਂਕਿ ਦਿੱਲੀ ਦੀ ਤਰਜ਼ ਉਤੇ ਪੰਜਾਬ ਵਿਚ ਲਿਆਂਦੀ ਆਬਕਾਰੀ ਨੀਤੀ ਸਰਕਾਰ ਲਈ ਮੁਸੀਬਤ ਬਣੀ ਹੋਈ ਹੈ। ਪੰਜਾਬ ਦੀਆਂ ਸਿਆਸੀ ਧਿਰਾਂ ਲਗਾਤਾਰ ਮੰਗ ਕਰ ਰਹੀਆਂ ਹਨ ਕਿ ਇਸ ਨੀਤੀ ਉਤੇ ਵੀ ਦਿੱਲੀ ਵਾਂਗ ਕਾਰਵਾਈ ਹੋਵੇ। ਜੇ ਅਜਿਹਾ ਹੁੰਦਾ ਹੈ ਤਾਂ ਇਹ ਦਿੱਲੀ ਦੀ ਆਪ ਸਰਕਾਰ ਵਾਂਗ ਮਾਨ ਸਰਕਾਰ ਲਈ ਵੱਡੀ ਮੁਸੀਬਤ ਖੜ੍ਹੀ ਕਰ ਸਕਦਾ ਹੈ।


## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਹਰਜੀਤ ਸਿੰਘ ਸਾਹੀ | ਰਘਬੀਰ ਸਿੰਘ ਘੁੰਨ | ਗੁਰਵੀਰ ਸਿੰਘ ਗਿੱਲ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਸਰਵਣ ਸਿੰਘ ਟਿਵਾਣਾ | ਦਰਸ਼ਨ ਸਿੰਘ ਦਰੜ | ਜਸਕਰਨ ਸਿੰਘ ਧਾਲੀਵਾਲ |
| ਜਸਬੀਰ ਕੌਰ ਢਿੱਲੋਂ | ਜੈਦੇਵ ਸਿੰਘ ਭੱਠਲ | ਡਾ. ਗੁਰਚਰਨ ਸਿੰਘ ਗਰੇਵਾਲ | ਅਮਰੀਕ ਸਿੰਘ (ਅਮਰ ਕਾਰਪੇਟ) |
| ਡਾ. ਇਨਕਲਾਬੀ ਥਾਂਦੀ | ਪਰਮਿੰਦਰ ਸਿੰਘ ਵਾਲੀਆ | ਰਾਜਿੰਦਰ ਸਿੰਘ ਬੈਂਸ | ਅੰਮ੍ਰਿਤਪਾਲ ਸਿੰਘ ਸੰਘਾ |
| ਦਰਸ਼ਨ ਸਿੰਘ ਗਰੇਵਾਲ | ਡਾ. ਹਰਗੁਰਮੁਖਪਾਲ ਸਿੰਘ | ਮਨਦੀਪ ਸਿੰਘ ਭੂਰਾ | ਭੁਪਿੰਦਰ ਸਿੰਘ ਧਾਲੀਵਾਲ |
| ਹਰਦਿਆਲ ਸਿੰਘ ਦਿਓਲ | ਡਾ. ਤੇਜਿੰਦਰ ਸਿੰਘ ਮੰਡੇਰ | ਗੁਲਜ਼ਾਰ ਸਿੰਘ ਮੁਲਤਾਨੀ | ਅਮੋਲਕ ਸਿੰਘ ਗਾਖਲ |
| ਡਾ. ਗੁਰਦਿਆਲ ਸਿੰਘ ਬਸਰਾਨ | ਜਗਦੀਸ਼ਰ ਸਿੰਘ ਕਲੇਰ | ਅਵਤਾਰ ਸਿੰਘ ਸਪਰਿੰਗਫੀਲਡ | ਜਸਵਿੰਦਰ ਸਿੰਘ (ਜੱਸੀ) ਗਿੱਲ |



**Punjab Times**

**Established in 2000**
**24nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**



**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਮੁੱਖ ਮੰਤਰੀ ਦੀ ਕੋਠੀ ਅੱਗੇ ਕੰਪਿਊਟਰ ਅਧਿਆਪਕਾਂ ਤੇ ਪੁਲਿਸ ਵਿਚਾਲੇ ਝੜਪ

**ਸੰਗਰੂਰ:** ਪੰਜਾਬ ਭਰ ਤੋਂ ਵੱਡੀ ਤਾਦਾਦ 'ਚ ਮੁੱਖ ਮੰਤਰੀ ਦੀ ਕੋਠੀ ਅੱਗੇ ਪੁੱਜੇ ਕੰਪਿਊਟਰ ਅਧਿਆਪਕਾਂ ਅਤੇ ਪੁਲਿਸ ਵਿਚਕਾਰ ਝੜਪ ਹੋਈ ਜਿਸ ਦੌਰਾਨ ਕਈ ਪ੍ਰਦਰਸ਼ਨਕਾਰੀਆਂ ਦੀਆਂ ਪੱਗਾਂ ਲੱਥ ਗਈਆਂ, ਕੱਪੜੇ ਫਟ ਗਏ ਅਤੇ ਮਾਮੂਲੀ ਸੱਟਾਂ ਵੀ ਲੱਗੀਆਂ। ਇਸ ਮੌਕੇ ਪੁਲਿਸ ਦੇ ਬੈਰੀਕੇਡ ਪ੍ਰਦਰਸ਼ਨਕਾਰੀਆਂ ਨੇ ਪੁੱਟ ਦਿੱਤੇ ਅਤੇ ਉਹ ਪੁਲਿਸ ਨਾਕਾ ਟੱਪ ਕੇ ਅੱਗੇ ਵਧੇ ਪਰ ਦੂਜੇ ਨਾਕੇ 'ਤੇ ਪੁਲਿਸ ਨੇ ਉਨ੍ਹਾਂ ਨੂੰ ਰੋਕ ਲਿਆ। ਇਸ ਦੌਰਾਨ ਸਰਕਾਰ ਨਾਲ ਮੀਟਿੰਗ ਤੈਅ ਕਰਾਉਣ ਲਈ ਕਾਫੀ ਸਮਾਂ ਪੁਲਿਸ ਅਧਿਕਾਰੀਆਂ ਅਤੇ ਯੂਨੀਅਨ ਆਗੂਆਂ ਦਰਮਿਆਨ ਗੱਲਬਾਤ ਚਲਦੀ ਰਹੀ ਪਰ ਗੱਲ ਕਿਸੇ ਤਣ ਪੱਤਣ ਨਾ ਲੱਗਣ ਕਾਰਨ ਮਾਹੌਲ ਮੁੜ ਤਣਾਅ ਪੂਰਨ ਬਣ ਗਿਆ ਅਤੇ ਦੋਵਾਂ ਧਿਰਾਂ ਵਿਚਕਾਰ ਝੜਪ ਹੋ ਗਈ।

ਕੰਪਿਊਟਰ ਅਧਿਆਪਕ ਯੂਨੀਅਨ ਪੰਜਾਬ ਦੇ ਬੈਨਰ ਤੇ ਸੂਬਾ ਪ੍ਰਧਾਨ ਗੁਰਵਿੰਦਰ ਸਿੰਘ ਤਰਨ ਤਾਰਨ ਦੀ ਅਗਵਾਈ ਹੇਠ ਕੰਪਿਊਟਰ ਅਧਿਆਪਕ ਕੌਮੀ ਹਾਈਵੇਅ ਦੇ ਪਟਿਆਲਾ-ਸੰਗਰੂਰ ਬਾਈਪਾਸ ਦੇ ਓਵਰਬ੍ਰਿਜ ਨੇੜੇ ਇਕੱਠੇ ਹੋਏ ਜਿੱਥੇ ਰੋਸ ਰੈਲੀ ਕੀਤੀ ਗਈ। ਇਸ ਮਗਰੋਂ ਰੋਸ ਮਾਰਚ ਕਰਦਿਆਂ ਜਿਉਂ ਹੀ ਕੰਪਿਊਟਰ ਅਧਿਆਪਕ ਮੁੱਖ ਮੰਤਰੀ ਦੀ ਰਿਹਾਇਸ਼ ਵਾਲੀ ਕਲੋਨੀ ਨੇੜੇ ਪੁੱਜੇ ਤਾਂ ਪੁਲਿਸ ਨੇ ਨਾਕੇਬੰਦੀ ਕਰਕੇ ਰੋਕਣ ਦੀ ਕੋਸ਼ਿਸ਼ ਕੀਤੀ ਪਰ ਪ੍ਰਦਰਸ਼ਨਕਾਰੀਆਂ ਨੇ ਪੁਲਿਸ ਬੈਰੀਕੇਡ ਪੁੱਟ ਦਿੱਤੇ ਪਰ ਅਗਲੀ ਨਾਕੇਬੰਦੀ 'ਤੇ ਪੁਲਿਸ ਨੇ ਉਨ੍ਹਾਂ ਨੂੰ ਰੋਕ ਲਿਆ। ਸੂਬਾ ਪ੍ਰਧਾਨ ਗੁਰਵਿੰਦਰ ਸਿੰਘ ਤਰਨ ਤਾਰਨ ਨੇ ਦੋਸ਼ ਲਾਇਆ ਕਿ ਪੁਲਿਸ ਵਲੋਂ ਕੰਪਿਊਟਰ ਅਧਿਆਪਕਾਂ ਉਪਰ ਲਾਠੀਚਾਰਜ ਕੀਤਾ ਗਿਆ ਜਿਸ ਦੌਰਾਨ ਉਨ੍ਹਾਂ ਤੋਂ ਇਲਾਵਾ ਪਰਮਿੰਦਰ ਸਿੰਘ, ਰੋਬਿਨ ਸ਼ਰਮਾ ਮਾਲੇਰਕੋਟਲਾ, ਨੈਬ ਸਿੰਘ ਅਹਿਮਦਗੜ੍ਹ, ਪਰਵਿੰਦਰ ਸਿੰਘ, ਰਾਖੀ ਮੈਨਨ, ਹਰਜਿੰਦਰ ਕੌਰ, ਅਨਿਲ ਐਰੀ, ਪਰਮਵੀਰ ਸਿੰਘ, ਪਰਮ ਸੰਧੂ ਤੇ ਭਰਾਤਰੀ ਆਗੂਆਂ ਬਲਵੀਰ ਚੰਦ, ਬਲਜੀਤ ਸਿੰਘ ਦੇ ਸੱਟਾਂ ਲੱਗੀਆਂ ਹਨ। ਕਈਆਂ ਦੀਆਂ ਪੱਗਾਂ ਲੱਥ ਗਈਆਂ ਅਤੇ ਕੱਪੜੇ ਤੱਕ ਫਟ ਗਏ ਹਨ। ਉਨ੍ਹਾਂ ਕਿਹਾ ਕਿ ਸਰਕਾਰ ਸੱਤਾ ਦੇ ਜ਼ੋਰ ਨਾਲ ਕੰਪਿਊਟਰ ਅਧਿਆਪਕਾਂ ਦੀ ਆਵਾਜ਼ ਦਬਾਉਣਾ ਚਾਹੁੰਦੀ ਹੈ ਜਦੋਂਕਿ ਉਹ ਆਪਣਾ ਹੱਕ ਮੰਗ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਸਮੁੱਚੇ ਮੁਲਾਜ਼ਮਾਂ ਨੂੰ 6ਵਾਂ ਤਨਖਾਹ ਕਮਿਸ਼ਨ ਮਿਲ ਚੁੱਕਿਆ ਹੈ ਪਰ ਕੰਪਿਊਟਰ ਅਧਿਆਪਕਾਂ ਨੂੰ ਜਾਣਬੁੱਝ ਕੇ ਵਾਂਝਾ ਰੱਖਿਆ ਗਿਆ ਹੈ। ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵਲੋਂ 22 ਸਤੰਬਰ 2022 ਨੂੰ ਕੰਪਿਊਟਰ ਅਧਿਆਪਕਾਂ ਨੂੰ ਦੀਵਾਲੀ ਮੌਕੇ ਤੋਹਫਾ ਦੇਣ ਦਾ ਐਲਾਨ ਕੀਤਾ ਗਿਆ ਸੀ ਪਰ ਨਾ 6ਵਾਂ ਤਨਖਾਹ ਕਮਿਸ਼ਨ ਮਿਲਿਆ ਹੈ ਤੇ ਨਾ ਹੋਰ ਮੰਗਾਂ ਮੰਨੀਆਂ ਗਈਆਂ ਹਨ। ਹੁਣ ਤੱਕ 90 ਦੇ ਕਰੀਬ ਕੰਪਿਊਟਰ ਅਧਿਆਪਕਾਂ ਦੀ ਮੌਤ ਹੋ ਚੁੱਕੀ ਹੈ ਜਿਨ੍ਹਾਂ ਦੇ ਆਸ਼ਰਿਤਾਂ ਨੂੰ ਨਾ ਨੌਕਰੀ ਤੇ ਨਾ ਵਿੱਤੀ ਸਹਾਇਤਾ ਦਿੱਤੀ ਗਈ ਹੈ।



## ਈ.ਟੀ.ਟੀ. ਅਧਿਆਪਕਾਂ ਤੇ ਪੁਲਿਸ ਦਰਮਿਆਨ ਖਿੱਚ-ਧੂਹ

**ਸੰਗਰੂਰ:** ਮੁੱਖ ਮੰਤਰੀ ਦੀ ਕੋਠੀ ਅੱਗੇ ਈ.ਟੀ.ਟੀ. ਟੈਟ ਪਾਸ ਬੇਰੁਜ਼ਗਾਰ 5994 ਅਧਿਆਪਕਾਂ ਨੇ ਹਰੇ ਪੈਨ ਲੈ ਕੇ ਰੋਸ ਪ੍ਰਦਰਸ਼ਨ ਕੀਤਾ। ਇਸ ਦੌਰਾਨ ਪੁਲਿਸ ਤੇ ਅਧਿਆਪਕਾਂ ਦਰਮਿਆਨ ਖਿੱਚ-ਧੂਹ ਹੋਈ ਜਿਸ ਦੌਰਾਨ ਇਕ ਬੇਰੁਜ਼ਗਾਰ ਅਧਿਆਪਕ ਦੀ ਪੱਗ ਵੀ ਲੱਥ ਗਈ। ਉਧਰ, ਸਥਾਨਕ ਸਿਵਲ ਹਸਪਤਾਲ ਵਿਚ ਦੋ ਬੇਰੁਜ਼ਗਾਰ ਅਧਿਆਪਕ ਰਾਜ ਕੁਮਾਰ ਅਬੋਹਰ ਅਤੇ ਮਨਦੀਪ ਫਾਜ਼ਿਲਕਾ ਟੈਂਕੀ ਉਪਰ ਡਟੇ ਹੋਏ ਹਨ। ਰੋਸ ਪ੍ਰਦਰਸ਼ਨ ਦੌਰਾਨ ਬੇਰੁਜ਼ਗਾਰ ਅਧਿਆਪਕ ਮੁੱਖ ਮੰਤਰੀ ਨਾਲ ਮੀਟਿੰਗ ਦੀ ਮੰਗ ਕਰ ਰਹੇ ਸਨ ਜਦੋਂ ਕਿ ਪ੍ਰਸ਼ਾਸਨ ਵਲੋਂ ਸ਼ਰਤ ਰੱਖੀ ਗਈ ਸੀ ਕਿ ਪਹਿਲਾਂ ਟੈਂਕੀ ਉਪਰ ਚੜ੍ਹੇ ਦੋਵੇਂ ਅਧਿਆਪਕਾਂ ਨੂੰ ਹੇਠਾਂ ਉਤਾਰਿਆ ਜਾਵੇ। ਦੋਵੇਂ ਅਧਿਆਪਕਾਂ ਨੇ ਹੇਠਾਂ ਉੱਤਰਨ ਤੋਂ ਇਨਕਾਰ ਕਰ ਦਿੱਤਾ ਹੈ।

## ਡੇਂਗੂ ਕਾਰਨ ਪੁਲਿਸ 'ਕੈਟ' ਗੁਰਮੀਤ ਪਿੰਕੀ ਦੀ ਮੌਤ

**ਚੰਡੀਗੜ੍ਹ:** ਪੰਜਾਬ ਪੁਲਿਸ ਦੇ 'ਕੈਟ' ਗੁਰਮੀਤ ਸਿੰਘ ਪਿੰਕੀ ਦੀ ਚੰਡੀਗੜ੍ਹ ਦੇ ਨਿੱਜੀ ਹਸਪਤਾਲ ਵਿਚ ਮੌਤ ਹੋ ਗਈ। ਪਿੰਕੀ ਨੂੰ ਪਿਛਲੇ ਹਫਤੇ ਡੇਂਗੂ ਹੋਇਆ ਸੀ, ਜਿਸ ਤੋਂ ਬਾਅਦ ਪਲੇਟਲੈਟਸ ਘਟਣ ਕਰਕੇ ਉਸ ਨੂੰ ਚੰਡੀਗੜ੍ਹ ਦੇ ਸੈਕਟਰ-34 ਸਥਿਤ ਨਿੱਜੀ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਸੀ। ਪਿੰਕੀ 'ਕੈਟ' ਵਜੋਂ ਜਾਣੇ ਜਾਂਦੇ ਗੁਰਮੀਤ ਸਿੰਘ ਪਿੰਕੀ ਨੇ ਸਾਲ 2001 ਵਿਚ ਲੁਧਿਆਣਾ ਦੇ ਅਵਤਾਰ ਸਿੰਘ ਗੋਲਾ ਨੂੰ ਗੋਲੀ ਮਾਰ ਦਿੱਤੀ ਸੀ, ਜਿਸ ਕਰਕੇ ਪਿੰਕੀ ਨੂੰ ਕਤਲ ਦੇ ਮਾਮਲੇ ਵਿਚ ਉਮਰ ਕੈਦ ਦੀ ਸਜ਼ਾ ਹੋਈ ਸੀ। ਪਿੰਕੀ ਨੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਮਾਮਲੇ 'ਚ ਸ਼ਾਮਲ ਮੁਲਜ਼ਮਾਂ ਨੂੰ ਫੜਨ 'ਚ ਅਹਿਮ ਭੂਮਿਕਾ ਨਿਭਾਈ ਸੀ। ਉਹ ਜਗਤਾਰ ਸਿੰਘ ਹਵਾਰਾ ਨੂੰ ਦੋ ਵਾਰ ਗ੍ਰਿਫਤਾਰ ਕਰਨ ਤੋਂ ਬਾਅਦ ਵੀ ਚਰਚਾ ਵਿਚ ਰਿਹਾ। ਉਸ ਨੇ ਪੁਲਿਸ ਦਾ ਬਹਾਦਰੀ ਪੁਰਸਕਾਰ ਵੀ ਜਿੱਤਿਆ ਸੀ ਪਰ ਸਾਲ 2001 'ਚ ਗੋਲਾ ਦੇ ਕਤਲ ਤੋਂ ਬਾਅਦ ਉਹ ਵਿਵਾਦਾਂ 'ਚ ਘਿਰ ਗਿਆ ਸੀ। ਜਾਣਕਾਰੀ ਅਨੁਸਾਰ ਪਿੰਕੀ ਦਾ ਦਾਅਵਾ ਸੀ ਕਿ ਉਸ ਕੋਲ ਪੰਜਾਬ 'ਚ ਅਤਿਵਾਦ ਦੌਰਾਨ 52 ਝੂਠੇ ਮੁਕਾਬਲਿਆਂ ਦੇ ਸਬੂਤ ਹਨ।

# ਪੰਜਾਬ ਵਿਚ ਹੁਣ ਡੇਂਗੂ ਤੇ ਚਿਕਨਗੁਨੀਆ ਨੇ ਚਿੰਤਾ ਵਧਾਈ

**ਚੰਡੀਗੜ੍ਹ:** ਪੰਜਾਬ ਵਿਚ ਡੇਂਗੂ ਤੇ ਚਿਕਨਗੁਨੀਆ ਦਾ ਕਹਿਰ ਵਧਦਾ ਜਾ ਰਿਹਾ ਹੈ ਜਿਸ ਕਰਕੇ ਹਲਕਾ ਬੁਖਾਰ ਚੜ੍ਹਨ 'ਤੇ ਵੀ ਲੋਕਾਂ 'ਚ ਦਹਿਸ਼ਤ ਦਾ ਮਾਹੌਲ ਪਾਇਆ ਜਾ ਰਿਹਾ ਹੈ, ਹਾਲਾਂਕਿ ਪੰਜਾਬ ਸਰਕਾਰ ਦੀਆਂ ਵੱਖ-ਵੱਖ ਟੀਮਾਂ ਸਾਰੇ ਜ਼ਿਲ੍ਹਿਆਂ ਵਿਚ ਲੋਕਾਂ ਦੇ ਘਰਾਂ ਤੱਕ ਪਹੁੰਚ ਕਰਕੇ ਖੜ੍ਹੇ ਪਾਣੀ ਦੀ ਜਾਂਚ ਕਰ ਰਹੀਆਂ ਹਨ। ਇਸ ਦੇ ਬਾਵਜੂਦ ਸੂਬੇ 'ਚ ਡੇਂਗੂ ਤੇ ਚਿਕਨਗੁਨੀਆ ਦੇ ਕੇਸਾਂ ਦੀ ਗਿਣਤੀ ਤੇਜ਼ੀ ਨਾਲ ਵਧ ਰਹੀ ਹੈ।



ਪੰਜਾਬ ਦੇ ਸਿਹਤ ਵਿਭਾਗ ਤੋਂ ਪ੍ਰਾਪਤ ਅੰਕੜਿਆਂ ਅਨੁਸਾਰ ਸੂਬੇ ਵਿਚ ਡੇਂਗੂ ਦੇ ਮਰੀਜ਼ਾਂ ਦੀ ਗਿਣਤੀ 9 ਹਜ਼ਾਰ ਦੇ ਕਰੀਬ ਪਹੁੰਚ ਚੁੱਕੀ ਹੈ ਤੇ ਡੇਂਗੂ ਕਰਕੇ 7 ਜਣਿਆਂ ਨੂੰ ਮੌਤ ਹੋ ਗਈ ਹੈ। ਇਸ ਦੇ ਨਾਲ ਹੀ ਚਿਕਨਗੁਨੀਆ ਦੇ ਕੇਸਾਂ ਦੀ ਗਿਣਤੀ ਵੀ 1100 ਦੇ ਕਰੀਬ ਪਹੁੰਚ ਗਈ ਹੈ। ਇਸ ਸਮੇਂ ਸੂਬੇ ਵਿਚ ਡੇਂਗੂ ਤੇ ਚਿਕਨਗੁਨੀਆ ਦੇ ਕੇਸ ਸਭ ਤੋਂ ਵੱਧ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਪਾਏ ਜਾ ਰਹੇ ਹਨ ਜਿੱਥੇ ਡੇਂਗੂ ਦੇ 1136 ਕੇਸ ਸਾਹਮਣੇ ਆ ਚੁੱਕੇ ਹਨ ਅਤੇ 3 ਜਣਿਆਂ ਦੀ ਮੌਤ ਵੀ ਹੋ ਚੁੱਕੀ ਹੈ। ਉੱਧਰ ਚਿਕਨਗੁਨੀਆ ਦੇ ਵੀ 142 ਕੇਸ ਆਏ ਹਨ ਜੋ ਸੂਬੇ ਦੇ ਸਾਰੇ ਜ਼ਿਲ੍ਹਿਆਂ ਨਾਲੋਂ ਵੱਧ ਹਨ। ਸਿਹਤ ਵਿਭਾਗ ਅਨੁਸਾਰ ਦੂਜੇ ਨੰਬਰ 'ਤੇ ਮੁਹਾਲੀ ਜ਼ਿਲ੍ਹਾ ਹੈ ਜਿੱਥੇ ਡੇਂਗੂ ਦੇ 926 ਕੇਸ ਸਾਹਮਣੇ ਆ ਚੁੱਕੇ ਹਨ ਜਦੋਂਕਿ ਚਿਕਨਗੁਨੀਆ ਦੇ 10 ਕੇਸ ਆਏ ਹਨ। ਇਸ ਤੋਂ ਬਾਅਦ ਪਟਿਆਲਾ ਜ਼ਿਲ੍ਹੇ 'ਚ ਡੇਂਗੂ ਦੇ 749 ਮਰੀਜ਼ ਆਏ ਹਨ, ਜਿਸ ਵਿਚੋਂ ਦੋ ਦੀ ਮੌਤ ਹੋ ਚੁੱਕੀ ਹੈ ਜਦੋਂਕਿ ਪਟਿਆਲਾ ਵਿਚ ਚਿਕਨਗੁਨੀਆ ਦੇ 8 ਕੇਸ ਸਾਹਮਣੇ ਆਏ ਹਨ। ਇਸ ਤੋਂ ਇਲਾਵਾ ਵੀ ਡੇਂਗੂ ਕਰਕੇ ਬਠਿੰਡਾ ਤੇ ਗੁਰਦਾਸਪੁਰ ਵਿਚ ਇਕ-ਇਕ ਮਰੀਜ਼ ਦੀ ਡੇਂਗੂ ਕਰਕੇ ਮੌਤ ਹੋ ਚੁੱਕੀ ਹੈ।

ਸਿਹਤ ਵਿਭਾਗ ਪੰਜਾਬ ਦੀ ਡਾਇਰੈਕਟਰ ਡਾ. ਆਦਰਸ਼ਪਾਲ ਕੌਰ ਨੇ ਕਿਹਾ ਕਿ ਸਿਹਤ ਵਿਭਾਗ ਵੱਲੋਂ ਸੂਬੇ ਦੇ ਸਾਰੇ ਜ਼ਿਲ੍ਹਿਆਂ 'ਚ ਨਿਗਰਾਨੀ ਕੀਤੀ ਜਾ ਰਹੀ ਹੈ। ਇਸ ਦੌਰਾਨ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਲੋਕਾਂ ਦੇ ਘਰਾਂ ਵਿਚ ਖੜ੍ਹੇ ਪਾਣੀ ਦੀ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਕਿਸੇ ਇਕ ਇਲਾਕੇ ਵਿਚ ਵਾਧੂ ਡੇਂਗੂ ਦੇ ਮਰੀਜ਼ ਸਾਹਮਣੇ ਆਉਣ ਉਤੇ ਸਥਾਨਕ ਸਰਕਾਰਾਂ ਵਿਭਾਗ, ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਨੂੰ ਸੂਚਿਤ ਕਰਕੇ ਫੋਗਿੰਗ ਕਰਵਾਈ ਜਾ ਰਹੀ ਹੈ। ਡੇਂਗੂ ਦੇ ਮਰੀਜ਼ਾਂ ਦੇ ਇਲਾਜ ਲਈ ਹਸਪਤਾਲਾਂ ਵਿਚ ਵੀ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ।

## ਜੰਮੂ ਕਸ਼ਮੀਰ ਵਿਚ ਡਿਊਟੀ ਦੌਰਾਨ ਪੰਜਾਬੀ ਜਵਾਨ ਦੀ ਮੌਤ

**ਧੂਰੀ:** ਪਿੰਡ ਭਸੌੜ ਦਾ ਜਵਾਨ ਡਿਊਟੀ ਦੌਰਾਨ ਸ਼ਹੀਦ ਹੋ ਗਿਆ। ਉਸ ਦੀ ਪਛਾਣ ਹਰਸਿਮਰਨ ਸਿੰਘ ਵਜੋਂ ਹੋਈ ਹੈ। ਭਰਾ ਦਵਿੰਦਰ ਸਿੰਘ ਫੌਜੀ ਨੇ ਦੱਸਿਆ ਕਿ ਉਸ ਦਾ ਛੋਟਾ ਭਰਾ 2018 ਵਿਚ ਫੌਜ 'ਚ ਭਰਤੀ ਹੋਇਆ ਸੀ ਅਤੇ ਹੁਣ ਉਹ ਜੰਮੂ-ਕਸ਼ਮੀਰ ਦੇ ਰਾਜੌਰੀ ਸੈਕਟਰ ਵਿਚ ਤਾਇਨਾਤ ਸੀ। ਉਸ ਦੇ ਪਿਤਾ ਨੂੰ ਫੌਜੀ ਅਧਿਕਾਰੀਆਂ ਦਾ ਫੋਨ ਆਇਆ ਕਿ ਉਨ੍ਹਾਂ ਦਾ ਪੁੱਤਰ ਹਰਸਿਮਰਨ ਸਿੰਘ ਸ਼ਹੀਦ ਹੋ ਗਿਆ ਹੈ। ਪਿੰਡ ਭਸੌੜ ਦੇ ਸ਼ਮਸ਼ਾਨਘਾਟ ਵਿਚ ਸ਼ਹੀਦ ਹਰਸਿਮਰਨ ਸਿੰਘ ਨੂੰ ਪੰਜਾਬ ਪੁਲਿਸ ਦੀ ਟੁਕੜੀ ਵੱਲੋਂ ਸਲਾਮੀ ਦਿੱਤੀ ਗਈ ਅਤੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਸ਼ਰਧਾਂਜਲੀ ਭੇਟ ਕੀਤੀ। ਸ੍ਰੀ ਅਰੋੜਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਉਕਤ ਸ਼ਹੀਦ ਦੇ ਪਰਿਵਾਰ ਨੂੰ 1 ਕਰੋੜ ਰੁਪਏ ਸਹਾਇਤਾ ਰਾਸ਼ੀ ਦਿੱਤੀ ਜਾਵੇਗੀ।

## ਪੰਜਾਬ ਦੇ ਨੌਜਵਾਨਾਂ ਨੇ ਉੱਚ ਮੈਡੀਕਲ ਸਿੱਖਿਆ ਤੋਂ ਮੂੰਹ ਫੇਰਿਆ

**ਫਰੀਦਕੋਟ:** ਪੰਜਾਬ ਦੇ ਨੌਜਵਾਨਾਂ ਵਿਚ ਮਾਹਿਰ ਡਾਕਟਰ ਬਣਨ ਦੀ ਰੁਚੀ ਘਟਣ ਕਾਰਨ ਸੂਬੇ ਦੇ 16 ਮੈਡੀਕਲ ਕਾਲਜਾਂ ਦੀ ਹੋਂਦ ਖਤਰੇ ਵਿਚ ਪੈ ਗਈ ਹੈ। ਬਾਬਾ ਫਰੀਦ ਮੈਡੀਕਲ ਯੂਨੀਵਰਸਿਟੀ ਵੱਲੋਂ ਉੱਚ ਮੈਡੀਕਲ ਸਿੱਖਿਆ ਐਮ.ਡੀ. ਅਤੇ ਬੀ.ਡੀ.ਐਸ. ਦੇ ਕੋਰਸਾਂ ਲਈ ਕਰਵਾਈ ਗਈ ਚੌਥੀ ਕੌਂਸਲਿੰਗ ਤੋਂ ਬਾਅਦ ਵੀ 58 ਫੀਸਦੀ ਸੀਟਾਂ ਖਾਲੀ ਪਈਆਂ ਹਨ। ਯੂਨੀਵਰਸਿਟੀ ਨੇ ਇਹ ਸੀਟਾਂ ਭਰਨ ਲਈ ਇਕ ਹੋਰ ਕੌਂਸਲਿੰਗ ਰੱਖੀ ਅਤੇ ਐਮ.ਡੀ. ਅਤੇ ਬੀ.ਡੀ.ਐਸ. ਵਿਚ ਦਾਖਲੇ ਲਈ ਸ਼ਰਤਾਂ ਵੀ ਨਰਮ ਕੀਤੀਆਂ, ਫਿਰ ਵੀ ਉਕਤ ਕੋਰਸਾਂ ਲਈ ਵਿਦਿਆਰਥੀ ਆਪਣੀ ਰੁਚੀ ਨਹੀਂ ਦਿਖਾ ਰਹੇ। ਚਾਰ ਕੌਂਸਲਿੰਗਾਂ ਤੋਂ ਬਾਅਦ ਐਮ.ਡੀ. ਦੀਆਂ 73 ਅਤੇ ਬੀ.ਡੀ.ਐਸ. ਦੀਆਂ 7 ਸੀਟਾਂ ਖਾਲੀ ਹਨ। ਨਾਨ-ਕਲੀਨਿਕ ਦੀਆਂ ਸਭ ਤੋਂ ਵੱਧ 126 ਸੀਟਾਂ ਖਾਲੀ ਹਨ, ਪੀਜੀ ਡਿਪਲੋਮਾ ਕੋਰਸਾਂ ਦੀਆਂ ਦੋ ਸੀਟਾਂ ਵੀ ਖਾਲੀ ਹਨ। ਨੌਜਵਾਨਾਂ ਨੇ ਇਸ ਵਾਰ ਬੀ.ਡੀ.ਐਸ. ਵਿਚ ਵੀ ਦਾਖਲਾ ਲੈਣ ਲਈ ਦਿਲਚਸਪੀ ਨਹੀਂ ਦਿਖਾਈ ਜਿਸ ਕਾਰਨ ਡੈਂਟਲ ਕਾਲਜਾਂ ਵਿਚ 240 ਸੀਟਾਂ ਖਾਲੀ ਹਨ। ਚੌਥੀ ਕੌਂਸਲਿੰਗ ਵਿਚ ਐਮ.ਡੀ. ਲਈ 3 ਵਿਦਿਆਰਥੀ ਆਏ, ਬੀ.ਡੀ.ਐਸ. ਲਈ ਇੱਕ। ਪਿਛਲੇ ਸਾਲ ਵੀ ਐਮ.ਡੀ. ਦੀਆਂ 80 ਸੀਟਾਂ ਖਾਲੀ ਰਹਿ ਗਈਆਂ ਸਨ।

## ਸਿੱਖਾਂ ਦੀ ਪੱਗ ਦਾ ਮਤਲਬ ਅਤਿਵਾਦ ਨਹੀਂ: ਨਿਊਯਾਰਕ ਮੇਅਰ

**ਨਿਊ ਯਾਰਕ:** ਅਮਰੀਕਾ ਦੇ ਨਿਊ ਯਾਰਕ ਸਿਟੀ ਦੇ ਮੇਅਰ ਐਰਿਕ ਐਡਮਸ ਨੇ ਸਿੱਖਾਂ 'ਤੇ ਹਾਲ ਹੀ ਵਿਚ ਹੋਏ ਹਮਲਿਆਂ ਅਤੇ ਨਫਰਤੀ ਅਪਰਾਧਾਂ ਨੂੰ ਦੇਸ਼ 'ਤੇ ਧੱਬਾ ਕਰਾਰ ਦਿੰਦਿਆਂ ਕਿਹਾ ਕਿ ਸਿੱਖਾਂ ਦੀ ਪੱਗ ਦਾ ਮਤਲਬ ਅਤਿਵਾਦ ਨਹੀਂ ਹੈ, ਸਗੋਂ ਇਹ ਆਸਥਾ ਦਾ ਪ੍ਰਤੀਕ ਹੈ। ਉਨ੍ਹਾਂ ਸਿੱਖਾਂ ਦੀ ਰਾਖੀ ਕਰਨ ਅਤੇ ਸਿੱਖ ਧਰਮ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਦਾ ਵੀ ਸੱਦਾ ਦਿੱਤਾ। ਐਡਮਸ ਨੇ ਸਾਊਥ ਰਿਚਮੰਡ ਹਿੱਲ ਦੇ ਕੁਈਨਜ਼ ਇਲਾਕੇ ਵਿਚ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਵਿਖੇ ਸਿੱਖ ਭਾਈਚਾਰੇ ਦੇ ਮੈਂਬਰਾਂ ਨਾਲ ਗੱਲਬਾਤ ਕਰਦਿਆਂ ਕਿਹਾ, 'ਤੁਸੀਂ ਅਤਿਵਾਦੀ ਨਹੀਂ ਹੋ, ਪਰ ਰਖਵਾਲੇ ਹੋ। ਪੂਰੇ ਸ਼ਹਿਰ ਨੂੰ ਇਹ ਦੱਸਣ ਦੀ ਲੋੜ ਹੈ। ਸਾਡੇ ਨੌਜਵਾਨਾਂ, ਸਾਡੇ ਬਾਲਗਾਂ ਨੂੰ ਇਹ ਜਾਣਨ ਦੀ ਲੋੜ ਹੈ।'

# ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਦਿਹਾੜਾ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ

**ਅੰਮ੍ਰਿਤਸਰ:** ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਪੁਰਬ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਗਿਆ। 489ਵੇਂ ਪ੍ਰਕਾਸ਼ ਪੁਰਬ ਮੌਕੇ ਹਰਿਮੰਦਰ ਸਾਹਿਬ ਵਿਖੇ ਸੰਗਤ ਉਤਸ਼ਾਹ ਨਾਲ ਪੁੱਜੀ। ਹਰਿਮੰਦਰ ਸਾਹਿਬ ਦੇ ਅੰਦਰ ਮੱਥਾ ਟੇਕਣ ਲਈ ਗੁਰਦੁਆਰਾ ਬੇਰ ਬਾਬਾ ਬੁੱਢਾ ਸਾਹਿਬ ਤੱਕ ਸ਼ਰਧਾਲੂਆਂ ਦੀਆਂ ਕਤਾਰਾਂ ਲੱਗੀਆਂ। ਇਸ ਮੌਕੇ ਦਰਬਾਰ ਸਾਹਿਬ 'ਚ ਸੁੰਦਰ ਜਲੌਅ ਵੀ ਸਜਾਏ ਗਏ ਹਨ।

ਇਸ ਮੌਕੇ ਸ੍ਰੀ ਦਰਬਾਰ ਸਾਹਿਬ ਨੂੰ 10 ਕਿਸਮਾਂ ਦੇ ਫੁੱਲਾਂ ਨਾਲ ਸਜਾਇਆ ਗਿਆ ਹੈ। ਦਰਬਾਰ ਸਾਹਿਬ ਸਮੂਹ ਸਥਿਤ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਚ ਅਖੰਡ ਪਾਠ ਦੇ ਭੋਗ ਪਾਏ ਗਏ। ਇਸ ਦੌਰਾਨ ਦਰਬਾਰ ਸਾਹਿਬ ਦੀ ਦਰਸ਼ਨੀ ਡਿਉਢੀ, ਪੁਲ, ਅਕਾਲ ਤਖ਼ਤ ਅਤੇ ਹੋਰ ਥਾਵਾਂ ਨੂੰ ਫੁੱਲਾਂ ਨਾਲ ਸਜਾਇਆ ਗਿਆ। ਸਜਾਵਟ ਵਾਸਤੇ ਲਗਭਗ ਤਿੰਨ ਟਰੱਕ ਫੁੱਲਾਂ ਦੀ ਵਰਤੋਂ ਕੀਤੀ ਗਈ ਹੈ, ਜਿਸ ਵਿਚ ਦੇਸੀ ਅਤੇ ਵਿਦੇਸ਼ੀ ਫੁੱਲ ਸ਼ਾਮਲ ਹਨ। ਇਹ ਫੁੱਲ ਦਿੱਲੀ, ਕੋਲਕਤਾ ਤੇ ਹੋਰ ਥਾਵਾਂ ਤੋਂ ਮੰਗਵਾਏ ਗਏ ਹਨ। ਫੁੱਲਾਂ ਦੀ ਸਜਾਵਟ ਦੀ ਇਹ ਸੇਵਾ ਮੁੰਬਈ ਦੀ ਸੰਗਤ ਵੱਲੋਂ ਕੀਤੀ ਗਈ ਹੈ। ਕੁੱਝ ਫੁੱਲ ਥਾਈਲੈਂਡ ਅਤੇ ਸਿੰਗਾਪੁਰ ਤੋਂ ਵੀ ਮੰਗਵਾਏ ਗਏ ਹਨ। ਇਸ ਮੌਕੇ ਰੇਲਵੇ ਸਟੇਸ਼ਨ ਅਤੇ ਹਵਾਈ ਅੱਡੇ 'ਤੇ ਵੀ ਫੁੱਲਾਂ ਨਾਲ ਸਜਾਵਟ ਕੀਤੀ ਗਈ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪ੍ਰਕਾਸ਼ ਗੁਰਪੁਰਬ ਦੀ ਦੇਸ਼-ਵਿਦੇਸ਼ ਦੀ ਸੰਗਤ ਨੂੰ ਵਧਾਈ ਦਿੱਤੀ।



ਇਸ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਨਗਰ ਕੀਰਤਨ ਅਕਾਲ ਤਖ਼ਤ ਤੋਂ ਨਗਾਰਿਆਂ, ਜੈਕਾਰਿਆਂ ਅਤੇ ਨਰਸਿੰਙਿਆਂ ਦੀ ਗੂੰਜ ਵਿਚ ਸਜਾਇਆ ਗਿਆ। ਇਸ ਮੌਕੇ ਹੈਲੀਕਾਪਟਰ ਰਾਹੀਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅਤੇ ਨਗਰ ਕੀਰਤਨ 'ਤੇ ਗੁਲਾਬ ਦੇ ਫੁੱਲਾਂ ਦੀ ਵਰਖਾ ਵੀ ਕੀਤੀ ਗਈ। ਨਗਰ ਕੀਰਤਨ ਸਬੰਧੀ ਅਰਦਾਸ ਉਪਰੰਤ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਅਤੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਦਾ ਪਾਵਨ ਸਰੂਪ ਸੁਨਹਿਰੀ ਪਾਲਕੀ ਵਿਚ ਸੁਸ਼ੋਭਿਤ ਕੀਤਾ। ਸੰਗਤ ਨੇ ਫੁੱਲਾਂ ਦੀ ਵਰਖਾ ਕਰ ਕੇ ਸ਼ਰਧਾ ਦਾ ਪ੍ਰਗਟਾਵਾ ਕੀਤਾ।

ਨਗਰ ਕੀਰਤਨ ਅੰਮ੍ਰਿਤਸਰ ਸ਼ਹਿਰ ਦੇ ਪੁਰਾਤਨ ਦਰਵਾਜ਼ਿਆਂ ਨੂੰ ਜੋੜਦੇ ਮਾਰਗ ਤੋਂ ਲੰਘਿਆ, ਵੱਖ-ਵੱਖ ਥਾਵਾਂ 'ਤੇ ਸੰਗਤ ਨੇ ਪੰਜ ਪਿਆਰੇ ਅਤੇ ਨਿਸ਼ਾਨਚੀ ਸਿੰਘਾਂ ਨੂੰ ਸਿਰੋਪੇ ਦੇ ਕੇ ਸ਼ਰਧਾ ਪ੍ਰਗਟਾਈ। ਘੰਟਾ ਘਰ ਪਲਾਜ਼ਾ ਵਿਚ ਪੰਜਾਬ ਪੁਲਿਸ ਵੱਲੋਂ ਗੁਰੂ ਗ੍ਰੰਥ ਸਾਹਿਬ ਨੂੰ ਸਲਾਮੀ ਦਿੱਤੀ ਗਈ। ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਦੀ ਵਧਾਈ ਦਿੰਦਿਆਂ ਸੰਗਤ ਨੂੰ ਗੁਰੂ ਸਾਹਿਬ ਦੀ ਵਿਚਾਰਧਾਰਾ ਅਨੁਸਾਰ ਜੀਵਨ ਜਿਊਣ ਦੀ ਪ੍ਰੇਰਨਾ ਕੀਤੀ।

ਚੀਫ ਖਾਲਸਾ ਦੀਵਾਨ ਦੇ ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ ਵਿਖੇ ਧਾਰਮਿਕ ਦੀਵਾਨ ਸਜਾਏ ਗਏ। ਇਸ ਦੌਰਾਨ ਧਰਮ ਪ੍ਰਚਾਰ ਕਮੇਟੀ ਵੱਲੋਂ ਕਰਵਾਏ ਗਏ ਗੁਰਮਤਿ ਗਾਇਨ ਮੁਕਾਬਲਿਆਂ ਦੌਰਾਨ ਦੀਵਾਨ ਸਕੂਲਾਂ ਦੀਆਂ 44 ਜੂਨੀਅਰ ਅਤੇ ਸੀਨੀਅਰ ਟੀਮਾਂ ਵਿਚੋਂ ਅੱਵਲ ਸਥਾਨ 'ਤੇ ਰਹਿਣ ਵਾਲੀਆਂ 6 ਕੀਰਤਨੀ ਟੀਮਾਂ ਨੇ ਗੁਰੂ ਰਾਮਦਾਸ ਦੀ ਬਾਣੀ ਨਿਰਧਾਰਤ ਰਾਗਾਂ ਵਿਚ ਗਾਇਨ ਕੀਤੀ। ਇਸ ਦੌਰਾਨ ਵਧੀਆ ਕਾਰਗੁਜ਼ਾਰੀ ਕਰਨ ਵਾਲੀਆਂ ਇਨ੍ਹਾਂ ਜੇਤੂ ਕੀਰਤਨੀ ਟੀਮਾਂ, ਇਨ੍ਹਾਂ ਦੇ ਗੁਰਮਤਿ ਸੰਗੀਤ ਸਿਖਲਾਈ ਅਧਿਆਪਕਾਂ ਤੇ ਪ੍ਰਿੰਸੀਪਲਾਂ ਨੂੰ ਸਨਮਾਨਿਤ ਕੀਤਾ ਗਿਆ। ਵਿਦਿਆਰਥੀਆਂ ਨੂੰ ਅਲੋਪ ਹੁੰਦੇ ਜਾ ਰਹੇ ਪੁਰਾਤਨ ਤੰਤੀ ਸਾਜ਼ਾਂ ਬਾਬਤ ਜਾਣੂ ਕਰਵਾਉਣ ਹਿੱਤ ਪ੍ਰਦਰਸ਼ਨੀ ਵੀ ਲਾਈ ਗਈ।

# ਗਾਜ਼ਾ ਨੂੰ ਤਬਾਹ ਕਰਨ ਲਈ ਉਤਾਰੂ ਹੋਇਆ ਇਜ਼ਰਾਈਲ

**ਦੀਰ ਅਲ ਬਲਾਹ (ਗਾਜ਼ਾ ਪੱਟੀ):** ਇਜ਼ਰਾਈਲ ਤੇ ਹਮਾਸ ਦਰਮਿਆਨ ਜਾਰੀ ਜੰਗ ਦੌਰਾਨ ਹੁਣ ਹੋਰ ਇਜ਼ਰਾਇਲੀ ਟੈਂਕ ਤੇ ਹਥਿਆਰਬੰਦ ਸੈਨਾ ਗਾਜ਼ਾ ਵਾਲੇ ਪਾਸੇ ਭੇਜੀ ਜਾ ਰਹੀ ਹੈ। ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਜੰਗ ਦੇ 'ਦੂਜੇ ਗੇੜ' ਦਾ ਐਲਾਨ ਕਰ ਦਿੱਤਾ ਹੈ। ਦੂਜੇ ਗੇੜ ਦਾ ਮੰਤਵ ਹਮਾਸ ਦੀ ਸਰਕਾਰੀ ਤੇ ਫੌਜੀ ਸਮਰੱਥਾ ਨੂੰ ਖਤਮ ਕਰਨਾ ਅਤੇ ਬੰਧਕਾਂ ਨੂੰ ਘਰ ਲਿਆਉਣਾ ਹੈ।'

ਸੱਤ ਅਕਤੂਬਰ ਨੂੰ ਹਮਾਸ ਵੱਲੋਂ ਕੀਤੇ ਹਮਲੇ ਲਈ ਇਜ਼ਰਾਇਲੀ ਸੁਰੱਖਿਆ ਬਲਾਂ ਨੂੰ ਜ਼ਿੰਮੇਵਾਰ ਠਹਿਰਾਉਣ ਤੋਂ ਬਾਅਦ ਨੇਤਨਯਾਹੂ ਨੇ ਮੁਆਫੀ ਵੀ ਮੰਗੀ ਹੈ। ਉਨ੍ਹਾਂ ਨੂੰ ਇਸ ਬਿਆਨ ਲਈ ਆਲੋਚਨਾ ਦਾ ਸਾਹਮਣਾ ਕਰਨਾ ਪਿਆ ਸੀ। ਇਜ਼ਰਾਈਲ ਹੁਣ ਜ਼ਮੀਨੀ ਜੰਗ ਦਾ ਘੇਰਾ ਵਧਾ ਰਿਹਾ ਹੈ। ਇਜ਼ਰਾਇਲੀ ਹਮਲਿਆਂ ਦੇ ਬਾਵਜੂਦ ਫਲਸਤੀਨੀ ਅਤਿਵਾਦੀ ਲਗਾਤਾਰ ਰਾਕੇਟ ਦਾਗ ਰਹੇ ਹਨ। ਗਾਜ਼ਾ ਦੇ ਸਿਹਤ ਮੰਤਰਾਲੇ ਦਾ ਕਹਿਣਾ ਹੈ ਕਿ 8000 ਫਲਸਤੀਨੀਆਂ ਦੀ ਹੁਣ ਤੱਕ ਮੌਤ ਹੋ ਚੁੱਕੀ ਹੈ ਜਿਨ੍ਹਾਂ ਵਿਚ ਜ਼ਿਆਦਾਤਰ ਬੱਚੇ ਅਤੇ ਔਰਤਾਂ ਹਨ। ਗਾਜ਼ਾ ਵਾਸੀਆਂ ਦਾ ਕਹਿਣਾ ਹੈ ਕਿ ਹਫਤੇ ਦੇ ਅਖੀਰਲੇ ਦਿਨਾਂ ਵਿਚ ਬਹੁਤ ਜ਼ਿਆਦਾ ਬੰਬਾਰੀ ਹੋਈ ਹੈ। ਇਸ ਕਾਰਨ ਜ਼ਿਆਦਾਤਰ ਸੰਚਾਰ ਬੰਦ ਹੋ ਗਿਆ ਸੀ। ਗਾਜ਼ਾ ਦੇ ਸਭ ਤੋਂ ਵੱਡੇ ਸ਼ਿਫਾ ਹਸਪਤਾਲ ਨੇੜੇ ਰਹਿੰਦੇ ਲੋਕਾਂ ਨੇ ਦੱਸਿਆ ਕਿ ਇਜ਼ਰਾਇਲੀ ਹਵਾਈ ਹਮਲਿਆਂ 'ਚ ਹਸਪਤਾਲ ਕੰਪਲੈਕਸ ਵੀ ਨਿਸ਼ਾਨਾ ਬਣਿਆ ਹੈ। ਹਸਪਤਾਲ ਨੂੰ ਜਾਂਦੇ ਕਈ ਰਾਸਤੇ ਬੰਦ ਹੋ ਗਏ ਹਨ। ਇਜ਼ਰਾਈਲ ਨੇ ਦੋਸ਼ ਲਾਇਆ ਹੈ ਕਿ ਹਮਾਸ ਨੇ ਹਸਪਤਾਲ ਦੇ ਥੱਲੇ ਇਕ ਖੁਫ਼ੀਆ ਕਮਾਂਡ ਪੋਸਟ ਬਣਾਈ ਹੋਈ ਹੈ। ਇਸ ਹਸਪਤਾਲ ਵਿਚ



ਹਜ਼ਾਰਾਂ ਲੋਕਾਂ ਨੇ ਸ਼ਰਨ ਲਈ ਹੋਈ ਹੈ। ਇਹ ਜ਼ਖ਼ਮੀਆਂ ਨਾਲ ਵੀ ਭਰਿਆ ਪਿਆ ਹੈ। ਇਸੇ ਦੌਰਾਨ ਇਜ਼ਰਾਈਲ ਸਰਕਾਰ 'ਤੇ ਹਮਾਸ ਵੱਲੋਂ 7 ਅਕਤੂਬਰ ਨੂੰ ਬੰਧਕ ਬਣਾਏ ਗਏ 230 ਜਣਿਆਂ ਨੂੰ ਰਿਹਾਅ ਕਰਾਉਣ ਦਾ ਦਬਾਅ ਵੀ ਵਧਦਾ ਜਾ ਰਿਹਾ ਹੈ।

ਫਲਸਤੀਨੀ ਸ਼ਰਨਾਰਥੀਆਂ ਲਈ ਸੰਯੁਕਤ ਰਾਸ਼ਟਰ ਦੀ ਏਜੰਸੀ ਨੇ ਦੱਸਿਆ ਕਿ ਹਜ਼ਾਰਾਂ ਲੋਕ ਗਾਜ਼ਾ ਦੇ ਸਹਾਇਤਾ ਗੁਦਾਮਾਂ ਵਿਚੋਂ ਭੋਜਨ ਤੇ ਹੋਰ ਜਰੂਰਤ ਦਾ ਸਾਮਾਨ ਲੁੱਟ ਕੇ ਲੈ ਗਏ। ਏਜੰਸੀ ਨੇ ਕਿਹਾ ਕਿ ਜਿਸ ਤਰ੍ਹਾਂ ਲੋਕ ਸਾਮਾਨ ਨੂੰ ਲੁੱਟ ਕੇ ਲੈ ਗਏ ਉਹ, ਚਿੰਤਾਜਨਕ ਹੈ ਤੇ ਇਸ ਗੱਲ ਦਾ ਸੰਕੇਤ ਹੈ ਕਿ ਇਜ਼ਰਾਈਲ ਤੇ ਗਾਜ਼ਾ ਦੇ ਹਮਾਸ ਸ਼ਾਸਕਾਂ ਦਰਮਿਆਨ ਤਿੰਨ ਹਫਤਿਆਂ ਦੀ ਜੰਗ ਤੋਂ ਬਾਅਦ ਨਾਗਰਿਕ ਪ੍ਰਬੰਧ ਤਬਾਹ ਹੋਣਾ ਸ਼ੁਰੂ ਹੋ ਗਿਆ ਹੈ।

ਉਧਰ, ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਇਜ਼ਰਾਇਲੀ ਤੇ ਅਰਬ ਮੁਲਕਾਂ ਦੇ ਆਗੂਆਂ ਨੂੰ ਇਸ ਜੰਗ ਤੋਂ ਬਾਅਦ ਦੀ ਅਸਲੀਅਤ ਬਾਰੇ ਗਹਿਰਾਈ ਨਾਲ ਸੋਚਣ ਦਾ ਸੱਦਾ ਦਿੱਤਾ ਹੈ। ਵਾਈਟ ਹਾਊਸ ਦਾ ਕਹਿਣਾ ਹੈ ਕਿ ਬਾਇਡਨ ਨੇ ਪਿਛਲੇ ਹਫਤੇ ਬੈਂਜਾਮਿਨ ਨੇਤਨਯਾਹੂ ਨਾਲ ਹੋਈ ਫੋਨ ਕਾਲ ਉਤੇ ਉਨ੍ਹਾਂ ਨੂੰ ਇਹ ਸੁਨੇਹਾ ਦਿੱਤਾ ਹੈ। ਅਮਰੀਕੀ ਰਾਸ਼ਟਰਪਤੀ ਨੇ ਦੋ ਵੱਖ-ਵੱਖ ਮੁਲਕ ਬਣਾਉਣ (ਟੂ-ਸਟੇਟ ਸਲਿਊਸ਼ਨ) ਦੀ ਗੱਲ ਕੀਤੀ ਹੈ ਜਿਸ ਉਤੇ ਲੰਮੇ ਸਮੇਂ ਤੋਂ ਵਿਚਾਰ ਹੋ ਰਿਹਾ ਹੈ। ਇਸ ਤਰ੍ਹਾਂ ਦੀ ਸਥਿਤੀ ਵਿਚ ਇਜ਼ਰਾਈਲ ਇਕ ਆਜ਼ਾਦਾਨਾ ਫਲਸਤੀਨੀ ਮੁਲਕ ਨਾਲ ਹੋਂਦ ਵਿਚ ਆ ਸਕਦਾ ਹੈ। ਬਾਇਡਨ ਨੇ ਕਿਹਾ ਹੈ ਕਿ ਜੰਗ ਖਤਮ ਹੋਣ ਮਗਰੋਂ ਅਗਲੇ ਕਦਮਾਂ ਦੀ ਰੂਪ-ਰੇਖਾ ਤੈਅ ਹੋਣੀ ਚਾਹੀਦੀ ਹੈ।

### ਗਾਜ਼ਾ ਵਿਚ ਮਲਬੇ ਹੇਠ ਦਫ਼ਨ ਹਜ਼ਾਰ ਲਾਸ਼ਾਂ

**ਵਾਸ਼ਿੰਗਟਨ:** ਇਜ਼ਰਾਈਲ ਵੱਲੋਂ ਗਾਜ਼ਾ ਪੱਟੀ 'ਤੇ ਕੀਤੇ ਜਾ ਰਹੇ ਜ਼ਮੀਨੀ ਹਮਲਿਆਂ ਦਰਮਿਆਨ ਆਲਮੀ ਸਿਹਤ ਸੰਸਥਾ (ਡਬਲਿਊ.ਐਚ.ਓ). ਨੇ ਦਾਅਵਾ ਕੀਤਾ ਹੈ ਕਿ ਗਾਜ਼ਾ ਸ਼ਹਿਰ ਵਿਚ ਮਲਬੇ ਹੇਠ ਅਜੇ ਵੀ ਇਕ ਹਜ਼ਾਰ ਦੇ ਕਰੀਬ ਲਾਸ਼ਾਂ ਦਫ਼ਨ ਹਨ, ਜਿਨ੍ਹਾਂ ਦੀ ਪਛਾਣ ਨਹੀਂ ਹੋ ਸਕੀ। ਰਿਚਰਡ ਪੀਪਰਕੌਰਨ ਨੇ ਕਿਹਾ ਕਿ ਡਬਲਿਊ.ਐਚ.ਓ. ਨੂੰ ਮਿਲੇ ਅਨੁਮਾਨਾਂ ਮੁਤਾਬਕ 1000 ਅਣਪਛਾਤੀਆਂ ਲਾਸ਼ਾਂ ਮਲਬੇ ਹੇਠ ਦੱਬੀਆਂ ਹਨ, ਜੋ ਮੌਤਾਂ ਦੇ ਅਧਿਕਾਰਤ ਅੰਕੜੇ ਵਿਚ ਸ਼ਾਮਲ ਨਹੀਂ ਹਨ। ਉਧਰ, ਹਮਾਸ ਵੀ ਦਾਅਵਾ ਕਰਦਾ ਆ ਰਿਹਾ ਹੈ ਕਿ ਇਜ਼ਰਾਈਲ ਨੇ ਸ਼ਹਿਰੀ ਇਲਾਕਿਆਂ ਨੂੰ ਨਿਸ਼ਾਨਾ ਬਣਾਇਆ, ਜਿਸ ਕਰਕੇ ਇਮਾਰਤਾਂ ਦੇ ਮਲਬੇ ਹੇਠ ਕਈ ਲੋਕ ਦੱਬੇ ਹੋਏ ਹਨ ਤੇ ਮੌਤਾਂ ਦੀ ਗਿਣਤੀ ਹੋਰ ਵਧ ਸਕਦੀ ਹੈ।

### ਇਜ਼ਰਾਈਲ-ਹਮਾਸ ਜੰਗਬੰਦੀ 'ਤੇ ਵੋਟਿੰਗ ਤੋਂ ਭਾਰਤ ਲਾਂਭੇ

**ਸੰਯੁਕਤ ਰਾਸ਼ਟਰ:** ਇਜ਼ਰਾਈਲ-ਹਮਾਸ ਜੰਗ ਖ਼ਿਲਾਫ਼ ਮਤੇ 'ਤੇ ਵੋਟਿੰਗ ਤੋਂ ਦੂਰ ਰਹੇ ਭਾਰਤ ਨੇ ਸੰਯੁਕਤ ਰਾਸ਼ਟਰ ਮਹਾਸਭਾ 'ਚ ਕਿਹਾ ਕਿ ਅਤਿਵਾਦ ਕਿਸੇ ਨੂੰ ਨਹੀਂ ਬਖਸ਼ਦਾ ਹੈ ਅਤੇ ਉਸ ਦੀ ਕੋਈ ਹੱਦ, ਕੌਮੀਅਤ ਜਾਂ ਨਸਲ ਨਹੀਂ ਹੈ। ਭਾਰਤ ਨੇ ਕਿਹਾ ਕਿ ਦੁਨੀਆ ਨੂੰ ਅਤਿਵਾਦੀ ਕਾਰਿਆਂ ਨੂੰ ਜਾਇਜ਼ ਠਹਿਰਾਉਣ ਵਾਲਿਆਂ ਦੀਆਂ ਗੱਲਾਂ ਵੱਲ ਤਵੱਜੋ ਨਹੀਂ ਦੇਣੀ ਚਾਹੀਦੀ ਹੈ। ਭਾਰਤ ਸੰਯੁਕਤ ਰਾਸ਼ਟਰ ਮਹਾਸਭਾ 'ਚ 'ਆਮ ਨਾਗਰਿਕਾਂ ਦੀ ਸੁਰੱਖਿਆ ਅਤੇ ਕਾਨੂੰਨੀ ਤੇ ਮਾਨਵੀ ਜ਼ਿੰਮੇਵਾਰੀਆਂ ਨੂੰ ਕਾਇਮ ਰੱਖਣ' ਵਾਲੇ ਜਾਰਡਨ ਦੇ ਮਤੇ 'ਤੇ ਵੋਟਿੰਗ ਤੋਂ ਦੂਰ ਰਿਹਾ। ਬਾਅਦ 'ਚ ਭਾਰਤ ਨੇ ਸਫਾਈ ਦਿੱਤੀ ਕਿ ਉਸ ਦੇ ਪੱਖ ਨੂੰ ਸ਼ਾਮਲ ਨਾ ਕੀਤੇ ਜਾਣ ਕਾਰਨ ਉਹ ਮਤੇ ਤੋਂ ਲਾਂਭੇ ਰਿਹਾ।

ਇਸੇ ਦੌਰਾਨ ਇਜ਼ਰਾਈਲ ਨੇ ਹਵਾਈ ਅਤੇ ਜ਼ਮੀਨੀ ਹਮਲੇ ਤੇਜ਼ ਕਰਦਿਆਂ ਗਾਜ਼ਾ ਪੱਟੀ 'ਚ ਇੰਟਰਨੈੱਟ ਅਤੇ ਸੰਚਾਰ ਦੇ ਹੋਰ ਸਾਧਨ ਠੱਪ ਕਰ ਦਿੱਤੇ ਹਨ। ਇਸ ਨਾਲ ਉਥੇ ਰਹਿਣ ਵਾਲੇ 23 ਲੱਖ ਲੋਕਾਂ ਦਾ ਆਪਸ 'ਚ ਅਤੇ ਬਾਹਰੀ ਦੁਨੀਆ ਨਾਲੋਂ ਸੰਪਰਕ ਟੁੱਟ ਗਿਆ ਹੈ। ਇਜ਼ਰਾਇਲੀ ਫੌਜ ਨੇ ਕਿਹਾ ਕਿ ਉਹ ਖਿੱਤੇ 'ਚ ਜ਼ਮੀਨੀ ਅਪਰੇਸ਼ਨ ਦਾ ਘੇਰਾ ਵਧਾ ਰਹੀ ਹੈ। ਫੌਜ ਦੇ ਇਸ ਐਲਾਨ ਤੋਂ ਸੰਕੇਤ ਮਿਲਦਾ ਹੈ ਕਿ ਉਹ ਗਾਜ਼ਾ 'ਤੇ ਮੁਕੰਮਲ ਤੌਰ 'ਤੇ ਹਮਲੇ ਦੇ ਨੇੜੇ ਪਹੁੰਚ ਰਹੀ ਹੈ। ਇਜ਼ਰਾਈਲ ਦੇ ਹਵਾਈ ਹਮਲਿਆਂ ਕਾਰਨ ਹੋਏ ਧਮਾਕਿਆਂ ਨਾਲ ਗਾਜ਼ਾ ਸਿਟੀ ਦੇ ਆਸਮਾਨ 'ਚ ਲਗਾਤਾਰ ਰੌਸ਼ਨੀ ਦਿਖਾਈ ਦਿੰਦੀ ਰਹੀ। ਫੌਜ ਨੇ ਕਿਹਾ ਕਿ ਉਨ੍ਹਾਂ ਦੇ ਜੈੱਟਾਂ ਨੇ ਉੱਤਰੀ ਗਾਜ਼ਾ 'ਚ 150 ਸੁਰੰਗਾਂ ਅਤੇ ਅੰਡਰਗਰਾਊਂਡ ਬੰਕਰਾਂ ਨੂੰ ਨਿਸ਼ਾਨਾ ਬਣਾਇਆ ਹੈ।

## ਗਰੀਨ ਕਾਰਡ ਦੀ ਪ੍ਰਕਿਰਿਆ ਦੌਰਾਨ ਰੁਜ਼ਗਾਰ ਦਸਤਾਵੇਜ਼ ਦੀ ਸਿਫਾਰਸ਼

**ਵਾਸ਼ਿੰਗਟਨ:** ਵ੍ਹਾਈਟ ਹਾਊਸ ਕਮਿਸ਼ਨ ਨੇ ਗਰੀਨ ਕਾਰਡ ਅਰਜ਼ੀ ਪ੍ਰਕਿਰਿਆ ਦੇ ਸ਼ੁਰੂਆਤੀ ਗੇੜ ਵਿਚ ਹੀ ਇਕ ਰੁਜ਼ਗਾਰ ਅਧਿਕਾਰ ਦਸਤਾਵੇਜ਼ ਅਤੇ ਹੋਰ ਜਰੂਰੀ ਯਾਤਰਾ ਦਸਤਾਵੇਜ਼ ਜਾਰੀ ਕਰਨ ਦੀ ਸਿਫਾਰਸ਼ ਕੀਤੀ ਹੈ। ਜੇਕਰ ਇਸ ਨੂੰ ਰਾਸ਼ਟਰਪਤੀ ਦੀ ਮਨਜ਼ੂਰੀ ਮਿਲ ਜਾਂਦੀ ਹੈ ਤਾਂ ਇਹ ਭਾਰਤੀਆਂ ਸਣੇ ਹਜ਼ਾਰਾਂ ਵਿਦੇਸ਼ੀ ਕਾਮਿਆਂ ਲਈ ਵੱਡੀ ਰਾਹਤ ਹੋਵੇਗੀ। ਵ੍ਹਾਈਟ ਹਾਊਸ ਕਮਿਸ਼ਨ ਫਾਰ ਏਸ਼ੀਅਨ ਅਮੈਰੀਕਨ, ਨੇਟਿਵ ਹਵਾਈਅਨ ਅਤੇ ਪੈਸੀਫਿਕ ਆਇਲੈਂਡਰ (ਏ.ਏ.ਐਨ.ਐਚ.ਪੀ.ਆਈ.) ਨੇ ਇਸ ਨਾਲ



ਸਬੰਧਤ ਸਿਫਾਰਸ਼ ਨੂੰ ਮਨਜ਼ੂਰੀ ਦੇ ਦਿੱਤੀ ਹੈ। ਗਰੀਨ ਕਾਰਡ ਨੂੰ ਅਧਿਕਾਰਕ ਤੌਰ 'ਤੇ ਸਥਾਈ ਵਾਸੀ ਕਾਰਡ ਵਜੋਂ ਜਾਣਿਆ ਜਾਂਦਾ ਹੈ। ਇਹ ਅਮਰੀਕਾ ਵਿਚ ਪਰਵਾਸੀਆਂ ਨੂੰ ਇਸ ਗੱਲ ਦੇ ਸਬੂਤ ਵਜੋਂ ਜਾਰੀ ਕੀਤਾ ਜਾਣ ਇਕ ਦਸਤਾਵੇਜ਼ ਹੈ ਕਿ ਕਾਰਡ ਧਾਰਕ ਨੂੰ ਦੇਸ਼ ਵਿਚ ਸਥਾਈ ਤੌਰ 'ਤੇ ਰਹਿਣ ਦਾ ਵਿਸ਼ੇਸ਼ ਅਧਿਕਾਰ ਦਿੱਤਾ ਗਿਆ ਹੈ।

### ਲੜੀਵਾਰ 'ਫਰੈਂਡਜ਼' ਦੇ ਅਦਾਕਾਰ ਪੈਰੀ ਦਾ ਦੇਹਾਂਤ

**ਲਾਸ ਏਂਜਲਸ:** ਮਸ਼ਹੂਰ ਅੰਗਰੇਜ਼ੀ ਲੜੀਵਾਰ 'ਫਰੈਂਡਜ਼' ਦੇ ਅਭਿਨੇਤਾ ਮੈਥਿਊ ਪੈਰੀ ਦਾ ਲਾਸ ਏਂਜਲਸ ਵਿਚ ਦੇਹਾਂਤ ਹੋ ਗਿਆ ਹੈ। 'ਐਮੀ ਐਵਾਰਡਜ' ਲਈ ਨਾਮਜ਼ਦ ਹੋਣ ਵਾਲੇ ਮੈਥਿਊ ਨੇ ਲੜੀਵਾਰ ਵਿਚ ਚੈਂਡਲਰ ਬਿੰਗ ਦਾ ਕਿਰਦਾਰ ਨਿਭਾਇਆ ਸੀ। ਇਹ ਟੀਵੀ ਦੀ ਦੁਨੀਆ ਦੇ ਸਭ ਤੋਂ ਮਸ਼ਹੂਰ ਕਿਰਦਾਰਾਂ ਵਿਚੋਂ ਹੈ। ਮੈਥਿਊ (54) ਦੀ ਮੌਤ ਲਾਸ ਏਂਜਲਸ ਵਿਚਲੇ ਉਸ ਦੇ ਘਰ ਵਿਚ ਡੁੱਬਣ ਕਾਰਨ ਹੋਈ ਹੈ। 'ਫਰੈਂਡਜ਼' ਟੀਵੀ ਲੜੀਵਾਰ 1994-2004 ਤੱਕ ਚੱਲਿਆ ਸੀ। ਇਸ ਨੂੰ 2002 ਵਿਚ 'ਸਰਵੋਤਮ ਕਾਮੇਡੀ ਸੀਰੀਜ' ਦਾ ਐਮੀ ਐਵਾਰਡ ਮਿਲਿਆ ਸੀ। ਇਹ ਟੈਲੀਵਿਜ਼ਨ ਦੀ ਦੁਨੀਆ ਦੇ ਸਭ ਤੋਂ ਹਿੱਟ ਲੜੀਵਾਰਾਂ ਵਿਚੋਂ ਹੈ। ਹਾਲੀਆਂ ਸਾਲਾਂ ਵਿਚ ਨੌਜਵਾਨਾਂ ਨੇ ਇਸ ਨੂੰ ਪਸੰਦ ਕੀਤਾ ਹੈ। ਮੈਥਿਊ ਪੈਰੀ ਨੇ ਨਸ਼ੇ ਦੀ ਆਦਤ ਬਾਰੇ ਵੀ ਖੁੱਲ੍ਹ ਕੇ ਗੱਲ ਕੀਤੀ ਸੀ ਤੇ ਲੰਮਾ ਸਮਾਂ ਉਹ ਇਸ ਨਾਲ ਸੰਘਰਸ਼ ਕਰਦੇ ਰਹੇ।

## ਭਾਰਤ ਵੱਲੋਂ ਵੀਜ਼ਾ ਸੇਵਾਵਾਂ ਬਹਾਲ ਕਰਨ ਦਾ ਸਵਾਗਤ

**ਟੋਰਾਂਟੋ:** ਖਾਲਿਸਤਾਨੀ ਹਰਦੀਪ ਸਿੰਘ ਨਿੱਝਰ ਦੀ ਹੱਤਿਆ 'ਤੇ ਪੈਦਾ ਹੋਏ ਕੂਟਨੀਤਕ ਵਿਵਾਦ ਦਰਮਿਆਨ ਕੈਨੇਡਾ ਨੇ ਦੇਸ਼ ਵਿਚ ਕੁਝ ਵੀਜ਼ਾ ਸੇਵਾਵਾਂ ਬਹਾਲ ਕਰਨ ਦੇ ਭਾਰਤ ਦੇ ਫੈਸਲੇ ਦਾ ਸਵਾਗਤ ਕਰਦਿਆਂ ਕਿਹਾ ਹੈ ਕਿ ਇਹ ਕਈ ਕੈਨੇਡੀਅਨ ਨਾਗਰਿਕਾਂ ਲਈ 'ਚਿੰਤਾਜਨਕ ਸਮੇਂ' ਤੋਂ ਬਾਅਦ 'ਚੰਗਾ ਸੰਕੇਤ' ਹੈ। ਕੈਨੇਡਾ ਵਿਚ ਭਾਰਤ ਦੇ ਹਾਈ ਕਮਿਸ਼ਨ ਨੇ ਕਿਹਾ ਸੀ ਕਿ ਉਹ ਕੈਨੇਡਾ ਤੇ ਹੋਰ ਦੇਸ਼ਾਂ ਤੋਂ ਅਰਜ਼ੀਆਂ ਦੇ ਰਹੇ ਕੈਨੇਡੀਅਨ ਨਾਗਰਿਕਾਂ ਲਈ ਕੁਝ ਵਰਗਾਂ ਦੀਆਂ ਵੀਜ਼ਾ ਸੇਵਾਵਾਂ ਮੁੜ ਸ਼ੁਰੂ ਕਰੇਗਾ। ਇਹ ਕਦਮ ਵੀਜ਼ਾ ਸੇਵਾਵਾਂ ਮੁਅੱਤਲ ਕੀਤੇ ਜਾਣ ਤੋਂ ਇਕ ਮਹੀਨੇ ਤੋਂ ਵੀ ਵੱਧ ਸਮੇਂ ਮਗਰੋਂ ਚੁੱਕਿਆ ਗਿਆ ਹੈ। ਓਟਾਵਾ ਵਿਚ ਭਾਰਤੀ ਹਾਈ ਕਮਿਸ਼ਨ ਨੇ ਸੋਸ਼ਲ ਮੀਡੀਆ 'ਤੇ ਪੋਸਟ ਕੀਤੇ ਇਕ ਬਿਆਨ 'ਚ ਕਿਹਾ, 'ਸੁਰੱਖਿਆ ਸਥਿਤੀ ਦੀ ਸਮੀਖਿਆ ਮਗਰੋਂ ਫੈਸਲਾ ਕੀਤਾ ਗਿਆ ਹੈ ਕਿ 26 ਅਕਤੂਬਰ ਤੋਂ ਐਂਟਰੀ ਵੀਜ਼ਾ, ਬਿਜ਼ਨਸ ਵੀਜ਼ਾ, ਮੈਡੀਕਲ ਵੀਜ਼ਾ ਤੇ ਕਾਨਫਰੰਸ ਵੀਜ਼ਾ ਵਰਗਾਂ ਲਈ ਸੇਵਾਵਾਂ ਨੂੰ ਮੁੜ ਸ਼ੁਰੂ ਕੀਤਾ ਜਾਵੇਗਾ।' ਇਸੇ ਦੌਰਾਨ ਸੀ.ਟੀ.ਵੀ. ਨਿਊਜ਼ ਨੇ ਕੈਨੇਡਾ ਦੇ ਆਵਾਸ ਮੰਤਰੀ ਮਾਰਕ ਮਿਲਰ ਦੇ ਹਵਾਲੇ ਨਾਲ ਕਿਹਾ, 'ਸਾਨੂੰ



ਲੱਗਦਾ ਹੈ ਕਿ ਸੇਵਾਵਾਂ ਨੂੰ ਮੁਅੱਤਲ ਕੀਤਾ ਹੀ ਨਹੀਂ ਜਾਣਾ ਚਾਹੀਦਾ ਸੀ।' ਉਨ੍ਹਾਂ ਕਿਹਾ ਕਿ, 'ਭਾਰਤ ਦੇ ਨਾਲ ਅਸਲ ਵਿਚ ਚਿੰਤਾਜਨਕ ਕੂਟਨੀਤਕ ਸਥਿਤੀ ਨੇ ਕਈ ਭਾਈਚਾਰਿਆਂ ਵਿਚ ਕਾਫੀ ਡਰ ਪੈਦਾ ਕਰ ਦਿੱਤਾ ਹੈ।' ਐਮਰਜੈਂਸੀ ਤਿਆਰੀਆਂ ਬਾਰੇ ਮੰਤਰੀ ਤੇ ਸਿੱਖ ਆਗੂ ਹਰਜੀਤ ਸੱਜਣ ਨੇ ਕਿਹਾ ਕਿ ਵੀਜ਼ਾ ਪ੍ਰਕਿਰਿਆ ਦੁਬਾਰਾ ਸ਼ੁਰੂ ਹੋਣਾ ਚੰਗੀ ਖਬਰ ਹੈ, ਪਰ ਉਹ ਇਸ ਉਤੇ ਕਿਆਸਰਾਈਆਂ ਨਹੀਂ ਲਾਉਣਗੇ ਕਿ ਨਵੀਂ ਦਿੱਲੀ ਕੀ ਸੁਨੇਹਾ ਦੇਣ ਦੀ ਕੋਸ਼ਿਸ਼ ਕਰ ਰਹੀ ਹੈ। ਸੱਜਣ ਨੇ ਨਾਲ ਹੀ ਕਿਹਾ ਕਿ ਜੇਕਰ ਭਾਰਤ ਨੇ ਇਹ ਕਦਮ ਚੁੱਕਿਆ ਹੀ ਨਾ ਹੁੰਦਾ ਤਾਂ ਬਿਹਤਰ ਹੁੰਦਾ। ਉਨ੍ਹਾਂ ਕਿਹਾ ਕਿ ਇਹ ਮਹੱਤਵਪੂਰਨ ਹੈ ਕਿ ਵਿਆਹਾਂ ਤੇ ਅੰਤਿਮ ਸੰਸਕਾਰਾਂ ਜਿਹੇ ਕਾਰਜਾਂ ਲਈ ਭਾਰਤੀ ਤੇ ਕੈਨੇਡੀਅਨ ਨਾਗਰਿਕ ਆ-ਜਾ ਸਕਣ।

## ਭਗਵੰਤ ਮਾਨ ਨੇ ਮੱਧ ਪ੍ਰਦੇਸ਼ ਵਿਚ 'ਆਪ' ਲਈ ਵੋਟਾਂ ਮੰਗੀਆਂ

**ਬੁੰਦੇਲਖੰਡ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਮੱਧ ਪ੍ਰਦੇਸ਼ ਵਿਧਾਨ ਸਭਾ ਚੋਣਾਂ ਲਈ ਆਮ ਆਦਮੀ ਪਾਰਟੀ (ਆਪ) ਦੇ ਉਮੀਦਵਾਰਾਂ ਦੇ ਹੱਕ 'ਚ ਚੋਣ ਪ੍ਰਚਾਰ ਕੀਤਾ। ਉਨ੍ਹਾਂ 'ਆਪ' ਉਮੀਦਵਾਰਾਂ ਦੇ ਨਾਲ ਬੁੰਦੇਲਖੰਡ ਖੇਤਰ ਦੇ ਵਿਧਾਨ ਸਭਾ ਹਲਕਾ ਮਹਾਰਾਜਪੁਰ, ਛਤਰਪੁਰ ਨਗਰ ਤੇ ਬਿਜਾਵਰ 'ਚ ਵੱਖ-ਵੱਖ ਥਾਵਾਂ 'ਤੇ ਰੋਡ ਸ਼ੋਅ ਕੀਤਾ ਅਤੇ ਲੋਕਾਂ ਨੂੰ 'ਆਪ' ਨੂੰ ਵੋਟ ਪਾਉਣ ਦੀ ਅਪੀਲ ਕੀਤੀ।

ਸ੍ਰੀ ਮਾਨ ਨੇ ਕਿਹਾ ਕਿ ਜਿਸ ਤਰ੍ਹਾਂ ਉਨ੍ਹਾਂ ਦਿੱਲੀ ਅਤੇ ਪੰਜਾਬ 'ਚ ਕੰਮ ਕੀਤਾ ਹੈ, ਉਸੇ ਤਰ੍ਹਾਂ ਮੱਧ ਪ੍ਰਦੇਸ਼ ਵਿਚ ਸਰਕਾਰ ਬਣਨ ਤੋਂ ਬਾਅਦ ਕੀਤਾ ਜਾਵੇਗਾ। ਇਥੇ ਵੀ ਲੋਕਾਂ ਨੂੰ ਮੁਫਤ ਬਿਜਲੀ ਦਿੱਤੀ ਜਾਵੇਗੀ, ਮੁਹੱਲਾ ਕਲੀਨਿਕ ਬਣਾਏ ਜਾਣਗੇ ਤੇ ਬੱਚਿਆਂ ਲਈ ਚੰਗੇ ਸਰਕਾਰੀ ਸਕੂਲਾਂ ਦਾ ਨਿਰਮਾਣ ਕੀਤਾ ਜਾਵੇਗਾ। ਸ੍ਰੀ ਮਾਨ ਨੇ ਕਿਹਾ ਕਿ ਕੇਜਰੀਵਾਲ ਦੀ ਗਾਰੰਟੀ ਭਾਜਪਾ ਵਾਂਗ ਜੁਮਲਾ ਨਹੀਂ ਹੁੰਦੀ। 'ਆਪ' ਜੋ ਵਾਅਦੇ ਕਰਦੀ ਹੈ,



ਉਸ ਨੂੰ ਪੂਰੀ ਕਰਦੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਰਾਜਨੀਤੀ ਦਾ ਉਦੇਸ਼ ਹੈ ਕਿ ਕਿਸੇ ਵੀ ਵਿਅਕਤੀ ਨੂੰ ਦੋ ਵਕਤ ਦੀ ਰੋਟੀ ਲਈ ਸੋਚਣਾ ਨਾ ਪਵੇ। ਲੋਕਾਂ ਨੂੰ ਆਪਣੇ ਬੱਚਿਆਂ ਦੀ ਪੜ੍ਹਾਈ ਤੇ ਇਲਾਜ ਲਈ ਪੈਸੇ ਦੇਣ ਲਈ ਮਜਬੂਰ ਨਾ ਹੋਣਾ ਪਵੇ। ਇਹ ਤਾਂ ਹੀ ਸੰਭਵ ਹੋ ਸਕਦਾ ਹੈ, ਜਦੋਂ ਚੰਗੀ ਸਿੱਖਿਆ ਤੇ ਚੰਗੀ ਡਾਕਟਰੀ ਸਹੂਲਤਾਂ ਮੁਫ਼ਤ ਉਪਲਬਧ ਹੋਣਗੀਆਂ।

ਮੁੱਖ ਮੰਤਰੀ ਨੇ ਭਾਜਪਾ ਤੇ ਕਾਂਗਰਸ ਉਤੇ ਹਮਲਾ ਕਰਦਿਆਂ ਕਿਹਾ ਕਿ ਸਰਕਾਰ ਬਣਾਉਣ ਤੋਂ ਬਾਅਦ ਦੋਵੇਂ ਪਾਰਟੀਆਂ ਸਾਢੇ ਚਾਰ ਸਾਲ ਲੋਕਾਂ ਨੂੰ ਲੁੱਟਦੀਆਂ ਹਨ ਤੇ ਚੋਣਾਂ ਤੋਂ ਛੇ ਮਹੀਨੇ ਪਹਿਲਾਂ ਕੋਈ ਨਾ ਕੋਈ ਕੰਮ ਕਰਕੇ ਲੋਕਾਂ ਨੂੰ ਮੂਰਖ ਬਣਾਉਂਦੀਆਂ ਹਨ।

ਉਨ੍ਹਾਂ ਕਿਹਾ ਕਿ ਅੰਗਰੇਜ਼ਾਂ ਨੇ 200 ਸਾਲ ਮਿਲ ਕੇ ਭਾਰਤ ਨੂੰ ਲੁੱਟਿਆ ਜਦਕਿ ਕਾਂਗਰਸ ਤੇ ਭਾਜਪਾ ਪੰਜ-ਪੰਜ ਸਾਲ ਦੀਆਂ ਕਿਸ਼ਤਾਂ ਵਿਚ ਦੇਸ਼ ਨੂੰ ਲੁੱਟ ਰਹੀਆਂ ਹਨ। ਉਨ੍ਹਾਂ ਕਿਹਾ ਕਿ ਭਾਜਪਾ ਨੇ ਮੱਧ ਪ੍ਰਦੇਸ਼ 'ਚ ਆਪਣੇ 18 ਸਾਲਾਂ ਦੇ ਸ਼ਾਸਨ ਦੌਰਾਨ ਵੱਡੇ ਪੱਧਰ 'ਤੇ ਭ੍ਰਿਸ਼ਟਾਚਾਰ ਕੀਤਾ ਹੈ। ਇਨ੍ਹਾਂ ਲੋਕਾਂ ਨੇ ਮੱਧ ਪ੍ਰਦੇਸ਼ ਦਾ ਖ਼ਜ਼ਾਨਾ ਲੁੱਟ ਕੇ ਆਪਣੇ ਖ਼ਜ਼ਾਨਾ ਭਰਿਆ ਹੈ।

## ਨੇਪਾਲ ਵੱਲ ਮਦਦ ਦਾ ਹੱਥ ਵਧਾਉਣ ਵਿਕਸਤ ਦੇਸ਼: ਗੁਟੇਰੇਜ਼

**ਕਾਠਮੰਡੂ:** ਨੇਪਾਲ ਦੇ ਪ੍ਰਧਾਨ ਮੰਤਰੀ ਪੁਸ਼ਪ ਕਮਲ ਦਾਹਲ 'ਪ੍ਰਚੰਡ' ਦੇ ਸੱਦੇ 'ਤੇ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਅੰਤੋਨੀਓ ਗੁਟੇਰੇਜ਼ ਹਿਮਾਲੀਅਨ ਦੇਸ ਦੀ ਪਹਿਲੀ ਸਰਕਾਰੀ ਯਾਤਰਾ 'ਤੇ ਇੱਥੇ ਪਹੁੰਚੇ ਹਨ। ਗੁਟੇਰੇਜ਼ ਨੇ ਉਪ ਪ੍ਰਧਾਨ ਮੰਤਰੀ ਅਤੇ ਰੱਖਿਆ ਮੰਤਰੀ ਪੂਰਨ ਬਹਾਦੁਰ ਖੜਕਾ ਅਤੇ ਵਿਦੇਸ਼ ਮੰਤਰੀ ਨਰਾਇਣ ਪ੍ਰਕਾਸ਼ ਸੌਦ ਨਾਲ ਵੀ ਵੱਖ-ਵੱਖ ਮੀਟਿੰਗਾਂ ਕੀਤੀਆਂ।

'ਐਕਸ' ਉਤੇ ਇਕ ਪੋਸਟ ਵਿਚ ਨੇਪਾਲ ਦੇ ਪ੍ਰਧਾਨ ਮੰਤਰੀ ਦਫਤਰ ਨੇ ਕਿਹਾ ਕਿ ਪ੍ਰਧਾਨ ਮੰਤਰੀ ਪ੍ਰਚੰਡ ਅਤੇ ਸੰਯੁਕਤ ਰਾਸ਼ਟਰ ਦੇ ਮੁਖੀ ਗੁਟੇਰੇਜ਼ ਵਿਚਕਾਰ ਮੀਟਿੰਗ ਹੋਈ ਜੋ ਪ੍ਰਧਾਨ ਮੰਤਰੀ ਦੇ ਦੋਸਤਾਨਾ ਸੱਦੇ ਉਤੇ ਨੇਪਾਲ ਦੇ ਅਧਿਕਾਰਤ ਦੌਰੇ 'ਤੇ ਹਨ। ਪ੍ਰਧਾਨ ਮੰਤਰੀ ਪ੍ਰਚੰਡ ਨਾਲ ਮੁਲਾਕਾਤ ਤੋਂ ਬਾਅਦ ਮੀਡੀਆ ਨੂੰ ਸੰਬੋਧਨ ਕਰਦੇ ਹੋਏ ਸੰਯੁਕਤ ਰਾਸ਼ਟਰ ਦੇ ਮੁਖੀ ਨੇ ਨੇਪਾਲ ਨੂੰ ਵਿਸ਼ਵ ਸੰਸਥਾ ਦੇ ਸਮਰਥਨ ਦਾ ਵਾਅਦਾ ਕੀਤਾ ਤਾਂ ਜੋ ਅੰਤਰਰਾਸ਼ਟਰੀ ਮਾਪਦੰਡਾਂ, ਸੁਪਰੀਮ ਕੋਰਟ ਦੇ ਹੁਕਮਾਂ ਅਤੇ ਪੀੜਤਾਂ ਦੀਆਂ ਜਰੂਰਤਾਂ ਨੂੰ ਪੂਰਾ ਕਰਨ ਅਤੇ ਇਸ ਨੂੰ ਅਮਲ ਵਿਚ ਲਿਆਉਣ ਲਈ ਇਕ ਪ੍ਰਕਿਰਿਆ ਵਿਕਸਿਤ ਕੀਤੀ ਜਾ ਸਕੇ।

ਪ੍ਰਧਾਨ ਮੰਤਰੀ ਪ੍ਰਚੰਡ ਦੇ ਨਾਲ ਇਕ ਸਾਂਝੇ ਪ੍ਰੈਸ ਬਿਆਨ ਵਿਚ ਕਿਹਾ ਗਿਆ ਕਿ ਸੰਯੁਕਤ ਰਾਸ਼ਟਰ ਦੇ ਮੁਖੀ ਨੇ ਵਿਕਸਤ ਦੇਸਾਂ ਨੂੰ ਨੇਪਾਲ ਵਰਗੇ ਦੇਸਾਂ ਲਈ ਸਹਾਇਤਾ ਵਧਾਉਣ ਦੀ ਅਪੀਲ ਕੀਤੀ ਜੋ ਜਲਵਾਯੂ ਪਰਿਵਰਤਨ ਦੇ ਪ੍ਰਭਾਵਾਂ ਤੋਂ ਪੀੜਤ ਹਨ। ਉਨ੍ਹਾਂ ਕਿਹਾ ਕਿ ਵਿਕਸਤ ਦੇਸਾਂ ਨੂੰ ਟਿਕਾਊ ਵਿਕਾਸ ਦਾ ਸਮਰਥਨ ਕਰਨ ਲਈ ਕਦਮ ਚੁੱਕਣੇ ਚਾਹੀਦੇ ਹਨ।

# ਪਰਾਲੀ ਪ੍ਰਦੂਸ਼ਣ: ਦਿੱਲੀ, ਪੰਜਾਬ ਅਤੇ ਹਰਿਆਣਾ ਵਿਚਾਲੇ ਟਕਰਾਅ ਵਧਿਆ

**ਚੰਡੀਗੜ੍ਹ:** ਹਵਾ ਪ੍ਰਦੂਸ਼ਣ ਦੀ ਸਮੱਸਿਆ ਬਾਰੇ ਤਿੰਨ ਗੁਆਂਢੀ ਸੂਬੇ ਦਿੱਲੀ, ਪੰਜਾਬ ਅਤੇ ਹਰਿਆਣਾ ਵਿਚ ਟਕਰਾਅ ਵੱਧ ਗਿਆ ਹੈ। ਹਰਿਆਣਾ ਨੇ ਅਜਿਹੀਆਂ ਤਸਵੀਰਾਂ ਜਾਰੀ ਕੀਤੀਆਂ ਹਨ, ਜਿਸ ਵਿਚ ਦਾਅਵਾ ਕੀਤਾ ਗਿਆ ਹੈ ਕਿ ਇਹ ਨੈਸ਼ਨਲ ਏਰੋਨਾਟਿਕਸ ਐਂਡ ਸਪੇਸ ਐਡਮਨਿਸਟ੍ਰੇਸ਼ਨ (ਨਾਸਾ) ਦੀਆਂ ਹਨ ਤੇ ਇਨ੍ਹਾਂ ਵਿਚ ਦਰਸਾਇਆ ਗਿਆ ਹੈ ਕਿ ਹਰਿਆਣਾ ਨਾਲੋਂ ਪੰਜਾਬ ਵਿਚ ਜ਼ਿਆਦਾ ਪਰਾਲੀ ਸਾੜੀ ਜਾ ਰਹੀ ਹੈ।

ਤਸਵੀਰਾਂ ਮੁਤਾਬਕ 25 ਅਤੇ 26 ਅਕਤੂਬਰ ਨੂੰ ਪੰਜਾਬ ਵਿਚ ਹਰਿਆਣਾ ਨਾਲੋਂ ਪਰਾਲੀ ਸਾੜਨ ਦੀਆਂ ਦੁੱਗਣੀਆਂ ਘਟਨਾਵਾਂ ਹੋਈਆਂ ਹਨ। ਪਰਾਲੀ ਸਾੜਨ ਦੇ ਮੁੱਦੇ ਉਤੇ ਹਰਿਆਣਾ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਪੰਜਾਬ 'ਤੇ ਨਿਸ਼ਾਨਾ ਸਾਧਿਆ ਹੈ।

ਉਧਰ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਚੇਅਰਮੈਨ ਆਦਰਸ਼ਪਾਲ ਵਿੱਗ ਨੇ ਕਿਹਾ ਕਿ ਦਿੱਲੀ ਵਿਚ ਫੈਲ ਰਹੇ ਪ੍ਰਦੂਸ਼ਣ ਲਈ ਪੰਜਾਬ ਜ਼ਿੰਮੇਵਾਰ ਨਹੀਂ ਹੈ, ਕਿਉਂਕਿ ਦਿੱਲੀ ਵਿਚ ਆਪਣਾ ਹੀ ਪ੍ਰਦੂਸ਼ਣ ਬਹੁਤ ਜ਼ਿਆਦਾ ਹੈ। ਉਨ੍ਹਾਂ ਆਖਿਆ ਕਿ ਦਿੱਲੀ ਦਾ ਆਪਣਾ ਪ੍ਰਦੂਸ਼ਣ ਹੀ ਕੌਮੀ ਰਾਜਧਾਨੀ ਖੇਤਰ ਨੂੰ ਪ੍ਰਦੂਸ਼ਿਤ ਕਰਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਵਿਚ ਜਿਹੜੇ ਕਿਸਾਨ ਪਰਾਲੀ ਨਹੀਂ ਸਾੜ ਰਹੇ, ਉਨ੍ਹਾਂ ਕਿਸਾਨਾਂ ਦਾ ਸਨਮਾਨ ਕਰਨ ਲਈ ਪੰਜਾਬ ਪੱਧਰ 'ਤੇ ਡਿਪਟੀ



ਕਮਿਸ਼ਨਰਾਂ ਨੂੰ 50-50 ਹਜ਼ਾਰ ਦੀ ਟੋਕਨ ਮਨੀ ਜਾਰੀ ਕਰ ਦਿੱਤੀ ਹੈ।

ਚੇਅਰਮੈਨ ਵਿੱਗ ਨੇ ਕਿਹਾ ਕਿ ਪੰਜਾਬ ਉੱਤੇ ਇਹ ਇਲਜ਼ਾਮ ਲੱਗਦਾ ਰਿਹਾ ਹੈ ਕਿ ਦਿੱਲੀ ਤੇ ਹਰਿਆਣਾ ਵਿਚ ਪ੍ਰਦੂਸ਼ਣ ਫੈਲਾਉਣ ਲਈ ਪੰਜਾਬ ਜ਼ਿੰਮੇਵਾਰ ਹੈ ਜਦਕਿ ਹਰਿਆਣਾ ਵਿਚ ਵੀ ਪਰਾਲੀ ਸਾੜੀ ਜਾ ਰਹੀ ਹੈ ਤੇ ਹਰਿਆਣਾ, ਪੰਜਾਬ ਦੇ ਮੁਕਾਬਲੇ ਦਿੱਲੀ ਦੇ ਨੇੜੇ ਹੈ। ਉਨ੍ਹਾਂ ਆਖਿਆ ਕਿ ਐਤਕੀਂ ਪੰਜਾਬ ਵਿਚ ਪਰਾਲੀ ਸਾੜਨ ਦੀਆਂ ਘਟਨਾਵਾਂ ਪਹਿਲਾਂ ਦੇ ਮੁਕਾਬਲੇ ਕਾਫੀ ਘਟੀਆਂ ਹਨ ਜਿਸ ਕਰਕੇ ਪੰਜਾਬ ਵਿਚ ਅਜੇ ਤੱਕ ਐਨਾ ਪ੍ਰਦੂਸ਼ਣ ਨਹੀਂ ਹੋਇਆ। ਖੇਤਾਂ ਵਿਚ ਪਰਾਲੀ ਨੂੰ ਅੱਗ ਲੱਗਣ ਦੀਆਂ ਘਟਨਾਵਾਂ 'ਤੇ ਨਜ਼ਰ ਰੱਖਣ ਲਈ ਜ਼ਿਲ੍ਹਾ ਪ੍ਰਸ਼ਾਸਨ ਨੇ ਡਰੋਨ ਵਰਤਣ ਦਾ ਫੈਸਲਾ ਕੀਤਾ ਹੈ। ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਦੱਸਿਆ ਕਿ ਜ਼ਿਲ੍ਹੇ ਦੇ ਪਰਾਲੀ ਨੂੰ ਅੱਗ ਲੱਗਣ ਦੇ ਹੌਟਸਪੌਟ ਇਲਾਕਿਆਂ ਵਿਚ ਡਰੋਨ ਨਾਲ ਨਜ਼ਰ ਰੱਖੀ ਜਾਵੇਗੀ ਤਾਂ ਕਿ ਮੌਕੇ 'ਤੇ ਤੁਰਤ ਹੀ ਪੁੱਜ ਕੇ ਕਾਰਵਾਈ ਕੀਤੀ ਜਾ ਸਕੇ।

ਜ਼ਿਕਰਯੋਗ ਹੈ ਕਿ ਦਿੱਲੀ ਦੇ ਮੁੱਖ ਮੰਤਰੀ ਨੇ ਕਈ ਵਾਰ ਹਰਿਆਣਾ ਵਿਚ ਪਰਾਲੀ ਸਾੜਨ ਵਾਲੇ ਕਿਸਾਨਾਂ ਨੂੰ ਦਿੱਲੀ ਵਿਚ ਪ੍ਰਦੂਸ਼ਣ ਵਧਣ ਦਾ ਕਾਰਨ ਦੱਸਿਆ ਹੈ। ਹਰਿਆਣਾ ਨੇ ਕਿਹਾ ਹੈ ਕਿ ਨਾਸਾ ਦੇ 25 ਅਤੇ 26 ਅਕਤੂਬਰ ਦੇ ਅੰਕੜੇ ਹਨ, ਜੋ ਸਪਸ਼ਟ ਤੌਰ 'ਤੇ ਦਰਸਾਉਂਦੇ ਹਨ ਕਿ ਪੰਜਾਬ ਅਤੇ ਹਰਿਆਣਾ ਵਿਚ ਕਿੱਥੇ ਪਰਾਲੀ ਸਾੜੀ ਜਾ ਰਹੀ ਹੈ। ਪੰਜਾਬ ਵਿਚ ਹਰਿਆਣਾ ਦੇ ਮੁਕਾਬਲੇ ਦੁੱਗਣੇ ਤੋਂ ਵੱਧ ਪਰਾਲੀ ਸਾੜਨ ਦੇ ਮਾਮਲੇ ਸਾਹਮਣੇ ਆਏ ਹਨ।

ਖੇਤੀ ਵਿਰਾਸਤ ਮਿਸ਼ਨ ਦੇ ਕਾਰਜਕਾਰੀ ਡਾਇਰੈਕਟਰ ਉਮੇਂਦਰ ਦੱਤ ਨੇ ਕਿਹਾ ਕਿ ਇਕ ਟਨ ਪਰਾਲੀ ਸਾੜੇ ਜਾਣ ਕਾਰਨ ਵਾਤਾਵਰਨ 'ਚ ਤਿੰਨ ਕਿਲੋਗ੍ਰਾਮ ਦੂਸ਼ਿਤ ਕਣ, 60 ਕਿਲੋਗ੍ਰਾਮ ਕਾਰਬਨ ਮੋਨੋਆਕਸਾਈਡ, 1460 ਕਿਲੋਗ੍ਰਾਮ ਕਾਰਬਨ ਆਕਸਾਈਡ, 199 ਕਿਲੋਗ੍ਰਾਮ ਸੁਆਹ ਅਤੇ ਦੋ ਕਿਲੋਗ੍ਰਾਮ ਸਲਫਰ ਆਕਸਾਈਡ ਘੁਲਦੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਪਰਾਲੀ ਸਾੜੇ ਜਾਣ ਕਾਰਨ ਗਰੀਨ ਹਾਊਸ ਗੈਸਾਂ ਦੀ ਭਾਰੀ ਨਿਕਾਸੀ ਤੋਂ ਇਲਾਵਾ ਸੂਬੇ ਨੂੰ ਹਰ ਸਾਲ 38.5 ਲੱਖ ਮੀਟਰਿਕ ਟਨ ਆਰਗੈਨਿਕ ਕਾਰਬਨ, 59 ਹਜ਼ਾਰ ਮੀਟਰਿਕ ਟਨ ਨਾਈਟਰੋਜਨ, 2 ਹਜ਼ਾਰ ਮੀਟਰਿਕ ਟਨ ਫਾਸਫੋਰਸ ਅਤੇ 34 ਹਜ਼ਾਰ ਮੀਟਰਿਕ ਟਨ ਪੋਟਾਸ਼ੀਅਮ ਦਾ ਨੁਕਸਾਨ ਝੱਲਣਾ ਪੈ ਰਿਹਾ ਹੈ। ਉਮੇਂਦਰ ਦੱਤ ਨੇ ਦੱਸਿਆ ਕਿ ਉਨ੍ਹਾਂ ਦੀ ਜਥੇਬੰਦੀ ਵੱਲੋਂ 'ਪ੍ਰੋਜੈਕਟ ਭੂਮੀ' ਮੁਹਿੰਮ ਸ਼ੁਰੂ ਕੀਤੀ ਗਈ ਹੈ ਜਿਸ ਤਹਿਤ ਮਾਲਵੇ ਦੇ ਛੇ ਜ਼ਿਲ੍ਹਿਆਂ ਫਰੀਦਕੋਟ, ਬਠਿੰਡਾ, ਸੰਗਰੂਰ, ਪਟਿਆਲਾ, ਮੁਕਤਸਰ ਅਤੇ ਮਾਨਸਾ ਦੇ 200 ਪਿੰਡਾਂ 'ਚ ਮੀਟਿੰਗਾਂ, ਨੁੱਕੜ ਨਾਟਕ, ਦੀਵਾਰਾਂ 'ਤੇ ਪੇਂਟਿੰਗਾਂ ਬਣਾ ਕੇ ਕਿਸਾਨਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ। ਫਰੀਦਕੋਟ ਦੇ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਅਤੇ ਹਸਪਤਾਲ ਦੇ ਇਕ ਡਾਕਟਰ ਨੇ ਕਿਹਾ ਕਿ ਪਰਾਲੀ ਦੇ ਧੂੰਏਂ ਨਾਲ ਵਾਤਾਵਰਨ 'ਚ ਮੌਜੂਦ ਗੈਸਾਂ ਮੀਥੇਨ, ਨਾਈਟਰੋਜਨ ਆਕਸਾਈਡ ਅਤੇ ਅਮੋਨੀਆ ਦੇ ਮਿਲਣ ਕਾਰਨ ਖਿੱਤੇ 'ਚ ਜ਼ਹਿਰੀਲੀ ਹਵਾ ਫੈਲ ਗਈ ਹੈ।

### ਦਸਹਿਰੇ ਮਗਰੋਂ ਪੰਜਾਬ ਦੀ ਹਵਾ ਪ੍ਰਦੂਸ਼ਤ ਹੋਈ

**ਚੰਡੀਗੜ੍ਹ:** ਦਸਹਿਰੇ ਮਗਰੋਂ ਪੰਜਾਬ ਦੀ ਹਵਾ ਆਮ ਦਿਨਾਂ ਦੇ ਮੁਕਾਬਲੇ ਗੰਧਲੀ ਹੋ ਗਈ ਹੈ। ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਇਸ ਨੂੰ ਦਰਮਿਆਨੀ ਸ਼੍ਰੇਣੀ ਵਿਚ ਰੱਖਿਆ ਗਿਆ ਹੈ ਪਰ ਆਉਣ ਵਾਲੇ ਦਿਨਾਂ ਵਿਚ ਪ੍ਰਦੂਸ਼ਣ ਹੋਰ ਵਧਣ ਦਾ ਖਦਸ਼ਾ ਹੈ। ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਜਾਰੀ ਅੰਕੜਿਆਂ ਅਨੁਸਾਰ ਸੂਬੇ ਵਿਚ ਅੰਮ੍ਰਿਤਸਰ ਦੀ ਹਵਾ ਸਭ ਤੋਂ ਗੰਧਲੀ ਰਹੀ ਜਦਕਿ ਬਠਿੰਡਾ ਦੀ ਹਵਾ ਸਭ ਤੋਂ ਸਾਫ ਦਰਜ ਕੀਤੀ ਗਈ ਹੈ। ਜਾਣਕਾਰੀ ਅਨੁਸਾਰ ਅੰਮ੍ਰਿਤਸਰ ਦਾ ਏਕਿਊਆਈ 129 ਅਤੇ ਬਠਿੰਡਾ ਦਾ ਏਕਿਊਆਈ 77 ਦਰਜ ਕੀਤਾ ਗਿਆ। ਇਸੇ ਤਰ੍ਹਾਂ ਰੂਪਨਗਰ ਦਾ ਏਕਿਊਆਈ 127, ਜਲੰਧਰ ਦਾ 112, ਲੁਧਿਆਣਾ ਦਾ 114, ਪਟਿਆਲਾ ਦਾ 106 ਅਤੇ ਖੰਨਾ ਦਾ ਏਕਿਊਆਈ 78 ਦਰਜ ਕੀਤਾ ਗਿਆ ਹੈ।

# ਵਿਰੋਧੀ ਧਿਰ ਨੇ ਨਸ਼ਾ ਤਸਕਰੀ ਦੇ ਮਾਮਲੇ ਉਤੇ ਮਾਨ ਸਰਕਾਰ ਨੂੰ ਘੇਰਿਆ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਸੀਨੀਅਰ ਆਗੂ ਤੇ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਨੇ ਵਾਰ-ਵਾਰ ਸੂਬੇ ਨੂੰ ਨਸ਼ਿਆਂ ਤੋਂ ਮੁਕਤ ਕਰਨ ਦਾ ਦਾਅਵਾ ਕੀਤਾ ਹੈ ਪਰ ਅਸਲੀਅਤ ਵਿਚ 'ਆਪ' ਸਰਕਾਰ ਦੇ 19 ਮਹੀਨਿਆਂ ਦੇ ਰਾਜ ਦੌਰਾਨ ਸੂਬੇ 'ਚ ਨਸ਼ਿਆਂ ਦੀ ਵਰਤੋਂ ਤੇ ਤਸਕਰੀ ਵਧੀ ਹੈ। ਉਨ੍ਹਾਂ ਕਿਹਾ ਕਿ ਪਿਛਲੇ 10 ਮਹੀਨਿਆਂ 'ਚ ਦੋ ਨਸ਼ਾ ਵਿਰੋਧੀ ਕਾਰਕੁਨਾਂ ਦਾ ਕਤਲ ਹੋ ਚੁੱਕਾ ਹੈ, ਉਨ੍ਹਾਂ ਦੇ ਪਰਿਵਾਰ ਨੂੰ ਹਾਲੇ ਤੱਕ ਇਨਸਾਫ ਨਹੀਂ ਮਿਲਿਆ।



ਸ੍ਰੀ ਬਾਜਵਾ ਨੇ ਕਿਹਾ ਕਿ ਭ੍ਰਿਸ਼ਟਾਚਾਰ ਦੇ ਖਾਤਮੇ ਦੇ ਦਾਅਵੇ ਕਰਨ ਵਾਲੀ ਸਰਕਾਰ ਆਪਣੇ ਹੀ ਮੰਤਰੀਆਂ ਤੇ ਵਿਧਾਇਕਾਂ ਨੂੰ ਕਟਹਿਰੇ ਵਿਚ ਖੜ੍ਹਾ ਕਰਨ ਵਿਚ ਅਸਫਲ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਨੇ ਖ਼ੁਦ ਦਾਅਵਾ ਕੀਤਾ ਸੀ ਕਿ ਉਨ੍ਹਾਂ ਕੋਲ ਪੰਜਾਬ ਦੇ ਸਾਬਕਾ ਸਿਹਤ ਮੰਤਰੀ ਵਿਜੈ ਸਿੰਗਲਾ ਵਿਰੁੱਧ ਕੁਝ ਵੀਡੀਓ ਸਬੂਤ ਹਨ, ਪਰ ਉਨ੍ਹਾਂ ਵਿਰੁੱਧ ਕੋਈ ਸਖ਼ਤ ਕਾਨੂੰਨੀ ਕਾਰਵਾਈ ਨਹੀਂ ਕੀਤੀ ਗਈ। ਉਨ੍ਹਾਂ ਕਿਹਾ ਕਿ ਅਜਿਹੇ ਭ੍ਰਿਸ਼ਟ 'ਆਪ' ਮੰਤਰੀਆਂ ਅਤੇ ਵਿਧਾਇਕਾਂ ਦੀ ਸੂਚੀ ਬਹੁਤ ਲੰਬੀ ਹੈ।

ਵਿਰੋਧੀ ਧਿਰ ਦੇ ਆਗੂ ਨੇ ਕਿਹਾ ਕਿ ਜਦੋਂ ਤੋਂ 'ਆਪ' ਨੇ ਸੱਤਾ ਸੰਭਾਲੀ ਹੈ, ਉਦੋਂ ਤੋਂ ਸੂਬੇ ਦੀ ਆਰਥਿਕਤਾ 'ਆਈ.ਸੀ.ਯੂ' ਵਿਚ ਹੈ। 'ਆਪ' ਬੇਰੁਜ਼ਗਾਰੀ ਖ਼ਤਮ ਕਰਨ ਦੇ ਝੂਠੇ ਅੰਕੜੇ ਤਿਆਰ ਕਰ ਰਹੀ ਹੈ। ਸਿਹਤ ਤੇ ਸਿੱਖਿਆ ਦਾ ਪੱਧਰ ਹੇਠਾਂ ਨੂੰ ਜਾ ਰਿਹਾ ਹੈ, ਪਰ ਪੰਜਾਬ ਦੇ ਮੁੱਖ ਮੰਤਰੀ ਸਫਲਤਾ ਦੀਆਂ ਝੂਠੀਆਂ ਕਹਾਣੀਆਂ ਨਾਲ ਪਾਰਟੀ ਕਾਡਰ ਨੂੰ ਪ੍ਰੇਰਿਤ ਕਰਨ ਲੱਗੇ ਹਨ।

### ਪੰਜਾਬ 'ਚ ਕਾਨੂੰਨ ਨਾਂ ਦੀ ਕੋਈ ਚੀਜ਼ ਨਹੀਂ: ਸੁਖਬੀਰ



**ਚੰਡੀਗੜ੍ਹ:** ਸੁਖਬੀਰ ਬਾਦਲ ਨੇ ਕਿਹਾ ਕਿ ਪੰਜਾਬ ਵਿਚ ਕਾਨੂੰਨ ਨਾਮ ਦੀ ਕੋਈ ਚੀਜ਼ ਨਹੀਂ ਹੈ। ਉਨ੍ਹਾਂ ਕਿਹਾ ਕਿ ਬੀਤੇ ਦਿਨੀਂ ਇਕ ਅਧਿਆਪਕਾ ਨੇ ਸਿੱਖਿਆ ਮੰਤਰੀ ਖ਼ਿਲਾਫ਼ ਖ਼ੁਦਕੁਸ਼ੀ ਨੋਟ ਲਿਖ ਕੇ ਆਤਮਹੱਤਿਆ ਕਰ ਲਈ ਅਤੇ ਪੁਲਿਸ ਨੇ ਅਧਿਆਪਕਾ ਦੇ ਖ਼ੁਦਕੁਸ਼ੀ ਨੋਟ ਦੀ ਪੜਤਾਲ ਵੀ ਕਰ ਲਈ ਪਰ ਹੁਣ ਤੱਕ ਸਿੱਖਿਆ ਮੰਤਰੀ ਖ਼ਿਲਾਫ਼ ਪਰਚਾ ਦਰਜ ਕਰਕੇ ਉਸ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ, ਕਿਉਂਕਿ ਉਹ ਸੱਤਾਧਾਰੀ ਪਾਰਟੀ ਦੇ ਆਗੂ ਹੈ। ਉਨ੍ਹਾਂ ਭਗਵੰਤ ਮਾਨ ਨੂੰ ਲਲਕਾਰਦਿਆਂ ਕਿਹਾ ਕਿ ਮੁੱਖ ਮੰਤਰੀ ਅਤੇ ਉਸ ਦੇ ਸਾਥੀ ਵਜ਼ੀਰਾਂ ਖ਼ਿਲਾਫ਼ ਅਕਾਲੀ ਦਲ ਨੂੰ ਹੁਣ ਤੱਕ ਇਕ ਹਜ਼ਾਰ ਤੋਂ ਵੱਧ ਸ਼ਿਕਾਇਤਾਂ ਮਿਲ ਚੁੱਕੀਆਂ ਹਨ, ਸਮਾਂ ਸਭ ਦਾ ਆਉਂਦਾ ਹੈ, ਇਸ ਲਈ ਭਗਵੰਤ ਮਾਨ ਕਾਰਵਾਈ ਲਈ ਤਿਆਰ ਰਹਿਣ।

# ਯੂਨੀਵਰਸਿਟੀ ਵੱਲੋਂ ਪ੍ਰੋਫੈਸਰ ਸੁਰਜੀਤ ਤੋਂ ਜਵਾਬ ਤਲਬ

**ਪਟਿਆਲਾ:** ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਵਿਦਿਆਰਥਣ ਦੀ ਮੌਤ ਦੇ ਮਾਮਲੇ ਵਿਚ ਯੂਨੀਵਰਸਿਟੀ ਨੇ ਪ੍ਰੋਫੈਸਰ ਸੁਰਜੀਤ ਤੋਂ 15 ਦਿਨਾਂ ਦੇ ਅੰਦਰ-ਅੰਦਰ ਜਵਾਬ ਮੰਗਿਆ ਹੈ।

ਯਾਦ ਰਹੇ ਕਿ ਯੂਨੀਵਰਸਿਟੀ ਦੀ ਇਕ ਵਿਦਿਆਰਥਣ ਦੀ ਮੌਤ ਤੋਂ ਬਾਅਦ ਮਾਮਲਾ ਵਾਹਵਾ ਭਖ ਗਿਆ ਸੀ। ਕੁਝ ਧਿਰਾਂ ਨੇ ਪ੍ਰੋਫੈਸਰ ਸੁਰਜੀਤ ਉਤੇ ਵਿਦਿਆਰਥਣ ਨੂੰ ਛੁੱਟੀ ਨਾ ਦੇਣ ਅਤੇ ਦੁਰਵਿਹਾਰ ਦੇ ਦੋਸ਼ ਲਾਏ ਸਨ। ਇਸੇ ਦੌਰਾਨ ਧਰਨਾ ਦੇ ਰਹੇ ਕੁਝ ਲੋਕਾਂ ਨੇ ਪ੍ਰੋਫੈਸਰ ਸੁਰਜੀਤ ਉਤੇ ਹਮਲਾ ਵੀ ਕਰ ਦਿੱਤਾ ਸੀ ਜਿਸ ਕਾਰਨ ਉਨ੍ਹਾਂ ਨੂੰ ਹਸਪਤਾਲ ਦਾਖਲ ਕਰਵਾਉਣਾ ਪਿਆ ਸੀ। ਇਸ ਸਬੰਧੀ ਕਈ ਵਿਦਿਆਰਥੀਆਂ ਖਿਲਾਫ ਕੇਸ ਵੀ ਦਰਜ ਕੀਤਾ ਗਿਆ ਹੈ।



ਇਨ੍ਹਾਂ ਮਾਮਲਿਆਂ ਦੀ ਜਾਂਚ ਲਈ ਯੂਨੀਵਰਸਿਟੀ ਨੇ ਦੋ ਮੈਂਬਰੀ ਕਮੇਟੀ ਬਣਾਈ ਸੀ ਜਿਸ ਦੀ ਰਿਪੋਰਟ ਲਗਭਗ ਦੋ ਹਫਤੇ ਪਹਿਲਾਂ ਯੂਨੀਵਰਸਿਟੀ ਨੂੰ ਸੌਂਪ ਦਿੱਤੀ ਗਈ ਸੀ। ਕਮੇਟੀ ਦੀ ਰਿਪੋਰਟ ਅਨੁਸਾਰ ਵਿਦਿਆਰਥਣ ਦੀ ਮੌਤ ਬਿਮਾਰ ਹੋਣ ਕਾਰਨ ਹੋਈ ਹੈ। ਰਿਪੋਰਟ ਵਿਚ ਇਹ ਵੀ ਕਿਹਾ ਗਿਆ ਕਿ ਪ੍ਰੋਫੈਸਰ ਦਾ ਵਿਦਿਆਰਥੀਆਂ ਪ੍ਰਤੀ ਵਤੀਰਾ ਠੀਕ ਨਹੀਂ ਸੀ। ਕੁਝ ਧਿਰਾਂ ਦਾ ਕਹਿਣਾ ਸੀ ਕਿ ਇਹ ਮਾਮਲਾ ਜਾਣ-ਬੁਝ ਕੇ ਵਧਾਇਆ ਗਿਆ ਕਿਉਂਕਿ ਪ੍ਰੋਫੈਸਰ ਸੁਰਜੀਤ ਵਿਰੋਧੀ ਧਿਰ ਦੀਆਂ ਅੱਖਾਂ ਵਿਚ ਰੜਕਦਾ ਸੀ।

# ਦਰਿਆਈ ਪਾਣੀਆਂ ਦੀ ਲੜਾਈ ਸਿਆਸੀ ਏਕੇ ਨਾਲ ਲੜਨ ਦਾ ਸੱਦਾ


**ਚੰਡੀਗੜ੍ਹ:** ਪੰਜਾਬ ਦੀ ਸਮੁੱਚੀ ਵਿਰੋਧੀ ਧਿਰ ਅਤੇ ਮਾਹਿਰਾਂ ਨੇ ਦਰਿਆਈ ਪਾਣੀਆਂ ਦੇ ਮੁੱਦੇ 'ਤੇ ਵਿਚਾਰ ਵਟਾਂਦਰਾ ਕੀਤਾ ਜਿਸ 'ਚ ਸੂਬੇ ਦੇ ਪਾਣੀਆਂ ਦੇ ਮੁੱਦੇ 'ਤੇ ਨਿਆਂ ਲੈਣ ਲਈ ਅਤੀਤ ਦੀਆਂ ਭੁੱਲਾਂ ਨੂੰ ਦਰਕਿਨਾਰ ਕਰਦੇ ਹੋਏ ਅਗਲੀਆਂ ਪੀੜ੍ਹੀਆਂ ਲਈ ਸਿਆਸੀ ਸੰਜੀਦਗੀ ਅਤੇ ਇਕਜੁੱਟਤਾ ਨਾਲ ਪੰਜਾਬ ਲਈ ਸਾਂਝੀ ਲੜਾਈ ਲੜਨ ਦਾ ਅਹਿਦ ਲਿਆ। ਇਸ ਮੌਕੇ ਪੰਜਾਬ ਸਰਕਾਰ ਨੂੰ ਪਹਿਲ ਕਰਨ ਦਾ ਸੱਦਾ ਦਿੰਦਿਆਂ ਸਿਆਸੀ ਪਾਰਟੀਆਂ, ਸਮਾਜਿਕ ਤੇ ਕਿਸਾਨ ਸੰਗਠਨਾਂ ਨੂੰ ਇਕੱਠੇ ਹੋਣ ਦਾ ਹੋਕਾ ਦਿੱਤਾ ਗਿਆ। ਕਾਂਗਰਸੀ ਵਿਧਾਇਕ ਪਰਗਟ ਸਿੰਘ ਵੱਲੋਂ ਸਮਾਜਿਕ ਸੰਸਥਾ 'ਸਾਰਥੀ' ਨਾਲ 'ਪੰਜਾਬ ਦੇ ਪਾਣੀ: ਸੰਕਟ ਦਾ ਸੱਚ' ਵਿਸ਼ੇ 'ਤੇ ਬਹਿਸ ਕਰਵਾ ਕੇ ਸਮੁੱਚੀ ਵਿਰੋਧੀ ਧਿਰ ਨੂੰ ਇਕੱਠਾ ਕਰਨ ਦਾ ਯਤਨ ਕੀਤਾ ਗਿਆ।



ਇੱਥੇ ਪੰਜਾਬ ਯੂਨੀਵਰਸਿਟੀ ਦੇ ਆਨੰਦ ਆਡੀਟੋਰੀਅਮ 'ਚ ਸਿਆਸੀ ਸ਼ਖ਼ਸੀਅਤਾਂ ਨੂੰ ਵੀ ਸੰਖੇਪ 'ਚ ਬੋਲਣ ਦਾ ਮੌਕਾ ਦਿੱਤਾ ਗਿਆ। ਬੁੱਧੀਜੀਵੀ ਪਿਆਰੇ ਲਾਲ ਗਰਗ ਨੇ ਸਲਾਹ ਦਿੱਤੀ ਕਿ ਪੰਜਾਬ ਦੇ ਹਿੱਤਾਂ ਲਈ ਇਕੱਠੇ ਹੋ ਕੇ ਲੜਨ ਦੀ ਲੋੜ ਹੈ ਜਿਸ ਲਈ ਭਾਵੇਂ ਵਿਧਾਨ ਸਭਾ ਸੈਸ਼ਨ ਜਾਂ ਸਰਬ ਪਾਰਟੀ ਮੀਟਿੰਗ ਸੱਦੀ ਜਾਵੇ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਪਾਣੀਆਂ 'ਤੇ ਮਾਲਕੀ ਦਾ ਹੱਕ ਛੱਡਣਾ ਨਹੀਂ ਚਾਹੀਦਾ ਕਿਉਂਕਿ ਇਹ ਪਾਣੀ ਸਾਡੇ ਅਰਥਚਾਰਾ ਦਾ ਧੁਰਾ ਹਨ ਅਤੇ ਸੂਬਾ ਪਾਣੀ ਦੀ ਘਾਟ ਨਾਲ ਜੂਝ ਰਿਹਾ ਹੈ।

ਪੱਤਰਕਾਰ ਸੁਖਦੇਵ ਸਿੰਘ ਨੇ ਤੱਥਾਂ ਦੇ ਹਵਾਲੇ ਨਾਲ ਪਾਣੀਆਂ 'ਚ ਹੋਈ ਧੱਕੇਸ਼ਾਹੀ ਦੀ ਗੱਲ ਕੀਤੀ। ਸਾਬਕਾ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਨੇ ਕਿਹਾ ਕਿ ਪਾਣੀਆਂ ਦੇ ਮੁੱਦੇ 'ਤੇ ਲੋਕ ਅੰਦੋਲਨ ਛੇੜਨ ਦੀ ਲੋੜ ਹੈ। ਪੰਜਾਬ ਨੂੰ ਬੀਕਾਨੇਰ ਦਾ ਪਾਣੀ ਬੰਦ ਕਰ ਦੇਣਾ ਚਾਹੀਦਾ ਹੈ ਕਿਉਂਕਿ ਪੁਰਾਣੇ ਸਮੇਂ ਵਿਚ ਇਸ ਬਾਰੇ ਹੋਇਆ ਸਮਝੌਤਾ ਕਦੇ ਨਵਿਆਇਆ ਨਹੀਂ ਗਿਆ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਨੇਤਾ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਹਰਿਆਣਾ ਨੂੰ ਕਿਸੇ ਕੀਮਤ 'ਤੇ ਪਾਣੀ ਜਾਣ ਨਹੀਂ ਦਿੱਤਾ ਜਾਵੇਗਾ।

### ਪੰਜਾਬ ਲਈ ਡਟ ਕੇ ਲੜਾਈ ਲੜਨੀ ਪਵੇਗੀ: ਜਾਖੜ



**ਚੰਡੀਗੜ੍ਹ:** ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਪੰਜਾਬ ਦੇ ਪਾਣੀ ਦਾ ਹੱਕ ਮਾਰ ਕੇ ਦੂਸਰੇ ਸੂਬੇ ਨੂੰ ਜਾਣਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਹ ਕਿਸਾਨ ਅਤੇ ਪੰਜਾਬੀ ਪਹਿਲਾਂ ਹਨ ਜਦੋਂ ਕਿ ਪਾਰਟੀ ਵਿਚ ਨੇਤਾ ਮਗਰੋਂ। ਉਨ੍ਹਾਂ ਕਿਹਾ ਕਿ ਪੰਜਾਬ ਦੀਆਂ ਟੇਲਾਂ 'ਤੇ ਪਾਣੀ ਨਹੀਂ ਅਤੇ ਜ਼ਮੀਨੀ ਪਾਣੀ ਹੇਠਾਂ ਜਾ ਚੁੱਕਾ ਹੈ। ਪੰਜਾਬ ਵਿਚ ਇਸ ਮੁੱਦੇ 'ਤੇ ਡਟ ਕੇ ਲੜਾਈ ਲੜਨੀ ਪਵੇਗੀ। ਸਾਬਕਾ ਮੁੱਖ ਮੰਤਰੀ ਚਰਨਜੀਤ ਚੰਨੀ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਅਪੀਲ ਕੀਤੀ ਕਿ ਉਹ ਪਾਣੀਆਂ ਦੇ ਮੁੱਦੇ ਦੇ ਹੱਲ ਲਈ ਸਾਰਥਿਕ ਮਾਹੌਲ ਬਣਾਉਣ ਤੇ ਸੰਕਟ ਦਾ ਸਾਹਮਣਾ ਕਰਨ ਲਈ ਸਾਰੇ ਜਣੇ ਇਕੱਠੇ ਹੋਣ। ਉਨ੍ਹਾਂ ਕਿਹਾ ਕਿ ਇਸ ਮਾਮਲੇ ਦੀ ਮੁੱਖ ਮੰਤਰੀ ਅਗਵਾਈ ਕਰਨ ਅਤੇ ਸਮੁੱਚੇ ਸਿਆਸੀ ਪਰਿਵਾਰ ਨਾਲ ਲੈ ਕੇ ਚੱਲਣ।

# ਸੰਯੁਕਤ ਰਾਸ਼ਟਰ ਦੀ ਰਿਪੋਰਟ ਵਿਚ ਪੰਜਾਬ ਦੇ ਜ਼ਮੀਨੀ ਪਾਣੀ ਬਾਰੇ ਚਿਤਾਵਨੀ

**ਨਵੀਂ ਦਿੱਲੀ:** ਸੰਯੁਕਤ ਰਾਸ਼ਟਰ ਦੀ ਨਵੀਂ ਰਿਪੋਰਟ ਅਨੁਸਾਰ ਭਾਰਤ ਵਿਚ ਸਿੰਧੂ-ਗੰਗਾ ਦੇ ਮੈਦਾਨ ਦੇ ਕੁਝ ਖੇਤਰ ਪਹਿਲਾਂ ਹੀ ਧਰਤੀ ਹੇਠਲੇ ਪਾਣੀ ਦੀ ਕਮੀ ਦੇ ਖਤਰਨਾਕ ਪੱਧਰ ਨੂੰ ਪਾਰ ਕਰ ਚੁੱਕੇ ਹਨ ਅਤੇ ਪੂਰੇ ਉੱਤਰ-ਪੱਛਮੀ ਖੇਤਰ ਵਿਚ 2025 ਤੱਕ ਧਰਤੀ ਹੇਠਲੇ ਪਾਣੀ ਦਾ ਖਤਰਨਾਕ ਢੰਗ ਨਾਲ ਡਿੱਗਣ ਤੇ ਪਾਣੀ ਦਾ ਗੰਭੀਰ ਸੰਕਟ ਪੈਦਾ ਹੋਣ ਦਾ ਖਦਸ਼ਾ ਹੈ। ਸੰਯੁਕਤ ਰਾਸ਼ਟਰ ਯੂਨੀਵਰਸਿਟੀ-ਇੰਸਟੀਚਿਊਟ ਫਾਰ ਐਨਵਾਇਰਮੈਂਟ ਐਂਡ ਹਿਊਮਨ ਸਕਿਓਰਿਟੀ ਵੱਲੋਂ ਪ੍ਰਕਾਸ਼ਿਤ 'ਇੰਟਰਕਨੈਕਟਡ ਡਿਜ਼ਾਸਟਰ ਰਿਸਕ ਰਿਪੋਰਟ 2023' ਰਿਪੋਰਟ ਇਸ ਗੱਲ ਨੂੰ ਉਜਾਗਰ ਕਰਦੀ ਹੈ ਕਿ ਦੁਨੀਆਂ ਤੇਜ਼ੀ ਨਾਲ ਤਬਾਹ ਹੋਣ, ਧਰਤੀ ਹੇਠਲੇ ਪਾਣੀ ਦੀ ਕਮੀ, ਪਿਘਲਦੇ ਪਹਾੜੀ ਗਲੇਸ਼ੀਅਰ, ਪੁਲਾੜ ਦਾ ਮਲਬਾ, ਅਸਹਿ ਗਰਮੀ ਅਤੇ ਅਨਿਸਚਿਤ ਭਵਿੱਖ ਵੱਲ ਰਹੀ ਹੈ।

ਸੰਯੁਕਤ ਰਾਸ਼ਟਰ ਯੂਨੀਵਰਸਿਟੀ ਨੇ 2023 ਦੇ ਵਾਤਾਵਰਨ ਦੇ ਖਤਰਿਆਂ ਬਾਰੇ ਆਪਣੀ ਰਿਪੋਰਟ ਵਿਚ ਪੰਜਾਬ ਤੇ ਹਰਿਆਣਾ ਵਿਚ ਜ਼ਮੀਨੀ ਪਾਣੀ ਘਟਣ ਬਾਰੇ ਚਿੰਤਾ ਪ੍ਰਗਟਾਈ ਹੈ। ਰਿਪੋਰਟ ਨੇ ਚਿਤਾਵਨੀ ਦਿੱਤੀ ਹੈ ਕਿ ਆਉਣ ਵਾਲੇ ਸਾਲਾਂ ਵਿਚ ਇਸ ਖਿੱਤੇ ਵਿਚ ਜ਼ਮੀਨੀ ਪਾਣੀ ਦੀ ਭਾਰੀ ਕਿੱਲਤ ਆਏਗੀ ਤੇ ਅਸੀਂ ਖਤਰਨਾਕ




ਸਥਿਤੀ ਵੱਲ ਵਧ ਰਹੇ ਹਾਂ।

ਇਕ ਅਨੁਮਾਨ ਅਨੁਸਾਰ ਧਰਤੀ ਦਾ ਇਕ-ਤਿਹਾਈ ਹਿੱਸਾ ਬੰਜਰ ਹੋਣ ਵੱਲ ਵਧ ਰਿਹਾ ਹੈ ਅਤੇ ਹਰ ਸਾਲ 1.2 ਲੱਖ ਵਰਗ ਕਿਲੋਮੀਟਰ ਇਲਾਕਾ ਬੰਜਰ ਵਿਚ ਤਬਦੀਲ ਹੋ ਜਾਂਦਾ ਹੈ। ਅਜਿਹੀਆਂ ਤਬਦੀਲੀਆਂ ਦਾ ਉਨ੍ਹਾਂ ਇਲਾਕਿਆਂ ਦੇ ਲੋਕਾਂ 'ਤੇ ਬਹੁਤ ਮਾੜਾ ਪ੍ਰਭਾਵ ਪਵੇਗਾ। ਦੁਨੀਆਂ ਦੇ ਦੋ-ਤਿਹਾਈ ਲੋਕ ਪਹਿਲਾਂ ਹੀ ਅਜਿਹੇ ਹਾਲਾਤ ਵਿਚ ਹਨ ਜਿਨ੍ਹਾਂ ਵਿਚ ਪਾਣੀ ਦੀ ਕੁਝ ਹੱਦ ਤੱਕ ਕਮੀ ਹੈ। ਇਹੀ ਨਹੀਂ, ਅਜਿਹੇ ਵਰਤਾਰਿਆਂ ਕਰ ਕੇ 2050 ਤੱਕ ਫਸਲਾਂ ਦੀ ਪੈਦਾਵਾਰ 10 ਫੀਸਦੀ ਤੱਕ ਘਟ ਸਕਦੀ ਹੈ ਅਤੇ ਅਜਿਹਾ ਪ੍ਰਭਾਵ ਚੀਨ, ਭਾਰਤ ਤੇ ਅਫਰੀਕਾ ਮਹਾਂਦੀਪ ਦੇ ਸਬ-ਸਹਾਰਨ ਇਲਾਕਿਆਂ ਵਿਚ ਵੇਖਿਆ ਜਾਵੇਗਾ।

ਪੰਜਾਬ ਦੀ ਸਥਿਤੀ ਬਹੁਤ ਜਟਿਲ ਹੈ। ਸੂਬੇ ਦੇ 109 ਬਲਾਕਾਂ ਵਿਚ ਜ਼ਮੀਨੀ ਪਾਣੀ ਦੀ ਹਾਲਤ ਅਤਿਅੰਤ ਨਾਜ਼ਕ ਹੈ। ਪੰਜਾਬ ਵਿਚ ਜ਼ਮੀਨੀ ਪਾਣੀ ਦੇ ਤੇਜ਼ੀ ਨਾਲ ਘਟਣ ਦਾ ਕਾਰਨ ਝੋਨੇ ਦੀ ਫਸਲ ਨੂੰ ਮੰਨਿਆ ਜਾਂਦਾ ਹੈ। ਇੱਥੇ ਇਹ ਧਿਆਨ ਦੇਣ ਯੋਗ ਹੈ ਕਿ ਪੰਜਾਬ ਦੇ ਕਿਸਾਨਾਂ ਨੇ ਝੋਨਾ ਆਪਣੀ ਮਰਜ਼ੀ ਨਾਲ ਲਾਉਣਾ ਨਹੀਂ ਸ਼ੁਰੂ ਕੀਤਾ ਸੀ। ਇਹ ਉਸ ਹਰੀ ਕ੍ਰਾਂਤੀ ਦੀ ਰਣਨੀਤੀ ਦਾ ਹਿੱਸਾ ਸੀ ਜਿਹੜੀ 1960-70ਵਿਆਂ ਵਿਚ ਅਪਣਾਈ ਗਈ। ਉਸ ਸਮੇਂ ਦੇਸ਼ ਵਿਚ ਅਨਾਜ ਦੀ ਵੱਡੀ ਘਾਟ ਸੀ ਅਤੇ ਦੇਸ਼ ਇਸ ਲਈ ਵਿਦੇਸ਼ਾਂ 'ਤੇ ਨਿਰਭਰ ਸੀ। ਸਥਿਤੀ ਸਪੱਸ਼ਟ ਹੈ ਕਿ ਜਦੋਂ ਪੰਜਾਬ ਵਿਚ ਝੋਨੇ ਦੀ ਬਿਜਾਈ ਵੱਡੀ ਯੋਜਨਾ ਤਹਿਤ ਸ਼ੁਰੂ ਹੋਈ ਤਾਂ ਇਸ ਦੇ ਬੀਜਣ ਵਾਲੇ ਰਕਬੇ ਨੂੰ ਘਟਾਉਣ ਲਈ ਵੀ ਵੱਡੀ ਯੋਜਨਾ ਦੀ ਜ਼ਰੂਰਤ ਹੈ।

ਸਥਿਤੀ ਇਸ ਲਈ ਵੀ ਗੁੰਝਲਦਾਰ ਹੈ ਕਿਉਂਕਿ ਕਿਸਾਨਾਂ ਦੁਆਰਾ ਜ਼ਮੀਨੀ ਪਾਣੀ ਦੀ ਵਰਤੋਂ ਵਿਚ ਮੁਫਤ ਮਿਲਦੀ ਬਿਜਲੀ ਦਾ ਵੀ ਕੁਝ ਹਿੱਸਾ ਹੈ; ਇਸ ਸਬੰਧੀ ਗੰਭੀਰਤਾ ਨਾਲ ਸੋਚਿਆ ਜਾਣਾ ਚਾਹੀਦਾ ਹੈ।

## ਮਾਨ ਪਾਣੀਆਂ ਦਾ ਦਾਅਵਾ ਕਮਜ਼ੋਰ ਕਰ ਰਹੇ: ਚੰਦੂਮਾਜਰਾ



**ਮੋਰਿੰਡਾ:** ਮੁੱਖ ਮੰਤਰੀ ਭਗਵੰਤ ਮਾਨ ਆਪਣੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਦੇ ਕਥਿਤ ਦਬਾਅ ਹੇਠ ਆ ਕੇ ਪੰਜਾਬ ਦੇ ਦਰਿਆਈ ਪਾਣੀਆਂ ਸਬੰਧੀ ਦਾਅਵੇ ਨੂੰ ਕਮਜ਼ੋਰ ਕਰ ਰਹੇ ਹਨ, ਪਰ ਸ਼੍ਰੋਮਣੀ ਅਕਾਲੀ ਦਲ ਪੰਜਾਬ ਦੇ ਪਾਣੀਆਂ ਦੀ ਰਖਵਾਲੀ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਕਿਸੇ ਵੀ ਕੀਮਤ 'ਤੇ ਪਾਣੀ 'ਤੇ ਡਾਕਾ ਨਹੀਂ ਪੈਣ ਦਿੱਤਾ ਜਾਵੇਗਾ। ਇਹ ਪ੍ਰਗਟਾਵਾ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਪ੍ਰੇਮ ਸਿੰਘ ਚੰਦੂਮਾਜਰਾ ਨੇ ਇੱਥੇ ਗੁਰਦੁਆਰਾ ਸ਼ਹੀਦ ਗੰਜ ਸਾਹਿਬ ਵਿਚ ਵਰਕਰਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਅਕਾਲੀ ਸਰਕਾਰ ਨੇ ਐਸ.ਵਾਈ.ਐਲ. ਲਈ ਐਕੁਆਇਰ ਕੀਤੀ ਜ਼ਮੀਨ ਕਿਸਾਨਾਂ ਨੂੰ ਵਾਪਸ ਕਰ ਦਿੱਤੀ ਸੀ। ਜਦੋਂ ਜ਼ਮੀਨ ਹੀ ਨਹੀਂ ਤਾਂ ਨਹਿਰ ਬਣਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

## ਫਿਰੋਜ਼ਪੁਰ ਦੀ ਕੇਂਦਰੀ ਜੇਲ੍ਹ ਵਿਚੋਂ 9 ਮੋਬਾਈਲ ਬਰਾਮਦ

**ਫਿਰੋਜ਼ਪੁਰ:** ਇਥੋਂ ਦੀ ਕੇਂਦਰੀ ਜੇਲ੍ਹ ਅੰਦਰੋਂ ਚੈਕਿੰਗ ਦੌਰਾਨ ਨੌਂ ਮੋਬਾਈਲ, ਚਾਰ ਚਾਰਜਰ ਤੇ ਦੋ ਹੈੱਡ ਫੋਨ ਬਰਾਮਦ ਹੋਏ ਹਨ। ਚੈਕਿੰਗ ਜੇਲ੍ਹ ਅਧਿਕਾਰੀਆਂ ਵੱਲੋਂ ਕੀਤੀ ਗਈ ਸੀ। ਜੇਲ੍ਹ ਅਧਿਕਾਰੀਆਂ ਦੀ ਸ਼ਿਕਾਇਤ 'ਤੇ ਥਾਣਾ ਸਿਟੀ ਵਿਚ ਅਣਪਛਾਤਿਆਂ ਖਿਲਾਫ਼ ਕੇਸ ਦਰਜ ਕੀਤਾ ਗਿਆ ਹੈ। ਸਹਾਇਕ ਸੁਪਰਡੈਂਟ ਰਿਸ਼ਵਪਾਲ ਗੋਇਲ ਨੇ ਦੱਸਿਆ ਕਿ ਕਿਸੇ ਵਿਅਕਤੀ ਨੇ ਜੇਲ੍ਹ ਦੇ ਬਾਹਰੋਂ ਇਕ ਪੈਕਟ ਜੇਲ੍ਹ ਅੰਦਰ ਸੁੱਟਿਆ ਸੀ ਜਿਸ ਨੂੰ ਮੁਲਾਜ਼ਮਾਂ ਨੇ ਕਬਜ਼ੇ ਵਿਚ ਲੈ ਲਿਆ ਸੀ। ਜਦੋਂ ਉਹ ਪੈਕਟ ਖੋਲ੍ਹ ਕੇ ਵੇਖਿਆ ਗਿਆ ਤਾਂ ਉਸ ਵਿਚੋਂ ਚਾਰ ਮੋਬਾਈਲ ਫ਼ੋਨ ਤੇ ਚਾਰ ਚਾਰਜਰ ਬਰਾਮਦ ਹੋਏ। ਸਹਾਇਕ ਸੁਪਰਡੈਂਟ ਨਿਰਮਲਜੀਤ ਸਿੰਘ ਨੇ ਜਦੋਂ ਚੱਕੀਆਂ ਜਦੀਦ ਦੀ ਤਲਾਸ਼ੀ ਲਈ ਤਾਂ ਪਖਾਨੇ ਵਿਚ ਲੁਕਾ ਕੇ ਰੱਖੇ ਹੋਏ ਤਿੰਨ ਮੋਬਾਈਲ ਫੋਨ ਬਰਾਮਦ ਹੋਏ।

# ਰਾਜਪਾਲ ਨੇ ਮੁਹਾਲੀ ਦੇ ਦੋ ਪ੍ਰੋਜੈਕਟਾਂ ਦੀ ਉਸਾਰੀ 'ਤੇ ਕੀਤਾ ਇਤਰਾਜ਼

**ਚੰਡੀਗੜ੍ਹ:** ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਵਾਤਾਵਰਨ ਨਿਯਮਾਂ ਦੀ ਕਥਿਤ ਉਲੰਘਣਾ ਦੇ ਹਵਾਲੇ ਨਾਲ ਮੁਹਾਲੀ ਦੇ ਦੋ ਅਹਿਮ ਪ੍ਰੋਜੈਕਟਾਂ 'ਤੇ ਉਜਰ ਜਤਾਇਆ ਹੈ। ਰਾਜਪਾਲ ਨੇ ਮੁੱਖ ਮੰਤਰੀ ਨੂੰ ਪੱਤਰ ਲਿਖ ਕੇ ਇਨ੍ਹਾਂ ਪ੍ਰੋਜੈਕਟਾਂ ਖਿਲਾਫ਼ ਜੰਗਲੀ ਜੀਵ ਨਿਯਮਾਂ ਦੀ ਉਲੰਘਣਾ ਤਹਿਤ ਕਾਰਵਾਈ ਕਰਨ ਲਈ ਕਿਹਾ ਹੈ ਅਤੇ ਸੂਬਾ ਸਰਕਾਰ ਤੋਂ ਕਾਰਵਾਈ ਰਿਪੋਰਟ ਵੀ ਮੰਗੀ ਹੈ। ਮੁੱਖ ਮੰਤਰੀ ਨੂੰ ਲਿਖੇ ਪੱਤਰ ਵਿਚ ਕਿਹਾ ਗਿਆ ਹੈ ਕਿ 'ਮੈਸਰਜ਼ ਜਨਤਾ ਲੈਂਡ ਪ੍ਰਮੋਟਰਜ਼ ਲਿਮਟਿਡ' ਦੇ ਸੈਕਟਰ 82-83 ਅਤੇ ਸੈਕਟਰ 66-ਏ ਮੁਹਾਲੀ ਵਿਚਲੇ 'ਸੁਪਰ ਮੈਗਾ ਮਿਕਸਡ ਯੂਜ਼ ਇੰਟੈਗਰੇਟਿਡ ਇੰਡਸਟਰੀਅਲ ਪਾਰਕ' ਅਤੇ ਗਲੈਕਸੀ ਹਾਈਟਸ ਵੱਲੋਂ ਵਾਤਾਵਰਨ ਨਿਯਮਾਂ ਦੀ ਉਲੰਘਣਾ ਕੀਤੀ ਗਈ ਹੈ। ਇਹ ਪ੍ਰੋਜੈਕਟ ਮੁਹਾਲੀ ਤੋਂ 'ਆਪ' ਵਿਧਾਇਕ ਕੁਲਵੰਤ ਸਿੰਘ ਦੇ ਹਨ।



ਰਾਜਪਾਲ ਨੇ ਪੱਤਰ ਵਿਚ ਕੇਂਦਰੀ ਵਾਤਾਵਰਨ, ਜੰਗਲਾਤ ਅਤੇ ਜਲਵਾਯੂ ਪਰਿਵਰਤਨ ਮੰਤਰਾਲੇ ਦਾ ਹਵਾਲਾ ਦਿੱਤਾ ਹੈ। ਮੰਤਰਾਲੇ ਨੇ ਨਿਯਮਾਂ ਦੀ ਉਲੰਘਣਾ ਕੀਤੇ ਜਾਣ ਦੀ ਗੱਲ ਕਹੀ ਹੈ। ਕੇਂਦਰੀ ਵਾਤਾਵਰਨ ਮੰਤਰਾਲੇ ਨੇ 23 ਅਕਤੂਬਰ ਨੂੰ ਰਾਜ ਭਵਨ ਨੂੰ ਇਸ ਬਾਰੇ ਪੱਤਰ ਭੇਜਿਆ ਹੈ ਜਿਸ 'ਚ ਕਿਹਾ ਗਿਆ ਹੈ ਕਿ ਪ੍ਰੋਜੈਕਟ 16 ਦਸੰਬਰ 2015 ਤੋਂ 10 ਜਨਵਰੀ 2017 ਤੱਕ ਉਲੰਘਣਾ ਦਾ ਭਾਗੀਦਾਰ ਸੀ ਅਤੇ ਵਾਤਾਵਰਨ (ਸੁਰੱਖਿਆ) ਐਕਟ 1986 ਤਹਿਤ ਇਸ ਦਾ ਨੋਟਿਸ ਲਿਆ ਜਾਣਾ ਬਣਦਾ ਸੀ। ਰਾਜਪਾਲ ਨੇ ਕਿਹਾ ਹੈ ਕਿ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਐਸ.ਈ.ਆਈ.ਏ.ਏ. ਅਤੇ ਸਿਵਲ ਅਥਾਰਿਟੀਜ਼ ਜੰਗਲੀ ਜੀਵ ਨਿਯਮਾਂ ਦੀ ਉਲੰਘਣਾ ਕਰਨ ਵਾਲੀਆਂ ਗੈਰਕਾਨੂੰਨੀ ਉਸਾਰੀਆਂ ਖਿਲਾਫ਼ ਸਖ਼ਤ ਕਾਰਵਾਈ ਕਰਨ। ਉਨ੍ਹਾਂ ਕਾਰਵਾਈ ਰਿਪੋਰਟ ਵੀ ਮੰਗੀ ਹੈ।


ਵਾਤਾਵਰਨ ਮੰਤਰਾਲੇ ਦੀ ਰਿਪੋਰਟ ਅਨੁਸਾਰ ਮੁਹਾਲੀ ਦਾ ਇਹ ਤਜਵੀਜ਼ਤ ਪ੍ਰੋਜੈਕਟ ਸੁਖਨਾ ਵਾਈਲਡ ਲਾਈਫ਼ ਸੈਂਚੁਰੀ ਤੋਂ 13.06 ਕਿਲੋਮੀਟਰ ਅਤੇ ਸਿਟੀ ਬਰਡ ਸੈਂਚੁਰੀ ਦੀ ਸੀਮਾ ਤੋਂ 8.4 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਸੁਪਰੀਮ ਕੋਰਟ ਦੇ 4 ਦਸੰਬਰ 2006 ਦੇ 'ਗੋਆ ਫਾਊਂਡੇਸ਼ਨ ਬਨਾਮ ਯੂਨੀਅਨ ਆਫ਼ ਇੰਡੀਆ ਦੇ ਹੁਕਮਾਂ ਅਤੇ ਵਾਤਾਵਰਨ ਮੰਤਰਾਲੇ ਦੁਆਰਾ ਜਾਰੀ ਦਿਸ਼ਾ ਨਿਰਦੇਸ਼ਾਂ ਅਨੁਸਾਰ ਉਨ੍ਹਾਂ ਪ੍ਰੋਜੈਕਟਾਂ ਨੂੰ ਨੈਸ਼ਨਲ ਬੋਰਡ ਫ਼ਾਰ ਵਾਈਲਡ ਲਾਈਫ਼ ਦੀ ਸਥਾਈ ਕਮੇਟੀ ਤੋਂ ਸਿਫਾਰਸ਼ ਦੀ ਲੋੜ ਹੋਵੇਗੀ, ਜਿਹੜੇ ਈਕੋ ਸੈਂਸਟਿਵ ਜ਼ੋਨ ਦੇ 10 ਕਿਲੋਮੀਟਰ ਦੇ ਘੇਰੇ ਦੇ ਅੰਦਰ ਆਉਂਦੇ ਹਨ। ਰਾਜਪਾਲ ਨੇ ਲਿਖਿਆ ਹੈ ਕਿ ਮੁਹਾਲੀ ਦੇ ਇਨ੍ਹਾਂ ਪ੍ਰੋਜੈਕਟਾਂ ਦੇ ਨਿਰਮਾਣ ਤੋਂ ਪਹਿਲਾਂ ਇਸ ਬਾਰੇ ਲੋੜੀਂਦੀ ਪ੍ਰਵਾਨਗੀ ਨਹੀਂ ਲਈ ਗਈ ਹੈ।

# ਮਨੀ ਬਿੱਲ: ਸੁਪਰੀਮ ਕੋਰਟ ਸੁਣਵਾਈ ਤੋਂ ਪਹਿਲਾਂ ਹੀ ਰਾਜਪਾਲ ਨੇ ਸੁਰ ਹੋਏ ਨਰਮ

**ਚੰਡੀਗੜ੍ਹ:** ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਤਿੰਨ ਮਨੀ ਬਿੱਲਾਂ ਨੂੰ ਰੋਕੇ ਜਾਣ ਦੇ ਮਾਮਲੇ 'ਤੇ ਆਪਣਾ ਪੈਂਤੜਾ ਬਦਲ ਲਿਆ ਹੈ। ਉਨ੍ਹਾਂ ਦੇ ਰੁਖ਼ 'ਚ ਬਦਲਾਅ ਸੁਪਰੀਮ ਕੋਰਟ 'ਚ ਹੋਣ ਵਾਲੀ ਸੁਣਵਾਈ ਤੋਂ ਐਨ ਪਹਿਲਾਂ ਦੇਖਣ ਨੂੰ ਮਿਲਿਆ ਹੈ। ਰਾਜਪਾਲ ਨੇ ਕੁਝ ਦਿਨ ਪਹਿਲਾਂ ਪੰਜਾਬ ਵਿਧਾਨ ਸਭਾ ਦੇ ਦੋ ਦਿਨਾਂ ਦੇ ਸੈਸ਼ਨ ਨੂੰ ਗੈਰਕਾਨੂੰਨੀ ਕਰਾਰ ਦਿੱਤਾ ਸੀ ਜਿਸ ਦੇ ਖ਼ਿਲਾਫ਼ ਪੰਜਾਬ ਸਰਕਾਰ ਨੇ ਸੁਪਰੀਮ ਕੋਰਟ ਤੱਕ ਪਹੁੰਚ ਕੀਤੀ।

ਜੇਕਰ ਪੰਜਾਬ ਦੇ ਰਾਜਪਾਲ ਤਿੰਨ ਮਨੀ ਬਿੱਲਾਂ ਨੂੰ ਪ੍ਰਵਾਨਗੀ ਦੇ ਦਿੰਦੇ ਹਨ ਤਾਂ ਪੰਜਾਬ ਵਿਧਾਨ ਸਭਾ ਦੇ ਆਗਾਮੀ ਸੈਸ਼ਨ ਲਈ ਰਾਹ ਪੱਧਰਾ ਹੋ ਜਾਣਾ ਹੈ। ਮਾਹਿਰਾਂ ਮੁਤਾਬਕ ਰਾਜਪਾਲ ਨੇ ਕਾਨੂੰਨੀ ਨੁਕਤੇ ਘੋਖਣ ਮਗਰੋਂ ਹੀ ਆਪਣੇ ਰੁਖ਼ ਵਿਚ ਤਬਦੀਲੀ ਕੀਤੀ ਜਾਪਦੀ ਹੈ ਕਿਉਂਕਿ ਉਨ੍ਹਾਂ ਨੂੰ ਅਦਾਲਤ ਅੱਗੇ ਆਪਣਾ ਪੱਖ ਕਮਜ਼ੋਰ ਜਾਪਦਾ ਹੋਵੇਗਾ।

ਰਾਜਪਾਲ ਪੁਰੋਹਿਤ ਨੇ ਮੁੱਖ ਮੰਤਰੀ ਨੂੰ ਪੱਤਰ ਭੇਜ ਕੇ ਕਿਹਾ ਹੈ ਕਿ ਪੰਜਾਬ ਵਿਧਾਨ ਸਭਾ ਵੱਲੋਂ ਪਾਸ ਕੀਤੇ ਪੰਜ ਬਿੱਲਾਂ ਦੇ ਨਾਲ ਅਗਾਊਂ ਪ੍ਰਵਾਨਗੀ ਲਈ ਆਏ ਤਿੰਨ ਮਨੀ ਬਿੱਲ ਉਨ੍ਹਾਂ ਦੇ ਵਿਚਾਰ ਅਧੀਨ ਹਨ ਅਤੇ ਆਉਂਦੇ ਦਿਨਾਂ ਵਿਚ ਉਹ ਇਨ੍ਹਾਂ 'ਤੇ ਵਿਚਾਰ ਕਰਨ ਤੋਂ ਬਾਅਦ ਫੈਸਲਾ ਲੈਣਗੇ। ਉਹ ਹਰ ਬਿੱਲ ਬਾਰੇ ਵੱਖਰੇ ਤੌਰ 'ਤੇ





ਮੁੱਖ ਮੰਤਰੀ ਨੂੰ ਆਪਣੇ ਫੈਸਲੇ ਤੋਂ ਜਾਣੂ ਕਰਾਉਣਗੇ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਦੇ ਮੁੱਖ ਮੰਤਰੀ ਬਣਨ ਮਗਰੋਂ ਆਏ 27 ਬਿੱਲਾਂ ਚੋਂ ਉਹ 22 ਬਿੱਲਾਂ ਨੂੰ ਪਹਿਲਾਂ ਹੀ ਮਨਜ਼ੂਰੀ ਦੇ ਚੁੱਕੇ ਹਨ। ਰਾਜਪਾਲ ਨੇ ਪੱਤਰ 'ਚ ਕਿਹਾ ਹੈ ਕਿ ਉਹ ਸਾਰੇ ਸਬੰਧਤਾਂ ਨਾਲ ਸਲਾਹ-ਮਸ਼ਵਰਾ ਕਰ ਰਹੇ ਹਨ। ਉਨ੍ਹਾਂ ਨੇ ਪੰਜਾਬ ਦੇ ਲੋਕਾਂ ਦੀ ਭਲਾਈ ਦੇ ਵਡੇਰੇ ਹਿੱਤਾਂ ਨੂੰ ਧਿਆਨ ਵਿਚ ਰੱਖਦਿਆਂ ਸਾਰੇ ਬਿੱਲਾਂ ਦੀ ਯੋਗਤਾ ਦੇ ਨਾਲ-ਨਾਲ ਭਾਰਤੀ ਸੰਵਿਧਾਨ ਦੇ ਉਪਬੰਧਾਂ ਦੇ ਆਧਾਰ 'ਤੇ ਜਾਂਚ ਕਰਨ ਦਾ ਫੈਸਲਾ ਕੀਤਾ ਹੈ। ਚੇਤੇ ਰਹੇ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਸਦਨ ਵਿਚ 20 ਅਕਤੂਬਰ ਨੂੰ ਐਲਾਨ ਕਰ ਦਿੱਤਾ ਸੀ ਕਿ ਉਹ ਰਾਜਪਾਲ ਦੇ ਫੈਸਲੇ ਖ਼ਿਲਾਫ਼ ਸੁਪਰੀਮ ਕੋਰਟ ਜਾਣਗੇ ਅਤੇ ਸੁਪਰੀਮ ਕੋਰਟ ਦੇ ਫੈਸਲੇ ਮਗਰੋਂ ਅਗਲਾ ਸੈਸ਼ਨ ਸੱਦਣਗੇ। ਪੰਜਾਬ ਸਰਕਾਰ ਵੱਲੋਂ ਰਾਜ ਭਵਨ ਨੂੰ ਤਿੰਨ ਮਨੀ ਬਿੱਲ ਅਗਾਊਂ ਪ੍ਰਵਾਨਗੀ ਲਈ ਭੇਜੇ ਗਏ ਸਨ ਜਿਨ੍ਹਾਂ 'ਤੇ ਰਾਜਪਾਲ ਨੇ ਇਤਰਾਜ਼ ਲਗਾ ਦਿੱਤੇ ਸਨ। ਪਿਛਲੇ ਇਕ ਹਫਤੇ ਤੋਂ ਪੰਜਾਬ ਸਰਕਾਰ ਸੁਪਰੀਮ ਕੋਰਟ 'ਚ ਰਾਜਪਾਲ ਦੇ ਫੈਸਲੇ ਨੂੰ ਚੁਣੌਤੀ ਦੇਣ ਦੀ ਤਿਆਰੀ 'ਚ ਜੁਟੀ ਹੋਈ ਸੀ। ਪੰਜਾਬ ਸਰਕਾਰ ਪਹਿਲੀ ਵਾਰ ਉਦੋਂ ਸੁਪਰੀਮ ਕੋਰਟ ਗਈ ਸੀ ਜਦੋਂ ਰਾਜਪਾਲ ਨੇ ਬਜਟ ਸੈਸ਼ਨ ਲਈ ਮਨਜ਼ੂਰੀ ਨਹੀਂ ਦਿੱਤੀ ਸੀ ਅਤੇ ਸੁਪਰੀਮ ਕੋਰਟ ਦੀ ਸੁਣਵਾਈ ਦੌਰਾਨ ਹੀ ਰਾਜਪਾਲ ਨੇ ਪ੍ਰਵਾਨਗੀ ਦਿੱਤੇ ਜਾਣ ਦਾ ਪੱਤਰ ਪੇਸ਼ ਕਰ ਦਿੱਤਾ ਸੀ।

ਹੁਣ ਦੂਸਰੀ ਵਾਰ ਮੁੜ ਸੂਬਾ ਸਰਕਾਰ ਨੂੰ ਸੁਪਰੀਮ ਕੋਰਟ ਦਾ ਰੁਖ਼ ਕਰਨਾ ਪਿਆ ਹੈ। ਸੂਤਰ ਦੱਸਦੇ ਹਨ ਕਿ ਸੁਪਰੀਮ ਕੋਰਟ 'ਚ ਸੁਣਵਾਈ ਦੌਰਾਨ ਪੰਜਾਬ ਸਰਕਾਰ ਇਹ ਪੱਖ ਰੱਖ ਸਕਦੀ ਹੈ ਕਿ ਰਾਜਪਾਲ ਤਿੰਨਾਂ ਮਨੀ ਬਿੱਲਾਂ ਨੂੰ ਮਨਜ਼ੂਰੀ ਦੇਣ ਬਾਰੇ ਨਿਸ਼ਚਿਤ ਸਮਾਂ ਦੱਸਣ। ਪੰਜਾਬ ਸਰਕਾਰ ਨੇ ਰਾਜਪਾਲ ਦੇ ਉਸ ਪੱਤਰ ਨੂੰ ਆਧਾਰ ਬਣਾਇਆ ਹੈ ਜਿਸ ਤਹਿਤ ਰਾਜ ਭਵਨ ਨੇ ਪੰਜਾਬ ਵਿਧਾਨ ਸਭਾ ਦੇ ਸਕੱਤਰ ਨੂੰ ਪੱਤਰ ਲਿਖ ਕੇ 20 ਅਤੇ 21 ਅਕਤੂਬਰ ਦੀ ਦੋ ਦਿਨਾਂ ਦੀ ਵਿਸ਼ੇਸ਼ ਬੈਠਕ ਕਰਨ ਦੀ ਇਜਾਜ਼ਤ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਪਹਿਲੇ ਦਿਨ ਦੀ ਬੈਠਕ ਵਿਚ ਵਿਰੋਧੀ ਧਿਰਾਂ ਨੇ ਵੀ ਸੈਸ਼ਨ ਦੇ ਗੈਰਕਾਨੂੰਨੀ ਹੋਣ ਨੂੰ ਲੈ ਕੇ ਉਂਗਲ ਉਠਾਈ ਸੀ। ਸੂਬਾ ਸਰਕਾਰ ਅਸਲ ਵਿਚ ਜੀ.ਐਸ.ਟੀ. ਐਕਟ ਨਾਲ ਸੋਧਾਂ ਨਾਲ ਸਬੰਧਤ ਬਿੱਲ ਪਾਸ ਕਰਾਉਣਾ ਚਾਹੁੰਦੀ ਸੀ।

## ਰਾਜਪਾਲ ਦਾ ਗ਼ੈਰ-ਕਾਨੂੰਨੀ ਪੈਂਤੜਾ ਬੇਨਕਾਬ: ਕੰਗ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਪੰਜਾਬ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਰਾਜਪਾਲ ਵੱਲੋਂ ਮੁੱਖ ਮੰਤਰੀ ਦੇ ਨਾਮ ਲਿਖੇ ਪੱਤਰ ਰਾਹੀਂ ਵਿਧਾਨ ਸਭਾ ਇਜਲਾਸ ਬਾਰੇ ਰਾਜਪਾਲ ਦਾ ਗੈਰਕਾਨੂੰਨੀ ਸਟੈਂਡ ਬੇਨਕਾਬ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਵਿਧਾਨ ਸਭਾ ਵਿਚ ਪਹਿਲਾਂ ਹੀ ਕਹਿ ਚੁੱਕੇ ਹਨ ਕਿ ਸੈਸ਼ਨ ਬਾਰੇ ਰਾਜਪਾਲ ਵੱਲੋਂ ਲਿਆਂਦੀਆਂ ਗਈਆਂ ਚੁਣੌਤੀਆਂ ਸੁਪਰੀਮ ਕੋਰਟ 'ਚ ਇਕ ਮਿੰਟ ਵੀ ਨਹੀਂ ਰੁਕਣਗੀਆਂ। ਕੰਗ ਨੇ ਕਿਹਾ ਕਿ ਰਾਜਪਾਲ ਵੱਲੋਂ ਲਿਖਿਆ ਪੱਤਰ ਇਸ ਗੱਲ ਦਾ ਸਬੂਤ ਹੈ ਕਿ ਰਾਜਪਾਲ ਸਿਰਫ ਸੈਸ਼ਨ ਦੀ ਕਾਰਵਾਈ ਅਤੇ ਪੰਜਾਬ 'ਚ 'ਆਪ' ਸਰਕਾਰ ਦੇ ਕੰਮਾਂ 'ਚ ਰੁਕਾਵਟ ਪਾਉਣਾ ਚਾਹੁੰਦੇ ਹਨ। ਸਰਕਾਰ ਨੇ ਇਸ ਮਾਮਲੇ 'ਚ ਸਿਰਫ ਅਦਾਲਤ 'ਚ ਪਟੀਸ਼ਨ ਦਾਇਰ ਕੀਤੀ ਸੀ ਪਰ ਰਾਜਪਾਲ ਨੇ ਪਹਿਲਾਂ ਹੀ ਯੂ-ਟਰਨ ਲੈ ਲਿਆ। ਉਨ੍ਹਾਂ ਕਿਹਾ ਕਿ ਵਿਰੋਧੀ ਧਿਰ ਦੇ ਆਗੂਆਂ ਨੂੰ ਵੀ ਪੰਜਾਬ ਦੇ ਲੋਕਾਂ ਤੋਂ ਮੁਆਫੀ ਮੰਗਣੀ ਚਾਹੀਦੀ ਹੈ।

# ਵਿਦੇਸ਼ੀ ਕੋਲਾ: ਨਵੇਂ ਫਰਮਾਨ ਨੇ ਪੰਜਾਬ ਸਰਕਾਰ ਦੀਆਂ ਮੁਸ਼ਕਿਲਾਂ ਵਧਾਈਆਂ

**ਚੰਡੀਗੜ੍ਹ:** ਕੇਂਦਰੀ ਬਿਜਲੀ ਮੰਤਰਾਲੇ ਨੇ ਤਾਪ ਬਿਜਲੀ ਘਰਾਂ 'ਚ 31 ਮਾਰਚ 2024 ਤੱਕ ਵਿਦੇਸ਼ੀ ਕੋਲਾ ਵਰਤਣ ਦੇ ਹੁਕਮ ਦਿੱਤੇ ਹਨ। ਪੰਜਾਬ ਦੇ ਸੰਦਰਭ ਵਿਚ ਦੇਖੀਏ ਤਾਂ ਵਿਦੇਸ਼ੀ ਕੋਲੇ ਦੀ ਵਰਤੋਂ ਨਾਲ ਸੂਬੇ 'ਤੇ ਤਕਰੀਬਨ 350 ਕਰੋੜ ਦਾ ਵਾਧੂ ਬੋਝ ਪਵੇਗਾ। ਕੇਂਦਰੀ ਬਿਜਲੀ ਮੰਤਰਾਲੇ ਨੇ ਥਰਮਲਾਂ ਵਿਚ ਛੇ ਫੀਸਦੀ ਵਿਦੇਸ਼ੀ ਕੋਲਾ ਵਰਤਣ ਲਈ ਕਿਹਾ ਹੈ ਜਦੋਂ ਕਿ ਪਹਿਲਾਂ 4 ਫੀਸਦੀ ਵਿਦੇਸ਼ੀ ਕੋਲੇ ਦੀ ਵਰਤੋਂ ਕਹੀ ਗਈ ਸੀ।

ਪੰਜਾਬ ਨੂੰ ਤਕਰੀਬਨ ਚਾਰ ਲੱਖ ਮੀਟ੍ਰਿਕ ਟਨ ਵਿਦੇਸ਼ੀ ਕੋਲੇ ਦੀ ਵਰਤੋਂ ਕਰਨੀ ਪਵੇਗੀ। ਕੇਂਦਰੀ ਬਿਜਲੀ ਮੰਤਰਾਲਾ ਇਸ ਪਿੱਛੇ ਸਥਾਨਕ ਕੋਲੇ ਦੀ ਕਮੀ ਦਾ ਹਵਾਲਾ ਦੇ ਰਿਹਾ ਹੈ ਅਤੇ ਬਿਜਲੀ ਦੀ ਮੰਗ ਵਿਚ ਵਾਧੇ ਦਾ ਅਨੁਮਾਨ ਲਗਾ ਰਿਹਾ ਹੈ। ਕੇਂਦਰੀ ਮੰਤਰਾਲੇ ਦਾ ਕਹਿਣਾ ਹੈ ਕਿ ਬਿਜਲੀ ਦੀ ਮੰਗ 'ਚ ਵਾਧੇ ਦੇ ਅਨੁਮਾਨ ਦੇ ਲਿਹਾਜ਼ ਨਾਲ ਕੋਲੇ ਦੇ ਭੰਡਾਰਾਂ ਵਿਚ ਕਟੌਤੀ ਆਉਣ ਦੀ ਸੰਭਾਵਨਾ ਹੈ। ਇਸੇ ਦੌਰਾਨ ਹਾਈਡਰੋ ਪ੍ਰੋਜੈਕਟਾਂ ਤੋਂ ਵੀ ਬਿਜਲੀ ਦੀ ਪੈਦਾਵਾਰ 'ਚ ਪਿਛਲੇ ਸਾਲ ਦੇ ਮੁਕਾਬਲੇ 11 ਫੀਸਦੀ ਕਟੌਤੀ ਹੋਈ ਹੈ। ਡੈਮਾਂ ਵਿਚ ਪਾਣੀ ਦਾ ਪੱਧਰ ਘਟਣ ਦਾ ਤਰਕ ਵੀ ਦਿੱਤਾ ਜਾ ਰਿਹਾ ਹੈ।



ਕੇਂਦਰੀ ਮੰਤਰਾਲੇ ਨੇ ਪਹਿਲਾਂ ਵੀ ਇਕ ਅਪਰੈਲ ਤੋਂ ਸਤੰਬਰ 2023 ਤੱਕ ਵਿਦੇਸ਼ੀ ਕੋਲੇ ਦੀ ਵਰਤੋਂ ਦੀ ਹਦਾਇਤ ਕੀਤੀ ਸੀ। ਦੂਸਰੀ ਤਰਫ਼ ਦੇਖੀਏ ਤਾਂ ਕੇਂਦਰੀ ਕੋਲਾ ਮੰਤਰਾਲਾ ਦਾਅਵੇ ਕਰ ਰਿਹਾ ਹੈ ਕਿ ਮਾਨਸੂਨ ਦੇ ਖ਼ਤਮ ਹੋਣ ਮਗਰੋਂ ਸਥਾਨਕ ਕੋਲੇ ਦੀ ਸਥਿਤੀ ਵਿਚ ਸੁਧਾਰ ਹੋਇਆ ਹੈ ਜਦੋਂ ਕਿ ਬਿਜਲੀ ਮੰਤਰਾਲੇ ਦੀ ਦਲੀਲ ਉਲਟ ਭੁਗਤ ਰਹੀ ਹੈ। ਪੰਜਾਬ ਵਿਚ ਕੁੱਲ 180 ਲੱਖ ਮੀਟ੍ਰਿਕ ਟਨ ਕੋਲੇ ਦੀ ਸਾਲਾਨਾ ਖਪਤ ਹੈ ਅਤੇ ਸਾਲ ਦੇ ਪਹਿਲੇ ਛੇ ਮਹੀਨਿਆਂ ਵਿਚ ਪੈਡੀ ਸੀਜ਼ਨ ਹੋਣ ਕਰਕੇ 110 ਲੱਖ ਟਨ ਕੋਲਾ ਵਰਤਿਆ ਜਾਂਦਾ ਹੈ ਜਦੋਂ ਕਿ ਆਖ਼ਰੀ ਛੇ ਮਹੀਨਿਆਂ ਵਿਚ 70 ਲੱਖ ਮੀਟਰਿਕ ਟਨ ਕੋਲੇ ਦੀ ਖਪਤ ਹੁੰਦੀ ਹੈ। ਪੰਜਾਬ ਦੇ ਥਰਮਲਾਂ ਦੇ ਕੋਲਾ ਭੰਡਾਰ 'ਤੇ ਨਜ਼ਰ ਮਾਰੀਏ ਤਾਂ ਰੋਪੜ ਥਰਮਲ ਕੋਲ 17 ਦਿਨਾਂ ਦਾ ਕੋਲਾ, ਲਹਿਰਾ ਮੁਹੱਬਤ ਥਰਮਲ ਵਿਚ 13 ਦਿਨਾਂ ਦਾ ਕੋਲਾ, ਰਾਜਪੁਰਾ ਥਰਮਲ 'ਚ 12 ਦਿਨਾਂ ਦਾ, ਤਲਵੰਡੀ ਸਾਬੋ ਥਰਮਲ ਕੋਲ ਦੋ ਦਿਨ ਦਾ ਅਤੇ ਗੋਇੰਦਵਾਲ ਥਰਮਲ ਕੋਲ 5 ਦਿਨਾਂ ਦਾ ਕੋਲਾ ਭੰਡਾਰ ਪਿਆ ਹੈ।

## ਸੂਬਿਆਂ ਕੋਲ ਬਿਜਲੀ ਸੈੱਸ ਲਾਉਣ ਦਾ ਹੱਕ ਨਹੀਂ: ਕੇਂਦਰ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਕਿਹਾ ਹੈ ਕਿ ਸੂਬਿਆਂ ਕੋਲ ਕਿਸੇ ਵੀ ਸਰੋਤ (ਕੋਲਾ, ਪਾਣੀ, ਹਵਾ ਜਾਂ ਸੂਰਜੀ ਊਰਜਾ) ਤੋਂ ਪੈਦਾ ਹੋਣ ਵਾਲੀ ਬਿਜਲੀ 'ਤੇ ਟੈਕਸ ਜਾਂ ਸੈੱਸ ਲਾਉਣ ਦਾ ਅਧਿਕਾਰ ਨਹੀਂ ਹੈ ਅਤੇ ਇਸ 'ਤੇ ਕਿਸੇ ਤਰ੍ਹਾਂ ਦਾ ਟੈਕਸ ਗੈਰਕਾਨੂੰਨੀ ਤੇ ਗੈਰਸੰਵਿਧਾਨਕ ਹੈ। ਕੇਂਦਰੀ ਬਿਜਲੀ ਮੰਤਰਾਲੇ ਨੇ 25 ਅਕਤੂਬਰ ਨੂੰ ਇਕ ਸਰਕੂਲਰ ਵਿਚ ਕਿਹਾ ਕਿ ਕੇਂਦਰ ਦੇ ਧਿਆਨ ਵਿਚ ਆਇਆ ਹੈ ਕਿ ਕੁਝ ਸੂਬਾ ਸਰਕਾਰਾਂ ਵਿਕਾਸ ਟੈਕਸ/ਸੈੱਸ/ਫੰਡ ਦੇ ਨਾਮ 'ਤੇ ਵੱਖ-ਵੱਖ ਸਰੋਤਾਂ ਤੋਂ ਪੈਦਾ ਹੋਈ ਬਿਜਲੀ 'ਤੇ ਵਾਧੂ ਟੈਕਸ ਲਗਾਇਆ ਹੈ। ਇਸ ਵਿਚ ਕਿਹਾ ਗਿਆ ਹੈ, "ਬਿਜਲੀ ਪੈਦਾਵਾਰ 'ਤੇ ਕਿਸੇ ਵੀ ਤਰ੍ਹਾਂ ਦੇ ਟੈਕਸ/ਸੈੱਸ ਵਜੋਂ ਇਸ ਤਰ੍ਹਾਂ ਦੀ ਵਸੂਲੀ ਗੈਰਕਾਨੂੰਨੀ ਤੇ ਗੈਰਸੰਵਿਧਾਨਕ ਹੈ।" ਸੰਵਿਧਾਨਕ ਸਥਿਤੀ ਬਾਰੇ ਸਪਸ਼ਟੀਕਰਨ ਦਿੰਦਿਆਂ ਮੰਤਰਾਲੇ ਨੇ ਕਿਹਾ ਕਿ ਟੈਕਸ/ਸੈੱਸ ਲਾਉਣ ਦੀਆਂ ਸ਼ਕਤੀਆਂ ਖਾਸ ਤੌਰ 'ਤੇ ਸੱਤਵੀਂ ਅਨੁਸੂਚੀ ਵਿਚ ਦੱਸੀਆਂ ਗਈਆਂ ਹਨ।

## ਸਿੱਖਾਂ ਨੇ ਸਨਾਤਨ ਧਰਮ ਦੀ ਰੱਖਿਆ ਲਈ ਬਹੁਤ ਕੁਝ ਕੀਤਾ: ਰਾਜਨਾਥ

**ਲਖਨਊ:** ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਸਨਾਤਨ ਧਰਮ ਦੀ ਰੱਖਿਆ ਲਈ ਸਿੱਖ ਭਾਈਚਾਰੇ ਵੱਲੋਂ ਕੀਤੇ ਕੰਮਾਂ ਦਾ ਹਵਾਲਾ ਦਿੰਦਿਆਂ ਆਖਿਆ ਕਿ ਸਿੱਖਾਂ ਨੇ ਹੀ ਰਾਮ ਜਨਮਭੂਮੀ ਅੰਦੋਲਨ ਸ਼ੁਰੂ ਕੀਤਾ ਸੀ ਅਤੇ ਕੋਈ ਵੀ ਭਾਰਤੀ ਉਨ੍ਹਾਂ ਦੇ ਯੋਗਦਾਨ ਨੂੰ ਕਦੇ ਵੀ ਨਹੀਂ ਭੁਲਾ ਸਕਦਾ। ਉਨ੍ਹਾਂ ਨੇ ਇਹ ਪ੍ਰਗਟਾਵਾ ਲਖਨਊ ਦੇ ਆਲਮਬਾਗ ਗੁਰਦੁਆਰਾ ਸਾਹਿਬ 'ਚ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਪੁਰਬ ਮੌਕੇ ਸੰਗਤ ਨੂੰ ਸੰਬੋਧਨ ਕਰਦਿਆਂ ਕੀਤਾ। ਸਿੰਘ ਨੇ ਕਿਹਾ, "ਸਿੱਖ ਭਾਈਚਾਰੇ ਨੇ ਸਨਾਤਨ ਧਰਮ ਦੀ ਰੱਖਿਆ ਲਈ ਬਹੁਤ ਕੁਝ ਕੀਤਾ ਹੈ। ਰਾਮ ਜਨਮਭੂਮੀ ਲਈ ਵੀ ਕੋਈ ਭਾਰਤੀ ਉਨ੍ਹਾਂ ਦੇ ਯੋਗਦਾਨ ਨੂੰ ਨਹੀਂ ਭੁਲਾ ਸਕਦਾ।" ਉਨ੍ਹਾਂ ਕਿਹਾ, "ਮੈਂ, ਸਰਕਾਰੀ ਰਿਕਾਰਡ ਮੁਤਾਬਕ ਇੱਥੇ ਤੱਥ ਸਾਂਝਾ ਕਰਨਾ ਚਾਹੁੰਦਾ ਹਾਂ। ਇਕ ਐਫ.ਆਈ.ਆਰ. ਮੁਤਾਬਕ ਪਹਿਲੀ ਦਸੰਬਰ 1958 ਨੂੰ ਸਿੱਖਾਂ ਦੇ ਜਥੇ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਦਾ ਨਾਅਰਾ ਲਾਉਂਦਿਆਂ ਉਸ ਕੰਪਲੈਕਸ 'ਤੇ ਕਬਜ਼ਾ ਕਰ ਲਿਆ ਅਤੇ ਕੰਧਾਂ 'ਤੇ ਹਰ ਥਾਂ 'ਰਾਮ ਰਾਮ' ਲਿਖ ਦਿੱਤਾ। ਰਾਮ ਜਨਮਭੂਮੀ ਅੰਦੋਲਨ ਸਿੱਖਾਂ ਨੇ ਹੀ ਸ਼ੁਰੂ ਕੀਤਾ ਸੀ।" ਉਨ੍ਹਾਂ ਕਿਹਾ ਕਿ ਹੁਣ ਹਰ ਕੋਈ ਉਨ੍ਹਾਂ ਦੇ ਹੱਕਾਂ ਦੀ ਗੱਲ ਕਰਦਾ ਹੈ ਪਰ ਉਨ੍ਹਾਂ ਦੇ ਫ਼ਰਜ਼ਾਂ ਦੀ ਨਹੀਂ। ਰੱਖਿਆ ਮੰਤਰੀ ਨੇ ਕਿਹਾ, "ਜੇਕਰ ਕੋਈ ਭਾਈਚਾਰਾ ਹੈ ਜਿਸ ਦੀ ਦੇਸ਼ ਲਈ ਜਾਨਾਂ ਵਾਰਨ ਦੀ ਦਰ (ਯੋਗਦਾਨ) ਅਤੇ ਸੈਨਾ ਵਿਚ ਮੌਜੂਦਗੀ ਉਨ੍ਹਾਂ ਦੀ ਆਬਾਦੀ ਦੀ ਦਰ ਤੋਂ ਬਹੁਤ ਵੱਧ ਹੈ ਤਾਂ ਉਹ ਸਿੱਖ ਭਾਈਚਾਰਾ ਹੈ।"



## 'ਹਾਅ ਦਾ ਨਾਅਰਾ' ਮਾਰਨ ਵਾਲੀ ਰਿਆਸਤ ਦੀ ਆਖਰੀ ਬੇਗਮ ਦਾ ਦੇਹਾਂਤ

**ਮਾਲੇਰਕੋਟਲਾ:** ਸ੍ਰੀ ਗੁਰੂ ਗੋਬਿੰਦ ਸਿੰਘ ਦੇ ਛੋਟੇ ਸਾਹਿਬਜ਼ਾਦਿਆਂ ਲਈ ਹਾਅ ਦਾ ਨਾਅਰਾ ਮਾਰਨ ਵਾਲੇ ਮਾਲੇਰਕੋਟਲਾ ਰਿਆਸਤ ਦੇ ਤਤਕਾਲੀ ਨਵਾਬ ਸ਼ੇਰ ਮੁਹੰਮਦ ਖਾਨ ਦੀ 14ਵੀਂ ਪੀੜੀ ਵਿਚੋਂ ਅਤੇ ਚੜ੍ਹਦੇ ਪੰਜਾਬ ਦੀ ਇਕਲੌਤੀ ਮੁਸਲਿਮ ਰਿਆਸਤ ਮਾਲੇਰਕੋਟਲਾ ਦੇ ਆਖਰੀ ਨਵਾਬ ਮਰਹੂਮ ਇਫ਼ਤਖਾਰ ਅਲੀ ਖਾਂ ਦੀ ਚੌਥੀ ਤੇ ਆਖ਼ਰੀ ਬੇਗ਼ਮ ਮੁਨੱਵਰ-ਉਨ-ਨਿਸ਼ਾ (103) ਦਾ ਕੁਝ ਦਿਨ ਬਿਮਾਰ ਰਹਿਣ ਮਗਰੋਂ ਸਥਾਨਕ ਹਜ਼ਰਤ ਹਲੀਮਾ ਹਸਪਤਾਲ ਵਿਚ ਇੰਤਕਾਲ ਹੋ ਗਿਆ। ਉਨ੍ਹਾਂ ਨੂੰ ਸਰਕਾਰੀ ਸਨਮਾਨਾਂ ਨਾਲ ਸਥਾਨਕ ਸ਼ਾਹੀ ਮਕਬਰਿਆਂ ਵਿਚ ਸਪੁਰਦ-ਏ-ਖ਼ਾਕ ਕੀਤਾ ਗਿਆ। ਬੇਗਮ ਦਾ ਜਨਾਜ਼ਾ ਪੜ੍ਹਨ ਦੀ ਰਸਮ ਮੁਫ਼ਤੀ-ਏ-ਆਜ਼ਮ ਪੰਜਾਬ ਇਰਤਕਾ-ਉਲ-ਹਸਨ ਕਾਂਧਲਵੀ ਨੇ ਅਦਾ ਕੀਤੀ। ਸਥਾਨਕ ਸ਼ਾਹੀ ਮਕਬਰਿਆਂ ਵਿਖੇ ਬੇਗਮ ਮੁਨੱਵਰ-ਉਨ-ਨਿਸ਼ਾ ਨੂੰ ਪੰਜਾਬ ਪੁਲਿਸ ਦੀ ਟੁਕੜੀ ਨੇ ਸਲਾਮੀ ਦਿੱਤੀ।



ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤਰਫੋਂ ਫ਼ਤਹਿਗੜ੍ਹ ਸਾਹਿਬ ਦੇ ਮੈਨੇਜਰ ਗੁਰਦੀਪ ਸਿੰਘ ਕੰਗ ਅਤੇ ਮੁੱਖ ਗ੍ਰੰਥੀ ਭਾਈ ਅਜਮੇਰ ਸਿੰਘ ਨੇ ਬੇਗਮ ਦੀ ਦੇਹ 'ਤੇ ਸ਼ਾਲ ਪਾਈ। ਇਸ ਮੌਕੇ ਵਿਧਾਇਕ ਡਾ. ਜਮੀਲ-ਉ-ਰ-ਰਹਿਮਾਨ, ਵਿਧਾਇਕ ਜਸਵੰਤ ਸਿੰਘ ਗੱਜਣਮਾਜਰਾ, ਬੇਗਮ ਦਾ ਭਾਣਜਾ ਅਜ਼ੀਜ਼-ਉਲ-ਹੱਕ ਵਾਸੀ ਟਾਂਕ (ਰਾਜਸਥਾਨ) ਅਤੇ ਮਹਾਰਾਣੀ ਨਾਭਾ ਪ੍ਰੀਤੀ ਸਿੰਘ ਸਣੇ ਕਈ ਸਿਆਸੀ ਅਤੇ ਧਾਰਮਿਕ ਆਗੂ ਹਾਜ਼ਰ ਸਨ। ਦੱਸਣਯੋਗ ਹੈ ਕਿ ਮਾਲੇਰਕੋਟਲਾ ਰਿਆਸਤ ਦੇ ਆਖਰੀ ਨਵਾਬ ਮਰਹੂਮ ਇਫ਼ਤਖਾਰ ਅਲੀ ਖਾਂ ਦਾ ਨਿਕਾਹ ਰਾਜਸਥਾਨ ਦੀ ਰਿਆਸਤ ਟਾਂਕ ਦੇ ਤਤਕਾਲੀ ਨਵਾਬ ਇਬਰਾਹੀਮ ਅਲੀ ਖਾਂ ਦੀ ਪੁੱਤਰੀ ਮੁਨੱਵਰ-ਉਨ-ਨਿਸ਼ਾ ਨਾਲ 1948 ਵਿਚ ਹੋਇਆ ਸੀ।

ਮਰਹੂਮ ਨਵਾਬ ਇਫ਼ਤਖਾਰ ਅਲੀ ਖਾਂ ਦੇ ਚਾਰ ਨਿਕਾਹ ਹੋਏ ਸਨ। ਉਨ੍ਹਾਂ ਦੀਆਂ ਪਹਿਲੀਆਂ ਤਿੰਨ ਬੇਗਮਾਂ ਸ਼ਾਕਿਰਾ-ਉਨ-ਨਿਸ਼ਾ, ਯੂਸਫ ਜ਼ਮਾਂ ਅਤੇ ਸਾਜਿਦਾ ਬੇਗਮ ਦਾ ਕਾਫੀ ਸਮਾਂ ਪਹਿਲਾਂ ਇੰਤਕਾਲ ਹੋ ਗਿਆ ਸੀ। ਨਵਾਬ ਇਫ਼ਤਖਾਰ ਅਲੀ ਖਾਂ ਦੇ ਚਾਰੇ ਵਿਆਹਾਂ ਤੋਂ ਕੋਈ ਔਲਾਦ ਨਹੀਂ ਸੀ ਅਤੇ ਉਨ੍ਹਾਂ ਦਾ 20 ਨਵੰਬਰ, 1982 ਨੂੰ ਇੰਤਕਾਲ ਹੋਇਆ ਸੀ।

## ਕਬੱਡੀ ਖਿਡਾਰੀ ਗੋਲੀ ਕਾਂਡ ਮਾਮਲੇ 'ਚ ਨਾਮਜ਼ਦ ਨੌਜਵਾਨ ਦੇ ਪਿਤਾ ਵੱਲੋਂ ਖ਼ੁਦਕੁਸ਼ੀ

**ਨਿਹਾਲ ਸਿੰਘ ਵਾਲਾ:** ਪਿੰਡ ਧੂੜਕੋਟ ਰਣਸੀਂਹ ਦੇ ਇਕ ਵਿਅਕਤੀ ਵੱਲੋਂ ਥਾਣਾ ਮੁਖੀ ਤੋਂ ਪਰੇਸ਼ਾਨ ਹੋ ਕੇ ਜ਼ਹਿਰੀਲੀ ਵਸਤੂ ਨਿਗਲ ਕੇ ਖ਼ੁਦਕੁਸ਼ੀ ਕਰ ਲਈ ਗਈ ਜਿਸ ਦੀ ਪਛਾਣ ਇੰਦਰਪਾਲ ਸਿੰਘ ਵਜੋਂ ਹੋਈ ਹੈ। ਪੁਲਿਸ ਨੇ ਅੰਤਰਰਾਸ਼ਟਰੀ ਕਬੱਡੀ ਖਿਡਾਰੀ 'ਤੇ ਹਮਲੇ ਤੋਂ ਬਾਅਦ ਇਸ ਵਿਅਕਤੀ ਦੇ ਪੁੱਤਰ ਨੂੰ ਮਾਮਲੇ ਵਿਚ ਨਾਮਜ਼ਦ ਕੀਤਾ ਸੀ ਤੇ ਉਸ ਨੂੰ ਪੁਲਿਸ ਕੋਲ ਪੇਸ਼ ਕਰਵਾਉਣ ਲਈ ਪਰਿਵਾਰ ਨੂੰ ਤੰਗ ਪਰੇਸ਼ਾਨ ਕੀਤਾ ਤੇ ਜ਼ਲੀਲ ਕੀਤਾ ਗਿਆ। ਇਸ ਤੋਂ ਇਲਾਵਾ ਮਾਮਲੇ ਵਿਚ ਇਕ ਹੋਰ ਨਾਮਜ਼ਦ ਵਿਅਕਤੀ ਦੀ ਪਤਨੀ ਤੇ ਸਕੂਲ ਪੜ੍ਹਦੇ ਲੜਕੇ ਨੂੰ ਨਾਜਾਇਜ਼ ਹਿਰਾਸਤ ਵਿਚ ਰੱਖਿਆ ਗਿਆ।

ਜਾਣਕਾਰੀ ਅਨੁਸਾਰ ਇੰਦਰਪਾਲ ਇਸ ਘਟਨਾ ਕਾਰਨ ਸਦਮੇ ਵਿਚ ਸੀ। ਉਸ ਨੂੰ ਇਲਾਜ ਲਈ ਦੀਪ ਹਸਪਤਾਲ ਨਿਹਾਲ ਸਿੰਘ ਵਾਲਾ ਭਰਤੀ ਕਰਵਾਇਆ ਗਿਆ ਜਿੱਥੇ ਉਹ ਦਮ ਤੋੜ ਗਿਆ। ਉਸ ਨੇ ਮਰਨ ਤੋਂ ਪਹਿਲਾਂ ਖ਼ੁਦਕੁਸ਼ੀ ਨੋਟ ਲਿਖ ਕੇ ਆਪਣੀ ਮੌਤ ਲਈ ਥਾਣਾ ਮੁਖੀ ਕਸ਼ਮੀਰ ਸਿੰਘ, ਕੌਮਾਂਤਰੀ ਕਬੱਡੀ ਖਿਡਾਰੀ ਬਿੰਦਰੀ, ਉਸ ਦੇ ਪਿਤਾ ਤੇ ਦੋ ਹੋਰਾਂ ਨੂੰ ਜ਼ਿੰਮੇਵਾਰ ਦੱਸਿਆ ਹੈ।

ਕਿਸਾਨ ਜਥੇਬੰਦੀਆਂ ਨੇ ਇੰਦਰਪਾਲ ਸਿੰਘ ਦੀ ਮੌਤ ਤੋਂ ਬਾਅਦ ਜ਼ਿੰਮੇਵਾਰ ਵਿਅਕਤੀਆਂ 'ਤੇ ਪਰਚਾ ਦਰਜ ਕਰਵਾਉਣ ਲਈ ਥਾਣੇ ਮੂਹਰੇ ਧਰਨਾ ਲਾ ਦਿੱਤਾ। ਭਾਰਤੀ ਕਿਸਾਨ ਯੂਨੀਅਨ ਨੇ ਦੱਸਿਆ ਕਿ ਇੰਦਰਪਾਲ ਸਿੰਘ ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦਾ ਆਗੂ ਸੀ। ਬੀਤੇ ਦਿਨੀਂ ਧੂੜਕੋਟ ਵਿਚ ਗੋਲੀ ਲੱਗਣ ਦੀ ਘਟਨਾ ਦੇ ਸਬੰਧ ਵਿਚ ਉਸ ਦੇ ਪੁੱਤਰ ਸੁਖਦੀਪ ਸਿੰਘ ਦਾ ਨਾਮ ਹੋਣ ਕਾਰਨ ਉਸ ਨੂੰ ਪੇਸ਼ ਕਰਨ ਲਈ ਪੁਲਿਸ ਇੰਦਰਪਾਲ ਸਿੰਘ ਨੂੰ ਪਿਛਲੇ ਪੰਜ ਦਿਨ ਤੋਂ ਨਾਜਾਇਜ਼ ਹਿਰਾਸਤ ਵਿਚ ਰੱਖ ਕੇ ਪਰੇਸ਼ਾਨ ਕਰ ਰਹੀ ਸੀ। ਪਿੰਡ ਦੇ ਪਤਵੰਤੇ ਇੰਦਰਪਾਲ ਨੂੰ ਥਾਣੇ ਤੋਂ ਘਰ ਲੈ ਕੇ ਗਏ ਸਨ ਅਤੇ ਰਾਤ ਨੂੰ ਇਕ ਵਜੇ ਕਰੀਬ ਥਾਣਾ ਮੁਖੀ ਨੇ ਉਸ ਨੂੰ ਮੁੜ ਥਾਣੇ ਆਉਣ ਲਈ ਫੋਨ ਕਰ ਦਿੱਤਾ ਜਿਸ ਤੋਂ ਪਰੇਸ਼ਾਨ ਹੋ ਕੇ ਇੰਦਰਪਾਲ ਸਿੰਘ ਨੇ ਸਲਫਾਸ ਦੀ ਗੋਲੀ ਨਿਗਲ ਕੇ ਖ਼ੁਦਕੁਸ਼ੀ ਕਰ ਲਈ।

## ਸਰਕਾਰ ਨਹਿਰ ਬਾਰੇ ਚੱਲ ਰਹੇ ਕੇਸ ਵੱਲ ਧਿਆਨ ਦੇਵੇ: ਮਨੀਸ਼ ਤਿਵਾੜੀ

**ਮੁਹਾਲੀ:** ਸੰਸਦ ਮੈਂਬਰ ਅਤੇ ਸਾਬਕਾ ਕੇਂਦਰੀ ਮੰਤਰੀ ਮਨੀਸ਼ ਤਿਵਾੜੀ ਨੇ ਆਖਿਆ ਕਿ ਪੰਜਾਬ ਸਰਕਾਰ ਨੂੰ ਸਤਲੁਜ ਯਮੁਨਾ ਲਿੰਕ ਨਹਿਰ ਸਬੰਧੀ ਸੁਪਰੀਮ ਕੋਰਟ ਵਿਚ ਚੱਲ ਰਹੇ ਕੇਸ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ। ਉਨ੍ਹਾਂ ਪਿੰਡ ਬਲਿਆਲੀ, ਬੱਲੋਮਾਜਰਾ ਅਤੇ ਮੁਹਾਲੀ ਦੇ ਵਾਰਡ ਨੰਬਰ 36 ਵਿਚ ਵਿਕਾਸ ਕਾਰਜਾਂ ਲਈ 15 ਲੱਖ ਦੇ ਚੈੱਕ ਵੰਡੇ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਕਿਸੇ ਵੀ ਮਾਮਲੇ ਸਬੰਧੀ ਬਹਿਸ ਤੇ ਵਿਚਾਰ ਚਰਚਾ ਕਰਵਾਉਣਾ ਮਾੜੀ ਗੱਲ ਨਹੀਂ ਹੈ, ਪਰ ਸਰਕਾਰ ਨੂੰ ਇਸ ਸਮੇਂ ਆਪਣੇ ਸਾਰੇ ਸਰੋਤ ਅਤੇ ਊਰਜਾ ਇਸ ਬੇਹੱਦ ਸੰਜੀਦਾ ਮਾਮਲੇ ਸਬੰਧੀ ਸੁਪਰੀਮ ਕੋਰਟ ਵਿਚ ਚੱਲ ਰਹੇ ਕੇਸ ਲਈ ਵਰਤਣੇ ਚਾਹੀਦੇ ਹਨ ਜਿਹੜੇ ਹਾਲੇ ਤੱਕ ਨਹੀਂ ਵਰਤੇ ਜਾ ਰਹੇ। ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਨੂੰ ਵੀ ਪੰਜਾਬ ਦੀਆਂ ਭਾਵਨਾਵਾਂ ਦੇ ਨਜ਼ਰੀਏ ਤੋਂ ਵੇਖਣਾ ਚਾਹੀਦਾ ਹੈ ਕਿਉਂਕਿ ਪੰਜਾਬ ਕੋਲ ਪਾਣੀ ਦੀ ਇਕ ਵੀ ਬੂੰਦ ਫਾਲਤੂ ਨਹੀਂ ਹੈ। ਸ੍ਰੀ ਤਿਵਾੜੀ ਨੇ ਪ੍ਰਧਾਨ ਮੰਤਰੀ ਦੀਆਂ ਵਸਤਾਂ ਵਿਚ ਸ੍ਰੀ ਹਰਿਮੰਦਰ ਸਾਹਿਬ ਦੇ ਮਾਡਲ ਨੂੰ ਵੀ ਨਿਲਾਮੀ ਵਿਚ ਸ਼ਾਮਲ ਕਰਨ ਨੂੰ ਬੇਹੱਦ ਮੰਦਭਾਗਾ ਦੱਸਿਆ।

# ਪਰਾਲੀ ਹੁਣ ਪੰਜਾਬ ਦੇ ਕਿਸਾਨਾਂ ਲਈ ਲਾਹੇ ਦਾ ਧੰਦਾ ਬਣਨ ਲੱਗੀ

**ਚੰਡੀਗੜ੍ਹ:** ਕੌਮੀ ਰਾਜਧਾਨੀ ਵਿਚ ਹਵਾ ਪ੍ਰਦੂਸ਼ਣ ਲਈ ਜ਼ਿੰਮੇਵਾਰ ਮੰਨੀ ਜਾਣ ਵਾਲੀ ਪਰਾਲੀ ਹੁਣ ਪੰਜਾਬ ਦੇ ਕਿਸਾਨਾਂ ਲਈ ਲਾਹੇ ਦਾ ਧੰਦਾ ਬਣ ਗਈ ਹੈ। ਸੂਬੇ ਦੀ ਕਈ ਕਿਸਾਨ ਪਰਾਲੀ ਨੂੰ ਖੇਤਾਂ ਵਿਚ ਸਾੜਨ ਦੀ ਥਾਂ 'ਬਾਇਓਮਾਸ' ਪਲਾਂਟਾਂ ਅਤੇ 'ਬਾਇਲਰ' ਨੂੰ ਵੇਚ ਕੇ ਲੱਖਾਂ ਰੁਪਏ ਕਮਾ ਰਹੇ ਹਨ। ਜ਼ਿਕਰਯੋਗ ਹੈ ਕਿ ਖੇਤਾਂ ਵਿਚ ਪਰਾਲੀ ਸਾੜਨ ਨਾਲ ਹੋਣ ਵਾਲੇ ਹਵਾ ਪ੍ਰਦੂਸ਼ਣ ਲਈ ਅਕਸਰ ਪੰਜਾਬ ਦੇ ਕਿਸਾਨਾਂ ਨੂੰ ਜ਼ਿੰਮੇਵਾਰ ਠਹਿਰਾਇਆ ਜਾਂਦਾ ਹੈ। ਗੁਰਦਾਸਪੁਰ ਵਾਸੀ ਪਲਵਿੰਦਰ ਸਿੰਘ ਉਨ੍ਹਾਂ ਕਿਸਾਨਾਂ ਵਿਚ ਸ਼ਾਮਲ ਹੈ ਜਿਨ੍ਹਾਂ ਨੇ ਪਿਛਲੇ ਸਾਲ ਇਕ 'ਬੇਲਰ' ਖਰੀਦਿਆ ਅਤੇ ਫਿਰ ਉਸ ਨਾਲ ਪਰਾਲੀ ਦੀਆਂ ਗੱਠਾਂ ਬਣਾ ਕੇ ਕਾਰੋਬਾਰੀਆਂ ਨੂੰ ਵੇਚਣਾ ਸ਼ੁਰੂ ਕਰ ਦਿੱਤਾ। ਬੇਲਰ ਖੇਤੀ ਉਦਯੋਗ ਵਿਚ ਵਰਤਣ ਵਾਲੀ ਮਸ਼ੀਨ ਹੈ ਜੋ ਟਰੈਕਟਰ ਨਾਲ ਜੁੜੀ ਹੁੰਦੀ ਹੈ। ਇਹ ਮਸ਼ੀਨ ਖੇਤਾਂ ਵਿਚ ਪਰਾਲੀ ਨੂੰ ਸਮੇਟ ਕੇ ਇਸ ਦੀਆਂ ਗੱਠਾਂ ਬਣਾ ਦਿੰਦੀ ਹੈ। ਪਲਵਿੰਦਰ ਨੇ ਕਿਹਾ ਕਿ ਪਿਛਲੇ ਸਾਲ ਉਹ 1,400 ਟਨ ਪਰਾਲੀ ਵੇਚੀ ਸੀ ਅਤੇ ਇਸ ਸਾਲ 3,000 ਟਨ



ਪਰਾਲੀ ਵੇਚਣ ਦੀ ਉਮੀਦ ਹੈ। ਉਹ ਨੇੜਲੇ ਪਿੰਡਾਂ ਵਿਚੋਂ ਪਰਾਲੀ ਇਕੱਠੀ ਕਰਦਾ ਹੈ। ਮਗਰੋਂ ਉਹ ਪਰਾਲੀ ਪਠਾਨਕੋਟ ਵਿਚ ਇਕ ਬਿਜਲੀ ਉਤਪਾਦਨ ਕਰਨ ਵਾਲੀ ਕੰਪਨੀ ਨੂੰ ਦਿੰਦਾ ਹੈ। ਪਲਵਿੰਦਰ ਨੇ ਕਿਹਾ ਕਿ ਉਨ੍ਹਾਂ ਅਤੇ ਉਨ੍ਹਾਂ ਦੇ ਸਹਿਯੋਗੀਆਂ ਨੇ ਇੱਕ ਸਾਲ ਦੇ ਅੰਦਰ-ਅੰਦਰ ਆਪਣੇ ਨਿਵੇਸ਼ ਦੀ ਸਾਰੀ ਰਕਮ ਪ੍ਰਾਪਤ ਕਰ ਲਈ ਹੈ। ਇਸ ਸਾਲ 15 ਲੱਖ ਰੁਪਏ ਦਾ ਕਾਰੋਬਾਰ ਹੋਣ ਦੀ ਉਮੀਦ ਹੈ।

ਮਾਲੇਰਕੋਟਲਾ ਦਾ ਗੁਰਪ੍ਰੀਤ ਸਿੰਘ ਵੀ ਇਕ ਹੋਰ ਅਜਿਹਾ ਹੀ ਕਿਸਾਨ ਹੈ, ਜੋ ਬੇਲਰ ਦੀ ਸਹਾਇਤਾ ਨਾਲ ਝੋਨੇ ਦੀ ਪਰਾਲੀ ਨਾਲ ਕਮਾਈ ਕਰ ਰਿਹਾ ਹੈ। ਕਿਹਾ ਕਿ ਪਿਛਲੇ ਸਾਲ ਉਸ ਨੇ 20 ਲੱਖ ਰੁਪਏ ਦੀ ਪਰਾਲੀ ਵੇਚੀ ਸੀ। ਸਾਰਿਆਂ ਖਰਚਿਆਂ ਨੂੰ ਕੱਢ ਕੇ ਸੱਤ-ਅੱਠ ਲੱਖ ਰੁਪਏ ਬਚੇ ਹਨ। ਉਸ ਨੇ ਪਿਛਲੇ ਸਾਲ 1,200 ਟਨ ਪਰਾਲੀ ਵੇਚੀ ਸੀ ਅਤੇ ਇਸ ਸਾਲ ਉਸ ਦੀ ਪੰਜ ਹਜ਼ਾਰ ਟਨ ਪਰਾਲੀ ਵੇਚਣ ਦੀ ਯੋਜਨਾ ਹੈ। ਮਾਲੇਰਕੋਟਲਾ ਦੇ ਪਿੰਡ ਕੁਠਾਲਾ ਵਿਚ 10 ਏਕੜ ਖੇਤੀ ਜ਼ਮੀਨ ਦੇ ਮਾਲਕ ਗੁਰਪ੍ਰੀਤ ਨੇ ਕਿਹਾ ਕਿ ਸਾਡੀ ਇਸ ਸਾਲ ਜਨਵਰੀ ਅਤੇ ਮਾਰਚ ਵਿਚ ਕੁੱਝ ਪਰਾਲੀ ਦਾ ਭੰਡਾਰ ਕਰਨ ਦੀ ਯੋਜਨਾ ਹੈ। ਸਾਲ ਦੇ ਉਨ੍ਹਾਂ ਸ਼ੁਰੂਆਤੀ ਮਹੀਨਿਆਂ ਵਿਚ ਇਸ ਦੀ ਕੀਮਤ 280-300 ਰੁਪਏ ਪ੍ਰਤੀ ਕੁਇੰਟਲ ਤੱਕ ਹੋ ਜਾਂਦੀ ਹੈ। ਉਸ ਨੇ ਕਿਹਾ ਕਿ ਹੁਣ ਪਰਾਲੀ ਦੀ ਕੀਮਤ 170 ਰੁਪਏ ਪ੍ਰਤੀ ਕੁਇੰਟਲ ਹੈ।

ਗੁਰਪ੍ਰੀਤ ਸਿੰਘ ਨੇ ਕਿਹਾ ਕਿ ਉਸ ਨੇ ਪਿਛਲੇ ਸਾਲ 600 ਏਕੜ ਜ਼ਮੀਨ ਵਿਚ ਕਿਸਾਨਾਂ ਨੂੰ ਪਰਾਲੀ ਸਾੜਨ ਤੋਂ ਰੋਕਿਆ। ਜ਼ਿਕਰਯੋਗ ਹੈ ਕਿ ਬਾਇਓਮਾਸ ਪਲਾਂਟ, ਪੇਪਰ ਮਿੱਲਾਂ ਅਤੇ ਬਾਇਲਰਾਂ ਦੀ ਪਰਾਲੀ ਦੀ ਵਧਦੀ ਮੰਗ ਕਾਰਨ ਸੂਬੇ ਵਿਚ ਕਈ ਕਿਸਾਨ ਬੇਲਰ ਖਰੀਦ ਰਹੇ ਹਨ।

## ਪੰਜਾਬ 'ਚ ਨਵੀਂ ਖੇਤੀ ਨੀਤੀ ਛੇਤੀ ਲਾਗੂ ਕਰਾਂਗੇ: ਖੁੱਡੀਆਂ

**ਮੋਗਾ:** ਖੇਤੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਸੂਬੇ 'ਚ ਨਵੀਂ ਖੇਤੀ ਨੀਤੀ ਤਿਆਰ ਹੋ ਚੁੱਕੀ ਹੈ ਜਿਸ ਨੂੰ ਜਲਦੀ ਹੀ ਲਾਗੂ ਕਰ ਦਿੱਤਾ ਜਾਵੇਗਾ। ਖੇਤੀ ਮੰਤਰੀ ਨੇ ਦੱਸਿਆ ਕਿ ਸੂਬੇ 'ਚ ਨਵੀਂ ਖੇਤੀ ਨੀਤੀ ਤਿਆਰ ਹੋ ਚੁੱਕੀ ਹੈ ਅਤੇ ਮੁੱਖ ਮੰਤਰੀ ਨਾਲ ਕੁਝ ਨੁਕਤਿਆਂ 'ਤੇ ਸਲਾਹ ਕਰਕੇ ਇਹ ਤੁਰਤ ਲਾਗੂ ਕਰ ਦਿੱਤੀ ਜਾਵੇਗੀ। ਉਨ੍ਹਾਂ ਸੂਬੇ 'ਚ ਫ਼ਸਲੀ ਵਿਭਿੰਨਤਾ ਲਈ ਕਿਸਾਨਾਂ ਨੂੰ ਮੱਕੀ ਅਤੇ ਦਾਲਾਂ ਦੀ ਕਾਸ਼ਤ ਸਬੰਧੀ ਮੰਡੀਕਰਨ ਦੀ ਸਮੱਸਿਆ ਲਈ ਕੇਂਦਰ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਕਿਹਾ ਕਿ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਕੇਂਦਰ ਸਰਕਾਰ ਵੱਲੋਂ ਦਿੱਤਾ ਜਾਂਦਾ ਹੈ। ਸੂਬਾ ਸਰਕਾਰ ਕਿਸਾਨਾਂ ਨੂੰ ਖੇਤੀ ਸੰਕਟ ਵਿਚੋਂ ਕੱਢਣ ਤੇ ਇਸ ਨੂੰ ਲਾਹੇਵੰਦ ਬਣਾਉਣ ਲਈ ਕੰਮ ਕਰ ਰਹੀ ਹੈ।

ਪੰਜਾਬ ਟਾਈਮਜ਼

*ਸ਼ਨਿਚਰਵਾਰ, 4 ਨਵੰਬਰ, 2023*

# ਫਲਸਤੀਨ 'ਤੇ ਮਾਰ ਅਤੇ ਭਾਰਤ

ਦੁਨੀਆ ਦੇ ਬਹੁਤ ਸਾਰੇ ਦੇਸ਼ ਇਕੱਠੇ ਹੋ ਕੇ ਸੰਯੁਕਤ ਰਾਸ਼ਟਰ ਦੇ ਮੰਚ ਤੋਂ ਇਜ਼ਰਾਈਲ-ਹਮਾਸ ਜੰਗ ਵਿਰੁੱਧ ਆਵਾਜ਼ ਉਠਾ ਰਹੇ ਹਨ। ਦੇਰ ਨਾਲ ਹੀ ਸਹੀ, ਇਹ ਚੰਗਾ ਹੋਇਆ ਹੈ ਕਿ ਇਸ ਮੰਚ ਤੋਂ ਜੰਗ ਖ਼ਿਲਾਫ ਇਹ ਆਵਾਜ਼ ਬੁਲੰਦ ਹੋਈ ਹੈ। ਸੰਯੁਕਤ ਰਾਸ਼ਟਰ ਦੀ ਜਨਰਲ ਅਸੈਂਬਲੀ ਦੇ ਪਾਸ ਕੀਤੇ ਮਤੇ ਵਿਚ ਤੁਰੰਤ ਜੰਗਬੰਦੀ ਕਰਨ ਲਈ ਕਿਹਾ ਗਿਆ ਹੈ। ਮਤੇ ਦੇ ਹੱਕ ਵਿਚ 120 ਅਤੇ ਵਿਰੋਧ ਵਿਚ ਸਿਰਫ਼ 14 ਵੋਟਾਂ ਪਈਆਂ। 45 ਦੇਸ਼ ਵੋਟਿੰਗ ਦੌਰਾਨ ਗ਼ੈਰ-ਹਾਜ਼ਰ ਰਹੇ। ਇਸ ਪ੍ਰਸੰਗ ਵਿਚ ਸਭ ਤੋਂ ਮਾੜੀ ਗੱਲ ਇਹ ਹੋਈ ਕਿ ਭਾਰਤ ਗ਼ੈਰ-ਹਾਜ਼ਰ ਰਹਿਣ ਵਾਲੇ ਦੇਸ਼ਾਂ ਵਿਚ ਸ਼ਾਮਲ ਸੀ। ਭਾਰਤ ਨੇ ਗ਼ੈਰ-ਹਾਜ਼ਰੀ ਦਾ ਕਾਰਨ ਇਹ ਦੱਸਿਆ ਹੈ ਕਿ ਮਤੇ ਵਿਚ ਹਮਾਸ ਦੀ ਦਹਿਸ਼ਤਗਰਦ ਕਾਰਵਾਈ ਬਾਰੇ ਕੁਝ ਨਹੀਂ ਕਿਹਾ ਗਿਆ; ਹਾਲਾਂਕਿ ਦੱਖਣੀ ਏਸ਼ੀਆ ਦੇ ਹੋਰ ਸਾਰੇ ਦੇਸ਼ਾਂ ਅਫ਼ਗਾਨਿਸਤਾਨ, ਪਾਕਿਸਤਾਨ, ਸ੍ਰੀਲੰਕਾ, ਬੰਗਲਾਦੇਸ਼, ਨੇਪਾਲ, ਸਾਰਿਆਂ ਨੇ ਮਤੇ ਦੇ ਹੱਕ ਵਿਚ ਵੋਟ ਪਾਈ। ਹੋਰ ਤਾਂ ਹੋਰ, ਭਾਰਤ ਨੇ ਅਮਰੀਕਾ ਅਤੇ ਕੈਨੇਡਾ ਨਾਲ ਮਿਲ ਕੇ ਮਤੇ ਨੂੰ ਹੋਰ ਨਰਮ ਕਰਨ ਦਾ ਯਤਨ ਵੀ ਕੀਤਾ ਜੋ ਅਸਫਲ ਰਿਹਾ। ਚੇਤੇ ਰਹੇ ਕਿ ਸਬੰਧਿਤ ਦੇਸ਼ਾਂ ਨੂੰ ਜਨਰਲ ਅਸੈਂਬਲੀ ਦੇ ਮਤਿਆਂ 'ਤੇ ਅਮਲ ਕਰਨਾ ਲਾਜ਼ਮੀ ਨਹੀਂ ਹੁੰਦਾ; ਹਾਂ, ਸੁਰੱਖਿਆ ਕੌਂਸਲ ਦੇ ਮਤਿਆਂ 'ਤੇ ਅਮਲ ਕਰਨਾ ਜ਼ਰੂਰੀ ਹੁੰਦਾ ਹੈ। ਸੁਰੱਖਿਆ ਕੌਂਸਲ ਵਿਚ ਅਮਰੀਕਾ, ਰੂਸ, ਚੀਨ, ਫਰਾਂਸ ਤੇ ਇੰਗਲੈਂਡ ਨੂੰ ਵੀਟੋ ਕਰਨ ਦੇ ਅਧਿਕਾਰ ਹਨ, ਇਸ ਕਾਰਨ ਹੀ ਇਹ ਮੰਚ ਇਜ਼ਰਾਈਲ-ਹਮਾਸ ਜੰਗ ਬਾਰੇ ਕੋਈ ਫੈਸਲਾ ਨਹੀਂ ਕਰ ਸਕਿਆ। ਉਂਝ, ਜਨਰਲ ਅਸੈਂਬਲੀ ਦੇ ਮਤੇ 'ਤੇ ਅਮਲ ਕਰਨਾ ਲਾਜ਼ਮੀ ਨਾ ਹੋਣ ਦੇ ਬਾਵਜੂਦ ਇਸ ਮਤੇ ਦਾ ਬਹੁਤ ਮਹੱਤਵ ਹੈ। ਇਹ ਮਤਾ ਦਰਸਾਉਂਦਾ ਹੈ ਕਿ ਫ਼ਲਸਤੀਨ ਦੇ ਮਾਮਲੇ ਵਿਚ ਅਮਰੀਕਾ ਅਤੇ ਇਜ਼ਰਾਈਲ ਦੀ ਸਾਂਝੀ ਨੀਤੀ ਵੱਡੀ ਗਿਣਤੀ ਵਿਚ ਦੇਸ਼ਾਂ ਨੂੰ ਮਨਜ਼ੂਰ ਨਹੀਂ।

ਵਿਚਾਰਨ ਵਾਲਾ ਅਸਲ ਨੁਕਤਾ ਇਹ ਹੈ ਕਿ ਇਹ ਮਤਾ ਮਨੁੱਖਤਾ ਵੱਲੋਂ ਫ਼ਲਸਤੀਨ ਵਿਚ ਹੋ ਰਹੀ ਜੰਗ ਨੂੰ ਬੰਦ ਕਰਾਉਣ ਲਈ ਅਪੀਲ ਸੀ। ਭਾਰਤ ਸੰਯੁਕਤ ਰਾਸ਼ਟਰ ਵਿਚ ਹਮੇਸ਼ਾ ਹੀ ਫ਼ਲਸਤੀਨ ਦੇ ਹੱਕ ਵਿਚ ਖਲੋਂਦਾ ਆਇਆ ਹੈ। ਅਮਰੀਕਾ, ਇਜ਼ਰਾਈਲ ਅਤੇ ਉਨ੍ਹਾਂ ਦੇ ਸਾਥੀ ਦੇਸ਼ ਫ਼ਲਸਤੀਨ ਵਿਰੁੱਧ ਭੁਗਤਦੇ ਰਹੇ ਹਨ। ਇਹ ਪਹਿਲੀ ਵਾਰ ਹੈ ਕਿ ਭਾਰਤ ਨੇ ਅਜਿਹੇ ਮਤੇ ਜੋ ਫ਼ਲਸਤੀਨ ਵਿਚ ਹੋ ਰਹੀ ਤਬਾਹੀ ਨੂੰ ਬੰਦ ਕਰਾਉਣ ਦਾ ਯਤਨ ਸੀ, ਦੇ ਹੱਕ ਵਿਚ ਵੋਟ ਨਹੀਂ ਪਾਈ। ਇਸ ਸਮੇਂ ਫ਼ਲਸਤੀਨ ਦੀ ਤਬਾਹੀ ਕੀਤੀ ਜਾ ਰਹੀ ਹੈ। ਹਮਾਸ ਦੁਆਰਾ 7 ਅਕਤੂਬਰ ਨੂੰ ਕੀਤੀ ਕਾਰਵਾਈ ਨਿਸ਼ਚੇ ਹੀ ਨਿੰਦਣਯੋਗ ਹੈ ਪਰ ਇਜ਼ਰਾਈਲ ਗਾਜ਼ਾ ਵਿਚ ਜੋ ਕਾਰਵਾਈਆਂ ਕਰ ਰਿਹਾ ਹੈ, ਉਹ ਮਨੁੱਖਤਾ ਦਾ ਘਾਣ ਹੈ। ਲੱਖਾਂ ਲੋਕ ਪਾਣੀ, ਭੋਜਨ, ਦਵਾਈਆਂ ਤੇ ਬਿਜਲੀ ਲਈ ਤੜਫ ਰਹੇ ਹਨ। ਇਜ਼ਰਾਈਲ ਹਮਾਸ ਨੂੰ ਖਤਮ ਕਰਨ ਦੇ ਨਾਂ 'ਤੇ ਹਸਪਤਾਲਾਂ, ਰਿਹਾਇਸ਼ੀ ਇਮਾਰਤਾਂ, ਸਕੂਲਾਂ, ਬਾਜ਼ਾਰਾਂ, ਸੜਕਾਂ ਨੂੰ ਆਪਣਾ ਨਿਸ਼ਾਨਾ ਬਣਾ ਰਿਹਾ ਹੈ। ਉੱਥੇ ਕੋਈ ਇੰਟਰਨੈਟ ਨਹੀਂ ਅਤੇ ਹੋ ਰਹੀ ਤਬਾਹੀ ਨੂੰ ਦੁਨੀਆ ਤੋਂ ਲਕੋਣ ਲਈ ਹਰ ਹੀਲਾ ਵਰਤਿਆ ਜਾ ਰਿਹਾ ਹੈ। ਇਸ ਤੋਂ ਪਹਿਲਾਂ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਅੰਤੋਨੀਓ ਗੁਟੇਰੇਜ਼ ਨੇ ਇਜ਼ਰਾਈਲ ਦੀਆਂ ਕਾਰਵਾਈਆਂ ਲਈ ਤਿੱਖੀਆਂ ਟਿੱਪਣੀਆਂ ਕੀਤੀਆਂ। ਇਸ 'ਤੇ ਇਜ਼ਰਾਈਲ ਨੇ ਖ਼ੂਬ ਗੁੱਸਾ ਜ਼ਾਹਿਰ ਕੀਤਾ। ਅੰਤੋਨੀਓ ਗੁਟੇਰੇਜ਼ ਨੇ ਸਾਫ ਕਿਹਾ ਸੀ ਕਿ 7 ਅਕਤੂਬਰ ਦੇ ਹਮਲੇ ਖ਼ਲਾਅ ਵਿਚੋਂ ਪੈਦਾ ਨਹੀਂ ਹੋਏ। ਉਨ੍ਹਾਂ ਨੇ ਫ਼ਲਸਤੀਨੀਆਂ ਦੇ ਦੁੱਖਾਂ ਦਾ ਵੀ ਵਿਸਥਾਰ ਜ਼ਿਕਰ ਕੀਤਾ। ਉਨ੍ਹਾਂ ਜ਼ੋਰ ਦਿੱਤਾ ਕਿ ਜਿਸ ਤਰ੍ਹਾਂ ਹਮਾਸ ਦੇ ਹਮਲਿਆਂ ਨੂੰ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ, ਉਸੇ ਤਰ੍ਹਾਂ ਇਜ਼ਰਾਈਲ ਦੁਆਰਾ ਫ਼ਲਸਤੀਨੀ ਲੋਕਾਂ ਨੂੰ ਦਿੱਤੀ ਜਾ ਰਹੀ ਸਜ਼ਾ ਨੂੰ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਹੋਰ ਤਾਂ ਹੋਰ, ਬਿਨਾਂ ਕਿਸੇ ਰੋਕ-ਟੋਕ ਤੋਂ ਮਨੁੱਖੀ ਸਹਾਇਤਾ ਭੇਜਣ ਅਤੇ ਗਾਜ਼ਾ ਪੱਟੀ ਵਿਚ ਫੌਰੀ ਜੰਗਬੰਦੀ ਲਾਗੂ ਕੀਤੇ ਜਾਣ ਸਬੰਧੀ ਵਾਰ-ਵਾਰ ਕੀਤੀਆਂ ਜਾ ਰਹੀਆਂ ਅਪੀਲਾਂ ਨੂੰ ਅਣਸੁਣਿਆ ਕਰ ਦਿੱਤਾ ਗਿਆ ਹੈ।

1948 ਵਿਚ ਇਜ਼ਰਾਈਲ ਦੀ ਸਥਾਪਨਾ ਅਤੇ ਇਸ ਨੂੰ ਦੁਨੀਆ ਭਰ ਵਿਚ ਵਸਦੇ ਯਹੂਦੀਆਂ ਦੇ ਵਤਨ ਦੇ ਤੌਰ 'ਤੇ ਪੇਸ਼ ਕੀਤੇ ਜਾਣ ਤੋਂ ਲੈ ਕੇ ਹੀ ਇਜ਼ਰਾਈਲ-ਫ਼ਲਸਤੀਨ ਟਕਰਾਅ ਚੱਲ ਰਿਹਾ ਹੈ। ਇਜ਼ਰਾਈਲ ਦੇ ਗਠਨ ਨਾਲ 7.5 ਲੱਖ ਫ਼ਲਸਤੀਨੀਆਂ ਦਾ ਉਜਾੜਾ ਹੋਇਆ ਸੀ। ਉੱਜੜੇ ਫ਼ਲਸਤੀਨੀ ਆਪਣੇ ਵਤਨ ਨੂੰ ਇਜ਼ਰਾਈਲ ਤੋਂ ਮੁਕਤ ਕਰਾਉਣਾ ਚਾਹੁੰਦੇ ਹਨ। ਟਕਰਾਅ ਦੀ ਉਲਝਣ ਭਰੀ ਗੁੱਥੀ ਦੇ ਇਖ਼ਲਾਕੀ ਅਤੇ ਆਰਥਿਕ ਭੂਗੋਲਕ ਸ਼ਕਤੀਆਂ ਤੋਂ ਉਪਜੀ ਹੈ। ਪੱਛਮੀ ਏਸ਼ੀਆ ਵਿਚ ਇਜ਼ਰਾਈਲ ਦੀ ਆਰਥਿਕ ਭੂਗੋਲਕ ਸਥਿਤੀ ਕਰ ਕੇ ਵੀ ਇਹ ਟਕਰਾਅ ਫ਼ੈਲਦਾ ਰਿਹਾ ਹੈ। ਮੰਨਿਆ ਜਾਂਦਾ ਹੈ ਕਿ ਪੱਛਮੀ ਏਸ਼ੀਆ 'ਤੇ ਜਿਸ ਦਾ ਕਬਜ਼ਾ ਹੈ, ਉਸੇ ਦਾ ਤੇਲ 'ਤੇ ਕਬਜ਼ਾ ਹੁੰਦਾ ਹੈ ਅਤੇ ਜਿਸ ਦਾ ਤੇਲ 'ਤੇ ਕਬਜ਼ਾ ਹੈ, ਉਹੀ ਦੁਨੀਆ ਨੂੰ ਚਲਾਉਂਦਾ ਹੈ। ਪੱਛਮੀ ਏਸ਼ੀਆ ਦੁਨੀਆ ਦਾ ਸਭ ਤੋਂ ਵੱਧ ਤੇਲ ਸਰੋਤ ਭਰਪੂਰ ਖਿੱਤਾ ਹੈ ਅਤੇ ਜਦੋਂ ਤਰਲ ਸੋਨੇ ਵਜੋਂ ਜਾਣੇ ਜਾਂਦੇ ਪੈਟਰੋਲੀਅਮ ਪਦਾਰਥ ਆਧੁਨਿਕ ਪੂੰਜੀਵਾਦੀ ਅਰਥਚਾਰਿਆਂ ਨੂੰ ਚਲਾਉਣ ਲਈ ਸਭ ਤੋਂ ਅਹਿਮ ਊਰਜਾ ਦਾ ਸਰੋਤ ਬਣ ਗਏ, ਉਦੋਂ ਤੋਂ ਅਮਰੀਕਾ, ਬਰਤਾਨੀਆ ਅਤੇ ਫਰਾਂਸ ਇਸ ਤਰਲ ਸੋਨੇ ਦੇ ਸਰੋਤ ਤੱਕ ਰਸਾਈ ਪਾਉਣ ਲਈ ਇਸ ਖਿੱਤੇ ਵਿਚ ਦਾਖ਼ਲ ਹੋ ਗਏ ਸਨ। ਉਂਝ, ਭਾਰਤ ਅਤੇ ਕਈ ਹੋਰ ਦੇਸ਼ਾਂ ਦਾ ਹਿੱਤ ਪੱਛਮੀ ਏਸ਼ੀਆ ਵਿਚ ਸ਼ਾਂਤੀ ਨਾਲ ਜੁੜਿਆ ਹੋਇਆ ਹੈ ਕਿਉਂਕਿ ਇਸ ਖਿੱਤੇ ਵਿਚ ਟਕਰਾਵਾਂ ਕਰਕੇ ਤੇਲ ਕੀਮਤਾਂ, ਮਹਿੰਗਾਈ ਵਿਚ ਉਛਾਲ ਆਉਂਦਾ ਰਿਹਾ ਹੈ ਜਿਸ ਨਾਲ ਆਰਥਿਕ ਹਾਲਾਤ ਵਿਗੜਦੇ ਹਨ। ਇਸ ਲਈ ਸਭ ਧਿਰਾਂ ਨੂੰ ਚਾਹੀਦਾ ਹੈ ਕਿ ਸਭ ਤੋਂ ਪਹਿਲਾਂ ਜੰਗਬੰਦੀ ਕਰਵਾ ਕੇ ਮਸਲੇ ਦਾ ਸਥਾਈ ਹੱਲ ਕੱਢਣ ਲਈ ਯਤਨ ਕੀਤੇ ਜਾਣ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਦੱਸੋ ਪਾਸ ਹੋ ਕੇ

ਹੋ ਰਹੀ 'ਬਾਗ ਦੀ ਲੁੱਟ' ਨੂੰ ਦੇਖਦੇ ਰਹੇ ਮਿਲੀਭੁਗਤ ਸੀ ਸਮਝ ਲਓ ਮਾਲੀਆਂ ਦੀ।
ਹੁਣ ਬਹਿਸ ਕੀ ਉਨ੍ਹਾਂ ਦੇ ਨਾਲ ਕਰਨੀ ਬੀਜੀ 'ਫਸਲ' ਹੈ ਜਿਨ੍ਹਾਂ ਬਦਹਾਲੀਆਂ ਦੀ।
ਤਦੇ ਲਿਆਂਦਾ 'ਬਦਲਾਅ' ਹੈ ਵੋਟਰਾਂ ਨੇ ਪਾਊ ਕਦਰ ਹੁਣ ਘਾਲਣਾ ਘਾਲੀਆਂ ਦੀ।
ਹਿੰਮਤ ਕੇਂਦਰ ਤੋਂ ਪੁੱਛਣ ਦੀ ਕਰੋ ਯਾਰੋ ਸਿਰ 'ਤੇ ਠੋਸੀਆਂ ਨੀਤਾਂ ਜੰਗਾਲੀਆਂ ਦੀ।
ਪੂਰੀ ਕਰ ਦਿਉ 'ਰੀਝ' ਪੰਜਾਬੀਆਂ ਦੀ ਚਿਰ ਤੋਂ ਖੁੱਸੀਆਂ ਹੋਈਆਂ ਖੁਸ਼ਹਾਲੀਆਂ ਦੀ।
ਦੱਸੋ 'ਪਾਸ ਹੋ ਕੇ' ਛੱਡ ਦਿਉ ਗੱਲ ਭਾਈ 'ਫੇਲ੍ਹ ਹੋਇਆਂ' ਨੂੰ ਦੇਣੀਆਂ ਗਾਲ੍ਹੀਆਂ ਦੀ!

# ਪੁਰਾਣੀ ਪੈਨਸ਼ਨ ਬਹਾਲੀ ਲਈ ਸੰਘਰਸ਼ ਤੇ ਸਰਕਾਰਾਂ ਦਾ ਕਿਰਦਾਰ



ਨਵਕਿਰਨ ਸਿੰਘ ਪੱਤੀ
ਈਮੇਲ: n4navkiran@gmail.com

ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ ਦੀ ਮੰਗ ਲਈ ਮੁਲਾਜ਼ਮਾਂ ਦਾ ਸੰਘਰਸ਼ ਲਗਾਤਾਰ ਅੱਗੇ ਵਧ ਰਿਹਾ ਹੈ। ਪੁਰਾਣੀ ਪੈਨਸ਼ਨ ਬਹਾਲੀ ਦੀ ਮੰਗ ਖਾਤਰ ਲੰਘੀ 2 ਅਕਤੂਬਰ ਨੂੰ ਦਿੱਲੀ ਦੇ ਰਾਮ ਲੀਲ੍ਹਾ ਮੈਦਾਨ ਵਿਚ ਦੇਸ਼ ਭਰ ਵਿਚੋਂ ਲੱਖਾਂ ਕਰਮਚਾਰੀਆਂ ਦਾ ਪਹੁੰਚਣਾ ਇਸ ਮੁੱਦੇ ਦੀ ਸੰਜੀਦਗੀ ਨੂੰ ਬਿਆਨ ਕਰਦਾ ਹੈ। ਹੁਣ ਕੇਂਦਰੀ ਟਰੇਡ ਯੂਨੀਅਨਾਂ ਦੀ ਭਾਗੀਦਾਰੀ ਨਾਲ ਨਵੰਬਰ ਦੇ ਪਹਿਲੇ ਹਫ਼ਤੇ ਰਾਮ ਲੀਲ੍ਹਾ ਮੈਦਾਨ ਵਿਚ ਪੁਰਾਣੀ ਪੈਨਸ਼ਨ ਬਹਾਲੀ ਲਈ ਮੁੜ ਕੀਤਾ ਜਾ ਰਿਹਾ ਵਿਸ਼ਾਲ ਰੋਸ ਪ੍ਰਦਰਸ਼ਨ ਲੋਕ ਸਭਾ ਚੋਣਾਂ ਸਮੇਂ ਕੇਂਦਰ ਸਰਕਾਰ ਲਈ ਵੱਡੀ ਸਿਰਦਰਦੀ ਬਣ ਸਕਦਾ ਹੈ।

ਪੁਰਾਣੀ ਪੈਨਸ਼ਨ ਦੀ ਹੱਕੀ ਮੰਗ ਸੂਬਾ ਪੱਧਰ 'ਤੇ ਤਾਂ ਪਿਛਲੇ ਕਈ ਸਾਲਾਂ ਤੋਂ ਉੱਠ ਰਹੀ ਹੈ, ਕਈ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਇਹ ਚਰਚਾ ਦਾ ਮੁੱਖ ਵਿਸ਼ਾ ਵੀ ਬਣੀ ਲੇਕਿਨ ਹੁਣ ਕੇਂਦਰੀ ਪੱਧਰ 'ਤੇ ਬਣ ਰਹੀ ਲਹਿਰ ਸ਼ੁਭ ਸੰਕੇਤ ਹੈ। ਮੁਲਾਜ਼ਮਾਂ ਦੇ ਸੰਘਰਸ਼ ਦਾ ਹੀ ਸਿੱਟਾ ਹੈ ਕਿ ਹਿਮਾਚਲ ਪ੍ਰਦੇਸ਼, ਰਾਜਸਥਾਨ, ਛੱਤੀਸਗੜ੍ਹ, ਝਾਰਖੰਡ, ਪੰਜਾਬ ਵਰਗੇ ਕਈ ਸੂਬੇ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਦਾ ਐਲਾਨ ਕਰ ਚੁੱਕੇ ਹਨ ਹਾਲਾਂਕਿ ਅਜੇ ਲਾਗੂ ਕਰਨ ਤੋਂ ਟਾਲਾ ਵੱਟ ਰਹੇ ਹਨ।

ਪੁਰਾਣੀ ਪੈਨਸ਼ਨ ਸਕੀਮ ਲਈ ਸੂਬਿਆਂ ਵਿਚ ਉੱਠ ਰਹੀ ਬਗ਼ਾਵਤ ਦੇ ਮੱਦੇਨਜ਼ਰ ਕੇਂਦਰੀ ਵਿੱਤ ਮੰਤਰਾਲੇ ਨੇ ਲੰਘੇ ਅਪਰੈਲ ਮਹੀਨੇ ਵਿੱਤ ਸਕੱਤਰ ਟੀ.ਵੀ. ਸੋਮਨਾਥਨ ਦੀ ਅਗਵਾਈ ਵਿਚ ਕਮੇਟੀ ਦਾ ਗਠਨ ਕੀਤਾ ਸੀ। ਵਿੱਤ ਵਿਭਾਗ ਦਾ ਤਰਕ ਸੀ ਕਿ ਇਹ ਕਮੇਟੀ ਪੈਨਸ਼ਨਰੀ ਲਾਭਾਂ ਨੂੰ ਬਿਹਤਰ ਬਣਾਉਣ ਦੇ ਮੁੱਦੇ 'ਤੇ ਵਿਚਾਰ ਕਰੇਗੀ। ਮਤਲਬ ਸਾਫ ਹੈ ਕਿ ਮੁਲਾਜ਼ਮਾਂ ਦੇ ਸੰਘਰਸ਼ ਦੀ ਗੰਭੀਰਤਾ ਨੂੰ ਦੇਖਦੇ ਹੋਏ ਕੇਂਦਰ ਸਰਕਾਰ ਵਿਚ-ਵਿਚਾਲੇ ਦਾ ਕੋਈ ਰਾਹ ਕੱਢਣ ਬਾਰੇ ਸੋਚ ਰਹੀ ਹੈ। ਜੇ ਮੁਲਾਜ਼ਮਾਂ ਦਾ ਸੰਘਰਸ਼ ਹੋਰ ਤਿੱਖਾ ਹੋਇਆ ਤਾਂ ਕੇਂਦਰ ਸਰਕਾਰ ਨੂੰ ਹੋਰ ਵੱਧ ਪਿਛਾਂਹ ਧੱਕ ਸਕਦਾ ਹੈ।

ਕਿਸੇ ਵੀ ਮੁਲਾਜ਼ਮ ਨੂੰ ਨੌਕਰੀ ਦੌਰਾਨ ਸਨਮਾਨਜਨਕ ਤਨਖਾਹ ਤੇ ਸੇਵਾ ਮੁਕਤੀ ਉਪਰੰਤ ਸਨਮਾਨਜਨਕ ਪੈਨਸ਼ਨ ਲਾਭ ਮਿਲਣੇ ਚਾਹੀਦੇ ਹਨ ਪਰ ਸਾਡੀਆਂ ਸਰਕਾਰਾਂ ਅਜਿਹਾ ਨਾ ਕਰ ਕੇ ਮੁਲਾਜ਼ਮਾਂ ਨਾਲ ਧੋਖਾ ਕਰ ਰਹੀਆਂ ਹਨ। ਪਹਿਲਾਂ ਸਰਕਾਰਾਂ ਨੇ ਇਹ ਹੱਕ ਥਾਲੀ ਵਿਚ ਪਰੋਸ ਕੇ ਨਹੀਂ ਦਿੱਤੇ ਸਨ ਬਲਕਿ ਲੋਕ ਲਹਿਰ ਦਾ ਸਿੱਟਾ ਸਨ ਕਿਉਂਕਿ ਭਾਰਤ ਵਰਗੇ ਮੁਲਕਾਂ ਵਿਚ ਸਰਕਾਰੀ ਢਾਂਚਾ, ਸਰਕਾਰੀ ਨੌਕਰੀਆਂ, ਪੈਨਸ਼ਨਾਂ ਲਾਗੂ ਕਰਨ ਦਾ ਕਾਰਨ ਇਹ ਸੀ ਕਿ ਰੂਸੀ ਇਨਕਲਾਬ ਤੋਂ ਬਾਅਦ ਦੁਨੀਆ ਭਰ ਵਿਚ ਸਮਾਜਿਕ ਸੁਰੱਖਿਆ ਦੀ ਗਾਰੰਟੀ ਵਰਗੀਆਂ ਮੰਗਾਂ ਨੇ ਲੋਕਾਂ ਦਾ ਧਿਆਨ ਖਿੱਚ ਲਿਆ ਸੀ। ਉਸ ਦੌਰ ਦੌਰਾਨ ਭਾਰਤ ਸਮੇਤ ਦੁਨੀਆ ਦੇ ਵੱਡੇ ਹਿੱਸੇ ਵਿਚ ਇਨਕਲਾਬ ਦੀ ਚੰਗਿਆੜੀ ਸੁਲਘ ਰਹੀ ਸੀ ਤਾਂ ਭਾਰਤ ਵਰਗੇ ਮੁਲਕਾਂ ਨੇ ਮੌਕੇ ਦੀ ਨਜ਼ਾਕਤ ਅਨੁਸਾਰ ਲੋਕਾਂ ਦੇ ਇੱਕ ਹਿੱਸੇ ਲਈ ਸਮਾਜਿਕ ਸੁਰੱਖਿਆ ਦੀ ਗਾਰੰਟੀ ਵਰਗੀਆਂ ਸਹੂਲਤਾਂ ਲਾਗੂ ਕਰ ਦਿੱਤੀਆਂ ਲੇਕਿਨ 1970ਦੇ ਦਹਾਕੇ ਤੋਂ ਬਾਅਦ ਦੁਨੀਆ ਭਰ ਵਿਚ ਅਮਰੀਕੀ ਸਾਮਰਾਜ ਦਾ ਬੋਲਬਾਲਾ ਹੋਣ ਨਾਲ ਭਾਰਤ ਵਰਗੇ ਮੁਲਕਾਂ ਦੀ ਹਾਕਮ ਜਮਾਤ ਨੇ ਨੀਤੀਆਂ ਨੂੰ ਪਿਛਲਮੋੜਾ ਦੇ ਦਿੱਤਾ। ਇਸ ਮਾਮਲੇ ਵਿਚ ਭਾਰਤੀ ਹਾਕਮ ਜਮਾਤ ਦੀਆਂ ਸਾਰੀਆਂ ਧਿਰਾਂ ਬਰਾਬਰ ਦੀਆਂ ਜ਼ਿੰਮੇਵਾਰ ਹਨ। 1990ਵਿਆਂ ਵਿਚ ਡਾਕਟਰ ਮਨਮੋਹਨ ਸਿੰਘ ਦੀ ਅਗਵਾਈ ਹੇਠ ਲਾਗੂ ਕੀਤੀਆਂ ਨਿੱਜੀਕਰਨ, ਉਦਾਰੀਕਰਨ, ਸੰਸਾਰੀਕਰਨ ਦੀਆਂ ਨੀਤੀਆਂ ਨੇ ਸਥਾਈ ਰੁਜ਼ਗਾਰ ਤੇ ਪੈਨਸ਼ਨ ਲਾਭਾਂ 'ਤੇ ਕੱਟ ਮਾਰਨ ਦਾ ਮੁੱਢ ਬੰਨ੍ਹਿਆ ਸੀ ਤੇ ਅਟਲ ਬਿਹਾਰੀ ਵਾਜਪਾਈ ਦੀ ਅਗਵਾਈ ਵਾਲੀ ਸਰਕਾਰ ਨੇ ਉਹਨਾਂ ਨੀਤੀਆਂ ਨੂੰ ਅਮਲੀ ਰੂਪ ਵਿਚ ਲਾਗੂ ਕਰਦਿਆਂ 2004 ਤੋਂ ਬਾਅਦ ਭਰਤੀ ਹੋਣ ਵਾਲੇ ਬਹੁ-ਗਿਣਤੀ ਮੁਲਾਜ਼ਮਾਂ ਨੂੰ ਪੁਰਾਣੀ ਪੈਨਸ਼ਨ ਸਕੀਮ ਦੇ ਘੇਰੇ ਤੋਂ ਬਾਹਰ ਕਰ ਦਿੱਤਾ ਸੀ। ਜਦ ਡਾਕਟਰ ਮਨਮੋਹਨ ਸਿੰਘ ਦੀ ਅਗਵਾਈ ਵਾਲੀ ਯੂ.ਪੀ.ਏ.-2 ਸਰਕਾਰ ਬਣੀ ਤਾਂ ਉਹਨਾਂ 2013 ਵਿਚ ਇਸ ਨੂੰ ਕਾਨੂੰਨੀ ਜਾਮਾ ਪਹਿਨਾ ਕੇ ਦੇਸ਼ ਦੇ ਜ਼ਿਆਦਾਤਰ ਮੁਲਾਜ਼ਮਾਂ ਨੂੰ ਸੇਵਾ ਮੁਕਤੀ ਉਪਰੰਤ ਮਿਲਦੀ ਪੈਨਸ਼ਨ ਬੰਦ ਕਰ ਕੇ ਨਵੀਂ ਪੈਨਸ਼ਨ ਸਕੀਮ ਲਾਗੂ ਕਰ ਦਿੱਤੀ ਜਿਸ ਤਹਿਤ ਨਿਗੂਣੀ ਰਾਸ਼ੀ ਹੀ ਮਿਲਦੀ ਹੈ। ਵਾਜਪਾਈ ਅਤੇ ਮਨਮੋਹਨ ਸਿੰਘ ਵਾਲੀਆਂ ਸਰਕਾਰਾਂ ਨੇ ਫੌਜ ਦੇ ਹਰ ਤਰ੍ਹਾਂ ਦੇ ਮੁਲਾਜ਼ਮਾਂ ਨੂੰ ਨਵੀਂ ਪੈਨਸ਼ਨ ਸਕੀਮ ਦੇ ਘੇਰੇ ਤੋਂ



ਬਾਹਰ ਰੱਖਿਆ ਸੀ ਲੇਕਿਨ ਹੁਣ ਮੋਦੀ ਸਰਕਾਰ ਨੇ ਭਾਜਪਾ ਦੀ ਪਿਛਲੀ ਸਰਕਾਰ ਤੋਂ ਵੀ ਇੱਕ ਕਦਮ ਅੱਗੇ ਵੱਧਦਿਆਂ 'ਅਗਨੀਪਥ' ਸਕੀਮ ਤਹਿਤ ਜ਼ਿਆਦਾਤਰ ਫੌਜੀਆਂ ਨੂੰ ਵੀ ਪੈਨਸ਼ਨ ਦੇ ਹੱਕ ਤੋਂ ਵਾਂਝੇ ਕਰ ਦਿੱਤਾ ਹੈ।

ਨਵੀਂ ਪੈਨਸ਼ਨ ਸਕੀਮ ਵਿਚ ਹਰ ਮਹੀਨੇ ਮੁਲਾਜ਼ਮ ਦੀ ਤਨਖਾਹ ਦਾ 10 ਫੀਸਦੀ ਅਤੇ ਸਰਕਾਰ ਵੱਲੋਂ 14 ਫੀਸਦੀ ਹਿੱਸਾ ਪੈਨਸ਼ਨ ਖਾਤੇ ਵਿਚ ਪਾਇਆ ਜਾਂਦਾ ਹੈ। ਇਸ ਪੂੰਜੀ ਨੂੰ ਮਿਊਚਲ ਫੰਡ, ਇਕੁਇਟੀਜ਼ ਜਿਹੀਆਂ ਸ਼ੇਅਰ ਬਾਜ਼ਾਰ ਨਾਲ ਜੁੜੀਆਂ ਸਕੀਮਾਂ ਵਿਚ ਨਿਵੇਸ਼ ਕਰ ਦਿੱਤਾ ਜਾਂਦਾ ਹੈ। ਮੁਲਾਜ਼ਮ ਦੇ ਸੇਵਾ ਮੁਕਤ ਹੋਣ 'ਤੇ ਇਸ ਜਮ੍ਹਾਂ ਪੂੰਜੀ ਦਾ 60 ਫੀਸਦੀ ਹਿੱਸਾ ਮੁਲਾਜ਼ਮ ਨੂੰ ਨਕਦ ਦੇ ਦਿੱਤਾ ਜਾਂਦਾ ਹੈ ਤੇ ਬਾਕੀ 40 ਫੀਸਦ ਹਿੱਸਾ ਮੁੜ ਪੈਨਸ਼ਨ ਸਕੀਮਾਂ ਵਿਚ ਲਗਾ ਦਿੱਤਾ ਜਾਂਦਾ ਹੈ। ਮੁੜ ਲਗਾਈ ਉਸ 40 ਫੀਸਦ ਪੂੰਜੀ ਦੇ ਮਹੀਨਾਵਾਰ ਵਿਆਜ ਦੇਣ ਨੂੰ ਸਰਕਾਰ 'ਪੈਨਸ਼ਨ' ਕਹਿ ਰਹੀ ਹੈ। ਇਸ ਤਰ੍ਹਾਂ ਨਵੀਂ ਪੈਨਸ਼ਨ ਸਕੀਮ ਤਹਿਤ ਮੁਲਾਜ਼ਮਾਂ ਨੂੰ ਬਹੁਤ ਨਿਗੂਣੀ ਪੈਨਸ਼ਨ ਮਿਲਦੀ ਹੈ। ਸਾਡੇ ਲਈ ਇਹ ਸਮਝਣਾ ਜ਼ਰੂਰੀ ਹੈ ਕਿ ਨਵੀਂ ਪੈਨਸ਼ਨ ਸਕੀਮ ਮੁਲਾਜ਼ਮਾਂ ਨੂੰ ਕੇਂਦਰ ਵਿਚ ਰੱਖ ਕੇ ਨਹੀਂ ਬਣਾਈ ਗਈ ਬਲਕਿ ਕਾਰਪੋਰੇਟ ਘਰਾਣਿਆਂ ਨੂੰ ਕੇਂਦਰ ਵਿਚ ਰੱਖ ਕੇ ਬਣਾਈ ਗਈ ਹੈ। ਸ਼ੁਰੂ ਵਿਚ ਕਿਹਾ ਗਿਆ ਸੀ ਕਿ ਤਿੰਨ ਅਦਾਰੇ ਐਲ.ਆਈ.ਸੀ., ਐਸ.ਬੀ.ਆਈ. ਤੇ ਯੂ.ਟੀ.ਆਈ. ਪੈਨਸ਼ਨ ਫੰਡ ਪ੍ਰਬੰਧਕ ਹੋਣਗੇ ਜੋ ਇਸ ਪੂੰਜੀ ਨੂੰ ਅੱਗੇ ਸ਼ੇਅਰ ਮਾਰਕੀਟ ਵਿਚ ਲਾਉਣਗੇ ਪਰ ਬਾਅਦ ਵਿਚ ਦੇਸੀ, ਵਿਦੇਸ਼ੀ ਕਾਰਪੋਰੇਟ ਘਰਾਣਿਆਂ ਲਈ ਰਾਹ ਖੋਲ੍ਹ ਕੇ ਨਵੀਂ ਪੈਨਸ਼ਨ ਸਕੀਮ ਤਹਿਤ ਹਰ ਮਹੀਨੇ ਲੱਖਾਂ ਕਰੋੜ ਰੁਪਿਆ ਲੰਮੇ ਸਮੇਂ ਲਈ ਕਾਰਪੋਰੇਟ ਘਰਾਣਿਆਂ ਦੀ ਸਲਤਨਤ ਸ਼ੇਅਰ ਬਾਜ਼ਾਰ ਵਿਚ ਲਗਾ ਦਿੱਤਾ ਜਾਂਦਾ ਹੈ।

ਪੁਰਾਣੀ ਪੈਨਸ਼ਨ ਸਕੀਮ ਤਹਿਤ ਮੁਲਾਜ਼ਮ ਨੂੰ ਉਸ ਦੀ ਆਖਰੀ ਮੁੱਢਲੀ ਤਨਖਾਹ ਦਾ 50 ਫੀਸਦੀ ਮੁੱਢਲੀ ਪੈਨਸ਼ਨ ਦੇ ਤੌਰ 'ਤੇ ਗਿਣ ਕੇ ਉਸ ਉੱਪਰ ਮਹਿੰਗਾਈ ਭੱਤੇ ਸਮੇਤ ਸਾਰੇ ਤਰ੍ਹਾਂ ਦੇ ਲਾਭ ਮਿਲਦੇ ਹਨ। ਮੰਨ ਲਓ, ਸੇਵਾ ਮੁਕਤੀ ਸਮੇਂ ਕਿਸੇ ਮੁਲਾਜ਼ਮ ਦੀ ਭੱਤਿਆਂ ਸਮੇਤ ਤਨਖਾਹ 80 ਹਜ਼ਾਰ ਦੇ ਕਰੀਬ ਹੈ ਤਾਂ ਉਸ ਨੂੰ ਪੁਰਾਣੀ ਪੈਨਸ਼ਨ ਸਕੀਮ ਤਹਿਤ ਭੱਤਿਆਂ ਸਮੇਤ ਪੈਨਸ਼ਨ 30 ਤੋਂ 35 ਹਜ਼ਾਰ ਰੁਪਏ ਦੇ ਲਗਭਗ ਮਿਲੇਗੀ ਤੇ ਨਵੀਂ ਪੈਨਸ਼ਨ ਸਕੀਮ ਤਹਿਤ ਕਰਮਚਾਰੀ ਨੂੰ ਮਹਿਜ਼ 1500 ਤੋਂ 2000 ਹਜ਼ਾਰ ਰੁਪਏ ਦੇ ਕਰੀਬ ਮਿਲ ਸਕਦਾ ਹੈ।

ਸਰਕਾਰ ਪੱਖੀ ਬਹੁਤ ਸਾਰੇ ਅਰਥ ਸ਼ਾਸਤਰੀ ਇਸ ਤਰ੍ਹਾਂ ਦਲੀਲਾਂ ਦੇ ਰਹੇ ਹਨ ਜਿਵੇਂ ਪੁਰਾਣੀ ਪੈਨਸ਼ਨ ਬਹਾਲ ਕਰਨ ਨਾਲ ਕੋਈ ਬਹੁਤ ਵੱਡਾ ਆਰਥਿਕ ਸੰਕਟ ਖੜ੍ਹ ਹੋ ਜਾਵੇਗਾ। ਸੇਵਾ ਮੁਕਤ ਕਰਮਚਾਰੀ ਸਾਡੇ ਸਮਾਜ ਦੇ ਸੀਨੀਅਰ ਸਿਟੀਜ਼ਨ ਹਨ, ਉਹਨਾਂ ਨੂੰ ਸਨਮਾਨਜਨਕ ਪੈਨਸ਼ਨ ਲਾਭ ਨਾ ਦੇਣਾ ਸਿਰੇ ਦੀ ਮੌਕਾਪ੍ਰਸਤੀ ਹੈ। ਵਿਧਾਇਕਾਂ, ਮੰਤਰੀਆਂ, ਸੰਸਦ ਮੈਂਬਰਾਂ ਨੂੰ ਮਿਲਦੇ ਬੇਲੋੜੇ ਭੱਤਿਆਂ, ਪੈਨਸ਼ਨਾਂ ਸਮੇਂ ਇਹਨਾਂ ਅਖੌਤੀ ਅਰਥ ਸ਼ਾਸਤਰੀਆਂ ਦੀ ਜ਼ੁਬਾਨਬੰਦੀ ਕਿਉਂ ਹੋ ਜਾਂਦੀ ਹੈ? ਸੰਸਦ ਮੈਂਬਰ, ਵਿਧਾਇਕ ਜੇ ਇੱਕ ਵਾਰ ਵੀ ਜਿੱਤ ਜਾਣ ਤਾਂ ਉਨ੍ਹਾਂ ਨੂੰ ਵੱਡੀ ਪੈਨਸ਼ਨ ਅਤੇ ਭੱਤੇ ਉਮਰ ਭਰ ਮਿਲਦੇ ਰਹਿੰਦੇ ਹਨ। 'ਅਗਨੀਵੀਰ' ਸਿਪਾਹੀਆਂ ਤੋਂ ਬਗੈਰ ਫੌਜ ਅਤੇ ਸੁਪਰੀਮ ਕੋਰਟ ਦੇ ਜੱਜਾਂ ਨੂੰ ਵੀ ਪੁਰਾਣੀ ਪੈਨਸ਼ਨ ਮਿਲਦੀ ਹੈ। ਮੋਦੀ ਸਰਕਾਰ ਨੇ ਕਾਰਪੋਰੇਟ ਘਰਾਣਿਆਂ ਦੇ ਲੱਖਾਂ ਕਰੋੜ ਰੁਪਏ ਵੱਟੇ-ਖਾਤੇ ਪਾ ਦਿੱਤੇ ਹਨ, ਨੋਟਬੰਦੀ ਕਾਰਨ ਲੱਖਾਂ ਕਰੋੜ ਦਾ ਨੁਕਸਾਨ ਹੋਇਆ ਹੈ, ਉਸ ਸਮੇਂ ਇਹ ਅਰਥ ਸ਼ਾਸਤਰੀ ਚੁੱਪ ਕਰ ਜਾਂਦੇ ਹਨ ਲੇਕਿਨ ਕਰਮਚਾਰੀਆਂ ਨੂੰ ਬੁਢਾਪਾ ਭੋਗਣ ਲਈ ਪੈਨਸ਼ਨ ਦੇਣ ਦੇ ਮੁੱਦੇ 'ਤੇ ਇਹਨਾਂ ਨੂੰ ਖਜ਼ਾਨੇ ਦੀ ਚਿੰਤਾ ਸਤਾਉਣ ਲੱਗਦੀ ਹੈ।

ਪੁਰਾਣੀ ਪੈਨਸ਼ਨ ਸਕੀਮ ਅਤੇ ਨਵੀਂ ਪੈਨਸ਼ਨ ਸਕੀਮ ਦੇ ਅੰਕੜਿਆਂ ਦੀ ਖੇਡ ਤੋਂ ਵੀ ਮਹੱਤਵਪੂਰਨ ਇੱਕੋ ਸਵਾਲ ਹੈ: ਕੀ ਸਮਾਜਿਕ ਸੁਰੱਖਿਆ ਦੀ ਗਾਰੰਟੀ ਤਹਿਤ ਪੈਨਸ਼ਨ ਦੇਣਾ ਸਰਕਾਰ ਦੀ ਜ਼ਿੰਮੇਵਾਰੀ ਹੈ ਜਾਂ ਨਹੀਂ? ਜਦ ਸਰਕਾਰ ਦੀ ਜ਼ਿੰਮੇਵਾਰੀ ਹੈ ਤਾਂ ਬਗੈਰ ਕਿਸੇ ਗਿਣਤੀ-ਮਿਣਤੀ ਵਿਚ ਪਏ ਪੁਰਾਣੀ ਪੈਨਸ਼ਨ ਬਹਾਲ ਕਰਨੀ ਬਣਦੀ ਹੈ। ਸੱਟਾ ਬਾਜ਼ਾਰ ਦੇ ਜਿਨ੍ਹਾਂ ਖਿਡਾਰੀਆਂ ਕੋਲ ਸ਼ੇਅਰ ਮਾਰਕੀਟ ਵਿਚ ਸਰਕਾਰ ਮੁਲਾਜ਼ਮਾਂ ਦੀ ਪੂੰਜੀ ਲਗਵਾ ਰਹੀ ਹੈ, ਉਹਨਾਂ ਲਈ ਇਹ ਮੁਲਾਜ਼ਮ ਗ੍ਰਾਹਕ ਤੋਂ ਵੱਧ ਕੁਝ ਨਹੀਂ ਹਨ ਤੇ ਉਹ ਗ੍ਰਾਹਕਾਂ ਦੀ ਲੁੱਟ ਨਾਲ ਹੀ ਇੱਥੋਂ ਤੱਕ ਪਹੁੰਚੇ ਹਨ।

'ਬਦਲਾਅ' ਦਾ ਹੋਕਾ ਦੇ ਕੇ ਸੱਤਾ ਹਾਸਲ ਕਰਨ ਵਾਲੀ ਪੰਜਾਬ ਸਰਕਾਰ ਦਾ ਕਿਰਦਾਰ ਵੀ ਬਾਕੀ ਰਵਾਇਤੀ ਪਾਰਟੀਆਂ ਤੋਂ ਵੱਖਰਾ ਨਹੀਂ ਹੈ। ਇਨ੍ਹਾਂ ਨੇ ਨਵੰਬਰ 2022 ਵਿਚ ਨੋਟੀਫਿਕੇਸ਼ਨ ਜਾਰੀ ਕਰ ਕੇ ਪੁਰਾਣੀ ਪੈਨਸ਼ਨ ਬਹਾਲ ਕਰਨ ਦਾ ਐਲਾਨ ਤਾਂ ਕਰ ਦਿੱਤਾ ਪਰ ਅਜੇ ਤੱਕ ਇਸ ਨੂੰ ਲਾਗੂ ਕਰਨ ਦਾ ਕੋਈ ਵਿਧੀ ਵਿਧਾਨ ਤਿਆਰ ਨਹੀਂ ਕੀਤਾ ਗਿਆ। ਅੱਜ ਤੱਕ ਵੀ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਨਿਯੁਕਤੀ ਪੱਤਰ ਨਵੀਂ ਪੈਨਸ਼ਨ ਸਕੀਮ ਤਹਿਤ ਦਿੱਤੇ ਜਾ ਰਹੇ ਹਨ। ਭਗਵੰਤ ਮਾਨ ਸਰਕਾਰ ਹਾਈਕੋਰਟ ਦੇ ਹੁਕਮਾਂ ਦੇ ਬਾਵਜੂਦ ਕੱਚੇ ਮੁਲਾਜ਼ਮਾਂ 'ਤੇ 'ਬਰਾਬਰ ਕੰਮ ਬਰਾਬਰ ਤਨਖਾਹ' ਦੀ ਨੀਤੀ ਲਾਗੂ ਨਹੀਂ ਕਰ ਰਹੀ ਹੈ।

ਪੂੰਜੀਵਾਦੀ ਮੁਲਕਾਂ ਦੀਆਂ ਨੀਤੀਆਂ ਲਾਗੂ ਕਰਨ ਵਾਲੀ ਸਾਡੀ ਹਾਕਮ ਜਮਾਤ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਪੂੰਜੀਵਾਦੀ ਮੁਲਕ ਵੀ ਆਪਣੇ ਨਾਗਰਿਕਾਂ ਨੂੰ ਸੀਮਤ ਜਿਹੀ ਸਮਾਜਿਕ ਸੁਰੱਖਿਆ ਦੀ ਗਾਰੰਟੀ ਦਿੰਦੇ ਹਨ ਪਰ ਇਹ ਉਸ ਤੋਂ ਵੀ ਇਨਕਾਰੀ ਹੋ ਕੇ ਲੋਕਾਂ ਨੂੰ ਉਹਨਾਂ ਦੇ ਦਮ 'ਤੇ ਛੱਡ ਰਹੇ ਹਨ। ਇਹੀ ਕਾਰਨ ਹੈ ਕਿ ਦੁਨੀਆ ਭਰ ਦੇ ਅੰਕੜਿਆਂ ਤੋਂ ਪਤਾ ਲਗਦਾ ਹੈ ਕਿ ਭਾਰਤ ਸੇਵਾਮੁਕਤੀ ਤੋਂ ਬਾਅਦ ਸਭ ਤੋਂ ਘੱਟ ਪੈਨਸ਼ਨ ਦੇਣ ਵਾਲੇ ਮੁਲਕਾਂ ਵਿਚ ਆਉਂਦਾ ਹੈ।

ਮੁਲਾਜ਼ਮਾਂ ਦੇ ਰੋਹ ਨੂੰ ਦੇਖਦਿਆਂ 'ਇੰਡੀਆ' ਗੱਠਜੋੜ ਨਾਲ ਜੁੜੀਆਂ ਕਾਂਗਰਸ ਸਮੇਤ ਲਗਭਗ ਸਾਰੀਆਂ ਪਾਰਟੀਆਂ ਨੇ ਪੁਰਾਣੀ ਪੈਨਸ਼ਨ ਬਹਾਲੀ ਦਾ ਐਲਾਨ ਕਰ ਦਿੱਤਾ ਹੈ, ਜੇ ਮੁਲਾਜ਼ਮ ਥੋੜ੍ਹਾ ਹੋਰ ਹੰਭਲਾ ਮਾਰਨ ਤਾਂ ਹੁਣ ਜਦੋਂ ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਅਤੇ ਅਗਲੀਆਂ ਲੋਕ ਸਭਾ ਚੋਣਾਂ ਦਾ ਮੈਦਾਨ ਭਖ ਚੁੱਕਾ ਹੈ ਤਾਂ ਪੁਰਾਣੀ ਪੈਨਸ਼ਨ ਬਹਾਲ ਕਰਵਾ ਸਕਦੇ ਹਨ। ਪੁਰਾਣੀ ਪੈਨਸ਼ਨ ਬਹਾਲੀ ਲਈ ਸੰਘਰਸ਼ ਕਰ ਰਹੇ ਮੁਲਾਜ਼ਮਾਂ ਦਾ ਸੰਘਰਸ਼ ਭਾਵੇਂ ਆਪਣੀ ਮੰਗ 'ਤੇ ਕੇਂਦਰਿਤ ਰਹੇਗਾ ਪਰ ਉਹਨਾਂ ਨੂੰ ਨਾਲ ਦੀ ਨਾਲ ਦੇਸ਼ ਦੇ ਸਮੂਹ ਬਜ਼ੁਰਗਾਂ ਲਈ ਸਨਮਾਨਜਨਕ ਬੁਢਾਪਾ ਪੈਨਸ਼ਨ ਦੀ ਮੰਗ ਵੀ ਰੱਖਣੀ/ਪ੍ਰਚਾਰਨੀ ਚਾਹੀਦੀ ਹੈ ਕਿਉਂਕਿ ਸਰਕਾਰੀ ਮੁਲਾਜ਼ਮਾਂ ਵਾਂਗ ਦੇਸ਼ ਦੇ ਹਰ ਬਜ਼ੁਰਗ ਨੂੰ ਗੁਜ਼ਾਰੇ ਯੋਗ ਸਨਮਾਨਜਨਕ ਪੈਨਸ਼ਨ ਦਾ ਹੱਕ ਮਿਲਣਾ ਚਾਹੀਦਾ ਹੈ।

# 'ਬੁਲਡੋਜ਼ਰ ਬਾਬਾ' ਦੇ ਰਾਜ ਵਿਚ ਪਿਸ ਰਹੇ ਲੋਕ ਅੰਦੋਲਨ

ਆਖਿਰਕਾਰ 28 ਅਕਤੂਬਰ ਨੂੰ ਗੋਰਖਪੁਰ ਦੀ ਸਥਾਨਕ ਅਦਾਲਤ ਨੇ ਐਸ.ਆਰ. ਦਾਰਾਪੁਰੀ ਅਤੇ ਸੱਤ ਹੋਰ ਕਾਰਕੁਨਾਂ ਨੂੰ ਜ਼ਮਾਨਤ ਦੇ ਦਿੱਤੀ। ਸ੍ਰੀ ਦਾਰਾਪੁਰੀ ਸਾਬਕਾ ਆਈ.ਪੀ.ਐਸ. ਅਧਿਕਾਰੀ ਹਨ ਜੋ 2003 'ਚ ਪੁਲਿਸ ਵਿਭਾਗ ਵਿਚ ਆਈ.ਜੀ. ਦੇ ਅਹੁਦੇ ਤੋਂ ਰਿਟਾਇਰ ਹੋਣ ਤੋਂ ਬਾਅਦ 80 ਸਾਲ ਦੀ ਉਮਰ 'ਚ ਦੱਬੇ-ਕੁਚਲੇ ਅਤੇ ਹਾਸ਼ੀਏ 'ਤੇ ਧੱਕੇ ਲੋਕਾਂ ਦੇ ਹੱਕਾਂ ਲਈ ਸਰਗਰਮ ਹਨ। ਉਹ ਆਲ ਇੰਡੀਆ ਪੀਪਲਜ਼ ਫਰੰਟ ਦੇ ਕੌਮੀ ਪ੍ਰਧਾਨ, ਸ਼ਹਿਰੀ ਆਜ਼ਾਦੀਆਂ ਦੀ ਜਥੇਬੰਦੀ ਪੀ.ਯੂ.ਸੀ.ਐਲ. ਦੇ ਮੀਤ ਪ੍ਰਧਾਨ ਅਤੇ ਹੋਰ ਕਈ

**ਬੂਟਾ ਸਿੰਘ ਮਹਿਮੂਦਪੁਰ**
ਫੋਨ_ +91-94634-74342

ਜਥੇਬੰਦੀਆਂ ਵਿਚ ਆਗੂ ਭੂਮਿਕਾ ਨਿਭਾ ਰਹੇ ਹਨ। ਉਹ 10 ਅਕਤੂਬਰ ਨੂੰ ਗੋਰਖਪੁਰ ਡਿਵੀਜ਼ਨਲ ਕਮਿਸ਼ਨਰ ਦੇ ਦਫ਼ਤਰ ਅੱਗੇ 'ਡੇਰਾ ਡਾਲੋ, ਘੇਰਾ ਡਾਲੋ ਅੰਦੋਲਨ' ਵਿਚ ਸਿਰਫ਼ ਇਕ ਘੰਟੇ ਲਈ ਸ਼ਾਮਿਲ ਹੋਏ ਸਨ ਜਦੋਂ ਉਨ੍ਹਾਂ ਨੂੰ ਤਿੰਨ ਯੂਟਿਊਬਰ ਪੱਤਰਕਾਰਾਂ ਅਤੇ ਕਾਰਕੁਨਾਂ ਸਮੇਤ ਗ੍ਰਿਫ਼ਤਾਰ ਕਰ ਲਿਆ ਗਿਆ। ਪੁਲਿਸ ਨੇ ਇਕ ਫਰਾਂਸੀਸੀ ਸਕਾਲਰ ਹੋਨੋਲਡ ਵੈਲੇਂਟਾਈਨ ਜਿਆਂ ਰੋਜ਼ਰ ਨੂੰ ਵੀ ਇਹ ਦੋਸ਼ ਲਗਾ ਕੇ ਗ੍ਰਿਫ਼ਤਾਰ ਕਰ ਲਿਆ ਕਿ ਉਹ ਬਿਨਾਂ ਉਚਿਤ ਇਜਾਜ਼ਤ ਲਏ ਉੱਤਰ ਪ੍ਰਦੇਸ਼ ਵਿਚ ਦਾਖ਼ਲ ਹੋਇਆ ਅਤੇ ਉਸ ਨੇ ਵਿਦੇਸ਼ੀ ਐਕਟ 1946 ਦੀ ਉਲੰਘਣਾ ਕੀਤੀ ਹੈ। ਸਚਾਈ ਇਹ ਸੀ ਕਿ ਉਹ ਭਾਰਤ ਵਿਚ ਗ਼ਰੀਬੀ ਉੱਪਰ ਆਪਣੇ ਖੋਜ ਪ੍ਰੋਜੈਕਟ ਲਈ ਆਇਆ ਹੋਇਆ ਹੈ ਅਤੇ ਇਸੇ ਲਈ ਉਹ ਮੁਜ਼ਾਹਰੇ 'ਚ ਸ਼ਾਮਿਲ ਲੋਕਾਂ ਦੇ ਦ੍ਰਿਸ਼ ਫਿਲਮਾ ਰਿਹਾ ਸੀ।

ਗੋਰਖਪੁਰ ਆਧਾਰਿਤ ਸਥਾਨਕ ਜਥੇਬੰਦੀ 'ਅੰਬੇਡਕਰ ਜਨ ਮੋਰਚਾ' ਵੱਲੋਂ ਇਹ ਅੰਦੋਲਨ ਬੇਜ਼ਮੀਨਿਆਂ ਨੂੰ ਜ਼ਮੀਨ ਦਿਵਾਉਣ ਲਈ ਲੜਿਆ ਜਾ ਰਿਹਾ ਹੈ। ਉਨ੍ਹਾਂ ਦੀ ਮੰਗ ਹੈ ਕਿ ਅਦਿੱਤਿਆਨਾਥ ਸਰਕਾਰ ਹਰ ਬੇਜ਼ਮੀਨੇ ਦਲਿਤ, ਓ.ਬੀ.ਸੀ. ਅਤੇ ਮੁਸਲਮਾਨ ਪਰਿਵਾਰ ਨੂੰ ਇਕ-ਇਕ ਏਕੜ ਜ਼ਮੀਨ ਦੇਵੇ।

ਯੂ.ਪੀ. ਵਿਚ 20% ਵਸੋਂ ਦਲਿਤ ਹੈ ਜੋ ਵੋਟ ਬੈਂਕ ਦੇ ਨਜ਼ਰੀਏ ਤੋਂ ਪਾਰਲੀਮੈਂਟਰੀ ਸਿਆਸਤ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਆਰ.ਐਸ.ਐਸ.-ਭਾਜਪਾ ਫਿਰਕੂ ਪਾਲਾਬੰਦੀ ਰਾਹੀਂ ਵਿਰੋਧੀ-ਧਿਰ ਦੇ ਵੋਟ ਆਧਾਰ ਨੂੰ ਵੰਡ ਕੇ ਸੱਤਾ ਉੱਪਰ ਕਾਬਜ਼ ਹੋ ਜਾਂਦੀ ਹੈ ਅਤੇ ਫਿਰ ਸਾਰੇ ਹੀ ਦੱਬੇ-ਕੁਚਲੇ ਹਿੱਸਿਆਂ ਨੂੰ ਦਰਕਿਨਾਰ ਕਰ ਕੇ ਉੱਚ ਜਾਤੀ ਕੁਲੀਨ ਵਰਗਾਂ ਅਤੇ ਧਨਾਢਾਂ ਦੇ ਹਿਤ ਪੂਰਦੀ ਹੈ। ਹੁਣ ਜਦੋਂ 2024 ਦੀਆਂ ਆਮ ਚੋਣਾਂ ਹੋਣ ਵਾਲੀਆਂ ਹਨ ਤਾਂ ਸੰਘ ਬ੍ਰਿਗੇਡ 'ਸ਼ਡਿਊਲ ਕਾਸਟ ਵਰਗ ਸੰਮੇਲਨ' ਕਰ ਕੇ ਦਲਿਤਾਂ ਨੂੰ ਭਰਮਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਭਗਵਾ ਹੁਕਮਰਾਨ ਨਹੀਂ ਚਾਹੁੰਦੇ ਕਿ ਇਸ ਮੌਕੇ 'ਤੇ ਅਜਿਹੇ ਅੰਦੋਲਨ ਹੋਣ ਜੋ ਹਕੂਮਤ ਦਾ ਦਲਿਤ ਅਤੇ ਘੱਟਗਿਣਤੀਆਂ ਵਿਰੋਧੀ ਘਿਨਾਉਣਾ ਚਿਹਰਾ ਨੰਗਾ ਕਰਨ ਅਤੇ ਅਵਾਮ ਦੇ ਅਸਲ ਮੁੱਦੇ ਉਭਾਰਨ। ਦਾਰਾਪੁਰੀ ਨੇ ਇਸ ਮੁਜ਼ਾਹਰੇ 'ਚ ਦਿੱਤੇ ਭਾਸ਼ਣ ਵਿਚ 'ਅਗਰ ਜ਼ਮੀਨ ਨਹੀਂ, ਤੋ ਵੋਟ ਨਹੀਂ' ਦਾ ਸੱਦਾ ਦਿੱਤਾ। ਲੋਕਾਂ ਦੇ ਅਸਲ ਮੁੱਦਿਆਂ ਨੂੰ ਲੈ ਕੇ ਕੀਤੇ ਜਾ ਰਹੇ ਇਹ ਛੋਟੇ-ਛੋਟੇ ਪਰ ਮਹੱਤਵਪੂਰਨ ਲੋਕ ਅੰਦੋਲਨ ਆਰ.ਐਸ.ਐਸ.-ਭਾਜਪਾ ਦੀ ਫਿਰਕੂ ਪਾਲਾਬੰਦੀ ਦੀ ਸਿਆਸਤ ਨੂੰ ਚੁਣੌਤੀ ਦਿੰਦੇ ਹਨ। ਮਹੰਤ ਅਦਿੱਤਿਆਨਾਥ ਦੀ ਸਰਕਾਰ ਅਜਿਹੇ ਅੰਦੋਲਨਾਂ ਨੂੰ ਦਬਾਉਣ ਲਈ ਝੂਠੇ ਦੋਸ਼ਾਂ ਅਤੇ ਬੇਕਿਰਕ ਪੁਲਿਸ ਜਬਰ ਦਾ ਸਹਾਰਾ ਲੈਂਦੀ ਹੈ। ਇਹ ਬੇਹੂਦਾ ਕੇਸ ਬਣਾਏ ਜਾਣ ਦੀ ਵਜ੍ਹਾ ਇਹ ਵੀ ਹੈ ਕਿ ਅਦਿੱਤਿਆਨਾਥ ਇਸੇ ਸ਼ਹਿਰ ਦੇ ਗੋਰਖਨਾਥ ਮੰਦਰ ਦਾ ਮਹੰਤ ਹੈ। ਇਸੇ ਲੋਕ ਸਭਾ ਹਲਕੇ ਤੋਂ ਪੰਜ ਵਾਰ ਜਿੱਤਿਆ ਹੋਣ ਕਾਰਨ ਪੂਰੇ ਹਲਕੇ ਨੂੰ ਉਹ ਆਪਣੀ ਨਿੱਜੀ ਜਗੀਰ ਸਮਝਦਾ ਹੈ ਕਿ ਮੇਰੇ ਹਲਕੇ ਵਿਚ ਦਲਿਤਾਂ ਦੀ ਅਜਿਹੀ ਮੰਗ ਕਰਨ ਦੀ ਹਿੰਮਤ ਕਿਵੇਂ ਪੈ ਗਈ।




*ਸਾਬਕਾ ਆਈ.ਪੀ.ਐਸ. ਅਫਸਰ ਐਸ.ਆਰ. ਦਾਰਾਪੁਰੀ।*

ਹਕੂਮਤ ਦੇ ਇਸ਼ਾਰੇ 'ਤੇ ਪੁਲਿਸ ਨੇ 28 ਅੰਦੋਲਨਕਾਰੀਆਂ (13 ਨੂੰ ਨਾਮਜ਼ਦ ਕਰ ਕੇ ਅਤੇ 10-15 ਅਣਪਛਾਤੇ) ਵਿਰੁੱਧ ਪਰਚਾ ਦਰਜ ਕੀਤਾ। 7 ਜਣਿਆਂ ਨੂੰ ਸੰਗੀਨ ਦੋਸ਼ ਲਗਾ ਕੇ ਗ੍ਰਿਫ਼ਤਾਰ ਕਰ ਲਿਆ। ਪ੍ਰਸ਼ਾਸਨਿਕ ਅਧਿਕਾਰੀਆਂ ਨੇ ਖ਼ੁਦ ਮੁਜ਼ਾਹਰਾਕਾਰੀਆਂ ਤੋਂ ਮੰਗ ਪੱਤਰ ਹਾਸਲ ਕੀਤਾ ਪਰ ਜਬਰ ਕਰਨ ਲਈ ਝੂਠਾ ਦੋਸ਼ ਘੜ ਲਿਆ ਕਿ ਕੁਝ ਲੋਕਾਂ ਨੇ ਕਮਿਸ਼ਨਰ ਦੇ ਦਫ਼ਤਰ ਅੱਗੇ ਬਿਨਾਂ ਇਜਾਜ਼ਤ ਗ਼ੈਰ-ਕਾਨੂੰਨੀ ਇਕੱਠ ਕੀਤਾ ਅਤੇ ਰੋਕੇ ਜਾਣ 'ਤੇ ਮੁਲਾਜ਼ਮਾਂ ਉੱਪਰ ਉਨ੍ਹਾਂ ਨੂੰ ਮਾਰਨ ਦੇ ਇਰਾਦੇ ਨਾਲ ਹਮਲਾ ਕੀਤਾ। ਪੁਲਿਸ ਅਧਿਕਾਰੀਆਂ ਨੇ ਇਹ ਝੂਠਾ ਬਿਰਤਾਂਤ ਪ੍ਰਚਾਰਿਆ ਕਿ ਪੁਲਿਸ ਕੋਲ ਪੁਖ਼ਤਾ ਜਾਣਕਾਰੀ ਹੈ ਕਿ ਇਹ ਇਕੱਠ ਕਿਸੇ ਵਿਦੇਸ਼ੀ ਏਜੰਸੀ ਕੋਲੋਂ ਫੰਡ ਲੈ ਕੇ ਉੱਤਰ ਪ੍ਰਦੇਸ਼ ਦੀ ਕਾਨੂੰਨ ਵਿਵਸਥਾ 'ਚ ਖ਼ਲਲ ਪਾਉਣ ਲਈ ਕੀਤਾ ਗਿਆ ਸੀ।

ਉੱਤਰ ਪ੍ਰਦੇਸ਼ ਪੁਲਿਸ ਭਗਵਾ ਹਕੂਮਤ ਵਿਰੁੱਧ ਹਰ ਸੰਘਰਸ਼ ਨੂੰ ਬਦਨਾਮ ਕਰਨ ਲਈ ਅਜਿਹੇ ਝੂਠੇ ਬਿਰਤਾਂਤ ਆਮ ਹੀ ਘੜਦੀ ਹੈ ਅਤੇ ਗੋਦੀ ਮੀਡੀਆ ਇਸ ਨੂੰ ਸਨਸਨੀਖ਼ੇਜ਼ ਖ਼ਬਰਾਂ ਬਣਾ ਕੇ ਪ੍ਰਚਾਰਦਾ ਹੈ। ਹਾਲਾਂਕਿ ਸਥਾਨਕ ਹਿੰਦੀ ਅਖ਼ਬਾਰਾਂ ਨੇ ਆਪਣੀ ਕਵਰੇਜ ਵਿਚ ਕਿਸੇ ਹਿੰਸਕ ਘਟਨਾ ਦੀ ਰਿਪੋਰਟ ਨਹੀਂ ਕੀਤੀ ਪਰ ਕੁਝ ਮੁੱਖ ਹਿੰਦੀ ਅਖ਼ਬਾਰਾਂ ਨੇ ਤਾਂ ਆਪਣੀਆਂ ਰਿਪੋਰਟਾਂ ਵਿਚ ਇੱਥੋਂ ਤੱਕ ਦਾਅਵਾ ਕੀਤਾ ਕਿ ਦਾਰਾਪੁਰੀ ਅਤੇ ਫਰਾਂਸੀਸੀ ਨਾਗਰਿਕ 'ਕਾਨੂੰਨ ਵਿਵਸਥਾ ਨੂੰ ਖ਼ਰਾਬ ਕਰਨ ਦੀ ਮਨਸ਼ਾ ਨਾਲ' ਮੁਜ਼ਾਹਰੇ ਵਿਚ ਸ਼ਾਮਿਲ ਹੋਏ ਸਨ। ਇਹ ਸੁਰਖ਼ੀ ਲਾ ਕੇ ਖ਼ਬਰ ਛਾਪੀ ਗਈ "ਕੌਣ ਸੀ ਜੋ ਬਦਜ਼ਨੀ ਦੇ ਬੀਜ ਬੀਜਣ ਲਈ ਵਿਰੋਧ ਪ੍ਰਦਰਸ਼ਨ ਨੂੰ ਭੜਕਾਉਣਾ ਚਾਹੁੰਦਾ ਸੀ"। ਇਹ ਦਾਅਵਾ ਵੀ ਕੀਤਾ ਕਿ ਯੂ.ਪੀ. ਪੁਲਿਸ ਦਾ ਦਹਿਸ਼ਤਵਾਦ ਵਿਰੋਧੀ ਦਸਤਾ 'ਇਸ ਮੁਜ਼ਾਹਰੇ ਪਿਛਲੀ ਵੱਡੀ ਸਾਜ਼ਿਸ਼ ਦੀ ਜਾਂਚ ਕਰੇਗਾ'।

2019 'ਚ ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਲੋਕ ਰਾਇ ਨੂੰ ਦਬਾਉਣ ਲਈ ਵੀ ਯੂ.ਪੀ. ਪੁਲਿਸ ਨੇ ਆਰ.ਐਸ.ਐਸ.-ਭਾਜਪਾ ਦੇ ਇਸ਼ਾਰੇ 'ਤੇ ਅਮਨਪਸੰਦ ਨਾਗਰਿਕਾਂ ਵਿਰੁੱਧ ਨਾ ਸਿਰਫ਼ ਇਰਾਦਾ ਕਤਲ, ਦੰਗੇ ਅਤੇ ਭੰਨਤੋੜ ਕਰਵਾਉਣ ਦੇ ਬੇਹੂਦਾ ਦੋਸ਼ ਲਗਾਏ ਸਨ ਸਗੋਂ ਦਾਰਾਪੁਰੀ ਸਮੇਤ ਦਰਜਨਾਂ ਇਨਸਾਫ਼ਪਸੰਦ ਸ਼ਖ਼ਸੀਅਤਾਂ ਨੂੰ ਜੇਲ੍ਹਾਂ 'ਚ ਬੰਦ ਵੀ ਰੱਖਿਆ ਸੀ। ਪੁਲਿਸ ਨੇ ਸੰਨ 2020 'ਚ ਦਾਰਾਪੁਰੀ ਸਮੇਤ 50 ਕਾਰਕੁਨਾਂ ਉੱਪਰ ਸਰਕਾਰੀ ਤੇ ਨਿੱਜੀ ਜਾਇਦਾਦ ਦੀ ਭੰਨਤੋੜ ਕਰਨ ਅਤੇ ਦੰਗੇ ਕਰਨ ਦਾ ਦੋਸ਼ ਲਗਾ ਕੇ ਅਤੇ ਸ਼ਹਿਰ ਵਿਚ ਵੱਡੇ-ਵੱਡੇ ਫਲੈਕਸਾਂ ਉੱਪਰ ਉਨ੍ਹਾਂ ਦੀਆਂ ਤਸਵੀਰਾਂ ਲਗਾ ਕੇ ਇਹ ਤਾਨਾਸ਼ਾਹ ਫ਼ਰਮਾਨ ਜਾਰੀ ਕੀਤਾ ਸੀ ਕਿ ਜੇ ਇਹ 'ਦੰਗਈ' ਨੁਕਸਾਨ ਦਾ ਹਰਜਾਨਾ ਨਹੀਂ ਭਰਦੇ ਤਾਂ ਇਹ ਰਕਮ ਉਨ੍ਹਾਂ ਦੀਆਂ ਨਿੱਜੀ ਜਾਇਦਾਦਾਂ ਦੀ ਕੁਰਕੀ ਕਰ ਕੇ ਵਸੂਲ ਕੀਤੀ ਜਾਵੇਗੀ। ਉਦੋਂ ਅਲਾਹਾਬਾਦ ਹਾਈਕੋਰਟ ਨੇ ਪੁਲਿਸ ਦੀਆਂ ਮਨਮਾਨੀਆਂ ਦਾ ਆਪਣੇ ਤੌਰ 'ਤੇ ਨੋਟਿਸ ਲੈ ਕੇ ਇਸ ਉੱਪਰ ਰੋਕ ਲਗਾਈ ਸੀ ਅਤੇ ਅਥਾਰਟੀਜ਼ ਨੂੰ ਫਿਟਕਾਰ ਪਾਈ ਸੀ। ਹਾਥਰਸ ਬਲਾਤਕਾਰ ਤੇ ਕਤਲ ਕਾਂਡ ਦੀ ਰਿਪੋਰਟਿੰਗ ਕਰਨ ਜਾ ਰਹੇ ਮਲਿਆਲਮ ਪੱਤਰਕਾਰ ਸਿਦੀਕ ਕੱਪਨ ਉੱਪਰ ਵੀ ਯੂ.ਪੀ. ਪੁਲਿਸ ਨੇ ਵਿਦੇਸ਼ੀ ਫੰਡ ਲੈ ਕੇ ਸਰਕਾਰ ਵਿਰੁੱਧ ਬਦਅਮਨੀ ਫੈਲਾਉਣ ਦੇ ਝੂਠੇ ਦੋਸ਼ ਲਗਾਏ ਸਨ ਅਤੇ ਉਸ ਨੂੰ ਯੂ.ਏ.ਪੀ.ਏ. ਅਤੇ ਹੋਰ ਸੰਗੀਨ ਧਾਰਾਵਾਂ ਲਗਾ ਕੇ ਨਾ ਸਿਰਫ਼ ਤਿੰਨ ਸਾਲ ਜੇਲ੍ਹ ਵਿਚ ਸਾੜਿਆ ਸੀ ਸਗੋਂ ਪੁਲਿਸ ਹਿਰਾਸਤ ਤੇ ਜੇਲ੍ਹ ਵਿਚ ਉਸ ਨੂੰ ਬੇਕਿਰਕੀ ਨਾਲ ਸਰੀਰਕ ਤੇ ਮਾਨਸਿਕ ਤਸੀਹੇ ਦਿੱਤੇ ਗਏ ਸਨ।

ਹੁਣ ਵਾਲੇ ਕੇਸ ਵਿਚ ਲਗਾਏ ਗਏ ਦੋਸ਼ਾਂ 'ਚ ਵੀ ਰੱਤੀ ਭਰ ਵੀ ਸਚਾਈ ਨਹੀਂ ਹੈ। ਕਮਿਸ਼ਨਰ ਦੇ ਦਫ਼ਤਰ ਅੱਗੇ ਮੁਜ਼ਾਹਰਾ ਪੁਰਅਮਨ ਰੂਪ 'ਚ ਸਮਾਪਤ ਹੋਇਆ। ਕਿਸੇ ਵੀ ਤਰ੍ਹਾਂ ਦੀ ਕੋਈ ਗੜਬੜ ਨਹੀਂ ਹੋਈ। ਫਿਰ ਵੀ ਪੁਲਿਸ ਅਧਿਕਾਰੀਆਂ ਨੇ ਕਾਰਕੁਨਾਂ ਅਤੇ ਪੱਤਰਕਾਰਾਂ ਨੂੰ, ਜਿਨ੍ਹਾਂ 'ਚੋਂ ਜ਼ਿਆਦਾਤਰ ਦਲਿਤ ਹਨ, ਗ਼ੈਰ-ਕਾਨੂੰਨੀ ਇਕੱਠ ਕਰਨ, ਸਰਕਾਰੀ ਜਾਇਦਾਦ ਦੀ ਭੰਨਤੋੜ ਕਰਨ ਅਤੇ ਕਮਿਸ਼ਨਰ ਦੇ ਦਫ਼ਤਰ ਦੇ ਸਟਾਫ਼ ਨੂੰ ਗਾਲੀ-ਗਲੋਚ ਕਰਨ, ਧਮਕੀਆਂ ਦੇਣ, ਦੰਗਾ-ਫਸਾਦ ਅਤੇ ਹਮਲਾ ਕਰਨ ਦੇ ਦੋਸ਼ ਲਗਾ ਕੇ ਗ੍ਰਿਫ਼ਤਾਰ ਕਰ ਲਿਆ। ਬਾਅਦ ਵਿਚ ਐਫ.ਆਈ.ਆਰ. ਵਿਚ ਇਰਾਦਾ ਕਤਲ ਦੀ ਧਾਰਾ ਵੀ ਲਗਾ ਦਿੱਤੀ। ਮੁਜਰਮਾਨਾ ਸਾਜ਼ਿਸ਼ ਅਤੇ ਇਰਾਦਾ ਕਤਲ ਦੇ ਦੋਸ਼ ਇਹ ਯਕੀਨੀ ਬਣਾਉਣ ਲਈ ਲਗਾਏ ਗਏ ਕਿ ਮੁਲਜ਼ਮਾਂ ਨੂੰ ਚੀਫ ਜੁਡੀਸ਼ੀਅਲ ਮੈਜਿਸਟ੍ਰੇਟ ਤੋਂ ਜ਼ਮਾਨਤ ਨਹੀਂ ਮਿਲੇਗੀ ਅਤੇ ਸੈਸ਼ਨ ਕੋਰਟ ਵਿਚ ਜ਼ਮਾਨਤ ਦੀ ਅਰਜ਼ੀ ਦੇਣ ਤੋਂ ਪਹਿਲਾਂ ਉਨ੍ਹਾਂ ਨੂੰ ਕਈ ਦਿਨ ਜੇਲ੍ਹ ਵਿਚ ਬੰਦ ਰੱਖਿਆ ਜਾ ਸਕੇਗਾ।

ਫਾਸ਼ੀਵਾਦੀ ਆਰ.ਐਸ.ਐਸ.-ਭਾਜਪਾ ਨੂੰ ਇਸ ਦੀ ਪ੍ਰਵਾਹ ਨਹੀਂ ਹੈ ਕਿ ਦਾਰਾਪੁਰੀ ਵਰਗੇ ਸੀਨੀਅਰ ਕਾਰਕੁਨ ਦੱਬੇ-ਕੁਚਲੇ ਲੋਕਾਂ ਦੀ ਜ਼ਿੰਦਗੀ ਨੂੰ ਜਿਊਣ ਯੋਗ ਬਣਾਉਣ ਅਤੇ ਬਣਦੇ ਹੱਕ ਦਿਵਾਉਣ ਲਈ ਗੰਭੀਰਤਾ ਨਾਲ ਯਤਨਸ਼ੀਲ ਹਨ। ਦਾਰਾਪੁਰੀ ਕਿਰਤੀ ਹੱਕਾਂ, ਜ਼ਮੀਨ ਅਤੇ ਜੰਗਲਾਤ ਹੱਕਾਂ ਦੇ ਮੁੱਦਿਆਂ ਅਤੇ ਪੂਰਬੀ ਯੂ.ਪੀ. ਦੇ ਸੋਨਭੱਦਰ ਖੇਤਰ ਦੇ ਗੁਰਬਤ ਮਾਰੇ ਲੋਕਾਂ ਨੂੰ ਖਾਣੇ ਤੇ ਸਿੱਖਿਆ ਦੇ ਹੱਕ ਦਿਵਾਉਣ ਲਈ ਲੜ ਰਹੇ ਹਨ। ਉਹ ਅਨਿਆਂ ਵਿਰੁੱਧ ਡੱਟ ਕੇ ਆਵਾਜ਼ ਉਠਾਉਂਦੇ ਹਨ ਅਤੇ ਜਾਗਰੂਕ ਨਾਗਰਿਕਾਂ ਦੇ ਅੰਦੋਲਨਾਂ ਵਿਚ ਸਦਾ ਮੋਹਰਲੀ ਕਤਾਰ ਵਿਚ ਦੇਖੇ ਜਾ ਸਕਦੇ ਹਨ। ਉਹ ਪਟੀਸ਼ਨਾਂ, ਜਨਤਕ ਇਕੱਠਾਂ ਵਿਚ ਹਿੱਸਾ ਲੈ ਕੇ ਅਤੇ ਸੂਚਨਾ ਅਧਿਕਾਰ ਕਾਨੂੰਨ ਤਹਿਤ ਪਟੀਸ਼ਨਾਂ ਰਾਹੀਂ ਆਮ ਲੋਕਾਂ ਦੀ ਲੜਾਈ ਲੜਦੇ ਹਨ। ਜ਼ਮੀਨ ਦੀ ਕਾਣੀ ਤੇ ਗ਼ੈਰ-ਕਾਨੂੰਨੀ ਵੰਡ ਅਤੇ ਘੋਰ ਆਰਥਕ ਨਾ-ਬਰਾਬਰੀ ਦੇ ਮੱਦੇਨਜ਼ਰ ਵਾਂਝੇ ਹਿੱਸਿਆਂ ਦੇ ਗੁਜ਼ਾਰੇ ਦੀਆਂ ਮੁੱਢਲੀਆਂ ਲੋੜਾਂ ਲਈ ਇਕ ਏਕੜ ਜ਼ਮੀਨ ਦੀ ਮੰਗ ਕਰਨਾ ਪੂਰੀ ਤਰ੍ਹਾਂ ਵਾਜਬ ਹੈ ਪਰ ਆਰ.ਐਸ.ਐਸ.-ਭਾਜਪਾ ਨੇ ਸੰਵਿਧਾਨਕ ਤਰੀਕੇ ਨਾਲ ਅਜਿਹੀ ਮੰਗ ਕਰਨ ਨੂੰ ਵੀ ਸੰਗੀਨ ਜੁਰਮ ਬਣਾ ਦਿੱਤਾ ਹੈ।

ਦਾਰਾਪੁਰੀ ਵਰਗੇ ਬਜ਼ੁਰਗ ਕਾਰਕੁਨਾਂ ਨੂੰ ਵਾਰ-ਵਾਰ ਸੰਗੀਨ ਜੁਰਮਾਂ ਤਹਿਤ ਗ੍ਰਿਫ਼ਤਾਰ ਕੀਤੇ ਜਾਣ ਦੀ ਵਜ੍ਹਾ ਇਹ ਹੈ ਕਿ ਉਹ ਆਰ.ਐਸ.ਐਸ.-ਭਾਜਪਾ ਦੇ ਨਿਧੜਕ ਆਲੋਚਕ ਹਨ ਅਤੇ ਇਸ ਉੱਪਰ ਖ਼ਾਸ ਤੌਰ 'ਤੇ ਜ਼ੋਰ ਦਿੰਦੇ ਹਨ ਕਿ "ਇਸ ਹਕੂਮਤ ਹੇਠ ਪੁਲਿਸ ਫੋਰਸ ਬਹੁਤ ਬਦਲ ਗਈ ਹੈ। ਜੇ ਇਹ ਪੁਲਿਸ 32 ਸਾਲ ਆਈ.ਪੀ.ਐਸ. ਵਜੋਂ ਨੌਕਰੀ ਕਰਨ ਵਾਲੇ ਵਿਅਕਤੀ ਨੂੰ ਅਜਿਹੇ ਜਬਰ ਅਤੇ ਗ਼ੈਰ-ਕਾਨੂੰਨੀ ਗੇੜ 'ਚ ਫਸਾ ਸਕਦੀ ਹੈ ਤਾਂ ਕਲਪਨਾ ਕੀਤੀ ਜਾ ਸਕਦੀ ਹੈ ਕਿ ਇਹ ਸਾਧਾਰਨ ਨਾਗਰਿਕਾਂ ਨਾਲ ਕੀ ਸਲੂਕ ਕਰਦੇ ਹੋਣਗੇ।" ਇਸੇ ਲਈ ਉਹ ਕਹਿੰਦੇ ਹਨ ਕਿ "ਮੈਂ ਕਹਿ ਸਕਦਾ ਹਾਂ ਕਿ ਭਾਰਤ ਹੁਣ ਪੁਲਿਸ ਸਟੇਟ ਬਣ ਗਿਆ ਹੈ ਜਿੱਥੇ ਗ੍ਰਿਫ਼ਤਾਰੀਆਂ ਅਤੇ ਨਜ਼ਰਬੰਦੀਆਂ ਅੰਧਾਧੁੰਦ ਅਤੇ ਆਪਹੁਦਰੇ ਤਰੀਕੇ ਨਾਲ ਕੀਤੀਆਂ ਜਾ ਰਹੀਆਂ ਹਨ।... ਪੁਲਿਸ ਜੋ ਕਹਿੰਦੀ ਹੈ ਉਹੀ ਕਾਨੂੰਨ ਹੈ। ਤੱਥ ਹੁਣ ਕੋਈ ਮਾਇਨੇ ਨਹੀਂ ਰੱਖਦੇ।"

2017 'ਚ ਮਹੰਤ ਅਦਿੱਤਿਆਨਾਥ ਦੇ ਸੱਤਾ ਵਿਚ ਆਉਂਦੇ ਸਾਰ ਘੱਟਗਿਣਤੀਆਂ, ਦੱਬੇਕੁਚਲੇ ਹਿੱਸਿਆਂ, ਜਾਗਰੂਕ ਨਾਗਰਿਕਾਂ, ਹੱਕਾਂ ਦੇ ਕਾਰਕੁਨਾਂ ਅਤੇ ਪੱਤਰਕਾਰਾਂ ਵਿਰੁੱਧ ਤਿੱਖਾ ਹਮਲਾ ਸ਼ੁਰੂ ਕਰ ਦਿੱਤਾ ਸੀ। 'ਪੱਤਰਕਾਰਾਂ ਉੱਪਰ ਹਮਲੇ ਵਿਰੁੱਧ ਕਮੇਟੀ' ਵੱਲੋਂ 2022 'ਚ ਛਾਪੀ ਰਿਪੋਰਟ ਅਨੁਸਾਰ 2017 ਤੋਂ ਲੈ ਕੇ ਅਦਿੱਤਿਆਨਾਥ ਦੇ ਰਾਜ ਵਿਚ ਘੱਟੋ-ਘੱਟ 48 ਪੱਤਰਕਾਰਾਂ ਉੱਪਰ ਵੀ ਹਮਲੇ ਹੋ ਚੁੱਕੇ ਹਨ ਅਤੇ 66 ਹੋਰ ਪੱਤਰਕਾਰਾਂ ਵਿਰੁੱਧ ਪਰਚੇ ਦਰਜ ਹੋਏ ਹਨ ਜਾਂ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।

ਸੰਵਿਧਾਨਕ ਹੱਕਾਂ, ਹਕੂਮਤ ਦੀ ਜਵਾਬਦੇਹੀ ਅਤੇ ਬਿਹਤਰੀ ਜ਼ਿੰਦਗੀ ਲਈ ਇਕੱਠੇ ਹੋ ਕੇ ਸੰਘਰਸ਼ ਕਰਨ ਦੇ ਜਮਹੂਰੀ ਹੱਕ ਦੇ ਲਿਹਾਜ਼ ਨਾਲ ਇਹ ਬਹੁਤ ਹੀ ਖ਼ਤਰਨਾਕ ਹਾਲਤ ਹੈ ਅਤੇ ਅਜਿਹੀਆਂ ਗ੍ਰਿਫ਼ਤਾਰੀਆਂ ਤੇ ਜੇਲ੍ਹਬੰਦੀਆਂ ਵਿਰੁੱਧ ਪੂਰੇ ਮੁਲਕ ਵਿਚ ਆਵਾਜ਼ ਉੱਠਣੀ ਚਾਹੀਦੀ ਹੈ।

# ਖੇਡ ਮੇਜ਼ਬਾਨੀਆਂ ਅਤੇ ਤਰੱਕੀ

ਪੱਛਮੀ ਸਮਾਜ ਵਿਚ ਕੁਲੀਨ ਵਰਗ/ਵੱਡਿਆਂ ਘਰਾਂ ਦੀਆਂ ਖ਼ਾਸਕਰ ਵਿਆਹੁਣਯੋਗ ਮੁਟਿਆਰਾਂ ਨੂੰ ਪਹਿਲੀ ਵਾਰ ਸਮਾਜਿਕ ਤੌਰ 'ਤੇ ਸਾਹਮਣੇ ਲਿਆਂਦੇ ਜਾਣ ਲਈ ਕਰਵਾਈਆਂ ਜਾਣ ਵਾਲੀਆਂ 'ਕਮਿੰਗ-ਆਊਟ ਪਾਰਟੀਆਂ' ਦਾ ਰਿਵਾਜ ਬੜਾ ਚਿਰ ਪਹਿਲਾਂ ਖ਼ਤਮ ਹੋ ਚੁੱਕਾ ਹੈ ਪਰ ਮੁਲਕ ਅਜੇ ਵੀ ਅਜਿਹੇ ਮੌਕਿਆਂ ਉਤੇ ਕਮਿੰਗ-ਆਊਟ ਪਾਰਟੀਆਂ ਕਰਦੇ ਹਨ ਜਦੋਂ ਉਹ ਆਮਦਨ ਤੇ ਵਿਕਾਸ ਦੇ ਖ਼ਾਸ ਪੱਧਰ ਤੱਕ ਪੁੱਜ ਜਾਂਦੇ ਹਨ ਅਤੇ

**ਟੀ.ਐਨ. ਨੈਨਾਨ**

ਮਹਿਸੂਸ ਕਰਦੇ ਹਨ ਕਿ ਉਨ੍ਹਾਂ ਨੂੰ ਇਸ ਸਬੰਧੀ ਸੰਸਾਰ ਅੱਗੇ ਆਪਣੀ ਗੱਲ ਕਹਿਣ ਦੀ ਲੋੜ ਹੈ। ਇਸ ਦੀ ਜ਼ਰੂਰਤ ਪ੍ਰਤੀ ਵਿਅਕਤੀ ਆਮਦਨ 4000 ਅਮਰੀਕੀ ਡਾਲਰ ਤੱਕ ਪੁੱਜ ਜਾਣ ਤੋਂ ਬਾਅਦ ਮਹਿਸੂਸ ਹੋਈ ਜਾਪਦੀ ਹੈ। ਇਸ ਪ੍ਰਤੀ ਵਿਅਕਤੀ ਆਮਦਨ ਦੀ ਗਣਨਾ ਖ਼ਰੀਦ ਸ਼ਕਤੀ ਦੀ ਸਮਾਨਤਾ ਅਤੇ 1990 ਕੌਮਾਂਤਰੀ ਡਾਲਰਾਂ ਦਾ ਇਸਤੇਮਾਲ ਕਰ ਕੇ ਕੀਤੀ ਗਈ; ਤੇ ਪਾਰਟੀ ਦਾ ਮਤਲਬ ਆਮ ਕਰ ਕੇ ਗਰਮੀਆਂ ਦੀਆਂ ਓਲੰਪਿਕ ਖੇਡਾਂ ਦੀ ਮੇਜ਼ਬਾਨੀ ਕਰਨਾ ਹੁੰਦਾ ਹੈ।

ਦਰਅਸਲ ਜਦੋਂ 19ਵੀਂ ਸਦੀ ਦੇ ਆਖ਼ਰੀ ਦਹਾਕੇ ਦੌਰਾਨ ਓਲੰਪਿਕ ਅੰਦੋਲਨ ਦਾ ਵਿਚਾਰ ਸਾਹਮਣੇ ਲਿਆਂਦਾ ਗਿਆ ਤਾਂ ਪੱਛਮੀ ਯੂਰਪ ਦੇ ਅਮੀਰ ਮੁਲਕ ਅਤੇ ਅਮਰੀਕਾ 4000 ਡਾਲਰ ਦੇ ਅੰਕੜੇ ਦੇ ਨੇੜੇ ਪੁੱਜ ਰਹੇ ਸਨ। ਯੂਨਾਨ ਜਿਹੜਾ ਆਪਣੇ ਪ੍ਰਾਚੀਨ ਓਲੰਪਿਕਸ ਦੇ ਨਾਤੇ ਇਨ੍ਹਾਂ ਖੇਡਾਂ ਦਾ ਪਹਿਲਾ ਮੇਜ਼ਬਾਨ ਸੀ, ਤੋਂ ਇਲਾਵਾ ਓਲੰਪਿਕਸ ਦੇ ਮੇਜ਼ਬਾਨ ਮੁਲਕਾਂ ਵਿਚ ਸ਼ਾਮਲ ਸਨ ਫਰਾਂਸ, ਅਮਰੀਕਾ, ਬਰਤਾਨੀਆ, ਸਵੀਡਨ ਅਤੇ ਫਿਰ ਜਰਮਨੀ (ਸਾਲ 1916 ਲਈ ਪਰ ਉਹ ਖੇਡਾਂ ਪਹਿਲੀ ਸੰਸਾਰ ਜੰਗ ਕਾਰਨ ਨਾ ਹੋ ਸਕੀਆਂ)। ਐਂਗਸ ਮੈਡੀਸਨ ਨੇ 1913 ਵਿਚ ਸਮੁੱਚੇ ਪੱਛਮੀ ਯੂਰਪ ਦੀ ਪ੍ਰਤੀ ਵਿਅਕਤੀ ਆਮਦਨ 3473 ਡਾਲਰ ਹੋਣ ਦੀ ਗਣਨਾ ਕੀਤੀ ਸੀ ਜਿਸ ਵਿਚ ਗ਼ਰੀਬ ਦੱਖਣੀ ਯੂਰਪ ਵੀ ਸ਼ਾਮਲ ਸੀ।

ਆਖ਼ਰ ਜਦੋਂ ਓਲੰਪਿਕ ਖੇਡਾਂ ਪੱਛਮੀ ਯੂਰਪ ਅਤੇ ਅਮਰੀਕਾ ਤੋਂ ਬਾਹਰ ਨਿਕਲੀਆਂ ਤਾਂ ਇਨ੍ਹਾਂ ਨੂੰ ਉਦੋਂ ਹੋਰਨਾਂ ਖ਼ਿੱਤਿਆਂ ਨੂੰ ਦਿੱਤਾ ਗਿਆ ਜਦੋਂ ਉਹ 4000 ਡਾਲਰ ਦੇ ਅੰਕੜੇ ਤੱਕ ਪੁੱਜ ਗਏ ਸਨ (ਜਦੋਂ ਅਸਲ ਵਿਚ ਇਹ ਖੇਡ ਸਮਾਗਮ ਕਰਵਾਏ ਗਏ ਤਾਂ ਆਮਦਨ ਕੁਝ ਹੱਦ ਤੱਕ ਜ਼ਿਆਦਾ ਸੀ)। ਇਹ ਮੁਲਕ ਸਨ: 1964 ਲਈ ਜਪਾਨ, 1988 ਲਈ ਦੱਖਣੀ ਕੋਰੀਆ, 2008 ਲਈ ਚੀਨ ਅਤੇ 2016 ਲਈ ਬ੍ਰਾਜ਼ੀਲ। ਮੈਕਸੀਕੋ 1968 ਵਿਚ ਇਸ ਆਮਦਨ ਹੱਦ ਤੋਂ ਅੱਗੇ ਪੁੱਜ ਚੁੱਕਾ ਸੀ। ਭਾਰਤ 2036 ਲਈ ਮਜ਼ਬੂਤ ਉਮੀਦਵਾਰ ਹੈ। ਤਾਜ਼ਾਤਰੀਨ ਕੌਮਾਂਤਰੀ ਡਾਲਰਾਂ ਮੁਤਾਬਕ ਦੇਖਦਿਆਂ ਭਾਰਤ ਦੀ ਪ੍ਰਤੀ ਜੀਅ ਆਮਦਨ 9000 ਡਾਲਰ ਤੋਂ ਵੱਧ ਹੈ ਜਿਹੜੀ 1990 ਕੌਮਾਂਤਰੀ ਡਾਲਰਾਂ ਦਾ ਇਸਤੇਮਾਲ ਕਰਦਿਆਂ ਦੇਸ਼ ਨੂੰ ਜ਼ਰੂਰ 4000 ਡਾਲਰ ਦੇ ਘੇਰੇ ਵਿਚ ਲੈ ਜਾਵੇਗੀ। ਇਹ ਰਕਮ 2036 ਤੱਕ ਦੁੱਗਣੀ ਹੋ ਸਕਦੀ ਹੈ।

ਓਲੰਪਿਕ ਖੇਡਾਂ ਦੀ ਮੇਜ਼ਬਾਨੀ ਕੋਈ ਸਸਤਾ ਸੌਦਾ ਨਹੀਂ: ਚੀਨ ਨੇ 2008 ਦੀਆਂ ਖੇਡਾਂ ਲਈ 44 ਅਰਬ ਡਾਲਰ (ਨਾ-ਮਾਤਰ ਡਾਲਰ) ਦੀ ਬੜੀ ਵੱਡੀ ਰਕਮ ਖ਼ਰਚ ਕਰ ਕੇ ਦੁਨੀਆ ਨੂੰ ਹੈਰਾਨ ਕਰ ਦਿੱਤਾ ਸੀ ਪਰ ਉਸ ਤੋਂ ਬਾਅਦ ਵਾਲੇ ਮੇਜ਼ਬਾਨਾਂ ਨੇ ਇਸ ਦਾ ਤੀਜਾ ਹਿੱਸਾ ਜਾਂ ਉਸ ਤੋਂ ਵੀ ਘੱਟ ਖ਼ਰਚ ਕੀਤਾ। ਬਹੁਤਾ ਪੈਸਾ ਸ਼ਹਿਰ ਦੇ ਬੁਨਿਆਦੀ ਢਾਂਚੇ ਦੀ ਹਾਲਤ ਸੁਧਾਰਨ ਲਈ ਖ਼ਰਚ ਹੁੰਦਾ ਹੈ, ਨਾ ਕਿ ਖੇਡ ਸਹੂਲਤਾਂ ਲਈ। ਜਦੋਂ ਨਵੀਂ ਦਿੱਲੀ ਨੇ 2010 ਦੀਆਂ ਕਾਮਨਵੈਲਥ (ਰਾਸ਼ਟਰ ਮੰਡਲ) ਖੇਡਾਂ ਦੀ ਮੇਜ਼ਬਾਨੀ ਕੀਤੀ ਤਾਂ ਸਮੁੱਚੀ ਲਾਗਤ 9 ਅਰਬ ਡਾਲਰ ਦੇ ਕਰੀਬ ਸੀ ਜਿਸ ਵਿਚੋਂ 80 ਫ਼ੀਸਦੀ ਖ਼ਰਚਾ ਗ਼ੈਰ-ਖੇਡ ਬੁਨਿਆਦੀ ਢਾਂਚੇ ਲਈ ਕਰਨਾ ਪਿਆ। ਨਵੀਂ ਦਿੱਲੀ ਵਿਚ ਹੋਈਆਂ 1982 ਦੀਆਂ ਏਸ਼ਿਆਈ ਖੇਡਾਂ ਅਤੇ ਫਿਰ ਕਾਮਨਵੈਲਥ ਖੇਡਾਂ, ਦੋਵਾਂ ਲਈ ਹੀ ਮਨਜ਼ੂਰ ਹੋਈਆਂ ਬਹੁਤ ਸਾਰੀਆਂ ਸਹੂਲਤਾਂ ਬਾਅਦ ਵਿਚ ਖ਼ਤਮ ਹੋ ਗਈਆਂ।

ਬਹੁਤੇ ਮੇਜ਼ਬਾਨ ਸ਼ਹਿਰ ਜਾਂ ਤਾਂ ਮੁਲਕ ਦੀ ਰਾਜਧਾਨੀ ਹੁੰਦੇ ਹਨ ਜਾਂ ਇਸ ਦੇ ਸਭ ਤੋਂ ਵੱਡੇ ਸ਼ਹਿਰ। ਇਸ ਦਾ ਇਕ ਅਪਵਾਦ 1904 ਓਲੰਪਿਕਸ ਲਈ ਮੇਜ਼ਬਾਨ ਅਮਰੀਕਾ ਦਾ ਸੇਂਟ ਲੂਈਸ ਸੀ। ਜੇ ਭਾਰਤ ਵੱਲੋਂ ਮੇਜ਼ਬਾਨੀ ਲਈ ਅਹਿਮਦਾਬਾਦ ਪਸੰਦੀਦਾ ਉਮੀਦਵਾਰ ਹੁੰਦਾ ਹੈ ਜਿਵੇਂ ਜਾਪਦਾ ਹੀ ਹੈ, ਤਾਂ ਇਹ ਵੀ ਅਪਵਾਦ ਹੋਵੇਗਾ ਕਿਉਂਕਿ ਇਹ ਆਬਾਦੀ, ਰਕਬੇ, ਜੀਡੀਪੀ, ਸਫ਼ਾਈ ਜਾਂ ਔਰਤਾਂ ਦੀ ਸੁਰੱਖਿਆ ਆਦਿ ਕਿਸੇ ਵੀ ਦਰਜਾਬੰਦੀ ਪੱਖੋਂ ਦੇਸ਼ ਦੇ ਚੋਟੀ ਦੇ ਪੰਜ ਸ਼ਹਿਰਾਂ ਵਿਚ ਸ਼ੁਮਾਰ ਨਹੀਂ। ਇਹ ਭਾਵੇਂ ਕਾਰੋਬਾਰ ਤੇ ਸਿੱਖਿਆ ਦਾ ਕੇਂਦਰ ਹੈ ਪਰ ਏਅਰਲਾਈਨ/ਹਵਾਬਾਜ਼ੀ ਦਾ ਕੇਂਦਰ ਨਹੀਂ ਹੈ। ਇਹ ਅੰਗਰੇਜ਼ੀ ਦਾ ਮੁਕਾਬਲਤਨ ਘੱਟ ਜਾਣੂ ਹੈ, ਬਹੁਤਾ ਕਰ ਕੇ ਸ਼ਾਕਾਹਾਰੀ ਹੈ ਤੇ ਇਥੇ ਸ਼ਰਾਬਬੰਦੀ ਵੀ ਲਾਗੂ ਹੈ।


ਇਸ ਵਿਚ ਬਹੁਤਾ ਕੁਝ ਤਾਂ ਨਹੀਂ ਬਦਲੇਗਾ ਪਰ ਓਲੰਪਿਕ ਮੇਜ਼ਬਾਨੀ ਨਾਲ ਇਸ ਨੂੰ ਅੱਗੇ ਵਧਣ ਵਿਚ ਮਦਦ ਮਿਲੇਗੀ: ਇਕ ਵੱਡਾ ਤੇ ਬਿਹਤਰ ਹਵਾਈ ਅੱਡਾ ਮਿਲ ਜਾਵੇਗਾ, ਮੁਕੰਮਲ ਮੈਟਰੋ ਨੈਟਵਰਕ, ਵਧੇਰੇ ਹੋਟਲ, ਫਲਾਈਓਵਰ ਅਤੇ ਅਜਿਹਾ ਹੋਰ ਬਹੁਤ ਕੁਝ ਮਿਲੇਗਾ। ਉਦੋਂ ਤੱਕ ਇਸ ਨੂੰ ਮੁੰਬਈ ਨਾਲ ਜੋੜਨ ਵਾਲੀ ਤੇਜ਼ ਰਫ਼ਤਾਰ ਬੁਲੇਟ ਟਰੇਨ ਵੀ ਮਿਲ ਚੁੱਕੀ ਹੋਵੇਗੀ। ਇਸ ਸਭ ਕਾਸੇ ਦੀ ਲਾਗਤ ਦਾ ਕਿੰਨਾ ਹਿੱਸਾ ਸ਼ਹਿਰ, ਸੂਬੇ ਅਤੇ ਕੇਂਦਰ ਵੱਲੋਂ ਖ਼ਰਚਿਆ ਜਾਵੇਗਾ? ਇਸ ਦੇ ਬਾਵਜੂਦ ਭਾਰਤ ਦੀ ਹੋਣੀ ਯੂਨਾਨ ਵਰਗੀ ਨਹੀਂ ਹੋਵੇਗੀ ਜਿਸ ਦੇ ਸਿਰ 2004 ਦੀਆਂ ਓਲੰਪਿਕਸ ਦੀ ਮੇਜ਼ਬਾਨੀ ਕਾਰਨ ਚੜ੍ਹਿਆ ਕਰਜ਼ਾ ਚਾਰ ਸਾਲਾਂ ਬਾਅਦ ਪੈਦਾ ਹੋਏ ਮੁਲਕ ਦੇ ਭਾਰੀ ਮਾਲੀ ਸੰਕਟ ਲਈ ਅੰਸ਼ਕ ਤੌਰ 'ਤੇ ਜ਼ਿੰਮੇਵਾਰ ਸੀ।

ਜੇ ਕਿਸੇ ਮੇਜ਼ਬਾਨ ਮੁਲਕ ਦੀ ਓਲੰਪਿਕਸ ਵਿਚ ਖੇਡ ਕਾਰਗੁਜ਼ਾਰੀ ਮਾੜੀ ਰਹਿੰਦੀ ਹੈ ਤਾਂ ਇਹ ਨਮੋਸ਼ੀ ਵਾਲੀ ਗੱਲ ਹੋ ਜਾਂਦੀ ਹੈ। ਇਸ ਲਈ ਮੁੱਖ ਸਵਾਲ ਇਹ ਹੈ ਕਿ ਕੀ ਖੇਡਾਂ ਦੀ ਮੇਜ਼ਬਾਨੀ ਨਾਲ ਮੁਲਕ ਦੇ ਖਿਡਾਰੀਆਂ ਨੂੰ ਬਿਹਤਰ ਕਾਰਗੁਜ਼ਾਰੀ ਦਿਖਾਉਣ ਵਿਚ ਕੋਈ ਮਦਦ ਮਿਲੇਗੀ। ਯਕੀਨਨ, ਮੇਜ਼ਬਾਨ ਮੁਲਕ ਓਲੰਪਿਕ ਖੇਡਾਂ ਵਿਚ ਆਪਣੀ ਪਿਛਲੀ ਕਾਰਗੁਜ਼ਾਰੀ ਦੇ ਮੁਕਾਬਲੇ ਕਤਿ ਜ਼ਿਆਦਾ ਤਗਮੇ ਜਿੱਤਦੇ ਹਨ, ਸ਼ਾਇਦ ਇਸ ਕਾਰਨ ਕਿ ਇਸ ਸਬੰਧੀ ਖ਼ਾਸ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਹਨ। ਮੈਕਸਿਕੋ ਨੇ 1964 ਦੇ ਮਹਿਜ਼ ਇਕ ਤਗਮੇ ਦੇ ਮੁਕਾਬਲੇ 1968 ਵਿਚ 9 ਜਿੱਤੇ ਸਨ, ਦੱਖਣੀ ਕੋਰੀਆ 19 ਤੋਂ 33 ਉਤੇ ਪੁੱਜ ਗਿਆ ਸੀ ਅਤੇ ਚੀਨ ਨੇ 63 ਤੋਂ ਵਧ ਕੇ 100 ਜਿੱਤੇ ਸਨ। ਭਾਰਤ ਨੇ ਵੀ ਜਦੋਂ 1982 ਵਿਚ ਏਸ਼ਿਆਈ ਖੇਡਾਂ ਕਰਵਾਈਆਂ ਤਾਂ ਵਧੀਆ ਕਾਰਗੁਜ਼ਾਰੀ ਦਿਖਾਉਂਦਿਆਂ ਆਪਣੀ ਤਗਮਾ ਸੂਚੀ 28 ਤੋਂ ਵਧਾ ਕੇ 57 ਤੱਕ ਪਹੁੰਚਾਈ ਸੀ ਪਰ ਬਾਅਦ ਵਿਚ ਇਸ ਚੜ੍ਹਤ ਨੂੰ ਬਰਕਰਾਰ ਨਹੀਂ ਰੱਖਿਆ ਜਾ ਸਕਿਆ। ਭਾਰਤ ਨੇ ਨਵੀਂ ਦਿੱਲੀ ਰਾਸ਼ਟਰ ਮੰਡਲ ਖੇਡਾਂ ਵਿਚ ਵੀ 101 ਮੈਡਲ ਜਿੱਤੇ; ਗਲਾਸਗੋ (2014) ਵਿਚ ਇਸ ਦੀ ਝੋਲੀ 64 ਤਗਮੇ ਹੀ ਪਏ।

ਅਖ਼ੀਰ ਵਿਚ, ਇਹ ਅਜਿਹੇ ਜਮ੍ਹਾਂ ਤੇ ਘਟਾਉ ਦੇ ਹਿਸਾਬ-ਕਿਤਾਬ ਦਾ ਮਾਮਲਾ ਨਹੀਂ ਹੈ; ਜਦੋਂ ਕੋਈ ਮੁਲਕ ਕਮਿੰਗ-ਆਊਟ ਪਾਰਟੀ ਕਰਨਾ ਚਾਹੁੰਦਾ ਹੈ ਤਾਂ ਉਹ ਓਲੰਪਿਕ ਖੇਡਾਂ ਦੀ ਮੇਜ਼ਬਾਨੀ ਕਰਦਾ ਹੈ।

# ਪੱਤਰਕਾਰੀ ਅਤੇ ਜ਼ਿੰਦਾਦਿਲੀ ਦਾ ਮੁਜੱਸਮਾ ਸਨ ਸੁਰਜਨ ਜ਼ੀਰਵੀ

ਇਸ ਹਫਤੇ ਦਾ ਆਮ ਦਿਨਾਂ ਵਰਗਾ ਇੱਕ ਦਿਨ ਸੀ, ਜਦੋਂ ਮੈਨੂੰ ਪੰਜਾਬੋਂ ਬਾਹਰ ਬੈਠੇ ਨੂੰ ਅਚਾਨਕ ਸੁਨੇਹਾ ਮਿਲਿਆ ਕਿ ਸੁਰਜਨ ਜ਼ੀਰਵੀ ਜੀ ਦੁਨੀਆ ਤੋਂ ਚਲੇ ਗਏ। ਇਸ ਪਿੱਛੋਂ ਅੱਗੜ-ਪਿੱਛੜ ਕਈ ਸੁਨੇਹੇ ਆਏ ਤੇ ਸ਼ਬਦਾਂ ਦੇ ਥੋੜ੍ਹੇ ਜਿਹੇ ਫਰਕ ਨਾਲ ਸੁਨੇਹਾ ਇਹੀ ਸੀ ਕਿ ਜ਼ੀਰਵੀ ਜੀ ਦੁਨੀਆ ਤੋਂ ਚਲੇ ਗਏ। ਮੇਰਾ ਚੇਤਾ ਮੈਨੂੰ ਸਾਲ 1976 ਦੌਰਾਨ ਜਲੰਧਰ ਦੇ ਇੱਕ ਕਾਲਜ ਦੀ ਗਰਾਊਂਡ ਵਿਚ ਲੈ ਗਿਆ, ਜਿੱਥੇ ਉਭਰਦੀ ਉਮਰ ਦੇ ਮੇਰੇ ਵਰਗੇ ਵਾਲੰਟੀਅਰ ਟੋਲੀਆਂ ਬੰਨ੍ਹ ਕੇ ਗੱਪਾਂ ਮਾਰ ਰਹੇ ਸਨ ਤੇ ਅਚਾਨਕ



ਜਤਿੰਦਰ ਪਨੂੰ
ਫੋਨ: 98140-68455

ਰੌਲਾ ਪੈ ਗਿਆ: ਜ਼ੀਰਵੀ ਜੀ ਆ ਗਏ। ਮੈਨੂੰ ਕੋਈ ਪਤਾ ਨਹੀਂ ਸੀ ਕਿ ਜ਼ੀਰਵੀ ਜੀ ਕੌਣ ਹਨ ਅਤੇ ਉਨ੍ਹਾਂ ਦੇ ਆਉਂਦੇ ਸਾਰ ਹਰ ਕੋਈ ਉਨ੍ਹਾਂ ਵੱਲ ਕਿਉਂ ਤੁਰ ਪਿਆ ਸੀ। ਐਨਕਾਂ ਵਾਲਾ ਸਰਦਾਰ ਜਿੰਨਾ ਚਿਰ ਓਥੇ ਰਿਹਾ, ਹਾਸਾ-ਮਜ਼ਾਕ ਵੀ ਚੱਲ ਪਿਆ, ਖਬਰਾਂ ਦੀ ਚਰਚਾ ਵੀ ਦੁਆਬੇ ਤੋਂ ਦੁਨੀਆ ਤੱਕ ਦੀ ਹੋਈ ਗਈ ਤੇ ਵਿਚ-ਵਿਚਾਲੇ ਜ਼ੀਰਵੀ ਜੀ ਦੀ ਕੋਈ ਨਾ ਕੋਈ ਇਹੋ ਜਿਹੀ ਗੱਲ ਸੁਣਦੀ ਰਹੀ, ਜਿਸ ਨਾਲ ਹਰ ਕਿਸੇ ਦਾ ਹਾਸਾ ਨਿਕਲਦਾ ਸੀ, ਸਿਰਫ ਜ਼ੀਰਵੀ ਜੀ ਨਹੀਂ ਸਨ ਹੱਸਦੇ, ਉਹ ਓਨੇ ਚਿਰ ਵਿਚ ਕੋਈ ਅਗਲੀ ਗੱਲ ਸੋਚ ਲੈਂਦੇ ਸਨ। ਜ਼ੀਰਵੀ ਜੀ ਨਾਲ ਇਹ ਪਹਿਲੀ ਮਿਲਣੀ ਸੀ, ਜਦੋਂ ਹਰ ਪਾਸਿਉਂ ਆਵਾਜ਼ਾਂ ਆਈ ਜਾਂਦੀਆਂ ਸਨ, ਜ਼ੀਰਵੀ ਜੀ ਆ ਗਏ ਅਤੇ ਫਿਰ ਬੀਤੇ ਹਫਤੇ ਦਾ ਉਹ ਦਿਨ ਆ ਗਿਆ, ਜਦੋਂ ਅੱਗੜ-ਪਿੱਛੜ ਇਹ ਸੰਦੇਸ਼ ਆ ਰਹੇ ਸਨ ਕਿ ਜ਼ੀਰਵੀ ਜੀ ਚਲੇ ਗਏ। ਅੱਧੀ ਸਦੀ ਦੇ ਨੇੜੇ ਦਾ ਇਹ ਸਮਾਂ ਸਾਡੇ ਦੋਵਾਂ ਦੀ ਇੱਕ ਇਹੋ ਜਿਹੀ ਸਾਂਝ ਬਣੀ ਰਹੀ ਸੀ, ਜਿਹੜੀ ਸ਼ਬਦਾਂ ਵਿਚ ਬਿਆਨ ਕਰਨੀ ਮੁਸ਼ਕਲ ਹੈ।

ਬਾਹਰੋਂ ਹੱਸਮੁੱਖ ਅਤੇ ਅੰਦਰੋਂ ਗਹਿਰ-ਗੰਭੀਰ ਚਿੰਤਕ ਸਨ ਸੁਰਜਨ ਜ਼ੀਰਵੀ। ਉਹ ਸਮਾਜ ਦੀਆਂ ਸਮੱਸਿਆਵਾਂ ਨੂੰ ਤਿਰਛੀ ਅੱਖ ਨਾਲ ਵੇਖਣ ਤੇ ਬਿਆਨਣ ਵਾਲੇ ਬੁੱਧੀਜੀਵੀ ਸਨ। ਪੱਤਰਕਾਰੀ ਵਿਚ ਉਨ੍ਹਾਂ ਦਾ ਇੱਕ ਆਪਣਾ ਥਾਂ ਸੀ, ਜਿਹੜਾ ਸਿਰਫ ਉਨ੍ਹਾਂ ਦਾ ਸੀ, ਕਿਸੇ ਹੋਰ ਦੇ ਹਿੱਸੇ ਨਾ ਆ ਸਕਿਆ ਅਤੇ ਨਾ ਹੀ ਕਦੀ ਆ ਸਕੇਗਾ। ਪੱਤਰਕਾਰ ਹੋਣ ਦੇ ਨਾਲ ਉਹ ਪੱਤਰਕਾਰਾਂ ਦੇ ਰਾਹ-ਦਸੇਰਾ ਵੀ ਸਨ। ਪੂਰਾਂ ਦੇ ਪੂਰ ਉਨ੍ਹਾਂ ਦੀ ਛਾਵੇਂ ਪੱਤਰਕਾਰੀ ਖੇਤਰ ਵਿਚ ਪ੍ਰਵਾਨ ਚੜ੍ਹੇ ਸਨ।

ਸੰਸਾਰ ਰਾਜਨੀਤੀ ਵਿਚ ਇੱਕ ਮੌਕਾ ਏਦਾਂ ਦਾ ਆਇਆ, ਜਦੋਂ ਇਰਾਨ ਦੀ ਇਸਲਾਮੀ ਕ੍ਰਾਂਤੀ ਆਈ ਵੇਖ ਕੇ ਕਈ ਦੇਸ਼ਾਂ ਵਿਚੋਂ ਇੱਕ ਜਾਂ ਦੂਸਰੇ ਧਰਮ ਦੇ ਰਾਜ ਦੀਆਂ ਸੁਰਾਂ ਉਠ ਪਈਆਂ ਸਨ। ਓਦੋਂ ਚੰਡੀਗੜ੍ਹ ਵਿਚ ਕਰਵਾਏ ਗਏ ਇੱਕ ਸੈਮੀਨਾਰ ਦੇ ਸਰੋਤਿਆਂ ਵਿਚ ਸਾਡੇ ਵਰਗੇ ਵੀ ਸਨ। ਬੁਲਾਰੇ ਅੱਕੀਂ-ਪਲਾਹੀਂ ਹੱਥ ਮਾਰਦੇ ਤੇ ਲੀਡਰੀ ਝਾੜ ਛੱਡਣ ਤੋਂ ਵੱਧ ਕੁਝ ਪੱਲੇ ਨਹੀਂ ਸਨ ਪਾ ਰਹੇ। ਫਿਰ ਜ਼ੀਰਵੀ ਜੀ ਬੋਲਣ ਉਠੇ ਤਾਂ ਚੁੱਪ ਛਾ ਗਈ। ਉਨ੍ਹਾਂ ਨੇ ਇਜ਼ਰਾਈਲ ਦੇਸ਼ ਬਣਨ ਦੀ ਕਹਾਣੀ ਤੋਂ ਸ਼ੁਰੂ ਕਰ ਕੇ ਵੱਖ-ਵੱਖ ਦੇਸ਼ਾਂ ਵਿਚ ਧਰਮ ਦੇ ਨਾਂਅ ਉਤੇ ਚੱਲਦੀਆਂ ਲਹਿਰਾਂ ਦੀ ਕਾਮਯਾਬੀ ਅਤੇ ਨਾਕਾਮੀ ਦੇ ਤਜਰਬੇ ਏਦਾਂ ਪੇਸ਼ ਕਰ ਦਿੱਤੇ ਕਿ ਉਸ ਪਿੱਛੋਂ ਆਇਆ ਹਰ ਬੁਲਾਰਾ ਗੱਲ ਸ਼ੁਰੂ ਕਰਨ ਸਮੇਂ ਕਹਿੰਦਾ ਸੀ, ਜਿਹੜੀ ਗੱਲ ਜ਼ੀਰਵੀ ਜੀ ਨੇ ਕਹੀ ਹੈ, ਉਸ ਮਗਰੋਂ ਕੁਝ ਕਹਿਣ ਲਈ ਨਹੀਂ ਬਚਿਆ। ਮੈਂ ਉਸ ਸੈਮੀਨਾਰ ਤੋਂ ਬਾਅਦ ਉਚੇਚਾ ਉਨ੍ਹਾਂ ਕੋਲ ਇਸ ਲਈ ਗਿਆ ਸਾਂ ਕਿ ਇਜ਼ਰਾਈਲ ਦੇ ਬਣਨ ਅਤੇ ਦੁਨੀਆ ਉਤੇ ਉਸ ਵਰਤਾਰੇ ਦੇ ਅਸਰ ਬਾਰੇ ਸਮਝ ਸਕਾਂ।

ਕੁਝ ਵਕਤ ਲੰਘਿਆ ਤੇ ਮੈਨੂੰ ਪੰਜਾਬ ਕਿਸਾਨ ਸਭਾ ਦੀ ਸੂਬਾਈ ਟੀਮ ਦਾ ਹਿੱਸਾ ਬਣਾ ਦਿੱਤਾ ਗਿਆ। ਉਸ ਵੇਲੇ ਵੀ ਜ਼ੀਰਵੀ ਜੀ ਕੋਲ ਮੈਂ ਇਹ ਜਾਨਣ ਲਈ ਗਿਆ ਸਾਂ ਕਿ ਪੁੱਤ ਭਾਵੇਂ ਮੈਂ ਕਿਸਾਨ ਦਾ ਹਾਂ, ਖੇਤੀ ਦੀਆਂ ਲੋੜਾਂ ਅਤੇ ਕਿਸਾਨਾਂ ਦੇ ਭਵਿੱਖ ਬਾਰੇ ਬਹੁਤਾ ਨਹੀਂ ਜਾਣਦਾ। ਉਨ੍ਹਾਂ ਨੇ ਪੰਜਾਬ ਦੀ ਧਰਤੀ ਹੇਠ ਸੁੱਕਦੇ ਜਾ ਰਹੇ ਪਾਣੀਆਂ ਦੀ ਉਹ ਕਹਾਣੀ ਉਸ ਵੇਲੇ ਮੇਰੇ ਪੱਲੇ ਪਾ ਦਿੱਤੀ, ਜਿਹੜੀ ਉਸ ਤੋਂ ਚਾਲੀ ਸਾਲ ਬਾਅਦ ਵੀ ਅੱਜ ਤੱਕ ਬਹੁਤੇ ਸਿਆਸੀ ਆਗੂ ਨਹੀਂ ਸੋਚ ਸਕੇ। ਜ਼ੀਰਵੀ ਜੀ ਖੁਦ ਕਿਸਾਨ ਨਹੀਂ ਸਨ, ਪਰ ਉਹ ਜ਼ਮੀਨੀ ਮਾਮਲਿਆਂ, ਕਿਸਾਨੀ ਸੰਘਰਸ਼ਾਂ ਅਤੇ ਪੌਣ-ਪਾਣੀ ਵਿਚ ਆ ਰਹੀ ਤਬਦੀਲੀ ਬਾਰੇ ਕਿਸੇ ਵੀ ਹੋਰ ਨਾਲੋਂ ਵੱਧ ਨੀਝ ਨਾਲ ਵੇਖਣ ਵਾਲੇ ਸਨ। ਉਨ੍ਹਾਂ ਇਹ ਵੀ ਸਮਝਾਉਣ ਦਾ ਯਤਨ ਕੀਤਾ ਕਿ ਕਿਸਾਨਾਂ ਦੇ ਆਗੂ ਫਸਲਾਂ ਦੇ ਵੱਧ ਭਾਅ ਮੰਗਣ ਤੋਂ ਵੱਧ ਕੁਝ ਨਹੀਂ ਕਰ ਰਹੇ ਅਤੇ ਭਾਅ ਵੀ ਅਗੇਤਾ ਨਹੀਂ ਦੱਸਦੇ, ਬਲਕਿ ਲਾਹੇਵੰਦ ਭਾਅ ਮੰਗਦੇ ਹਨ, ਤਾਂ ਕਿ ਸਰਕਾਰ ਜਿੰਨਾ ਵੀ ਐਲਾਨ ਕਰੇ, ਉਸ ਪਿੱਛੋਂ ਇਹ ਕਹਿ ਕੇ ਇਹ ਲਾਹੇਵੰਦ ਨਹੀਂ, ਓਦੋਂ ਕੁਝ ਹੋਰ ਵਧਾ ਕੇ ਮੰਗਣ ਦਾ ਰਾਹ ਖੁੱਲ੍ਹਾ ਰਹਿ ਸਕੇ। ਉਨ੍ਹਾਂ ਦਾ ਖਿਆਲ ਸੀ ਕਿ ਕਿਸਾਨੀ ਦੀ ਲੋੜ ਹੈ ਕਿ ਇਸ ਦੇ ਆਗੂ ਆਪਣੀ ਗੱਲ ਅਗੇਤੀ ਠੋਕ ਕੇ ਕਹਿਣ ਅਤੇ ਸਰਕਾਰ ਓਨਾ ਭਾਅ ਦੇ ਦੇਵੇ ਤਾਂ ਕਹਿ ਸਕਣ ਕਿ ਇਹ ਮੰਗ ਅਸੀਂ ਰੱਖੀ ਸੀ।

ਉਨ੍ਹੀਂ ਦਿਨੀਂ ਮੈਂ ਕਾਂਗਰਸ ਦੇ ਵਿਰੋਧ ਵਿਚ ਕਿਸੇ ਵੀ ਹੱਦ ਤੱਕ ਜਾਣ ਲਈ ਤਿਆਰ ਹੁੰਦਾ ਸਾਂ। ਇੱਕ ਦਿਨ ਜ਼ੀਰਵੀ ਜੀ ਨੇ ਹੱਸ ਕੇ ਕਿਹਾ: ਜਿਹੜੇ ਕਾਂਗਰਸ ਦੇ ਪਿੱਛੇ ਲਾਈਨਾਂ ਬੰਨ੍ਹੀ ਖੜ੍ਹੇ ਨੇ, ਉਨ੍ਹਾਂ ਨੂੰ ਪਤਾ ਨਹੀਂ ਕਿ ਉਸ ਨਾਲ ਵਫਾ ਕਿਉਂ ਕਰੀ ਜਾਂਦੇ ਹਨ, ਏਦਾਂ ਹੀ ਕਾਂਗਰਸ ਦਾ ਵਿਰੋਧ ਕਰਨ ਵਾਲੇ ਨਹੀਂ ਜਾਣਦੇ ਕਿ ਵਿਰੋਧ ਕਾਹਦਾ ਹੈ! ਜ਼ੀਰਵੀ ਜੀ ਦਾ ਖਿਆਲ ਸੀ ਕਿ ਭਾਰਤੀ ਲੋਕਾਂ ਅਤੇ ਪੰਜਾਬੀਆਂ ਵਿਚ ਵੀ ਇਹ ਇੱਕ ਸੁਭਾਅ ਪੱਕਾ ਹੋ ਚੁੱਕਾ ਹੈ ਕਿ ਜਿਸ ਦੇ ਵਿਰੁੱਧ ਹਨ, ਬੱਸ ਵਿਰੁੱਧ ਹੀ ਹਨ, ਵਿਚਲਾ ਕਾਰਨ ਨਹੀਂ ਦੱਸ ਸਕਦੇ ਤੇ ਜਿਹੜੇ ਵਫਾ ਕਰਦੇ ਹਨ, ਸਿਰਫ ਵਫਾ ਕਰਨ ਦਾ ਕੰਮ ਕਰਦੇ ਹਨ, ਵਫਾਦਾਰੀ ਬਾਰੇ ਦਲੀਲਬਾਜ਼ੀ ਕਰਨ ਨੂੰ ਤਿਆਰ ਨਹੀਂ ਹੋ ਸਕਦੇ। ਉਨ੍ਹਾਂ ਦਾ ਕਹਿਣਾ ਸੀ ਕਿ ਅਸੀਂ ਉਸ ਯੁੱਗ ਵਿਚ ਨਹੀਂ ਰਹਿੰਦੇ, ਜਦੋਂ ਰਾਜੇ ਨੂੰ ਪਰਜਾ ਦਾ ਪਿਤਾ ਅਤੇ ਲੀਡਰ ਨੂੰ ਰੱਬੀ ਰਹਿਬਰ ਸਮਝਿਆ ਜਾਂਦਾ ਸੀ, ਅੱਜ ਜਿਸ ਲੀਡਰ ਦਾ ਪੈਂਤੜਾ ਚੰਗਾ ਲੱਗਦਾ ਹੈ, ਭਲਕ ਨੂੰ ਉਹੀ ਆਗੂ ਆਪਣੀ ਤੇ ਆਪਣੀ ਔਲਾਦ ਜਾਂ ਪਾਰਟੀ ਦੀ ਲੋੜ ਲਈ ਪੈਂਤੜੇ ਤੋਂ ਥਿੜਕ ਜਾਵੇ ਤਾਂ ਅੰਨ੍ਹੇ-ਵਾਹ ਪਿੱਛੇ ਨਹੀਂ ਲੱਗੇ ਜਾਣਾ ਚਾਹੀਦਾ, ਮੋਢਿਆਂ ਉਤੇ ਲੱਗੇ ਸਿਰ ਨਾਲ ਸੋਚ ਲਈਏ ਤਾਂ ਅੱਗੇ ਦਾ ਰਸਤਾ ਸੁੱਝ ਸਕਦਾ ਹੈ। ਏਦਾਂ ਦੇ ਹੋਰ ਵੀ ਕਈ ਮੌਕੇ ਆਉਂਦੇ ਰਹੇ ਤੇ ਅਸੀਂ ਉਨ੍ਹਾਂ ਤੋਂ ਸਿੱਖਦੇ ਰਹੇ।

ਅਚਾਨਕ ਇੱਕ ਮੌਕਾ ਆਇਆ, ਜਦੋਂ ਮੈਨੂੰ ਅਖਬਾਰ ਦੇ ਦਫਤਰ ਦਾ ਅੰਗ ਬਣਨਾ ਪੈ ਗਿਆ।



ਸੁਰਜਨ ਜ਼ੀਰਵੀ ਜੀ ਨੂੰ ਭਾਰਤ ਛੱਡ ਕੇ ਕੈਨੇਡਾ ਗਿਆਂ ਨੂੰ ਦੋ ਸਾਲ ਤੋਂ ਕੁਝ ਵੱਧ ਹੋ ਚੁੱਕੇ ਸਨ। ਮੈਂ ਦਫਤਰੀ ਕਲਚਰ ਨੂੰ ਜਾਨਣ ਦੇ ਪੱਖੋਂ ਕਾਫੀ ਮੁਸ਼ਕਲ ਮਹਿਸੂਸ ਕਰਦਾ ਸਾਂ। ਦਫਤਰ ਵਿਚ ਹਰ ਕੋਈ ਕਹਿ ਦੇਂਦਾ ਸੀ, ਅੱਜ ਜ਼ੀਰਵੀ ਜੀ ਹੁੰਦੇ ਤਾਂ ਤੈਨੂੰ ਜਾਨਣ ਦੀ ਔਖ ਨਹੀਂ ਸੀ ਹੋਣੀ। ਇਸੇ ਖਿੱਚੋਤਾਣ ਵਿਚ ਮੈਂ ਇੱਕ ਦਿਨ ਜ਼ੀਰਵੀ ਜੀ ਨੂੰ ਚਿੱਠੀ ਲਿਖੀ, "ਮੇਰੇ ਵਰਗਾ ਫੀਲਡ ਦਾ ਕੰਮ ਕਰਨ ਵਾਲਾ ਬੰਦਾ, ਜਿਸ ਨੂੰ ਐਡੀਟਰੀ ਤਾਂ ਇਕ ਪਾਸੇ ਰਹੀ, ਦਫਤਰ ਵਿਚ ਬੈਠਣ ਦਾ ਸਲੀਕਾ ਵੀ ਨਹੀਂ ਆਉਂਦਾ, ਆਪਣੇ ਆਪ ਨੂੰ ਕਸੂਤਾ ਫਸਿਆ ਮਹਿਸੂਸ ਕਰਦਾ ਹੈ। ਸਚਮੁੱਚ ਚਾਰ ਮਹੀਨੇ ਲਾ ਕੇ ਦਫਤਰ ਨੂੰ ਦਫਤਰ ਨਹੀਂ ਸਮਝ ਸਕਿਆ। ਤਰੰਗ ਵਿਚ ਆ ਕੇ ਮੇਜ਼ 'ਤੇ ਤਬਲਾ ਵੀ ਵਜਾ ਲੈਂਦਾ ਹਾਂ ਅਤੇ ਕਦੇ-ਕਦਾਈਂ ਕੋਈ ਤੁਕ ਮੂੰਹ ਅੱਗੇ ਆ ਜਾਵੇ ਤਾਂ ਗਾਉਣ ਵੀ ਲੱਗ ਪੈਂਦਾ ਹਾਂ। ਸਾਰੇ ਹੱਸ ਪੈਂਦੇ ਹਨ, ਪਰ ਟੋਕਦਾ ਕੋਈ ਵੀ ਨਹੀਂ। ਕਾਸ਼! ਤੁਸੀਂ ਹੁੰਦੇ, ਮੈਨੂੰ ਟੋਕ ਕੇ ਟਿਕਾਣੇ ਸਿਰ ਰੱਖਦੇ। ਮੈਂ ਇਸ ਸੀਟ ਦੇ ਲਿਹਾਜ਼ ਨਾਲ ਆਪਣੇ ਆਪ ਨੂੰ ਬੌਣਾ ਜਿਹਾ ਮਹਿਸੂਸ ਕਰਦਾ ਹਾਂ। ਜੇ ਕਦੇ ਤੁਸੀਂ ਆ ਸਕੋ, ਏਥੇ ਖੜਾਵਾਂ ਤਾਂ ਨਹੀਂ ਰੱਖੀਆਂ, ਪਰ ਮੈਨੂੰ ਖੜਾਵਾਂ ਵਾਂਗ ਹੀ ਸੀਟ 'ਤੇ ਸਮਝੋ।" ਅਗਲੇ ਹਫਤੇ ਉਨ੍ਹਾਂ ਦੀ ਚਿੱਠੀ ਆ ਗਈ, "ਨਵਾਂ ਜ਼ਮਾਨਾ ਦੇ ਐਡੀਟੋਰੀਅਲ ਦਫਤਰ ਦੀ ਇਹ ਖੂਬੀ ਹੈ ਕਿ ਇਹ ਦਫਤਰ ਹੋ ਕੇ ਵੀ ਦਫਤਰ ਨਹੀਂ ਲੱਗਦਾ ਅਤੇ ਜੇ ਮੇਰੇ ਹੁੰਦਿਆਂ ਤੂੰ ਮਸਤੀ ਵਿਚ ਆ ਕੇ ਗਾਉਣ ਜਾਂ ਤਬਲਾ ਵਜਾਉਣ ਲੱਗਦਾ ਤਾਂ ਟੋਕਣਾ ਮੈਂ ਵੀ ਨਹੀਂ ਸੀ ਸਗੋਂ ਤੇਰੇ ਨਾਲ ਰਲ ਜਾਇਆ ਕਰਨਾ ਸੀ। ਘੱਟੋ-ਘੱਟ ਆਪਣੇ ਹੋਣ ਸਮੇਂ ਮੈਂ ਟੋਕਾ-ਟਾਕੀ ਵਾਲਾ ਰਿਵਾਜ ਨਹੀਂ ਸੀ ਪੈਣ ਦਿੱਤਾ।" ਚਿੱਠੀ ਵਿਚ ਕਈ ਗੱਲਾਂ ਉਨ੍ਹਾਂ ਨੇ ਮਜ਼ਾਕੀਆ ਲਹਿਜੇ ਵਿਚ ਮੇਰੇ ਫਰਜ਼ਾਂ ਅਤੇ ਮੁਸ਼ਕਲ ਹਾਲਾਤ ਨਾਲ ਸਿੱਝਣ ਬਾਰੇ ਵੀ ਸੌਖ ਨਾਲ ਲਿਖ ਦਿੱਤੀਆਂ, ਜਿਹੜੀਆਂ ਚਿਰਾਂ ਤੱਕ ਮੇਰੇ ਕੰਮ ਆਉਂਦੀਆਂ ਰਹੀਆਂ ਅਤੇ ਅੱਜ ਵੀ ਆਉਂਦੀਆਂ ਹਨ।

ਨਿੱਜੀ ਸੰਬੰਧਾਂ ਦੀ ਗੱਲ ਛੱਡਾਂ ਤਾਂ ਪੰਜਾਬ ਤੋਂ ਦਿੱਲੀ ਤੱਕ ਜਿਸ ਕਿਸੇ ਮੀਡੀਆ ਅਦਾਰੇ ਵਿਚ ਜਾਣ ਦਾ ਮੌਕਾ ਨਸੀਬ ਹੋਇਆ, ਹਰ ਥਾਂ ਕੁਝ ਨਾ ਕੁਝ ਲੋਕ ਇਹੋ ਜਿਹੇ ਮਿਲ ਗਏ, ਜਿਹੜੇ ਜ਼ੀਰਵੀ ਜੀ ਕੋਲੋਂ ਸਿੱਖ ਕੇ ਗਏ ਸਨ। ਪੰਕਜ ਪਚੌਰੀ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਦਾ ਮੀਡੀਆ ਐਡਵਾਈਜ਼ਰ ਬਣਨ ਤੋਂ ਪਹਿਲਾਂ ਜਦੋਂ ਐਨ ਡੀ ਟੀ ਵੀ ਵਿਚ ਸੀ, ਮੈਂ ਉਸ ਨੂੰ ਮਿਲਣ ਗਿਆ ਤਾਂ ਉਸ ਦਾ ਸੁਨੇਹਾ ਮਿਲਿਆ ਕਿ ਟਰੈਫਿਕ ਜਾਮ ਵਿਚ ਫਸਿਆ ਹੈ, ਛੇਤੀ ਹੀ ਆਉਣ ਵਾਲਾ ਹੈ। ਮੈਂ ਸੋਚਿਆ ਕਿ ਬਾਹਰ ਖੜ੍ਹਾ ਉਡੀਕ ਲਵਾਂਗਾ, ਪਰ ਪਿੱਛੋਂ ਆਵਾਜ਼ ਆਈ, ਤੁਸੀਂ ਜਤਿੰਦਰ ਪਨੂੰ ਤਾਂ ਨਹੀਂ! ਮੈਂ ਪਿੱਛੇ ਵੱਲ ਝਾਕਿਆ ਤਾਂ ਇੱਕ ਨੌਜਵਾਨ ਖੜਾ ਸੀ, ਮੈਂ ਹਾਂ ਕਹੀ ਅਤੇ ਪੁੱਛਿਆ ਕਿ ਉਹ ਕਿਵੇਂ ਜਾਣਦਾ ਹੈ। ਉਸ ਨੇ ਕਿਹਾ ਕਿ ਉਸ ਦੇ ਪਾਪਾ ਜਾਣਦੇ ਹਨ ਅਤੇ ਇਸ ਲਈ ਜਾਣਦੇ ਹਨ ਕਿ ਉਹ ਨਵਾਂ ਜ਼ਮਾਨਾ ਵਿਚ ਸੁਰਜਨ ਜ਼ੀਰਵੀ ਜੀ ਨਾਲ ਕੰਮ ਕਰਦੇ ਰਹੇ ਹਨ। ਦਿੱਲੀ ਦਾ ਇੱਕ ਪੱਤਰਕਾਰ ਇੱਕ ਵਾਰ ਸਟੇਟਸਮੈਨ ਦੇ ਸੰਪਾਦਕ ਨੂੰ ਮਿਲਣ ਲੈ ਗਿਆ। ਸੰਪਾਦਕ ਓਥੇ ਕੁਮਾਰ ਨਾਂਅ ਦੇ ਕੋਈ ਸੱਜਣ ਸਨ, ਮੈਂ ਨਹੀਂ ਸਾਂ ਜਾਣਦਾ। ਉਨ੍ਹਾਂ ਦਾ ਸਹਾਇਕ ਸੰਪਾਦਕ ਆਇਆ ਤਾਂ ਜਾਣ-ਪਛਾਣ ਕਰਾਉਂਦੇ ਸਾਰ ਹੀ ਉਸ ਨੇ ਕਿਹਾ: ਨਵਾਂ ਜ਼ਮਾਨਾ ਤੋਂ ਆਏ ਹੋ ਨਾ! ਅੰਗਰੇਜ਼ੀ ਅਖਬਾਰ ਦੇ ਦਫਤਰ ਵਿਚ ਇਹ ਗੱਲ ਸੁਣ ਕੇ ਹੈਰਾਨੀ ਨਾਲ ਮੈਂ ਕੁਝ ਪੁੱਛਣ ਹੀ ਲੱਗਾ ਸਾਂ ਕਿ ਉਸ ਨੇ ਕਹਿ ਦਿੱਤਾ, ਮੈਂ ਜਦੋਂ ਜਰਨਲਿਜ਼ਮ ਦਾ ਸਟੂਡੈਂਟ ਸੀ, ਓਥੇ ਜ਼ੀਰਵੀ ਜੀ ਕੋਲ ਜਾਂਦਾ ਹੁੰਦਾ ਸਾਂ, ਉਨ੍ਹਾਂ ਤੋਂ ਅਸੀਂ ਬਹੁਤ ਕੁਝ ਸਿੱਖਿਆ ਸੀ। ਕਈ ਸਾਲ ਬਾਅਦ ਕੈਨੇਡਾ ਵਿਚ ਪਹਿਲੀ ਵਾਰ ਜਾਣ ਦਾ ਮੌਕਾ ਮਿਲਿਆ ਤਾਂ ਓਥੋਂ ਦੇ ਪੱਤਰਕਾਰਾਂ ਵਿਚੋਂ ਜ਼ੀਰਵੀ ਜੀ ਨੂੰ ਆਪਣਾ ਪੱਤਰਕਾਰੀ ਦਾ ਉਸਤਾਦ ਮੰਨਣ ਵਾਲੇ ਕਿੰਨੇ ਸਨ, ਗਿਣਨਾ ਸਕਣੇ ਔਖੇ ਹਨ। ਸਾਡੇ ਪਿਆਰੇ ਮਿੱਤਰ ਅਤੇ ਜ਼ੀਰਵੀ ਜੀ ਦੇ ਬਹੁਤ ਨੇੜੇ ਰਹਿਣ ਦਾ ਨਿੱਘ ਮਾਨਣ ਵਾਲੇ ਇਕਬਾਲ ਮਾਹਲ ਹੁਰਾਂ ਨੇ ਜ਼ੀਰਵੀ ਜੀ ਬਾਰੇ ਜਦੋਂ ਕਿਤਾਬ ਲਿਖੀ ਤਾਂ ਜ਼ੀਰਵੀ ਦੇ ਅਕਸ ਦੀਆਂ ਕਿਰਨਾਂ ਦਾ ਖਿਲਾਰਾ ਹੋਰ ਵੱਡਾ ਦਿਸਣ ਲੱਗ ਪਿਆ। ਪੱਤਰਕਾਰਾਂ ਦੀ ਇੱਕ ਪੂਰੀ ਪੀੜ੍ਹੀ ਆਪੋ-ਆਪਣੇ ਹਿਸਾਬ ਨਾਲ ਜਿਸ ਮਹਾਨ ਹਸਤੀ ਨੂੰ ਆਪਣਾ ਉਸਤਾਦ, ਸਾਥੀ ਜਾਂ ਮਿੱਤਰ ਦੱਸਦੀ ਹੈ, ਉਨ੍ਹਾਂ ਵਿਚੋਂ ਇੱਕ ਨਾਂਅ ਨੌਨਿਹਾਲ ਸਿੰਘ ਦਾ ਸੀ ਤੇ ਦੂਸਰਾ ਉਨ੍ਹਾਂ ਦੇ ਵੱਡੇ ਭਰਾ ਹਰਦਿਆਲ ਸਿੰਘ ਦਾ। ਜੇ ਤੀਸਰਾ ਨਾਂਅ ਇਸ ਸ਼੍ਰੇਣੀ ਵਿਚ ਗਿਣਿਆ ਜਾ ਸਕਦਾ ਹੈ ਤਾਂ ਕੈਨੇਡਾ ਦੇ ਐਡਮੰਟਨ ਸ਼ਹਿਰ ਵਿਚ ਵੱਸਦੇ ਰਵਿੰਦਰ ਜੀ ਹਨ, ਜਿਹੜੇ ਕਾਫੀ ਬਜ਼ੁਰਗ ਹੋਣ ਦੇ ਬਾਵਜੂਦ ਜ਼ੀਰਵੀ ਜੀ ਵਾਂਗ ਅੱਜ ਵੀ ਮੇਰੇ ਵਰਗਿਆਂ ਲਈ ਰਾਹ-ਦਿਖਾਵਾ ਬਣਨ ਲਈ ਤਿਆਰ ਰਹਿੰਦੇ ਹਨ। ਜਿਸ ਕਿਸੇ ਨੂੰ ਇਨ੍ਹਾਂ ਦੀ ਚੌਕੜੀ ਵਿਚ ਕਦੀ ਬਹਿਣ-ਵਿਚਰਨ ਲਈ ਮੌਕਾ ਮਿਲਿਆ ਹੈ, ਉਸ ਨੂੰ ਉਹ ਘੜੀ ਉਮਰ ਭਰ ਨਹੀਂ ਭੁੱਲਣੀ, ਜਿਸ ਵਿਚ ਹਾਸਾ-ਠੱਠਾ ਵੀ ਹੁੰਦਾ ਸੀ, ਪਰ ਪੰਜਾਬ ਤੋਂ ਸ਼ੁਰੂ ਕਰ ਕੇ ਅਮਰੀਕਾ, ਬਰਤਾਨੀਆ ਅਤੇ ਰੂਸ ਤੱਕ ਦੀ ਰਾਜਨੀਤੀ ਤੇ ਮਾਰਕਸੀ ਫਲਸਫੇ ਤੋਂ ਲੈ ਕੇ ਇਤਿਹਾਸਕ ਲਿਖਤਾਂ ਦੇ ਮੁੱਢ ਤੱਕ ਜਾਣ ਵਾਲੀ ਫਿਰਕਾਪ੍ਰਸਤੀ ਦੇ ਲਾਗ ਦੀ ਗੰਭੀਰ ਚਰਚਾ ਵੀ ਹੋ ਜਾਂਦੀ ਸੀ। ਵੇਖਣ ਨੂੰ ਮਹਿਫਲ ਜਿਹੀ ਵਾਲੇ ਮਾਹੌਲ ਵਿਚ ਵੀ ਏਨਾ ਕੁਝ ਸਿੱਖਣ ਨੂੰ ਮਿਲ ਜਾਂਦਾ ਸੀ, ਜਿੰਨਾ ਕਿਸੇ ਯੂਨੀਵਰਸਿਟੀ ਦੀ ਬਾਕਾਇਦਾ ਕਲਾਸ ਵਿਚ ਸਿੱਖਣ ਦੇ ਲਈ ਸ਼ਾਇਦ ਹੀ ਮਿਲਦਾ ਹੋਵੇ। ਸਭ ਤੋਂ ਵੱਡੀ ਗੱਲ ਕਿ ਉਨ੍ਹਾਂ ਵਿਚ ਅਤੇ-ਬੁਤੇ ਉਸ ਮਨੁੱਖ ਲਈ ਭਾਵਨਾਵਾਂ ਤੇ ਕੁਝ ਕਰਨ ਦੀ ਤਾਂਘ ਏਨੀ ਜ਼ਿਆਦਾ ਸੀ, ਜਿੰਨੀ ਸਮਾਜ ਨੂੰ ਸਮਰਪਤ ਕਿਸੇ ਵੀ ਹੋਰ ਮਨੁੱਖਵਾਦੀ ਵਰਕਰ ਕੋਲ ਸ਼ਾਇਦ ਨਾ ਹੋਵੇ। ਅੱਜ ਜਦੋਂ ਜ਼ੀਰਵੀ ਜੀ ਨਹੀਂ ਰਹੇ, ਅਤੇ ਇਹ ਗੱਲ ਮੰਨ ਲੈਣੀ ਔਖੀ ਜਾਪਦੀ ਹੈ ਕਿ ਉਹ ਨਹੀਂ ਰਹੇ, ਓਦੋਂ ਉਨ੍ਹਾਂ ਦੀਆਂ ਗੱਲਾਂ ਦਾ ਏਡਾ ਚੱਕਰ ਘੁੰਮੀ ਜਾਂਦਾ ਹੈ ਕਿ ਉਸ ਵਿਚੋਂ ਕੋਈ ਗੱਲ ਕਰਨੀ ਤੇ ਕੋਈ ਛੱਡਣ ਲਈ ਚੁਣਨੀ ਬਹੁਤ ਔਖੀ ਹੈ। ਉਨ੍ਹਾਂ ਦੀ ਹਰ ਗੱਲ ਹੀ ਖਾਸ ਹੋਇਆ ਕਰਦੀ ਸੀ। ਸੁਰਜਨ ਜ਼ੀਰਵੀ ਸਿਰਫ ਸੁਰਜਨ ਜ਼ੀਰਵੀ ਸੀ, ਉਨ੍ਹਾਂ ਦੇ ਨਾਲ ਕਿਸੇ ਹੋਰ ਦੀ ਤੁਲਨਾ ਨਹੀਂ ਕੀਤੀ ਜਾ ਸਕਦੀ। ਏਸੇ ਲਈ ਉਨ੍ਹਾਂ ਦੀ ਗੱਲ ਮੁਕਾਉਣ ਲਈ ਯੋਗ ਸ਼ਬਦ ਨਹੀਂ ਅਹੁੜਦੇ, ਤੇ ਇਹ ਅਹੁੜਨ ਵੀ ਕਿਸ ਤਰ੍ਹਾਂ, ਜਦੋਂ ਮਨ ਇਹ ਗੱਲ ਮੰਨਣ ਨੂੰ ਤਿਆਰ ਨਹੀਂ ਹੋ ਰਿਹਾ ਕਿ ਜ਼ਿੰਦਗੀ ਦੇ ਅੰਤ ਤੀਕ ਜ਼ਿੰਦਾਦਿਲੀ ਦਾ ਮੁਜੱਸਮਾ ਬਣ ਕੇ ਨਿਭਣ ਵਾਲਾ ਉਹ ਮਹਾਂ-ਮਨੁੱਖ ਦੁਨੀਆ ਉਤੇ ਨਹੀਂ ਰਿਹਾ। ਅਲਵਿਦਾ ਜ਼ੀਰਵੀ ਜੀ।

## ਦੀਵਾਲੀ ਦੀ ਰਾਤ


"ਹੱਸਦੀ ਕੁਦਰਤ ਦੇ ਬਹਾਰਾਂ ਵਰਗਾ ਦੁੱਧ ਧੋਤਾ ਖੂਬਸੂਰਤ ਦੀਵਾਲੀ ਦਾ ਦਿਨ ਹਲਕੀ ਹਲਕੀ ਗਰਮੀ ਮਹਿਸੂਸ ਹੋ ਰਹੀ ਸੀ! ਝੋਨੇ ਦੀਆਂ ਮੁੰਜਰਾਂ ਨੇ ਰੰਗ ਵਟਾਉਣਾ ਸ਼ੁਰੂ ਕਰ ਦਿੱਤਾ ਸੀ।"

ਸਮਾਧਾਂ 'ਤੇ ਸਫਾਈ ਕਰਦੇ ਕਰਦੇ ਸਿੱਧੂ ਦੀ ਨਜ਼ਰ ਬੋਹੜ ਥੱਲੇ ਉਗੇ ਪਤਲੇ ਜਿਹੇ ਕਰੀਰ 'ਤੇ ਪਈ ਜਿਸ ਨੂੰ ਬੋਹੜ ਦੇ ਪੱਤਿਆਂ ਨੇ ਛੱਤਰੀ ਵਾਂਗ ਢੱਕਿਆ ਹੋਇਆ ਸੀ। ਕਰੀਰ 'ਤੇ ਇੱਕ ਬੁਲਬੁਲ ਨੇ ਆਲ੍ਹਣਾ ਬਣਾ ਬੱਚੇ ਦਿੱਤੇ ਹੋਏ ਸਨ ਜਿਨ੍ਹਾਂ ਦੀ ਆਵਾਜ਼ ਸਾਫ਼ ਸੁਣੀ ਜਾ ਸਕਦੀ ਸੀ। ਲਾਗੇ ਹੀ ਨਿੱਕੀਆਂ ਮੱਖੀਆਂ ਦੇ ਮਖਿਆਲ ਦਾ ਛੱਤਾ ਮੱਧਮ ਧੁੱਪ ਵਿਚ ਇੰਝ ਚਮਕਦਾ ਸੀ ਜਿਵੇਂ ਤਾਂਬੇ ਦੀ ਤਾਰ 'ਤੇ ਰੇਗਮਾਰ ਮਾਰਿਆ ਹੋਵੇ।"ਖੁੱਲ੍ਹੀ ਹਵਾ ਤੇ ਉਚੇ ਰੁੱਖਾਂ 'ਤੇ ਪੰਛੀ ਕਲੋਲਾਂ ਕਰ ਰਹੇ ਸੀ।

"ਦਿਨ ਹੌਲੀ ਹੌਲੀ ਸਰਕ ਰਿਹਾ ਸੀ। ਸਿੱਧੂ ਚਾਰ ਚੁਫੇਰਾ ਪਾਣੀ ਨਾਲ ਧੋ ਘਰ ਨੂੰ ਚੱਲ ਪਿਆ। ਦਿਨ ਢਲਦਿਆਂ ਹੀ ਲੋਕ ਮਿੱਟੀ ਦੇ ਦੀਵੇ ਮੋਮਬੱਤੀਆਂ ਲਾ ਦੀਵਾਲੀ ਦਾ ਤਿਉਹਾਰ ਮਨਾ ਰਹੇ ਸੀ। ਮਿੱਟੀ ਦੇ ਦੀਵਿਆਂ ਦਾ ਚਾਨਣ ਹਨੇਰੇ ਦੀ ਕਾਲਖ਼ ਨੂੰ ਚੀਰਨ ਦਾ ਯਤਨ ਕਰ ਰਿਹਾ ਸੀ।"

ਜ਼ੋਰ ਜ਼ੋਰ ਦੀ ਵੱਜਦੇ ਪਟਾਖਿਆਂ ਕਾਰਨ ਬੁਲਬੁਲ ਸਹਿਮ ਗਈ ਤੇ ਆਪਣੇ ਬੱਚਿਆਂ ਨੂੰ ਛੋਟੇ ਛੋਟੇ ਖੰਭਾਂ ਥੱਲੇ ਲੈ ਭੈਅ ਮੁਕਤ ਹੋ ਗਈ। ਅਚਾਨਕ ਅਸਮਾਨ ਵਿਚ ਉਡਦੀ ਹਵਾਈ ਦਾ ਇਕ ਫਲੂਹਾ ਕਰੀਰ 'ਤੇ ਡਿੱਗੇ ਬੋਹੜ ਦੇ ਪੱਤਿਆਂ 'ਤੇ ਪੈ ਗਿਆ ਜੋ ਧੁਖਦਾ ਧੁਖਦਾ ਅੱਗ ਦੀਆਂ ਲਪਟਾਂ ਦਾ ਰੂਪ ਧਾਰਨ ਕਰ ਗਿਆ। ਬੁਲਬੁਲ ਆਪਣੇ ਬੱਚੇ ਬਚਾਉਂਦੀ ਬਚਾਉਂਦੀ ਜਿਉਂਦੀ ਸਤੀ ਹੋ ਗਈ ਤੇ ਮੱਖੀਆਂ ਦਾ ਛੱਤਾ ਜਲਣ ਕਾਰਨ ਥੱਲੇ ਡਿੱਗ ਪਿਆ।" ਪਟਾਖਿਆਂ ਦੇ ਪ੍ਰਦੂਸ਼ਣ ਦਾ ਸ਼ੋਰ ਹੋਰ ਗਹਿਰਾ ਹੋ ਗਿਆ।

*-ਜਸਬੀਰ ਦੱਧਾਹੂਰ*
*ਫੋਨ: 98156-88236*



## ਰੇਖਾਵਾਂ

ਸੇਵਾ ਸਦਨ! ਸ਼ਹਿਰੋਂ ਦੂਰ, ਅਤੀਤ ਤੋਂ ਦੂਰ, ਵਰਤਮਾਨ ਨੂੰ ਸੰਭਾਲੀ।

ਸੰਘਣੇ ਰੁੱਖ ਹੇਠਾਂ ਫੁੱਲਾਂ ਦਾ ਹਾਰ ਪਹਿਨੀ ਬਜ਼ੁਰਗ ਜੋੜਾ। ਸਮੇਂ ਦੇ ਥੱਪੜਾਂ ਦੀਆਂ ਰੇਖਾਵਾਂ ਦੋਹਾਂ ਦੇ ਚਿਹਰੇ 'ਤੇ ਮੌਜੂਦ ਦਿਸ ਰਹੀਆਂ ਸਨ।

"ਓ ਡੂੰਘੀ ਵੱਡੀ ਰੇਖਾ! ਤੂੰ ਬਾਊ ਜੀ ਦੇ ਚਿਹਰੇ 'ਤੇ ਕਦੋਂ ਆਈ ਸੀ?"

"ਉਦੋਂ ਹੀ ਆ ਗਈ ਸਾਂ ਜਦੋਂ ਬੇਟੇ ਦੀ ਪੜ੍ਹਾਈ ਲਈ ਬਾਊ ਜੀ ਆਫ਼ਿਸ ਵਿਚ ਓਵਰਟਾਈਮ ਕਰਦੇ ਸਨ। ਸਾਰੀ-ਸਾਰੀ ਰਾਤ ਜਾਗ ਕੇ ਨੌਕਰੀ ਕਰ ਕੇ ਬੇਟੇ ਦੀ ਕਾਲਜ ਦੀ ਫੀਸ ਭਰੀ।"

ਦੂਜੀ ਦੁਖੀ ਰੇਖਾ ਵੀ ਸੋਚਦੀ ਹੋਈ ਬੋਲੀ, "ਜਦੋਂ ਸਾਵਿਤਰੀ ਮਾਂ ਬਾਊ ਜੀ ਤੋਂ ਦੂਰ ਚਲੀ ਗਈ ਸੀ... ਅਤੇ ਉਸਤੋਂ ਬਾਅਦ ਮੇਰੇ ਨਾਲ ਹੀ ਇੱਕ ਪਿੱਛੋਂ ਇੱਕ ਪਤਾ ਨਹੀਂ ਕਿੰਨੀਆਂ ਛੋਟੀਆਂ-ਵੱਡੀਆਂ ਰੇਖਾਵਾਂ ਬਾਊਜੀ ਦੇ ਚਿਹਰੇ 'ਤੇ ਆਉਂਦੀਆਂ ਰਹੀਆਂ।"

"ਮੈਂ ਡੂੰਘੀ ਕਾਲੀ ਰੇਖਾ ਉਦੋਂ ਆਈ, ਜਦੋਂ ਬੇਟੇ ਅਤੇ ਬਹੂ ਨੇ ਉਨ੍ਹਾਂ ਨੂੰ 'ਸੇਵਾ ਸਦਨ' ਦਾ ਰਾਹ ਵਿਖਾ ਦਿੱਤਾ ਸੀ...।"

"ਤੇ ਤੂੰ ਦੱਸ, ਤੂੰ ਕਦੋਂ ਆਈ ਅੰਮਾ ਦੇ ਚਿਹਰੇ 'ਤੇ?"

"ਮੈਂ ਕੀ ਦੱਸਾਂ, ਅੰਮਾ ਦੀ ਕਹਾਣੀ ਕਿਹੜੀ ਬਾਊ ਜੀ ਦੀ ਕਹਾਣੀ ਤੋਂ ਵੱਖਰੀ ਹੈ?"

"ਅੰਮਾ ਦੇ ਪਤੀ ਕੀ ਗੁਜ਼ਰੇ, ਅੰਮਾ ਰਾਣੀ ਤੋਂ ਨੌਕਰਾਣੀ ਬਣ ਗਈ, ਉਦੋਂ ਮੈਂ ਉਨ੍ਹਾਂ ਦੇ ਚਿਹਰੇ 'ਤੇ ਡੂੰਘੀ ਰੇਖਾ ਬਣ ਕੇ ਉਭਰੀ ਸਾਂ।"

"ਫਿਰ ਹੌਲੀ-ਹੌਲੀ ਭੁੱਖੇ ਢਿੱਡ, ਬਹੂ-ਬੇਟੇ ਦੀ ਨੁਕਤਾਚੀਨੀ ਸਹਿੰਦੀ ਰਹੀ। ਭਾਵੇਂ ਕੁਝ ਵੀ ਹੈ, ਹੈ ਤਾਂ ਆਪਣਾ ਹੀ ਖੂਨ! ਆਪਣਾ ਬੇਟਾ, ਜੀਹਦੇ ਬੀਮਾਰ ਹੋਣ 'ਤੇ ਚੌਵੀ ਘੰਟੇ ਦਿਨ-ਰਾਤ ਪੈਰਾਂ 'ਤੇ ਖੜ੍ਹੇ ਹੋ ਕੇ ਦੇਵੀ ਤੋਂ ਸੁੱਖ ਮੰਗੀ ਸੀ।" ਅਤੇ ਇਨ੍ਹਾਂ ਹੀ ਸਭ ਵਿਚ ਰੇਖਾਵਾਂ ਦਾ ਮਕੜਜਾਲ ਬਣਦਾ ਚਲਾ ਗਿਆ।

"ਅਸੀਂ ਰੇਖਾਵਾਂ ਵੀ... ਜੀਵਨ ਦੇ ਹਨੇਰੀ-ਤੂਫਾਨ ਨੂੰ ਝੱਟ ਉਕੇਰ ਦਿੰਦੀਆਂ ਹਾਂ।"


"ਕੀ ਕਰੀਏ? ਇਹ ਸਾਡੀ ਵੀ ਬਦਕਿਸਮਤੀ ਹੀ ਹੈ!"

ਉਦੋਂ ਹੀ ਬਜ਼ੁਰਗ ਦੰਪਤੀ ਦੇ ਪੋਪਲੇ ਮੂੰਹ ਦੀ ਖਿੜਖਿੜਾਹਟ ਸੁਣ ਕੇ ਸਾਰੀਆਂ ਰੇਖਾਵਾਂ ਤ੍ਰਭਕ ਗਈਆਂ।

ਦੋਹਾਂ ਦੇ ਚਿਹਰੇ 'ਤੇ ਛਾਏ ਅਸੀਮ ਸੁਖ ਵਿਚ ਸਾਰੀਆਂ ਰੇਖਾਵਾਂ ਧੁੰਦਲੀਆਂ ਹੋ ਗਈਆਂ।

*-ਮੂਲ : ਯਸ਼ੋਧਰਾ ਭਟਨਾਗਰ*
*# ਅਨੁ : ਪ੍ਰੋ. ਨਵ ਸੰਗੀਤ ਸਿੰਘ*

# ਇੱਕੀਵੀਂ ਸਦੀ ਦਾ ਸ਼ਾਹਸਵਾਰ ਉਰਫ਼ ਸੁਰਜਨ ਜ਼ੀਰਵੀ



ਗੁਰਦੇਵ ਚੌਹਾਨ

***ਅੱਜ ਸਵੇਰੇ ਅੱਖ ਖੁੱਲ੍ਹਣ ਸਾਰ ਮੈਂ ਆਦਤ ਅਨੁਸਾਰ ਫੋਨ 'ਤੇ ਉਡਦੀ ਉਡਦੀ ਨਜ਼ਰ ਦੁੜਾਈ ਤਾਂ ਸੁੱਖਦੇਵ ਸਿੰਘ ਝੰਡ ਦੀ ਵਾਲ ਉੱਤੇ ਜ਼ੀਰਵੀ ਸਾਹਿਬ ਦੀ ਤਸਵੀਰ ਹੇਠਾਂ 'ਵਿਛੋੜਾ ਦੇ ਗਏ ਹਨ' ਲਿਖਿਆ ਪੜ੍ਹਿਆ ਤਾਂ ਦਿਲ ਨੂੰ ਬਹੁਤ ਸੱਟ ਵੱਜੀ ਕਿ ਇਹ ਕੀ ਹੋ ਗਿਆ। ਮੈਂ ਆਪਣੇ ਮਿੱਤਰਾਂ ਨੂੰ ਕਈ ਦਿਨ ਦਾ ਕਹਿ ਰਿਹਾ ਸਾਂ ਕਿ ਚਲੋ ਕਿਸੇ ਦਿਨ ਜ਼ੀਰਵੀ ਸਾਹਬ ਦੀ ਖ਼ਬਰ ਲੈ ਆਈਏ। 'ਖ਼ੈਰ ਇਹ ਨਾ ਹੋ ਸਕਿਆ। ਸੁਰਜਨ ਜ਼ੀਰਵੀ ਕਈ ਸਾਲਾਂ ਤੋਂ ਬਿਮਾਰ ਚੱਲ ਰਹੇ ਸਨ। ਬਲਰਾਜ ਚੀਮਾ ਅਤੇ ਹੋਰ ਦੋਸਤਾਂ ਨਾਲ ਕਈ ਵਾਰ ਮੈਂ ਉਨ੍ਹਾਂ ਦੇ ਘਰ ਗਿਆ ਹਾਂ ਅਤੇ ਉਨ੍ਹਾਂ ਦਾ ਸਾਥ ਬਹੁਤ ਸਾਹਿਤਕ ਸੁਭਾਵਾਂ ਵਿਚ ਵੀ ਮਾਣਿਆ ਹੈ। ਸਾਲ 2007 ਵਿਚ ਮੈਂ ਉਨ੍ਹਾਂ ਬਾਰੇ ਇਥੋਂ ਛਪਣ ਵਾਲੀ ਸਪਤਾਹਿਕ ਅਖ਼ਬਾਰ, 'ਵਤਨ' ਵਿਚ, ਜਿਸ ਨਾਲ ਮੈਂ ਵੀ ਸਹਿ ਸੰਪਾਦਕ ਵਜੋਂ ਜੁੜਿਆ ਹੋਇਆ ਸਾਂ, ਇਕ ਲੇਖ ਲਿਖਿਆ ਸੀ, ਜਿਹੜਾ ਬਾਅਦ ਵਿਚ ਮੈਂ ਆਪਣੀ ਵਾਰਤਕ ਪੁਸਤਕ, 'ਚਸ਼ਮਦੀਦ' (2009) ਵਿਚ ਵੀ ਸ਼ਾਮਿਲ ਕਰ ਲਿਆ ਸੀ। ਇਹ ਲੇਖ ਬਹੁਤਾ ਕਰਕੇ ਜ਼ੀਰਵੀ ਹੋਰਾਂ ਦੀ ਪੁਸਤਕ, 'ਇਹ ਹੈ ਬਾਰਬੀ ਸੰਸਾਰ', ਬਾਰੇ ਸੀ ਜਿਹੜੀ ਉਦੋਂ ਨਵੀਂ ਨਵੀਂ ਪ੍ਰਕਾਸ਼ਿਤ ਹੋਈ ਸੀ। ਇਹ ਲੇਖ ਮੈਂ ਉਨ੍ਹਾਂ ਦੀ ਯਾਦ ਵਿਚ ਹੇਠਾਂ ਦੇ ਰਿਹਾ ਹਾਂ। ਇਸ ਤੋਂ ਬਾਅਦ ਦੇ ਸੋਲਾਂ-ਸਤਾਰਾਂ ਸਾਲਾਂ ਵਿਚ ਉਨ੍ਹਾਂ ਦੀਆਂ ਅਨੇਕਾਂ ਯਾਦਾਂ ਮੇਰੇ ਆਸੇ-ਪਾਸੇ ਘੁੰਮ ਰਹੀਆਂ ਹਨ। ਇਕ ਵਾਰ ਉਨ੍ਹਾਂ ਮੈਨੂੰ Selected American Essays ਪੁਸਤਕ ਭੇਂਟ ਕੀਤੀ ਸੀ, ਜਿਹੜੀ ਪੜ੍ਹਣ ਸਮੇਂ ਮੈਨੂੰ ਉਨ੍ਹਾਂ ਨਾਲ ਜੋੜਦੀ ਰਹੀ ਹੈ। ਉਨ੍ਹਾਂ ਦੀ ਦੂਸਰੀ ਵਾਰਤਕ ਪੁਸਤਕ 'ਆਓ ਸੱਚ ਜਾਣੀਏ' ਵੀ ਮੈਂ ਪਿੱਛੇ ਜਿਹੇ ਬਰੈਮਲੀ ਲਾਇਬਰੇਰੀ ਵਿਚੋਂ ਲੈ ਕੇ ਪੜ੍ਹੀ ਸੀ ਜਿਸ ਬਾਰੇ ਅਤੇ ਉਨ੍ਹਾਂ ਦੀਆਂ ਹੋਰ ਲਿਖਤਾਂ ਬਾਰੇ ਸਾਧੂ ਸਿੰਘ, ਪ੍ਰੋ. ਹਰਭਜਨ ਸਿੰਘ ਭਾਟੀਆ, ਕੁਲਵਿੰਦਰ ਖਹਿਰਾ ਅਤੇ ਕਈ ਹੋਰਾਂ ਨੇ ਬਹੁਤ ਅੱਛਾ ਲਿਖਿਆ ਹੈ। ਜਸਪਾਲ ਸਿੰਘ ਨੇ ਵੀ 'ਦਿ ਟ੍ਰਿਬਿਊਨ' ਵਿਚ ਉਨ੍ਹਾਂ ਦੀਆਂ ਦੋ ਪੁਸਤਕਾਂ ਦੇ ਰਿਵਿਊ ਲਿਖੇ ਹਨ ਜਿਹੜੇ ਉਨ੍ਹਾਂ ਦੀ 2022 ਵਿਚ ਪ੍ਰਕਾਸ਼ਿਤ ਵੱਡ ਆਕਾਰੀ ਕਿਤਾਬ Readings in Punjabi Literature ਵਿਚ ਵੀ ਸ਼ਾਮਿਲ ਹਨ। ਜ਼ੀਰਵੀ ਹੋਰਾਂ ਦੀ ਘਾਲਣਾ ਅਜੇ ਅਜਿਹੀਆਂ ਬਹੁਤ ਹੋਰ ਗੰਭੀਰ ਲਿਖਤਾਂ ਅਤੇ ਚਰਚਾਵਾਂ ਮੰਗ ਕਰਦੀ ਹੈ ਅਤੇ ਕਰਦੀ ਰਹੇਗੀ ਕਿਉਂਕਿ ਅਸੀਂ ਉਨ੍ਹਾਂ ਨੂੰ ਯਾਦ ਕਰਦੇ ਰਹਾਂਗੇ ਜਿਹੜਾ ਕਰਨਾ ਬਣਦਾ ਵੀ ਹੈ।***

ਸਾਲ 2003 ਦੀ ਗਲ ਹੈ ਕਿ ਮੈਂ ਕੈਨੇਡਾ ਵਿਚ ਇਕ ਵਿਜ਼ਟਰ ਵਜੋਂ ਆਇਆ ਹੋਇਆ ਸਾਂ, ਅਤੇ ਟਰਿੰਟਨ ਆਪਣੀ ਬੇਟੀ ਕੋਲ ਰਹਿੰਦਾ ਸਾਂ, ਜਿੱਥੇ ਉਨ੍ਹਾਂ ਦਾ ਮੋਟਲ ਹੈ। ਉੱਥੇ ਮੈਨੂੰ ਮਿਸੀਸਾਗਾ ਤੋਂ ਇਕ ਫੋਨ ਆਇਆ। ਬੋਲਣ ਵਾਲੇ ਦੀ ਆਵਾਜ ਤੋਂ ਮੈਂ ਵਾਕਿਫ਼ ਨਹੀਂ ਸਾਂ ਪਰ ਉਸ ਛੇਤੀਂ ਇਹ ਕਹਿ ਕੇ ਫ਼ੋਨ ਕਿਸੇ ਹੋਰ ਨੂੰ ਪਕੜਾ ਦਿੱਤਾ "ਲ" ਗੁਰਬਚਨ ਨਾਲ ਗਲ ਕਰੋ।" ਗੁਰਬਚਨ ਚੰਡੀਗੜ੍ਹ ਰਹਿੰਦਾ ਹੈ, ਕਈ ਦਹਾਕਿਆਂ ਤੋਂ ਮੇਰਾ ਮਿੱਤਰ ਚਲਿਆ ਆ ਰਿਹਾ ਹੈ। ਉਹ ਅਜੇਹਾ ਸਾਹਿਤਕਾਰ ਹੈ ਜਿਸਦੀ ਲਿਖਤ ਜਿੰਨੀ ਤਿੱਖੀ ਅਤੇ ਜ਼ਾਇਕੇਦਾਰ ਹੁੰਦੀ ਹੈ ਉਤਨੀ ਇਹ ਉਸ ਬੰਦੇ ਦਾ ਕਈ ਕਈ ਸਾਲਾਂ ਤੀਕ ਮੂੰਹ ਦਾ ਜ਼ਾਇਕਾ ਖ਼ਰਾਬ ਕਰ ਸਕਣ ਦੀ ਸ਼ਕਤੀ ਵੀ ਰਖਦੀ ਹੈ। ਜਿਸ ਬਾਰੇ ਉਹ ਲਿਖ ਰਿਹਾ ਹੋਵੇ ਭਾਵੇਂ ਅਕਸਰ ਉਹ ਉਸ ਦਾ ਮਿੱਤਰ ਹੀ ਹੁੰਦਾ ਹੈ ਜਾਂ ਮਿੱਤਰ ਰਿਹਾ ਹੁੰਦਾ ਹੈ। ਗੁਰਬਚਨ ਨੂੰ ਫੋਨ ਦੇਣ ਵਾਲਾ ਸੁਰਜਨ ਜ਼ੀਰਵੀ ਸੀ ਜਿਸ ਪਾਸ ਉਹ ਰੁਕਿਆ ਹੋਇਆ ਸੀ। ਮੈਂ ਸੋਚਿਆ ਰੱਬ ਖ਼ੈਰ ਕਰੇ।

ਜ਼ੀਰਵੀ ਬਾਰੇ ਅਤੇ ਉਸ ਨਾਲ ਪੁਰਾਣੀ ਦੋਸਤੀ ਦਾ ਜ਼ਿਕਰ ਗੁਰਬਚਨ ਨੇ ਪਹਿਲਾਂ ਵੀ ਕਈ ਵਾਰ ਕੀਤਾ ਸੀ। ਮੈਂ 35 ਸੈਕਟਰ ਵਿਚ ਸਾਂ ਅਤੇ ਗੁਰਬਚਨ ਦੋ ਸੈਕਟਰ ਛੜ ਕੇ 33 ਵਿਚ ਅਤੇ ਫਿਰ 45 ਵਿਚ ਰਹਿੰਦਾ ਸੀ ਜਿਹੜੇ ਆਪਸ ਵਿਚ ਜੁੜੇ ਹੋਏ ਹਨ। ਉਹ ਸੈਰ ਕਰਦਾ ਅਕਸਰ ਮੇਰੇ ਕੋਲ ਆ ਜਾਂਦਾ ਅਤੇ ਅਸੀ ਇਕੱਠੇ ਲਾਗਲੀ ਟੋਪੀਅਰੀ ਪਾਰਕ ਵਿਚ ਦੇਰ ਤੀਕ ਸੈਰ ਕਰਦੇ। ਮੈਂ ਸੋਚਦਾ ਇਹ ਜ਼ੀਰਵੀ ਨਾਂ ਦਾ ਸਖ਼ਸ਼ ਕੋਈ ਖਾਸ ਹੀ ਹੋਵੇਗਾ ਨਹੀਂ ਤਾਂ ਅਕਸਰ ਉਹ ਜਿਸ ਦਾ ਵੀ ਜ਼ਿਕਰ ਕਰਦਾ ਉਹ ਮਾੜੇ ਪਾਸੇ ਵਲ ਵੱਧ ਝੁੱਕਿਆ ਹੁੰਦਾ ਸੀ। ਪਰ ਜ਼ੀਰਵੀ ਬਾਰੇ ਉਸਦਾ ਜ਼ਿਕਰ ਹਮੇਸ਼ਾ ਹੀ ਪ੍ਰਸ਼ੰਸਾ ਨਾਲ ਭਰਿਆ ਹੁੰਦਾ। ਇਹ ਪਹਿਲੀ ਵੇਰ ਉਸੇ ਤੋਂ ਮੈਨੂੰ ਪਤਾ ਲਗਾ ਸੀ ਕਿ ਭਾਰਤੀ ਸਾਹਿਤ ਅਕਾਦਮੀ ਵਲੋਂ ਸਨਮਾਨਿਤ ਪ੍ਰਸਿੱਧ ਕਵੀ ਅਤੇ ਮਨੋਵਿਗਿਆਨੀ ਜਸਵੰਤ ਸਿੰਘ ਨੇਕੀ ਜਿਹੜੇ ਪੀ ਜੀ ਆਈ ਚੰਡੀਗੜ੍ਹ ਦੇ ਡਾਇਰੈਕਟਰ ਵੀ ਰਹੇ ਹਨ, ਦੀ ਭੈਣ ਅੰਮ੍ਰਿਤ ਸੁਰਜਨ ਜ਼ੀਰਵੀ ਦੀ ਧਰਮ ਪਤਨੀ ਹੈ। ਉਨ੍ਹਾਂ ਦੀ ਇਕੋ ਇਕ ਬੇਟੀ ਦਾ ਨਾਂ ਸੀਰਤ ਹੈ, ਜਿਸਦੇ ਅਗੋਂ ਵੀ ਇਕੋ ਬੇਟੀ ਹੈ, ਜਿਸ ਨਾਂ ਸਿਮਰਤ ਹੈ। ਸੀਰਤ ਨਵਤੇਜ ਨੂੰ ਵਿਆਹੀ ਹੋਈ ਹੈ। ਸੁਰਜਨ ਜ਼ੀਰਵੀ ਨੇ ਆਪਣਾ ਨਾਂ ਪੰਜਾਬ ਦੇ ਕਸਬਾ ਜ਼ੀਰਾ ਜਿਹੜੀ ਉਸ ਦੀ ਜਨਮ ਭੂਮੀ ਹੈ ਤੋਂ ਪ੍ਰਭਾਵਿਤ ਹੋ ਕੇ ਰਖਿਆ ਹੈ। ਉਸ ਦਾ ਛੋਟਾ ਭਰਾ ਜਗਜੀਤ ਜ਼ੀਰਵੀ ਵੀ ਪ੍ਰਸਿੱਧ ਗ਼ਜ਼ਲ ਗਾਇਕ ਹੈ।

ਇਸ ਵਾਰ ਜਦ ਮੈਂ ਕੈਨੇਡਾ ਆਇਆ ਤਾਂ ਮਨ ਵਿਚ ਤਾਂਘ ਸੀ ਕਿ ਉਦੋਂ ਤਾਂ ਭਾਵੇਂ ਮੈਂ ਜ਼ੀਰਵੀ ਹੋਰਾਂ ਦੇ ਦਰਸ਼ਨ ਨਾ ਕਰ ਸਕਿਆ ਪਰ ਹੁਣ ਤਾਂ ਕਦੇ ਨਾ ਕਦੇ ਇਸ ਸਖ਼ਸ਼ ਨਾਲ ਦੇਰ ਸਵੇਰ ਮੇਲ ਹੋ ਹੀ ਜਾਵੇਗਾ। ਛੇਤੀਂ ਹੀ ਅਜੇਹਾ ਮੌਕਾ ਬਣ ਗਿਆ ਅਤੇ ਫਿਰ ਤਾਂ ਅਕਸਰ ਹੀ ਅਜੇਹੇ ਸੁਭਾਗ ਛੇਤੀ ਛੇਤੀ ਹੀ ਪ੍ਰਾਪਤ ਹੋਣ ਲਗੇ। ਇਸ ਦਾ ਮੁਖ ਕਾਰਨ ਇਹ ਸੀ ਕਿ ਮੇਰਾ ਮਿੱਤਰ ਬਲਰਾਜ ਚੀਮਾ ਵੀ ਅਗੋਂ ਉਸਦਾ ਮਿੱਤਰ ਸੀ, ਅਤੇ ਇਸ ਮਿੱਤਰਤਾ ਦਾ ਇਕ ਖ਼ਾਸ ਰਾਜ਼ ਅਤੇ ਕਾਰਨ ਬਲਰਾਜ ਚੀਮਾ ਦੀ ਮਿਲਣਸਾਰ ਸੁਭਾਵ ਵਾਲੀ ਕਾਰ ਸੀ, ਜਿਹਤੀ ਉਨ੍ਹਾਂ ਦੋਨਾਂ ਨੂੰ ਜਿੱਥੇ ਉਹ ਚਾਹੁੰਦੇ ਲੈ ਜਾਂਦੀ ਸੀ ਕਿਉਂਕਿ ਜ਼ੀਰਵੀ ਨੂੰ ਕਾਰ ਤਾਂ ਇਕ ਪਾਸੇ ਰਹੀ ਸਾਈਕਲ ਵੀ ਪੂਰੀ ਤਰਾਂ ਚਲਾਉਣਾ ਨਹੀਂ ਆਉਂਦਾ।

ਉਹ ਕਈ ਦਹਾਕਿਆਂ ਤੀਕ 'ਨਵਾਂ ਜ਼ਮਾਨਾ' ਅਖ਼ਬਾਰ ਦਾ ਸੰਪਾਦਕ ਰਿਹਾ ਹੈ ਜਿਹੜੀ ਪੰਜਾਬੀ ਵਿਚ ਪ੍ਰਕਾਸ਼ਿਤ ਹੋਣ ਤੋਂ ਪਹਿਲਾਂ ਉਰਦੂ ਵਿਚ ਨਿਕਲਦੀ ਹੁੰਦੀ ਸੀ। ਜ਼ੀਰਵੀ ਨੇ ਉਸ ਦੇ ਦੋਵੇਂ ਰੂਪ ਸੰਪਾਦਿਤ ਕੀਤੇ ਹਨ। ਇਹ ਉਸ ਦੀ ਦੇਖ-ਰੇਖ ਵਾਲੇ ਸਮੇਂ ਵਿਚ ਹੀ ਹੋਇਆ ਸੀ ਕਿ ਇਹ ਅਖ਼ਬਾਰ ਆਪਣੇ ਪੰਜਾਬੀ ਪਾਠਕ ਸਿਰਜ ਸਕੀ ਸੀ। ਇਹ ਉਹੀ ਦਿਨ ਸਨ, ਜਦੋਂ ਇਸ ਵਿਚ ਫ਼ਿਕਰ ਤੌਂਸਵੀ ਦਾ ਪ੍ਰਸਿੱਧ ਹਾਸਰਸ ਵਿਅੰਗ 'ਪਿਆਜ ਦੇ ਛਿੱਲਕੇ' ਛਪਦਾ ਹੁੰਦਾ ਸੀ ਅਤੇ ਅਸੀਂ ਸਕੂਲ ਤੋਂ ਵਾਪਸ ਪਰਤਦੇ ਕਿੱਕਰਾਂ ਦੀ ਛਿੱਦੀ ਛਾਵੇਂ ਰੁਕ ਕੇ ਪੜ੍ਹਦੇ ਹੁੰਦੇ ਸਾਂ ਕਿਉਂਕਿ ਸਾਡੇ ਪਿੰਡ ਵਿਚ ਡਾਕਖਾਨਾ ਨਾ ਹੋਣ ਕਰਕੇ ਕਾਮਰੇਡ ਮਾਸਟਰ ਈਸ਼ਰ ਸਿੰਘ ਦੀ ਅਖ਼ਬਾਰ ਡਾਕੀਆ ਸਕੂਲ ਵਿਚ ਹੀ ਸਾਨੂੰ ਦੇ ਜਾਂਦਾ ਸੀ। ਪੰਜਾਬ ਵਿਚ ਖੱਬੇ ਪੱਖੀ ਲਹਿਰ ਕਾਇਮ ਕਰਨ ਵਲ ਜ਼ੀਰਵੀ ਅਤੇ ਉਸਦੀ ਅਖ਼ਬਾਰ 'ਨਵਾਂ ਜ਼ਮਾਨਾ' ਦਾ ਅਹਿਮ ਰੋਲ ਰਿਹਾ ਹੈ। ਇਨ੍ਹਾਂ ਸਾਲਾਂ ਵਿਚ ਪੰਜਾਬ ਵਿਚ ਹਰਾ ਅਤੇ ਚਿੱਟਾ ਇੰਨਕਲਾਬ ਆ ਰਿਹਾ ਸੀ। ਤੱਤੀਆਂ ਹਵਾਵਾਂ ਦੇ ਦੌਰਾਂ ਦੀ ਆਮਦ ਵੀ ਫ਼ਿਜ਼ਾ ਵਿਚ ਘੁੱਲ੍ਹ ਰਹੀ ਸੀ।

ਜ਼ੀਰਵੀ ਦੇ ਨਜ਼ਰ ਵਾਲੇ ਚਸ਼ਮੇ ਦਿਆਂ ਸ਼ੀਸ਼ਿਆਂ ਵਿਚੋਂ ਉਸ ਦੀ ਪੈਨੀ ਦ੍ਰਿਸ਼ਟੀ ਸਭ ਉਨ੍ਹਾਂ ਚੀਜ਼ਾਂ 'ਤੇ ਪੈਂਦੀ ਸੀ, ਜਿਹੜੀਆਂ ਮੀਡੀਆ ਦੇ ਰਹਿਮੋ-ਕਰਮ 'ਤੇ ਸਨ। ਉਨ੍ਹਾਂ ਦਿਨਾਂ ਵਿਚ ਪ੍ਰਿੰਟ ਮੀਡੀਆ ਹੀ ਪ੍ਰਮੁੱਖ ਸੀ। ਇਹ ਖ਼ਬਰਾਂ ਦੇ ਦਿਨ ਸਨ, ਅਤੇ ਇਸ ਲਈ ਅਖ਼ਬਾਰ ਦੇ। ਹਰ ਕੋਈ ਇਨ੍ਹਾਂ ਬਗ਼ੈਰ ਅਧੂਰਾ ਅਤੇ ਅਣਸੁਰੱਖਿਅਕ ਮਹਿਸੂਸ ਕਰਦਾ ਸੀ। ਅਖ਼ਬਾਰ ਹੀ ਉਨ੍ਹਾਂ ਨੂੰ ਆਲੇ-ਦੁਆਲੇ ਦੀ ਸੁਖ ਸਾਂਦ ਦੇ ਸਕਦੀ ਸੀ। ਸੋ ਇਨ੍ਹਾਂ ਦਿਨਾਂ ਵਿਚ ਉਸ ਦੀ ਭੂਮਿਕਾ ਵੱਧ ਕਾਰਗਾਰ ਸਿੱਧ ਹੋ ਸਕਦੀ ਸੀ ਅਤੇ ਕਾਰਗਾਰ ਸਾਬਿਤ ਹੋਈ।

ਹੁਣ ਉਸਦੇ ਅਖ਼ਬਾਰ ਤੋਂ ਸੇਵਾ ਮੁਕਤ ਹੋਇਆਂ ਕਈ ਸਾਲ ਹੋ ਚੁੱਕੇ ਹਨ ਅਤੇ ਇੱਥੇ ਕੈਨੇਡਾ ਵਿਚ ਰਹਿੰਦਿਆਂ ਨੂੰ ਵੀ ਕਈ ਸਾਲ। ਇਨ੍ਹਾਂ ਵਰ੍ਹਿਆਂ ਵਿਚ ਬਹੁਤ ਕੁਝ ਬੀਤ ਗਿਆ ਅਤੇ ਤਬਦੀਲ ਹੋ ਚੁੱਕਾ ਹੈ, ਇੱਥੇ ਵੀ ਅਤੇ ਪਿੱਛੇ ਰਹਿ ਗਏ ਪੰਜਾਬ ਵਿਚ ਵੀ। ਇਕ ਹੋਰ ਤਬਦੀਲੀ ਉਸ ਦੀ ਦਾਹੜੀ ਵਿਚ ਚਿੱਟੇ ਵਾਲਾਂ ਦੀ ਗਿਣਤੀ ਦੇ ਸਿਆਣਪੀ ਵਾਧੇ ਦੀ ਹੋਈ ਹੈ ਅਤੇ ਦੂਜੀ ਉਸਦੇ ਕਾਲੇ ਵਾਲਾਂ ਦੇ ਸੰਜਮੀ ਘਾਟੇ ਦੀ। ਪਰ ਉਸ 'ਤੇ ਇਹ ਵਾਧੇ-ਘਾਟੇ ਅਕਸਰ ਘਟ-ਵੱਧ ਹੀ ਅਸਰ ਕਰਦੇ ਹਨ। ਉਸ ਦੀ ਜ਼ਿੰਦਗੀ 'ਤੇ ਕੇਵਲ ਇਕ ਚੀਜ਼ ਨੇ ਹੀ ਅਸਰ ਕੀਤਾ ਹੈ, ਇਹ ਸੀ ਸੋਵੀਅਤ ਯੂਨੀਅਨ ਦਾ ਵਿਗਠਨ। ਇਸ ਨੇ ਉਸਦੀ ਜ਼ਿੰਦਗੀ ਭਰ ਦੀ ਆਸਥਾ ਨੂੰ ਤੋੜ ਦਿੱਤਾ ਸੀ। ਇਹ ਘਾਟਾ ਉਸ ਨੂੰ ਅਜੇ ਤੀਕ ਵੀ ਅਖ਼ਰ ਰਿਹਾ ਹੈ।

ਜ਼ੀਰਵੀ ਨੇ ਆਪਣੀਆਂ ਸੰਪਾਦਕੀਆਂ ਨੂੰ ਕਦੇ ਨਹੀਂ ਸੰਭਾਲਿਆ, ਭਾਵੇਂ ਇਨ੍ਹਾਂ ਨੂੰ ਬਹੁਤ ਸਾਰੇ ਪਾਠਕ ਅਜੇ ਤੀਕ ਆਪਣੀ ਸਿਮਰਤੀ ਵਿਚ ਸਾਂਭੀ ਬੈਠੇ ਹਨ। ਪਰ ਹੁਣ ਉਸ ਆਪਣੀ ਅਖ਼ਬਾਰੀ ਜ਼ਿੰਦਗੀ ਤੋਂ ਵਿਹਲਾ ਹੋ ਕੇ ਲਿਖਣਾ ਸ਼ੁਰੂ ਕਰ ਦਿੱਤਾ ਹੈ ਅਤੇ ਇਨ੍ਹਾਂ ਲੇਖਾਂ ਨੂੰ ਸਾਂਭਣਾ ਵੀ। ਉਸ ਦੇ ਲੇਖਾਂ ਦੀ ਪੁਸਤਕ 'ਇਹ ਹੈ ਬਾਰਬੀ ਸੰਸਾਰ' ਦੋ ਕੁ ਸਾਲ ਪਹਿਲਾਂ ਚੇਤਨਾ ਪ੍ਰਕਾਸ਼ਨ ਲੁਧਿਆਣਾ ਨੇ ਪ੍ਰਕਾਸ਼ਿਤ ਕੀਤੀ ਹੈ। ਇਸ ਪੁਸਤਕ ਵਿਚ ਸ਼ਾਮਿਲ ਲੇਖ ਉਸ ਨੂੰ ਇਕ ਸੁਝਵਾਨ ਅਤੇ ਪ੍ਰਮਾਣਿਕ ਪੰਜਾਬੀ ਵਾਰਤਾਕਾਰ ਦੇ ਤੌਰ 'ਤੇ ਸਥਾਪਿਤ ਕਰਦੇ ਹਨ। ਇਹ ਲੇਖ ਉਸ ਵਿਚਲੇ ਵਿਅੰਗਕਾਰ ਨੂੰ ਵੀ ਉਘਾੜਦੇ ਹਨ। ਉਹ ਆਪਣੀ ਚੁਸਤ ਬਿਆਨੀ ਲਈ ਮਸ਼ਹੂਰ ਹੈ। ਲਤੀਫੇ ਤਾਂ ਉਸ ਦੇ ਮੂੰਹ ਤੋਂ ਬਾਹਰ ਨਿਕਲਣ ਲਈ ਹਮੇਸ਼ਾਂ ਹੀ ਕਾਹਲੇ ਰਹਿੰਦੇ ਹਨ। ਲੋਕਾਂ ਨੂੰ ਹੈਰਾਨੀ ਹੁੰਦੀ ਹੈ ਕਿ ਇਤਨੇ ਲਤੀਫ਼ਿਆਂ ਦੇ ਬਾਵਜ਼ੂਦ ਉਸਦਾ ਆਪਣਾ ਪੇਟ ਹਾਸੇ ਨਾਲ ਫਟਣੋਂ ਕਿਵੇਂ ਬਚਿਆ ਰਿਹਾ।

'ਇਹ ਹੈ ਬਾਰਬੀ ਸੰਸਾਰ' ਵਿਚ ਕੁਝ ਅਜੇਹੇ ਮਸਲੇ ਹਨ ਜਿਹੜੇ ਪੰਜਾਬੀ ਵਿਚ ਪਹਿਲੀ ਵਾਰ ਛੋਹੇ ਗਏ ਹਨ। ਇਹ ਉਹ ਮਸਲੇ ਹਨ, ਜਿਹੜੇ ਕੈਨੇਡਾ ਅਤੇ ਅਮਰੀਕੀ ਰਾਜਨੀਤੀ ਅਤੇ ਅਰਥਚਾਰੇ ਨਾਲ ਸਬੰਧਿਤ ਹੀ ਨਹੀਂ, ਸਗੋਂ ਇਨ੍ਹਾਂ ਉੱਤੇ ਕਰਾਰੀ ਚੋਟ ਵੀ ਕਰਦੇ ਹਨ। ਜਾਂ ਫਿਰ ਭਾਰਤ ਦੀ ਰਾਜਨੀਤੀ ਅਤੇ ਭਾਰਤ ਬਾਰੇ ਅਮਰੀਕੀ ਸਾਮਰਾਜੀ ਨੀਤੀ ਦਾ ਤਿੱਖਾ ਲੇਖਾ-ਜੋਖਾ। ਅਸਲ ਵਿਚ ਭਾਰਤ ਨੂੰ ਪਹਿਲਾਂ ਪੂਰਬੀਅਤ ਦਾ ਨਾਂ ਦੇ ਕੇ ਭਾਰਤੀ ਚਿੰਤਨ ਦੀ ਅਮੀਰੀ ਦੀ ਥਾਂ ਇਸਦੇ ਪਛੜੇਪਣ ਨੂੰ ਹੀ ਮਨੋਰੰਜਨ ਦਾ ਸਾਧਨ ਬਣਾਇਆ ਜਾਂਦਾ ਰਿਹਾ ਹੈ। ਮਿਸਾਲ ਲਈ ਇਥੋਂ ਦੀ ਗਰੀਬੀ ਦੇ ਕਿੱਸੇ, ਹਾਥੀ ਸਵਾਰ, ਬੀਨ ਨਾਲ ਸੱਪ ਕਢਣ ਵਾਲੇ ਸਪੇਰੇ, ਜਾਦੂਗਰ ਖਾਸ ਕਰ ਕੇ ਰੱਸੀ ਨੂੰ ਅਸਮਾਨ ਵਿਚ ਟੰਗ ਕੇ ਉਸ ਨੂੰ ਫੜ ਕੇ ਅਸਮਾਨ ਵਿਚ ਚੜਨ ਵਾਲੇ ਅਤੇ ਫਿਰ ਗੁੰਮ ਹੋ ਜਾਣ ਵਾਲੇ ਜਾਦੂਗਰਾਂ ਆਦਿ ਨੂੰ ਹੀ ਪੂਰਬੀਅਤਤਾ ਦਾ ਨਾਂ ਦਿਤਾ ਜਾਂਦਾ ਰਿਹਾ ਹੈ ਅਤੇ ਇਸ ਤੋਂ ਹੀ ਹਲਕੇ ਮੰਨੋਰੰਜਨੀ ਰੌਅ ਵਿਚ ਹੀ ਭਾਰਤ ਦੀ ਪ੍ਰਸ਼ੰਸਾ ਕੀਤੀ ਜਾਂਦੀ ਰਹੀ ਹੈ, ਜਿਸ ਦਾ ਜ਼ਿਕਰ ਐਲਬਰਟ ਸਈਅਦ ਨੇ ਆਪਣੀ ਇਸੇ ਨਾਂ ਦੀ ਪੁਸਤਕ ਵਿਚ ਕੀਤਾ ਹੈ। ਜ਼ੀਰਵੀ ਅਨੁਸਾਰ ਇਸੇ ਤਰਾਂ ਹੀ ਪਛਮ



ਨੇ ਭਾਰਤ ਦੇ ਸਭ ਤੋਂ ਵੱਡੇ ਲੋਕਰਾਜ ਹੋਣ ਅਤੇ ਜਾਂ ਹੋਰਨਾਂ ਖੇਤਰਾਂ ਨੂੰ ਮਜ਼ਾਕੀਆ ਹੱਦ ਤੀਕ ਆਪਣੇ ਹਿੱਤਾਂ ਲਈ ਵਰਤਿਆ ਹੈ ਜਿਸ ਦਾ ਸ਼ਾਨਦਾਰ ਜ਼ਿੱਕਰ ਉਸ 'ਐ ਵਤਨ...ਸਲਾਮਤ ਦੇਖੂ' ਆਦਿ ਲੇਖਾਂ ਵਿਚ ਕੀਤਾ ਹੈ। ਉਸ ਦੇ ਹੋਰ ਲੇਖ ਕਾਰਪੋਰੇਟ ਸੈਕਟਰ ਜਿਹੜਾ ਹੁਣ ਸਾਮਰਾਜ ਦਾ ਹੀ ਦੂਜਾ ਰੂਪ ਹੈ, ਵਲੋਂ ' ਖੁੱਲੇ ਵਣਜ' ਦੀ ਵਕਾਲਤ, ਭਾਵ ਨਵ ਉਦਾਰਵਾਦ, ਅਤੇ ਵਡਿਆਈ ਦੇ ਕੁਥਾਵੇਂ ਅਤੇ ਭੁਲੇਖਾਕਾਰੀ ਅਰਥਾਂ ਦਾ ਪਾਜ ਖੋਲਦੇ ਹਨ। ਸਮਲਿੰਗੀ ਵਿਆਹਾਂ ਦੇ ਬਿੱਲ ਬਾਰੇ ਉਸਦੇ ਲੇਖ ਨੂੰ ਪੜ੍ਹ ਕੇ ਤੁਸੀਂ ਸਹਿਜੇ ਹੀ ਇਸ ਤੱਥ 'ਤੇ ਪਹੁੰਚ ਸਕਦੇ ਹੋ ਕਿ ਉਹ ਪਿੱਛਲੀ ਸਦੀ ਦੀ ਦਿੱਖ ਵਾਲਾ ਇੱਕੀਵੀਂ ਸਦੀ ਦਾ ਸ਼ਾਹਸਵਾਰ ਸਵਾਰ ਹੈ।

'ਇਹ ਹੈ ਬਾਰਬੀ ਸੰਸਾਰ' ਲੇਖ ਵਿਚ ਸੁਰਜਨ ਜ਼ੀਰਵੀ ਨੇ ਅਮਰੀਕੀ ਅੰਤਰ-ਰਾਸ਼ਟਰੀ ਕੰਪਨੀਆਂ ਵਲੋਂ ਬੱਚਿਆਂ ਲਈ ਮਾਪਿਆਂ ਦੇ ਮੋਹ ਨੂੰ ਕੁਸ਼ਲਤਾ ਨਾਲ ਕੈਸ਼ ਕਰਨ ਦੀ ਕੋਸ਼ਿਸ਼ ਵਿਚ ਬਾਰਬੀ ਦਾ ਸਿਲਸਿਲਾ ਸ਼ੁਰੂ ਕਰਨ ਦੀ ਪਰੋਖ ਸਾਜਿਸ਼ ਦਾ ਪਰਦਾ ਫ਼ਾਸ਼ ਕੀਤਾ ਹੈ। ਹਰ ਸਾਲ ਕਿਸੇ ਸਚੀ-ਮੁਚੀਂ ਦੀ ਕੁੜੀ ਨੂੰ ਬਾਰਬੀ ਬਨਾਉਣ ਲਈ ਚੁਣਿਆ ਜਾਂਦਾ ਹੈ। ਫਿਰ ਉਸ ਦੀ ਸ਼ਕਲ ਦੀਆਂ ਗੁੱਡੀਆਂ ਤਿਆਰ ਕੀਤੀਆਂ ਅਤੇ ਵੇਚੀਆਂ ਜਾਂਦੀਆਂ ਹਨ। ਫਿਰ ਇਨ੍ਹਾਂ ਦੇ ਡਰੈਸਾਂ ਨੂੰ ਬਾਜਾਰ ਵਿਚ ਲਿਆ ਕੇ ਹੋਰ ਪੈਸੇ ਵਸੂਲ ਕੀਤੇ ਜਾਂਦੇ ਹਨ ਅਤੇ ਫਿਰ ਬਾਰਬੀ ਲਈ ਫਰਨੀਚਰ, ਭਾਂਡੇ, ਦਿਲ ਲਾਉਣ ਲਈ ਸੁਹਣਾ ਮੁੰਡਾ ਅਤੇ ਫਿਰ ਉਨ੍ਹਾਂ ਦਾ ਘਰ, ਕਾਰਾਂ, ਗੱਲ ਕੀ ਨਿੱਤ ਨਵੀਂ ਮੰਗ ਪੈਦਾ ਕਰਨ ਲਈ ਪਹਿਲਾਂ ਇਨ੍ਹਾਂ ਵਸਤਾਂ ਨੂੰ ਬਾਜ਼ਾਰ ਵਿਚ ਸੁਟਿਆ ਜਾਂਦਾ ਹੈ। ਇਸ ਕਹਾਣੀ ਨੂੰ ਜਿਨਾ ਵੀ ਵਧਾ ਲਵੋ ਇਹ ਖ਼ਤਮ ਹੋਣ ਵਾਲਾ ਨਹੀਂ। ਅਸਲ ਵਿਚ ਬਾਰਬੀ ਆਪਣੇ ਆਪ ਵਿਚ ਵੀ ਪ੍ਰਤੀਕ ਹੈ ਅਜੇਹੀ ਲੁਟ ਖਸੁਟ ਦਾ। 'ਹੋਰ ਅਤੇ ਹੋਰ' ਇਹ ਅਮਰੀਕਾ ਰਾਹੀਂ ਪ੍ਰਚਾਰੀ ਜ਼ਿੰਦਗੀ ਦਾ ਇਕੋ ਇਕ ਜਨੂੰਨ ਬਣ ਗਿਆ ਹੈ, ਜਿਸਦਾ ਜ਼ਿਕਰ ਇਟਾਲਵੀ ਚਿੰਤਕ ਅਤੇ ਨਾਵਲਿਸਟ ਇੰਬਾਰਟੋ ਈਕੋ ਨੇ ਵੀ ਆਪਣੀ ਪੁਸਤਕ , 'ਟਰੈਵਲਜ਼ ਇਨ ਹਾਈਪਰ ਰਿਐਲਿਟੀ' ਵਿਚ ਕੀਤਾ ਹੈ ਜਿਹਤੀ ਅਚੇਤੇ ਹੀ ਜ਼ੀਰਵੀ ਦੀ ਇਸ ਪੁਸਤਕ ਦੀ ਯਾਦ ਤਾਜ਼ਾ ਕਰ ਦਿੰਦੀ ਹੈ। ਇਸ ਕਥਨ ਦਾ ਉਲਟਾ ਰੂਪ ਵੀ ਉਤਨਾ ਹੀ ਸੱਚ ਹੈ।

ਇਰਾਕ ਉੱਤੇ ਅਮਰੀਕੀ ਜੰਗ ਦੇ ਅਗੇ ਪਿੱਛੇ ਕੀ ਸੀ? ਇਸੇ ਤਰ੍ਹਾਂ ਨੈਟੋ ਦੇ ਹਮਲੇ ਪਿੱਛੇ ਵੀ। ਮਹਾਂ ਸ਼ਕਤੀ ਕਿਵੇਂ ਉਲਾਰ ਹੋ ਜਾਂਦੀ ਹੈ? ਇਹ ਪੁਸਤਕ ਇਨ੍ਹਾਂ ਪ੍ਰਸ਼ਨਾਂ ਅਤੇ ਅਜੇਹੇ ਸੰਦੇਹਾਂ ਉੱਤੋਂ ਗਰਦ ਝਾੜਦੀ ਹੈ। ਪਿਕਾਸੋ ਦਾ ਚਿਤਰ ਗੁਇਰਨਿਕਾ ਸਪੇਨੀ ਖਾਨਾਜੰਗੀ ਵੇਲੇ ਇਸ ਨਾਂ ਦੇ ਪਿੰਡ ਵਿਚ ਹੋਏ ਭਿਆਨਕ ਨਰਸਿੰਹਾਰ ਅਤੇ ਤਬਾਹੀ ਨੂੰ ਮੂਰਤੀਮਾਨ ਕਰਦਾ ਹੈ। ਜਦ ਅਮਰੀਕਾ ਇਰਾਕ ਉੱਤੇ ਹਮਲਾ ਕਰਨ ਜਾ ਰਿਹਾ ਸੀ ਤਦ ਯੂ ਐਨ " ਦੇ ਸੁਰੱਖਿਆ ਕੌਂਸਲ ਵਿਚ ਅਮਰੀਕੀ ਬਿਦੇਸ਼ ਸਕੱਤਰ ਕੋਲਿਨ ਪਾਵਲ ਵਲੋਂ ਇਰਾਕ ਖ਼ਿਲਾਫ਼ ਦੋਸ਼ ਪਤਰ ਪੇਸ਼ ਕਰਨ ਸਮੇਂ ਉਸ ਦਫ਼ਤਰ ਵਿਚ ਟੰਗੀ ਤਸਵੀਰ ਉੱਤੇ ਪਰਦਾ ਦੇ ਦਿੱਤਾ ਗਿਆ ਸੀ ਕਿਉਂਕਿ ਇਸ ਤਸਵੀਰ ਦੀ ਹਾਜ਼ਰੀ ਵਿਚ ਕੌਲਨ ਕਿਵੇਂ ਝੂਠ ਬੋਲ ਕੇ ਹਮਲਾ ਕਰਨ ਤਜ਼ਵੀਜ਼ ਰਖ ਸਕਦਾ ਸੀ। ਕਲਾ ਅਤੇ ਸਾਹਿਤ ਦੀ ਤਾਕਤ ਨੂੰ ਉਘਾੜਣ ਲਈ ਅਜੇਹੀਆਂ ਮਿਸਾਲਾਂ ਨੂੰ ਆਧਾਰ ਬਣਾ ਕੇ ਲੇਖ ਲਿਖਣਾ, ਇਹ ਕੇਵਲ ਸੁਰਜਨ ਜ਼ੀਰਵੀ ਹੀ ਕਰ ਸਕਦਾ ਹੈ। 'ਮਾਮਲਾ ਉਮਰਾਂ ਦਾ' ਵਿਚ ਉਹ ਜਵਾਨੀ ਨੂੰ ਰੋਕਣ ਵਾਲੀਆਂ ਦਵਾਵਾਂ ਉਤੇ ਵਿਅੰਗ ਕੱਸਦਾ ਹੈ। 'ਰੈਚਲ ਕੋਰੀ ਦੇ ਲਹੂ ਦੀ ਪੁਕਾਰ' ਵਿਚ 23 ਸਾਲਾ ਅਮਰੀਕਨ ਅਮਨ ਵਲੰਟੀਅਰ ਕੁੜੀ ਦਾ ਜ਼ਿਕਰ ਹੈ, ਜਿਸਨੂੰ ਗਾਜ਼ਾ ਪੱਟੀ ਵਿਚ ਇਕ ਇਸਰਾਈਲੀ ਨੇ ਆਪਣੇ ਬੁਲਡੋਜ਼ਰ ਹੇਠ ਦੇ ਕੇ ਮਾਰ ਦਿੱਤਾ ਸੀ। ਇਸ ਦਰਦਨਾਕ ਘਟਨਾ ਨੇ ਲੱਖਾਂ ਦਿਲ ਹਿਲਾ ਕੇ ਰੱਖ ਦਿੱਤੇ ਸਨ। ਸੋ ਇਹ ਪੁਸਤਕ ਨਵੀਂ ਸਦੀ ਵਿਚ ਮਨੁੱਖ ਨੂੰ ਦਰਪੇਸ਼ ਮਸਲਿਆਂ ਨੂੰ ਇਸੇ ਸਦੀ ਦੀ ਸ਼ਬਦਾਵਲੀ ਅਤੇ ਅੰਦਾਜ਼ੇ ਬਿਆਨ ਵਿਚ ਅਗਰਭੂਮਿਤ ਕਰਦੀ ਹੈ।

ਦੋ ਕੁ ਮਹੀਨੇ ਪਹਿਲਾਂ ਇਕ ਸ਼ਾਮ ਅਸੀਂ ਉਸਦੇ ਘਰ ਬੈਠੇ ਸਾਂ ਕਿ ਜ਼ੀਰਵੀ ਨੇ ਪੁੱਛਿਆ, ਕੀ ਪੀਣਾ ਹੈ। ਮੈਂ ਸੁਭਾਵਨ ਕਿਹਾ ਕਿ ਕੁਝ ਨਹੀਂ। ਜ਼ੀਰਵੀ ਕਹਿਣ ਲਗਾ ਕਿ ਵੇਖੋ ਸ਼ਰਾਬ ਪੀਣੀ ਮਾੜੀ ਹੈ। ਇਸ ਵਿਚ ਕੋਈ ਸ਼ੱਕ ਨਹੀਂ। ਪਰ ਨਾ ਪੀਣੀ ਹੋਰ ਵੀ ਮਾੜੀ ਹੈ।

ਪਿਛਲੇ ਮਹੀਨੇ ਜ਼ੀਰਵੀ ਦੀ ਇਹੀ ਪੁਸਤਕ ਕਲਮਾਂ ਦੇ ਕਾਫਲਾ ਦੀ ਸਾਲਾਨਾ ਮੀਟਿੰਗ ਵਿਚ ਰੀਲੀਜ਼ ਕੀਤੀ ਗਈ। ਜਦ ਉਸ ਨੂੰ ਕੁਝ ਬੋਲਣ ਲਈ ਕਿਹਾ ਗਿਆ ਤਾਂ ਉਹ ਮਿੰਦਰ ਜਿਸ ਨੂੰ ਵੀ ਉਸੇ ਦਿਨ ਵਿਸ਼ੇਸ਼ ਤੌਰ ਤੇ ਸਨਮਾਨਿਆ ਗਿਆ ਸੀ, ਵਲ ਇਸ਼ਾਰਾ ਕਰਕੇ ਕਹਿਣ ਲੱਗਾ ਕਿ ਇਕ ਦਿਨ ਮੈਂ ਤੇ ਮਿੰਦਰ ਬੈਠੇ ਸ਼ਰਾਬ ਪੀ ਰਹੇ ਸਾਂ ਕਿ...ਸ਼ਰਾਬ ਦਾ ਸ਼ਬਦ ਅਜੇ ਜ਼ੀਰਵੀ ਦੇ ਮੂੰਹ ਵਿਚ ਹੀ ਸੀ ਕਿ ਚੀਮਾ ਝੱਟ ਬੋਲ ਪਿਆ 'ਨਹੀਂ ਇੱਥੇ ਸ਼ਰਾਬ ਦੀ ਗਲ ਨਹੀਂ ਕਰਨੀ।' ਭਾਵੇਂ ਕਿਹਾ ਤਾਂ ਬਲਰਾਜ ਨੇ ਹੌਲੀ ਹੀ ਸੀ ਕਿ ਕਿਸੇ ਨੂੰ ਨਾ ਸੁਣ ਸਕੇ ਪਰ ਇਹ ਸਭ ਨੂੰ ਸੁਣ ਗਿਆ ਸੀ। ਜ਼ੀਰਵੀ ਝਟ ਕਹਿਣ ਲੱਗਾ, 'ਉਹ ਸੱਚ ਯਾਦ ਆਇਆ ਅਸੀਂ ਸ਼ਕੰਜਵੀ ਪੀ ਰਹੇ ਸਾਂ'...ਅਤੇ ਅਗੇ ਜੋ ਕੁਝ ਕਹਿਣਾ ਸੀ ਉਹ ਕਹਿਣ ਲਗ ਪਿਆ। ਪਰ ਇਸ ਵਿਚਕਾਰ ਸਾਰੇ ਸਰੋਤਿਆਂ ਵਿਚ ਹਾਸੇ ਦੀ ਫ਼ੁਹਾਰ ਫ਼ੁੱਟ ਪਈ ਸੀ!

ਨਿਰਸੰਦੇਹ ਸੁਰਜਨ ਜ਼ੀਰਵੀ ਪੰਜਾਬੀ ਸਾਹਿਤ ਦੇ ਰਾਜਦਰਬਾਰ ਦਾ ਇਕੋ ਵੇਲੇ ਅਕਬਰ ਅਤੇ ਬੀਰਬਲ ਹੈ।

***(ਇਹ ਲੇਖ ਕਈ ਸਾਲ ਪਹਿਲਾਂ ਕੈਨੇਡਾ ਅਤੇ ਭਾਰਤ ਦੀਆਂ ਪੰਜਾਬੀ ਅਖ਼ਬਾਰਾਂ ਵਿਚ, ਅਤੇ ਮੇਰੀ 2009 ਵਿਚ ਪ੍ਰਕਾਸ਼ਿਤ ਵਾਰਤਕ ਪੁਸਤਕ, 'ਚਸ਼ਮਦੀਦ' ਵਿਚ ਸ਼ਾਮਿਲ ਹੈ)***

# ਸ਼ਿਕਾਗੋ ਦੇ ਦੀਵਾਲੀ ਮੇਲੇ ਵਿਚ ਇਸ਼ਾ ਦਿਓਲ ਨੇ ਲਾਈਆਂ ਰੌਣਕਾਂ

## ਫੈਸ਼ਨ ਸ਼ੋਅ ਵਿਚ ਮਾਡਲਾਂ ਨੇ ਦਿਖਾਏ ਜਲਵੇ

ਸ਼ਿਕਾਗੋ: ਭਾਰਤੀ ਜਿੱਥੇ ਵੀ ਜਾਂਦੇ ਹਨ, ਉਥੇ ਹੀ ਆਪਣੇ ਮੇਲਿਆਂ-ਤਿਉਹਾਰਾਂ ਨਾਲ ਰੌਣਕਾਂ ਲਾ ਦਿੰਦੇ ਹਨ। ਅਮਰੀਕਾ ਵਿਚ ਵੀ ਪੰਜਾਬੀ ਤੇ ਬਾਕੀ ਵੱਖ ਵੱਖ ਭਾਰਤੀ ਭਾਈਚਾਰਿਆਂ ਵਲੋਂ ਸਾਰੇ ਤਿਉਹਾਰ ਧੂਮ-ਧਾਮ ਨਾਲ ਮਨਾਏ ਜਾਂਦੇ ਹਨ, ਇਸੇ ਤਹਿਤ ਹੀ ਵੀਚਿੱਲੀ ਈਵੈਂਟਸ ਵਲੋਂ ਲੰਘੀ 25 ਅਕਤੂਬਰ ਨੂੰ ਸ਼ਾਮਬਰਗ ਦੇ ਵੁੱਡਫੀਲਡ ਮਾਲ ਵਿਚ ਦੀਵਾਲੀ ਦਾ ਤਿਉਹਾਰ ਮਨਾਇਆ ਗਿਆ, ਜਿਸ ਵਿਚ ਲੋਕਾਂ ਦਾ ਮਨੋਰੰਜਨ ਕਰਨ ਲਈ ਖਾਸ ਤੌਰ 'ਤੇ ਬੌਲੀਵੁੱਡ ਅਦਾਕਾਰਾ ਇਸ਼ਾ ਦਿਓਲ ਨੂੰ ਬੁਲਾਇਆ ਗਿਆ ਸੀ।
























ਕਈ ਦਿਨਾਂ ਤੋਂ ਪ੍ਰੋਗਰਾਮ ਦੇ ਪ੍ਰਬੰਧਕਾਂ ਵੰਦਨਾ ਵਾਲੀਆ, ਡਾ. ਹਰਜਿੰਦਰ ਸਿੰਘ ਖਹਿਰਾ, ਪਾਇਲ ਸ਼ਾਹ ਅਤੇ ਹੇਮੀ ਪਟੇਲ ਵਲੋਂ ਇਸ ਪ੍ਰੋਗਰਾਮ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਸਨ, ਪੰਜਾਬੀ ਤੇ ਗੁਜਰਾਤੀ ਭਾਈਚਾਰੇ ਨੂੰ ਵੀ ਇਸ ਪ੍ਰੋਗਰਾਮ ਦਾ ਬੇਸਬਰੀ ਨਾਲ ਇੰਤਜ਼ਾਰ ਸੀ, ਜਿਨ੍ਹਾਂ ਲਈ ਇਹ ਵਿਸ਼ੇਸ਼ ਦੀਵਾਲੀ ਪ੍ਰੋਗਰਾਮ ਉਲੀਕਿਆ ਗਿਆ ਸੀ। ਸ਼ਿਕਾਗੋ ਦੇ ਪੰਜਾਬੀ ਤੇ ਗੁਜਰਾਤੀ ਹੁਮ ਹੁਮਾ ਕੇ ਇਸ ਪ੍ਰੋਗਰਾਮ ਵਿਚ ਪੁੱਜੇ ਤੇ ਦੀਵਾਲੀ ਦੇ ਇਸ ਖਾਸ ਪ੍ਰੋਗਰਾਮ ਦਾ ਪਰਿਵਾਰਾਂ ਸਣੇ ਅਨੰਦ ਮਾਣਿਆ।


ਡਾ. ਹਰਜਿੰਦਰ ਸਿੰਘ ਖਹਿਰਾ, ਵੰਦਨਾ ਵਾਲੀਆ ਅਤੇ ਹੋਰਨਾਂ ਨੇ ਸ਼ਮ੍ਹਾ ਰੌਸ਼ਨ ਕਰ ਕੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਤੇ ਦਰਸ਼ਕਾਂ ਦਾ ਸਵਾਗਤ ਕੀਤਾ। ਇਸ ਮੌਕੇ ਗਜ਼ਾਲਾ ਖਾਨ ਵਲੋਂ ਕਰਵਾਇਆ ਗਿਆ ਫੈਸ਼ਨ ਸ਼ੋਅ 'ਰਾਜ਼' ਖਾਸ ਖਿੱਚ ਦਾ ਕੇਂਦਰ ਰਿਹਾ, ਜਿਸ ਵਿਚ ਰੂਪੀ ਕੌਰ ਤੇ ਹੋਰਨਾਂ ਮਾਡਲਾਂ ਨੇ ਆਪਣੇ ਜਲਵੇ ਦਿਖਾ ਕੇ ਦਰਸ਼ਕਾਂ ਦੀ ਵਾਹ-ਵਾਹ ਖੱਟੀ। ਮਗਰੋਂ ਡਾ. ਖਹਿਰਾ ਤੇ ਵੰਦਨਾ ਵਾਲੀਆ ਨੇ ਪ੍ਰੋਗਰਾਮ ਦੀ ਸ਼ਾਨ ਧਰਮਿੰਦਰ ਦਿਓਲ ਤੇ ਹੇਮਾ ਮਾਲਿਨੀ ਦੀ ਧੀ ਇਸ਼ਾ ਦਿਓਲ ਨੂੰ ਗੁਲਦਸਤਾ ਭੇਟ ਕਰ ਕੇ ਉਸ ਨੂੰ ਜੀ ਆਇਆਂ ਆਖਿਆ, ਜਿਸ ਨੇ ਇਸ ਪ੍ਰੋਗਰਾਮ ਦੇ ਪ੍ਰਬੰਧਕਾਂ ਦੀ ਖੂਬ ਸ਼ਲਾਘਾ ਕੀਤੀ ਤੇ ਸਭਨਾਂ ਨੂੰ ਦੀਵਾਲੀ ਦੀਆਂ ਵਧਾਈਆਂ ਦਿੱਤੀਆਂ। ਇਸ਼ਾ ਦਿਓਲ ਨੇ ਰੈਂਪ 'ਤੇ ਆਪਣੇ ਮਸ਼ਹੂਰ ਗਾਣਿਆਂ 'ਤੇ ਡਾਂਸ ਕਰ ਕੇ ਆਪਣਾ ਜਲਵਾ ਦਿਖਾਇਆ, ਜਿਸ ਨੂੰ ਵੇਖ ਕੇ ਸਭ ਨੇ ਤਾੜੀਆਂ ਨਾਲ ਉਸ ਦਾ ਸਵਾਗਤ ਕੀਤਾ। ਇਸ ਦੌਰਾਨ ਮਾਲ ਵਿਚ ਖਰੀਦਦਾਰੀ ਕਰਨ ਪੁੱਜੇ ਲੋਕ ਵੀ ਦੂਰੋਂ ਇਸ ਪ੍ਰੋਗਰਾਨ ਨੂੰ ਦੇਖ ਕੇ ਆਪਣਾ ਮਨੋਰੰਜਨ ਕਰ ਰਹੇ ਸਨ। ਕਈ ਫੋਟੋਆਂ ਖਿੱਚ ਰਹੇ ਸਨ ਤੇ ਰੀਲਾਂ ਬਣਾ ਬਣਾ ਪਾ ਰਹੇ ਸਨ।

ਪੰਜਾਬੀ ਭਾਈਚਾਰੇ ਦੀਆਂ ਮੁਅੱਜਜ਼ ਸ਼ਖਸੀਅਤਾਂ ਪਾਲ ਡੰਡੋਨਾ, ਰਾਜਵੀਰ ਗਿੱਲ, ਗੁਲਜ਼ਾਰ ਸਿੰਘ ਮੁਲਤਾਨੀ, ਜਸਕਰਨ ਸਿੰਘ ਧਾਲੀਵਾਲ, ਭੁਪਿੰਦਰ ਧਾਲੀਵਾਲ, ਹੈਪੀ ਹੀਰ, ਲੱਕੀ ਸਹੋਤਾ, ਨਰਿੰਦਰ ਸਰਾਂ, ਸਵੀ ਅਟੱਲ, ਅਮਰੀਕ ਪਾਲ ਸਿੰਘ, ਸਰਬਿੰਦਰ ਵਿਰਕ, ਡਾ. ਸਰਬਜੀਤ ਭੰਡਾਲ, ਮਨਜਿੰਦਰ ਭੰਮਰਾ, ਸੰਨੀ ਕੁਲਾਰ ਤੇ ਰੋਨੀ ਕੁਲਾਰ, ਏ.ਜੇ ਸੰਧੂ, ਅਨਿਤ ਸ਼ਰਮਾ ਤੇ ਪੂਜਾ ਸ਼ਰਮਾ, ਗੁਜਰਾਤੀ ਭਾਈਚਾਰੇ ਵਿਚੋਂ ਸ਼ਾਨ ਸੰਜੇ ਪਟੇਲ, ਰਮੇਸ਼ ਪੁਨਾਤਰ, ਸੁਨੀਲ ਸ਼ਾਹ-ਰੀਟਾ ਸ਼ਾਹ ਅਤੇ ਹੋਰਨਾਂ ਨੇ ਪਰਿਵਾਰਾਂ ਸਣੇ ਸ਼ਿਰਕਤ ਕਰ ਕੇ ਇਸ ਪ੍ਰੋਗਰਾਮ ਨੂੰ ਚਾਰ ਚੰਨ ਲਾ ਦਿੱਤੇ। ਪ੍ਰੋਗਰਾਮ ਦੌਰਾਨ, ਖਾਣ ਵਾਲਿਆਂ ਲਈ ਖਾਣ ਤੇ ਪੀਣ ਵਾਲਿਆਂ ਲਈ ਪੀਣ ਦਾ ਖੁਲ੍ਹਾ ਪ੍ਰਬੰਧ ਸੀ। ਸ਼ਿਕਾਗੋਲੈਂਡ ਦੇ ਲੋਕਾਂ ਨੇ ਇਸ ਪ੍ਰੋਗਰਾਮ ਦੀ ਤਾਰੀਫ਼ ਕਰਦਿਆਂ ਪ੍ਰਬੰਧਕਾਂ ਨੂੰ ਪ੍ਰੋਗਰਾਮ ਦੀ ਸਫਲਤਾ ਦੀ ਵਧਾਈ ਦਿੱਤੀ। ਵੀਡੀਓ ਤੇ ਫੋਟੋਗ੍ਰਾਫੀ ਏਸ਼ੀਅਨ ਮੀਡੀਆ ਵਲੋਂ ਕੀਤੀ ਗਈ।

# ਪੰਜਾਬ ਸੂਬਾ ਬਣਵਾ ਕੇ ਅਸੀਂ ਕੀ ਖੱਟਿਆ



**ਡਾ. ਪ੍ਰਿਥੀ ਪਾਲ ਸਿੰਘ ਸੋਹੀ**
**ਫੋਨ: 604-653-7889**
E-mail: pssohi57@gmail.com




ਪਹਿਲਾਂ 1947 ਵਿਚ ਧਰਮ ਦੇ ਆਧਾਰ 'ਤੇ ਭਾਰਤ ਦੀ ਵੰਡ ਕੀਤੀ ਗਈ ਸੀ ਤੇ ਵੰਡ ਵਿਚ ਪੰਜਾਬੀਆਂ ਨੂੰ ਵੰਡਿਆ ਗਿਆ। 70 ਪਰਸੈਂਟ ਤੋਂ ਵੱਧ ਪੰਜਾਬੀ ਪਾਕਿਸਤਾਨ ਵਿਚ ਰਹਿ ਗਏ ਸਨ। ਫਿਰ 1948 ਵਿਚ ਪੰਜਾਬ ਵਿਚੋਂ ਕੁਝ ਪਹਾੜੀ ਖੇਤਰ ਕੱਢ ਕੇ ਹਿਮਾਚਲ ਨਾਮ ਦਾ ਚੀਫ ਕਮਿਸ਼ਨਰ ਪ੍ਰਾਂਤ ਬਣਾ ਦਿੱਤਾ ਗਿਆ, ਪੰਜਾਬੀ ਫਿਰ ਵੰਡੇ ਗਏ। ਅਕਾਲੀ ਦਲ ਵੱਲੋਂ ਵਿੱਢੇ ਲੰਬੇ ਸੰਘਰਸ਼ ਤੋਂ ਬਾਅਦ ਇੱਕ ਨਵੰਬਰ 1966 ਤੋਂ ਬੋਲੀ ਦੇ ਆਧਾਰ 'ਤੇ ਨਵਾਂ ਪੰਜਾਬ ਹੋਂਦ ਵਿਚ ਲਿਆਂਦਾ ਗਿਆ। ਪੰਜਾਬੀਆਂ 'ਤੇ ਫਿਰ ਕੁਹਾੜਾ ਚੱਲਿਆ, ਦਿੱਲੀ ਤੱਕ ਫੈਲੇ ਪੰਜਾਬੀ ਛੋਟੇ ਜਿਹੀ ਸੂਬੀ ਤੱਕ ਸੀਮਤ ਹੋ ਗਏ। ਕੁੱਲੂ, ਲਾਹੁਲ, ਸਪਿਤੀ ਅਤੇ ਕਾਂਗੜਾ ਦੇ ਪੰਜਾਬੀਆਂ ਨੂੰ ਪੰਜਾਬ ਨਾਲੋਂ ਕੱਟ ਕੇ, ਹਿਮਾਚਲ ਨਾਲ ਜੋੜ ਦਿੱਤਾ ਅਤੇ ਹਿਸਾਰ, ਜੀਂਦ, ਕਰਨਾਲ, ਅੰਬਾਲਾ ਗੱਲ ਕੀ ਦਿੱਲੀ ਤੱਕ ਫੈਲੇ ਪੰਜਾਬੀਆਂ ਨੂੰ ਪੰਜਾਬੀਅਤ ਤੋਂ ਦਰ ਕਿਨਾਰ ਕਰਾ ਦਿੱਤਾ ਗਿਆ। ਦਿੱਲੀ ਭਾਵੇਂ ਵੱਖਰਾ ਖੇਤਰ ਸੀ ਪਰ 1966 ਤੱਕ ਦਿੱਲੀ ਦੇ ਅੱਧੇ ਲੋਕ ਆਪਣੇ ਆਪ ਨੂੰ ਪੰਜਾਬੀ ਕਹਿੰਦੇ ਸਨ। ਹਰਿਆਣਾ, ਹਿਮਾਚਲ ਅਤੇ ਦਿੱਲੀ ਦੇ ਲੋਕ ਭਾਵੇਂ ਠੇਠ ਪੰਜਾਬੀ ਨਹੀਂ ਸਨ ਬੋਲਦੇ, ਪਰ ਉਹ ਆਪਣੀ ਸੱਭਿਆਚਾਰਕ ਪਛਾਣ ਪੰਜਾਬੀ ਹੀ ਦੱਸਦੇ ਸਨ। ਇੱਕ ਨਵੰਬਰ 1966 ਤੋਂ ਬਾਅਦ ਉਨ੍ਹਾਂ ਦੀ ਪਛਾਣ ਬਦਲ ਗਈ, ਉਹ ਆਪਣੇ ਆਪ ਨੂੰ ਹਰਿਆਣਵੀ, ਹਿਮਾਚਲੀ ਜਾਂ ਦਿੱਲੀ ਵਾਲੇ ਕਹਿਣ ਲੱਗ ਪਏ।

ਅਸਲ ਵਿਚ ਸ਼੍ਰੋਮਣੀ ਅਕਾਲੀ ਦਲ ਜਦੋਂ ਅੰਗੇਰਜ਼ਾਂ ਤੋਂ ਸਿੱਖਾਂ ਲਈ ਕੋਈ ਵੱਖਰਾ ਰਾਜਨੀਤਕ ਖਿੱਤਾ ਲੈਣ ਵਿਚ ਫੇਲ੍ਹ ਹੋ ਗਿਆ ਤਾਂ ਉਸ ਨੇ ਆਪਣੀਆਂ ਰਾਜਨੀਤਕ ਸੱਤਾ ਪ੍ਰਾਪਤੀ ਦੀਆਂ ਲਾਲਸਾਵਾਂ ਨੂੰ ਪੂਰਾ ਕਰਨ ਲਈ 1948 ਤੋਂ ਹੀ ਯਤਨ ਆਰੰਭ ਦਿੱਤੇ ਸਨ। ਬਾਅਦ ਵਿਚ ਜਦੋਂ ਅੰਬੇਦਕਰ ਵਰਗੇ ਲੀਡਰਾਂ ਨੇ ਉਨ੍ਹਾਂ ਨੂੰ ਦੱਸਿਆ ਕਿ ਧਰਮ ਦੇ ਆਧਾਰ 'ਤੇ ਨਵਾਂ ਸੂਬਾ ਹੁਣ ਨਹੀਂ ਲਿਆ ਜਾ ਸਕਦਾ, ਕੇਂਦਰੀ ਕਮਿਸ਼ਨ ਭਾਸ਼ਾ ਦੇ ਆਧਾਰ 'ਤੇ ਸੂਬੇ ਬਣਾਉਣ ਲਈ ਬਣ ਰਿਹਾ ਹੈ, ਫਿਰ ਅਕਾਲੀ ਆਗੂਆਂ ਨੇ ਧਰਮ ਦਾ ਨਾਮ ਲਏ ਬਗੈਰ, ਪੰਜਾਬੀ ਭਾਸ਼ਾ ਨੂੰ ਮੋਹਰੇ ਰੱਖ ਕੇ ਆਪਣੀਆਂ ਧਾਰਮਿਕ ਅਤੇ ਰਾਜਨੀਤਕ ਖਾਹਿਸ਼ਾਂ ਦੀ ਪੂਰਤੀ ਲਈ ਸੰਘਰਸ਼ ਵਿੱਢ ਦਿੱਤਾ। ਇਸ ਤਰ੍ਹਾਂ ਅਕਾਲੀ ਦਲ ਦੁਆਰਾ ਪੰਜਾਬੀ ਸੂਬੇ ਦੀ ਮੰਗ ਪਿੱਛੇ ਦੋ ਮੁੱਖ ਮੰਤਵ ਬਣ ਗਏ। ਪਹਿਲਾ ਪੰਜਾਬੀ ਬੋਲੀ ਦੀ ਰੱਖਿਆ ਅਤੇ ਵਿਸਥਾਰ, ਦੂਜਾ ਲੁਕਵਾਂ, ਪਰ ਅਸਲ ਮੁੱਦਾ ਸੀ ਸੱਤਾ ਦੀ ਲਾਲਸਾ। ਨਵਾਂ ਪੰਜਾਬੀ ਸੂਬਾ ਬਣਨ ਨਾਲ ਪੰਜਾਬੀ ਬੋਲੀ ਦਾ ਵਿਸਥਾਰ ਤਾਂ ਸਗੋਂ ਰੁਕ ਗਿਆ, ਪੰਜਾਬੀ ਬੋਲੀ ਦਾ ਘੇਰਾ ਸੀਮਤ ਹੋ ਗਿਆ। ਲਾਹੁਲ ਸਪਿਤੀ, ਕੁੱਲੂ, ਸ਼ਿਮਲਾ, ਕਾਂਗੜਾ ਅਤੇ ਇੱਧਰ ਦਿੱਲੀ ਤੱਕ ਪੰਜਾਬੀ ਬੋਲਣ ਵਾਲੇ ਲੋਕ ਹੁੰਦੇ ਸਨ ਜੋ ਛੋਟੇ ਜਿਹੇ ਖੇਤਰ ਵਿਚ ਸਿਮਟ ਕੇ ਰਹਿ ਗਏ। ਅੱਜ ਲੋਕ ਕਹਿ ਰਹੇ ਹਨ ਕਿ ਹੁਣ ਘਰਾਂ ਵਿਚ ਬੱਚੇ ਪੰਜਾਬੀ ਨਾਲੋਂ ਵੱਧ ਹਿੰਦੀ ਬੋਲਦੇ ਹਨ। ਸਕੂਲਾਂ ਵਿਚ ਵੀ ਹਿੰਦੀ ਅਤੇ ਅੰਗਰੇਜ਼ੀ ਨੂੰ ਤਰਜੀਹ ਦਿੱਤੀ ਜਾਂਦੀ ਹੈ। ਸੋ ਪੰਜਾਬੀ ਦੇ ਵਿਕਾਸ ਵਾਲਾ ਮਿਸ਼ਨ ਫੇਲ੍ਹ ਰਿਹਾ। ਇਹ ਫੇਲ੍ਹ ਹੋਣਾ ਹੀ ਸੀ ਕਿਉਂਕਿ ਪੰਜਾਬੀ ਸੂਬੇ ਦੇ ਸੰਘਰਸ਼ ਲਈ ਇਹ ਅਸਲ ਮੁੱਦਾ ਹੈ ਹੀ ਨਹੀਂ ਸੀ।

ਅਸਲ ਮੁੱਦਾ ਤਾਂ ਸੱਤਾ ਨੂੰ ਹਾਸਲ ਕਰਨ ਦਾ ਸੀ। 1966 ਦੀ ਵੰਡ ਤੋਂ ਬਾਅਦ ਪਹਿਲੀਆਂ ਚੋਣਾਂ 1967 ਵਿਚ ਹੋਈਆਂ ਅਕਾਲੀ ਦਲ ਇੰਨੇ ਵੱਡੇ ਸੰਘਰਸ਼ ਤੋਂ ਬਾਅਦ ਵੀ ਇਕੱਲਾ ਬਹੁਮੱਤ ਨਾ ਲੈ ਸਕਿਆ, ਸਰਕਾਰ ਟੁੱਟ ਗਈ ਤੇ ਫਿਰ 1969 ਵਿਚ ਵੋਟਾਂ ਪਈਆਂ ਅਕਾਲੀ ਦਲ ਫਿਰ ਵੀ ਬਹੁਮੱਤ ਨਾ ਲੈ ਸਕਿਆ, ਪਰ 1970 ਵਿਚ ਮਿਲੀ-ਜੁਲੀ ਸਰਕਾਰ ਵਿਚ ਅਕਾਲੀ ਦਲ ਦੇ ਪ੍ਰਕਾਸ਼ ਸਿੰਘ ਬਾਦਲ ਛੋਟੀ ਉਮਰ ਵਾਲੇ ਮੁੱਖ ਮੰਤਰੀ ਜ਼ਰੂਰ ਬਣ ਗਏ। ਦੋਵੇਂ ਵਾਰ ਸਰਕਾਰ ਬਣਾਉਣ ਲਈ ਉਸੇ ਜਨ ਸੰਘ ਦਾ ਸਹਾਰਾ ਲੈਣਾ ਪਿਆ ਜੋ ਪੰਜਾਬੀ ਸੂਬੇ ਦਾ ਵਿਰੋਧ ਕਰਦੇ ਸਨ। ਸਰਕਾਰ ਫਿਰ ਟੁੱਟ ਗਈ। 1971-72 ਵਿਚ ਲੋਕਾਂ ਨੇ ਅਕਾਲੀਆਂ ਨੂੰ ਪਰਾਂ ਕਰ ਕੇ ਉਸੇ ਕਾਂਗਰਸ ਨੂੰ ਫਿਰ ਵੱਡੀ ਜਿੱਤ ਦਵਾ ਦਿੱਤੀ ਜੋ ਪੰਜਾਬੀ ਸੂਬੇ ਦਾ ਵਿਰੋਧ ਕਰਦੀ ਸੀ ਅਤੇ ਮਹਾਂ ਪੰਜਾਬ ਦੀ ਗੱਲ ਕਰਦੀ ਸੀ। ਅਕਾਲੀ ਸੱਤਾ ਤੋਂ ਫੇਰ ਪਰਾਂ ਰਹੇ। ਬਾਅਦ ਵਿਚ ਕਦੇ ਅਕਾਲੀ ਤੇ ਕਦੇ ਕਾਂਗਰਸੀ ਸੱਤਾ ਵਿਚ ਆਉਂਦੇ ਰਹੇ। ਅਕਾਲੀਆਂ ਦੀ ਸੱਤਾ ਦੀ ਲਾਲਸਾ ਵੀ ਅਸਲ ਵਿਚ ਪੂਰੀ ਨਾ ਹੋ ਸਕੀ।

ਪੰਜਾਬੀ ਸੂਬਾ ਬਣਨ ਤੋਂ ਤਿੰਨ ਸਾਲ ਬਾਅਦ ਮੁੱਖ ਮੰਤਰੀ ਬਣ ਕੇ ਪ੍ਰਕਾਸ਼ ਸਿੰਘ ਬਾਦਲ ਪੰਜਾਬ ਦੇ ਰਾਜਨੀਤਕ ਸੀਨ 'ਤੇ ਆ ਗਏ ਸਨ, ਉਨ੍ਹਾਂ ਨੇ ਸਿੱਖ ਭਾਵਨਾਵਾਂ ਦੀ ਵਰਤੋਂ ਜਾਂ ਸ਼ੋਸ਼ਣ ਕਰ ਕੇ ਕਈ ਵਾਰ ਸੱਤਾ ਦੀ ਵਾਗਡੋਰ ਸੰਭਾਲੀ, ਪਰ ਆਖਰ ਪਰਿਵਾਰਵਾਦ ਨੂੰ ਤਰਜੀਹ ਦੇ ਕੇ ਜੋ ਕੁਝ ਸਿੱਖ ਸਮਾਜ ਜਾਂ ਪੰਜਾਬ ਲਈ ਕੀਤਾ ਉਹ ਸਭ ਦੇ ਸਾਹਮਣੇ ਹੈ। ਅਕਾਲੀ ਦਲ ਦੇ ਸੰਘਰਸ਼ ਦਾ ਸਭ ਤੋਂ ਵੱਧ ਫਾਇਦਾ ਹੋਇਆ ਹਰਿਆਣਵੀਆਂ ਨੂੰ, ਜਿਨ੍ਹਾਂ ਨੂੰ ਬਿਨਾਂ ਮੰਗਿਆਂ ਪਲੇਟ ਵਿਚ ਰੱਖ ਕੇ ਅਕਾਲੀਆਂ ਨੇ ਹਰਿਆਣਾ ਦਵਾ ਦਿੱਤਾ, ਤੇ ਉਥੇ ਬਾਦਲ ਸਾਹਿਬ ਦੇ ਜੁੱਟੀ ਦੇ ਯਾਰ ਹੀ ਨਵੇਂ ਹਾਕਮ ਬਣ ਗਏ।

1966 ਵਿਚ ਇੰਦਰਾ ਗਾਂਧੀ ਦੀ ਕਮਾਂਡ ਹੇਠ ਜੋ ਨਵਾਂ ਪੰਜਾਬ ਬਣਾਇਆ ਤਾਂ ਚੰਡੀਗੜ੍ਹ, ਅਬੋਹਰ ਅਤੇ ਫਾਜ਼ਿਲਕਾ ਦੇ ਪੰਜਾਬੀ ਬੋਲਦੇ ਇਲਾਕੇ ਉਸ ਤੋਂ ਦੂਰ ਰੱਖ ਗਏ, ਅਕਾਲੀਆਂ ਨੇ ਇਸ ਦਾ ਵਿਰੋਧ ਤਾਂ ਕੀਤਾ ਪਰ 1967 ਦੀਆਂ ਚੋਣਾਂ ਵਿਚ ਹਿੱਸਾ ਲੈ ਕੇ, ਇਸ ਨੂੰ ਇਕ ਤਰ੍ਹਾਂ ਪ੍ਰਵਾਨ ਕਰ ਲਿਆ। ਇਨ੍ਹਾਂ ਇਲਾਕਿਆਂ ਨੂੰ ਲੈਣ ਲਈ ਫਿਰ ਨਵਾਂ ਸੰਘਰਸ਼ ਵਿੱਢ ਦਿੱਤਾ। ਬਾਅਦ ਦੀਆਂ ਸਾਰੀਆਂ ਹੀ ਚੋਣਾਂ ਵਿਚ ਉਹ ਚੰਡੀਗੜ੍ਹ ਅਤੇ ਪੰਜਾਬੀ ਬੋਲਦੇ ਇਲਾਕਿਆਂ ਲਈ ਸੰਘਰਸ਼ ਕਰਨ ਦੇ ਨਾਮ 'ਤੇ ਵੋਟਾਂ ਲੈਂਦੇ ਰਹੇ।

ਇਤਿਹਾਸ ਗਵਾਹ ਹੈ ਕਿ ਅੰਗਰੇਜ਼ਾਂ ਸਮੇਂ ਗੁਰਦੁਆਰਿਆਂ ਨੂੰ ਮਹੰਤਾਂ ਤੋਂ ਆਜ਼ਾਦ ਕਰਵਾਉਣ ਤੋਂ ਬਾਅਦ ਅਕਾਲੀ ਦਲ ਨੇ ਕਦੇ ਵੀ ਪੰਜਾਬ ਲਈ ਕੋਈ ਸਾਰਥਕ ਸਹੀ ਕੰਮ ਨਹੀਂ ਕੀਤਾ। ਸਾਰੇ ਮੋਰਚਿਆਂ ਪਿਛੇ ਸੱਤਾ ਦਾ ਲਾਲਚ ਹੁੰਦਾ ਸੀ ਅਤੇ ਇਹ ਮੋਰਚੇ ਪੰਜਾਬ ਦਾ ਮਾਹੌਲ ਖਰਾਬ ਕਰਨ ਵਿਚ ਸਹਾਈ ਹੁੰਦੇ ਰਹੇ। ਆਜ਼ਾਦੀ ਮੌਕੇ ਜਦੋਂ ਜਿਨਾਹ ਅਤੇ ਨਹਿਰੂ ਪਾਕਿਸਤਾਨ ਅਤੇ ਭਾਰਤ ਲਈ ਵਕਾਲਤ ਕਰ ਰਹੇ ਸਨ, ਅਕਾਲੀ ਦਲ ਕਦੇ ਵੀ ਸਿੱਖਾਂ ਲਈ ਵੱਖਰੇ ਰਾਜ ਦੀ ਮੰਗ ਠੋਸ ਅਤੇ ਧੜੱਲੇ ਭਰੇ ਢੰਗ ਨਾਲ ਅੰਗਰੇਜ਼ਾਂ ਤੱਕ ਨਹੀਂ ਪਹੁੰਚਾ ਸਕਿਆ। ਠੀਕ ਹੈ ਕਿ ਉਸ ਸਮੇਂ ਪੰਜਾਬ ਵਿਚ ਸਿੱਖਾਂ ਦੀ ਗਿਣਤੀ ਸਿਰਫ 13 ਪਰਸੈਂਟ ਸੀ, ਇੱਕ ਦੋ ਤਹਿਸੀਲਾਂ ਨੂੰ ਛੱਡ ਕੇ ਇਹ ਕਿਧਰੇ ਵੀ ਬਹੁਮੱਤ ਵਿਚ ਨਹੀਂ ਸਨ, ਜੇ ਧਰਮ ਦੇ ਆਧਾਰ 'ਤੇ ਨਹੀਂ ਤਾਂ ਉਹ ਪੁਰਾਣੇ ਸਿੱਖ ਰਾਜ, ਜਿਸ ਨੂੰ ਅੰਗੇਰਜ਼ਾਂ ਨੇ ਹਥਿਆਇਆ ਸੀ, ਦੇ ਆਧਾਰ 'ਤੇ ਇੱਕ ਸੈਕੂਲਰ ਪੰਜਾਬ ਸਥਾਪਤ ਕਰਨ ਦਾ ਮੁੱਦਾ ਵੀ ਧੜੱਲੇ ਨਾਲ ਨਹੀਂ ਉਠਾ ਸਕੇ। ਇੱਕ ਪੱਖ ਇਹ ਵੀ ਸੀ ਕਿ ਅਕਾਲੀ ਦਲ ਦੇ ਪ੍ਰਧਾਨ ਮਾਸਟਰ ਤਾਰਾ ਸਿੰਘ ਦਾ ਰਾਜਨੀਤਕ ਕੱਦ ਜਿਨਾਹ ਅਤੇ ਨਹਿਰੂ ਦੇ ਮੁਕਾਬਲੇ ਬਹੁਤ ਛੋਟਾ ਸੀ। ਉਹ ਅੰਗਰੇਜ਼ਾਂ ਨਾਲ ਧੜੱਲੇ ਨਾਲ ਗੱਲ ਕਰਨ ਦੀ ਸਮਰੱਥਾ ਨਹੀਂ ਸੀ ਰੱਖਦੇ ਅਤੇ ਨਾ ਹੀ ਉਨ੍ਹਾਂ ਨੂੰ ਡਿਪਲੋਮੇਸੀ ਆਉਂਦੀ ਸੀ। ਉਹ ਕਦੇ ਜਿਨਾਹ ਨਾਲ ਅਤੇ ਕਦੇ ਨਹਿਰੂ ਨਾਲ ਬਾਰਗੇਨਿੰਗ ਕਰਦੇ ਰਹੇ। ਉਹ ਵਿਜ਼ਨਰੀ ਆਗੂ ਨਹੀਂ ਸਨ। ਅਸਲ ਵਿਚ ਮਾਸਟਰ ਤਾਰਾ ਸਿੰਘ ਅੰਗਰੇਜ਼ ਹਾਕਮਾਂ ਨੂੰ ਮਿਲਣ ਦਾ ਹੀਆਂ ਜਾਂ ਦਲੇਰੀ ਹੀ ਨਹੀਂ ਸਨ ਰੱਖਦੇ।

ਅਕਾਲੀ ਆਗੂਆਂ ਪਾਸ ਇੱਕ ਵਿਕਲਪ ਬੋਲੀ ਦੇ ਆਧਾਰ 'ਤੇ ਵੱਖਰਾ ਦੇਸ਼ ਮੰਗਣ ਦਾ ਵੀ ਸੀ। ਉਸ ਸਮੇਂ ਲਾਰਡ ਮੈਕਡੌਨਲਡ ਨੇ ਸਿੱਖ ਆਗੂਆਂ ਨੂੰ ਪੰਜਾਬੀ ਭਾਸ਼ਾ ਦੇ ਆਧਾਰ 'ਤੇ ਵੱਖਰਾ ਦੇਸ਼ ਮੰਗਣ ਲਈ ਇੱਕ ਅੱਧ ਵਾਰ ਗੱਲ ਕਹੀ ਦੱਸੀ ਜਾਂਦੀ ਹੈ, ਪਰ ਉਸ ਸਮੇਂ ਪੰਜਾਬੀ ਬੋਲੀ ਦੇ ਆਧਾਰ 'ਤੇ ਵੀ ਉਹ ਲਹਿਰ ਖੜੀ ਨਹੀਂ ਕਰ ਸਕੇ। ਪਰ ਇਸ ਲਈ ਲੋਕ ਲਹਿਰ ਖੜੀ ਕਰਨ ਲਈ ਅਤੇ ਇਸ ਦੇ ਹੱਕ ਵਿਚ ਬਿਰਤਾਂਤ ਖੜਾ ਕਰਨ ਲਈ, ਵੱਡੀ ਸੁਲਝੀ ਹੋਈ ਧੜੱਲੇਦਾਰ ਲੀਡਰਸ਼ਿਪ ਦੀ ਲੋੜ ਸੀ। ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਅੱਜ ਤੱਕ ਵੀ ਸਿੱਖਾਂ ਨੂੰ ਕੋਈ ਵਿਜ਼ਨਰੀ, ਦੂਰ ਅੰਦੇਸ਼, ਸਟੇਟਸਮੈਨਸ਼ਿੱਪ ਵਾਲਾ ਲੀਡਰ ਨਹੀਂ ਮਿਲਿਆ।

ਉਹੀ ਲੀਡਰਸ਼ੀਪ ਜੋ ਅੰਗਰੇਜ਼ਾਂ ਵੇਲੇ ਪੰਜਾਬੀ ਬੋਲੀ ਦੇ ਆਧਾਰ 'ਤੇ ਵੱਖਰਾ ਦੇਸ਼ ਬਣਾਉਣ ਲਈ ਸਾਰਥਕ ਸੰਘਰਸ਼ ਤੋਂ ਖੁੰਝ ਗਈ ਸੀ, ਨੇ ਬਾਅਦ ਵਿਚ ਉਸ ਬੋਲੀ ਦੇ ਆਧਾਰ 'ਤੇ ਹੀ ਪੰਜਾਬੀ ਸੂਬੀ ਬਣਾਉਣ ਲਈ ਮਰਨ ਵਰਤ ਰੱਖਣੇ ਸ਼ੁਰੂ ਕਰ ਦਿੱਤੇ। ਸੂਬੇ ਦੇ ਮਸਲੇ ਨੂੰ ਸਿੱਖ ਧਰਮ ਨਾਲ ਜੋੜ ਕੇ, ਹਰਿਮੰਦਰ ਸਾਹਿਬ ਕੰਪਲੈਕਸ ਵਿਚੋਂ ਸੰਘਰਸ਼ੀਆਂ ਨੂੰ ਮੋਰਚਿਆਂ ਵਿਚ ਭੇਜਣ ਦੀ ਕਿਰਿਆ ਸ਼ੁਰੂ ਕਰ ਕੇ, ਭਾਸ਼ਾਈ ਸੰਘਰਸ਼ ਨੂੰ ਵੀ ਕਮਿਊਨਲ ਰੂਪ ਦੇ ਦਿੱਤਾ, ਜਿਸ ਕਾਰਨ ਪਾਕਿਸਤਾਨ ਵੰਡ ਤੋਂ ਬਾਅਦ ਸਹਿਮੇ ਹਿੰਦੂਆਂ ਨੂੰ ਮਹਾਸ਼ਾ ਪਰੈਸ ਨੇ ਹੋਰ ਟੂਲ ਦੇ ਦਿੱਤੀ ਤੇ ਉਹ ਡਰ ਕਾਰਨ ਪੰਜਾਬੀ ਮਾਂ ਬੋਲੀ ਤੋਂ ਹੀ ਕਿਨਾਰਾ ਕਰ ਗਏ। ਇਸ ਡਰ ਅਧੀਨ ਪੰਜਾਬੀ ਹਿੰਦੂਆਂ ਨੇ ਮਜਬੂਰੀ ਵਸ ਆਪਣੀ ਮਾਂ ਭਾਸ਼ਾ ਹਿੰਦੀ ਘੋਸ਼ਤ ਕਰ ਦਿੱਤੀ। ਸਿੱਟੇ ਵਜੋਂ 1951 ਅਤੇ 1961 ਵਿਚ ਹਿੰਦੀ ਨੂੰ ਮਾਤ ਭਾਸ਼ਾ ਲਿਖਵਾ ਦਿੱਤਾ ਜਿਸ ਕਾਰਨ ਅੰਬਾਲਾ, ਹਿਸਾਰ, ਜੀਂਦ ਅਤੇ ਕਰਨਾਲ ਦੇ ਪੰਜਾਬੀ ਬੋਲਣ ਵਾਲੇ ਹਿੰਦੂ ਵੀ ਪੰਜਾਬੀ ਦੀ ਥਾਂ ਹਿੰਦੀ ਭਾਸ਼ਾਈ ਬਣ ਗਏ। ਇਹ ਖੇਤਰ ਜੋ ਪੰਜਾਬ ਵਿਚ ਆ ਸਕਦੇ ਸਨ, ਅਕਾਲੀਆਂ ਅਤੇ ਸੰਘੀਆਂ ਦੇ ਸੰਪਰਦਾਇਕ ਏਜੰਡਿਆਂ ਕਾਰਨ ਵਰਤਮਾਨ ਪੰਜਾਬ ਤੋਂ ਬਾਹਰ ਰਹਿ ਗਏ।

ਅਸਲ ਵਿਚ ਤਾਂ 1947 ਤੋਂ ਬਾਅਦ ਬਣੇ ਪੰਜਾਬੀ ਸੂਬੇ ਨੂੰ ਬੋਲੀ ਦੇ ਆਧਾਰ 'ਤੇ ਵੰਡਣ ਦੀ ਲੋੜ ਹੀ ਨਹੀਂ ਸੀ। ਬੋਲੀ ਦੇ ਆਧਾਰ 'ਤੇ ਵੰਡ ਦਾ ਅਰਥ ਸੀ ਪੰਜਾਬੀਆਂ ਨੂੰ ਵੰਡਣਾ ਤੇ ਉਹ ਵੰਡ ਦਿੱਤਾ ਜਿਸ ਦਾ ਸੰਤਾਪ ਪੰਜਾਬੀ ਅੱਜ ਤੱਕ ਭੋਗ ਰਹੇ ਹਨ। ਚੰਡੀਗੜ੍ਹ, ਪੰਜਾਬੀ ਬੋਲਦੇ ਇਲਾਕੇ, ਪਾਣੀਆਂ ਦੀ ਵੰਡ ਆਦਿ ਸਭ ਇਸ ਵੰਡ ਦੇ ਹੀ ਨਤੀਜੇ ਹਨ। ਰਾਜਨੀਤਕ ਪਾਰਟੀਆਂ ਅਤੇ ਆਗੂਆਂ ਲਈ ਇਹ ਮੁੱਦੇ ਹਨ, ਪਰ ਆਮ ਪੰਜਾਬੀਆਂ ਲਈ ਇਹ ਸੰਤਾਪ ਹੈ। ਅੱਜ ਹਰ ਸਮੇਂ ਇਨ੍ਹਾਂ ਮੁੱਦਿਆਂ 'ਤੇ ਸਿਆਸਤ ਹੁੰਦੀ ਰਹਿੰਦੀ ਹੈ।

ਖੈਰ ਵਿਸ਼ਾਲ ਹਿਰਦੇ ਅਤੇ ਸੋਚ ਵਾਲੇ ਪੰਜਾਬੀ ਛੋਟੇ ਜਿਹੇ ਖਿੱਤੇ ਵਿਚ ਸੁੰਗੜ ਕੇ ਨਹੀਂ ਸਨ ਰਹਿ ਸਕਦੇ। ਉਨ੍ਹਾਂ ਨੇ ਭਾਰਤ ਵਿਚ ਫੈਲਣ ਦੇ ਨਾਲ ਨਾਲ ਦੁਨੀਆਂ ਵਿਚ ਫੈਲਣਾ ਸ਼ੁਰੂ ਕਰ ਦਿੱਤਾ। ਅੱਜ ਉਨ੍ਹਾਂ ਦੀਆਂ ਹੱਦਾਂ ਤਕਰੀਬਨ 150 ਦੇਸ਼ਾਂ ਤੱਕ ਫੈਲ ਗਈਆਂ ਹਨ। 50 ਲੱਖ ਦੇ ਕਰੀਬ ਪੰਜਾਬੀ ਵਿਸ਼ਵ ਧਰਾਤਲ 'ਤੇ ਪੰਜਾਬੀ ਸੱਭਿਆਚਾਰਕ ਤਹਿਜ਼ੀਬ ਦੀ ਖੁਸ਼ਬੋ ਫੈਲਾਅ ਰਹੇ ਹਨ।

## ਸੰਪਾਦਕ ਦੀ ਡਾਕ

ਸਤਿਕਾਰਯੋਗ ਐਡੀਟਰ ਸਾਹਿਬ,

ਮੈਂ ਆਪ ਜੀ ਦੇ ਅਖ਼ਬਾਰ (ਪੰਜਾਬ ਟਾਈਮਜ਼) ਦੀ ਹਮੇਸ਼ਾ ਬੇਸਬਰੀ ਨਾਲ ਉਡੀਕ ਕਰਦਾ ਹਾਂ। ਪਿਛਲੇ 15 ਸਾਲਾਂ ਤੋਂ ਤੁਸੀਂ ਨਿਰੰਤਰ ਪੇਪਰ ਭੇਜ ਰਹੇ ਹੋ, ਜਿਸ ਲਈ ਮੈਂ ਆਪ ਦਾ ਬਹੁਤ ਧੰਨਵਾਦੀ ਹਾਂ। ਪੰਜਾਬ ਟਾਈਮਜ਼ ਤੋਂ ਮੈਨੂੰ ਆਪਣੇ ਪੰਜਾਬ ਦੀਆਂ (ਖਬਰਾਂ) ਜਾਣਕਾਰੀਆਂ ਮਿਲਦੀਆਂ ਰਹਿੰਦੀਆਂ ਹਨ। ਪਤਾ ਲੱਗਦਾ ਰਹਿੰਦਾ ਹੈ ਕਿ ਆਪਣੇ ਪਿਆਰੇ ਵਤਨ ਵਿਚ ਕੀ ਚੱਲ ਰਿਹਾ ਹੈ। ਲੇਖਾਂ ਦਾ ਵਿਚਾਰ-ਵਟਾਂਦਰਾ ਇਸ ਪੇਪਰ ਦਾ ਵੱਡਾ ਹਾਸਲ ਹੈ। ਦੋਨਾਂ ਪਾਸਿਆਂ ਦੇ ਵਿਚਾਰ (**ਦਣਬਅਟਣ**) ਪੜ੍ਹ ਕੇ ਪਾਠਕ ਖੁਦ ਨਿਰਣੇ 'ਤੇ ਪਹੁੰਚ ਜਾਂਦਾ ਹੈ ਕਿ ਕੀ ਸਹੀ ਹੈ ਅਤੇ ਕੀ ਗਲਤ ਹੈ। ਅੱਗੇ ਤੋਂ ਇਹ ਖਾਮੀਆਂ ਤੋਂ ਕਿਵੇਂ ਬਚਾਅ ਕਰਨਾ ਹੈ ਤਾਂ ਕਿ ਪੰਜਾਬ ਦੀ ਜਵਾਨੀ, ਅਤੇ ਪੰਜਾਬ ਦਾ ਹੋਰ ਨੁਕਸਾਨ ਨਾ ਹੋਵੇ। ਇਕ ਵਾਰ ਫਿਰ ਆਪ ਜੀ ਦਾ ਬਹੁਤ ਧੰਨਵਾਦੀ ਹਾਂ। ਪੰਜਾਬ ਟਾਈਮਜ਼ ਮਿਆਰੀ ਪੱਤਰਕਾਰੀ ਦਾ ਮੁੱਦਈ ਹੈ ਤੇ ਮੇਰੇ ਵਰਗੇ ਪਾਠਕਾਂ ਤਕ ਇਸ ਨੂੰ ਭੇਜਣ ਦਾ ਸਿਲਸਿਲਾ ਨਿਰੰਤਰ ਜਾਰੀ ਹੈ। ਪਰਮਾਤਮਾ ਕਰੇ ਪੰਜਾਬ ਟਾਈਮਜ਼ ਦਿਨ ਦੁੱਗਣੀ ਅਤੇ ਰਾਤ ਚੌਗੁਣੀ ਤਰੱਕੀ ਕਰੇ!

***-ਪ੍ਰਦੀਪ ਸਿੰਘ***

## ਹੈਲੋਵੀਨ (ਗੋਰਿਆਂ ਦਾ ਵਹਿਮ)

ਜਦੋਂ ਮਨੁੱਖ ਧਰਤੀ 'ਤੇ ਆਇਆ,
ਵਹਿਮ ਭਰਮ ਨਾਲ ਲਿਆਇਆ।
ਗਰੀਬ, ਅਮੀਰ, ਸਿੱਖ ਹੋਵੇ ਜਾਂ ਮੋਨਾ,
ਧਰਤੀ ਦਾ ਸੱਖਣਾ ਨਹੀਂ ਕੋਈ ਕੋਨਾ।

ਮਨੋਵਿਗਿਆਨ ਦੀ ਹੈ ਸਮੱਸਿਆ।
ਹਰ ਇਕ ਦੇ ਹੈ ਮਨ ਵਿਚ ਵੱਸਿਆ।
ਪਿੱਛੜੇ ਦੇਸ਼ ਜਾਂ ਨੇ ਤਰੱਕੀਆਂ ਵਾਲੇ,
ਪਰ ਹਰ ਥਾਂ ਵਹਿਮਾਂ ਦੇ ਘਾਲੇ-ਮਾਲੇ।

ਭਾਵੇਂ ਅਮਰੀਕਾ ਵਾਲੇ ਪਹੁੰਚੇ ਮੰਗਲ,
ਪਰ ਅਜੇ ਟੁੱਟੇ ਨਹੀਂ ਭਰਮ ਦੇ ਸੰਗਲ।
ਸਾਡੇ ਲੋਕਾਂ ਵਰਗੇ ਇੱਥੇ ਭੀ ਵੱਸਦੇ,
ਮਾੜੀਆਂ ਰੂਹਾਂ, ਭੂਤਾਂ ਤੋਂ ਡਰ ਕੇ ਨੱਸਦੇ।

ਇੱਕ ਤਿਉਹਾਰ ਹੈਲੋਵੀਨ ਮਨਾਉਂਦੇ,
ਭੂਤ ਪ੍ਰੇਤ ਧਰਤੀ 'ਤੇ ਅਸਮਾਨੋਂ ਆਉਂਦੇ।
ਇਹ ਮਿੱਥ ਹੈ ਲੋਕਾਂ ਦੇ ਮਨ ਵੱਸਦੀ,
ਕਰਦੇ ਹੀਲੇ ਰੂਹ ਦੂਰ ਕਿੰਝ ਨੱਸਦੀ।

ਸੰਤਰੀ ਰੰਗ ਕੱਦੂ ਕਰੋਲ ਭੂਤ ਬਣਾਂਦੇ,
ਸਰਦਲਾਂ ਉੱਤੇ ਲਿਆ ਫਿਰ ਧਰਾਂਦੇ।
ਡਰੌਣੇ ਪਿੰਜਰ ਬੂਹੇ ਉੱਤੇ ਲਟਕਾਂਦੇ,
ਜਾਲੇ ਲਟਕਾਅ ਘਰ ਖੰਡਰ ਦਿਖਾਂਦੇ।

ਭੂਤਾਂ ਨੂੰ ਡਰਾਉਣ ਲਈ ਸੀਨ ਬਣਾਂਦੇ,
ਬਣਾ ਨਜ਼ਾਰਾ ਘਰ ਬਾਹਰੋਂ ਹੀ ਭਜਾਂਦੇ।
ਇੰਝ ਅੰਦਰ ਜਾਣੋਂ ਵਰਜਦੇ ਨੇ ਭੂਤ ਨੂੰ,
ਰਾਹ ਵਿਚ ਰੋਕਦੇ ਕਾਲੀ ਕਰਤੂਤ ਨੂੰ।

ਇਕੱਤੀ ਅਕਤੂਬਰ ਪੱਕੀ ਹੈ ਤਰੀਕ,
ਸ਼ਕਲਾਂ ਬਣਾਂਦੇ ਜਿਉਂ ਭੂਤ ਦੇ ਸ਼ਰੀਕ।
ਮੂੰਹਾਂ 'ਤੇ ਬੱਚਿਆਂ ਦੇ ਮੌਖਟੇ ਡਰਾਵਣੇ,
ਅਜੀਬ ਹੁੰਦੇ ਕੱਪੜੇ ਜਿਵੇਂ ਵੱਢ ਖਾਵਣੇ।

ਹਰ ਘਰ ਮੰਗਦੇ ਟੌਫੀਆਂ ਤੇ ਗੋਲੀਆਂ,
ਜਾਪੇ ਲੋਹੜੀ ਪਰ ਕੱਪੜੇ ਵਾਂਗ ਹੋਲੀਆਂ।
ਗੀਤ ਗਾ ਮੰਗਦੇ 'ਟ੍ਰਿਕ ਔਰ ਟਰੀਟ' ਦਾ,
ਹੁੰਦਾ ਸਾਰਾ ਖੇਲ ਇੱਕ ਟੌਫ਼ੀ ਸਵੀਟ ਦਾ।

ਵੱਡੇ ਧੰਦੇ ਵਾਲਿਆਂ ਹੈ ਜਾਲ ਵਿਛਾਇਆ,
ਬਹਾਨੇ ਨਾਲ ਕਰ ਲੈਂਦੇ 'ਕੱਠੀ ਮਾਇਆ।
ਸਦੀਆਂ ਤੋਂ ਅਜੀਬ ਜਿਹੀ ਰੀਤ ਚਲਾਈ,
ਨਾ ਕਦੇ ਭੂਤ ਪ੍ਰੇਤ ਨਾ ਰੂਹ ਕਦੇ ਆਈ।

***-ਸੇਵਾ ਸਿੰਘ 'ਨੂਰਪੁਰੀ'***

# ਪਰਵਾਸੀ ਨੌਜਵਾਨਾਂ ਦੀ ਹੋਣੀ ਇਕ ਹੋਰ ਪੁਲ ਸਰਾਤ

*ਅਮਰੀਕਾ ਵੱਸਦੇ ਉਘੇ ਲਿਖਾਰੀ ਬਲਦੇਵ ਸਿੰਘ ਗਰੇਵਾਲ ਦਾ ਨਵਾਂ ਨਾਵਲ 'ਇਕ ਹੋਰ ਪੁਲ ਸਰਾਤ' ਛਪਿਆ ਹੈ। ਇਹ ਗੈਰ-ਕਾਨੂੰਨੀ ਢੰਗ ਨਾਲ ਪਰਵਾਸ ਕਰਨ ਵਾਲੇ ਨੌਜਵਾਨਾਂ ਦੀ ਹੋਣੀ ਬਿਆਨ ਕਰਦਾ ਹੈ। ਇਸ ਤੋਂ ਪਹਿਲਾਂ ਉਨ੍ਹਾਂ ਦਾ ਨਾਵਲ 'ਪਰਿਕਰਮਾ' ਖੂਬ ਚਰਚਿਤ ਹੋਇਆ ਸੀ। ਉਨ੍ਹਾਂ ਦਾ ਇਕ ਕਹਾਣੀ ਸੰਗ੍ਰਹਿ 'ਸੀਤੇ ਬੁੱਲ੍ਹਾਂ ਦਾ ਸੁਨੇਹਾ' ਵੀ ਛਪ ਚੁੱਕਾ ਹੈ।*

ਕਲਾ ਪਰਿਕਰਮਾ


ਗਲਪਕਾਰ ਬਲਦੇਵ ਸਿੰਘ ਗਰੇਵਾਲ ਦਾ ਨਵਾਂ ਨਾਵਲ 'ਇਕ ਹੋਰ ਪੁਲ ਸਰਾਤ' ਗੈਰ-ਕਾਨੂੰਨੀ ਢੰਗ ਨਾਲ ਪਰਵਾਸ ਕਰਨ ਵਾਲੇ ਨੌਜਵਾਨਾਂ ਦੀ ਹੋਣੀ ਨੂੰ ਬਿਆਨ ਕਰਦਾ ਹੈ। ਨਾਵਲ ਦੀ ਕਹਾਣੀ ਬੇਸ਼ੱਕ ਪੰਜਾਬ ਵਿਚ ਵੀਹਵੀਂ ਸਦੀ ਦੇ ਨੌਵੇਂ ਦਹਾਕੇ ਵਿਚ ਪੈਦਾ ਸੰਕਟ ਅਤੇ ਉਸ ਵਿਚੋਂ ਨਿਕਲਣ ਦੇ ਯਤਨਾਂ ਦੀ ਹੈ ਪਰ ਨਾਵਲ ਸਮਕਾਲ ਵਿਚ ਇਸ ਦੀ ਪ੍ਰਸੰਗਕਤਾ ਉਜਾਗਰ ਕਰਨ ਵੱਲ ਅਹੁਲਦਾ ਹੈ। ਨਾਵਲ ਦੇ ਪਾਠ ਦੌਰਾਨ ਮਨ ਅੰਦਰ ਇਸ ਦੀ ਸਮਕਾਲੀ ਪ੍ਰਸੰਗਕਤਾ ਬਾਰੇ ਇਹੀ ਵਿਚਾਰ ਚੱਲਦਾ ਰਿਹਾ ਕਿ ਸਮਕਾਲ ਵਿਚ ਜਦੋਂ ਆਈਲੈਟਸ ਤੇ ਹੋਰ ਕਾਨੂੰਨੀ ਢੰਗਾਂ ਨਾਲ ਵਿਦੇਸ਼ ਜਾਣ ਦੇ ਅਨੇਕਾਂ

**ਡਾ. ਹਰਿੰਦਰ ਸਿੰਘ**
ਫੋਨ: +91-84274-98822

ਰਾਹ ਖੁੱਲ੍ਹੇ ਹੋਏ ਹਨ ਤਾਂ ਕੀ ਫਿਰ ਨੌਜਵਾਨ ਗ਼ੈਰ-ਕਾਨੂੰਨੀ ਢੰਗਾਂ ਨਾਲ ਐਨਾ ਖਤਰਾ ਮੁੱਲ ਲੈ ਕੇ ਅਜੇ ਵੀ ਜਾਂਦੇ ਹੋਣਗੇ? ਦੂਜੇ ਦਿਨ ਮੇਰੀ ਕਲਾਸ ਵਿਚ ਇਕ ਵਿਦਿਆਰਥੀ ਨੂੰ ਜਦੋਂ ਮੈਂ ਲੇਟ ਦਾਖਲਾ ਲੈਣ ਦਾ ਕਾਰਨ ਪੁੱਛਿਆ ਤਾਂ ਉਸ ਨੇ ਦੱਸਿਆ, "ਸਰ! ਮੈਂ ਡੌਂਕੀ ਲਾ ਕੇ ਆਇਆਂ।" ਉਸ ਨੇ ਪਨਾਮਾ ਦੇ ਜੰਗਲਾਂ ਅਤੇ ਹੋਰ ਥਾਵਾਂ ਦਾ ਜ਼ਿਕਰ ਕੀਤਾ ਤਾਂ ਨਾਵਲੀ ਵਿਸ਼ੇ ਦੀ ਅੱਜ ਵਾਲੀ ਸਾਰਥਿਕਤਾ ਦਾ ਪੈਦਾ ਹੋਇਆ ਸਵਾਲ ਹੱਲ ਹੋ ਗਿਆ। ਇਸ ਹਿਸਾਬ ਨਾਲ ਇਸ ਵਿਸ਼ੇ ਦੀ ਸਾਰਥਿਕਤਾ ਹੋਰ ਵੀ ਜ਼ਿਆਦਾ ਵਧ ਜਾਂਦੀ ਹੈ।

ਨਾਵਲ ਦੀ ਕਹਾਣੀ ਇਸ ਦੇ ਕੇਂਦਰੀ ਪਾਤਰ ਸੁਖਜੀਤ ਦੀ ਕਹਾਣੀ ਹੈ ਜਿਹੜਾ ਆਪਣੀ ਜਮਾਤੀ ਅੰਮ੍ਰਿਤ ਦੇ ਪੁਲਸੀਏ ਬਾਪ ਤੋਂ ਡਰਦਾ ਉਸ ਸਮੇਂ ਪੰਜਾਬ ਛੱਡਣ ਦਾ ਫੈਸਲਾ ਕਰਦਾ ਹੈ ਜਦੋਂ ਪੰਜਾਬ ਵਿਚ ਪੁਲਿਸ ਵੱਲੋਂ ਬੇਕਸੂਰ ਨੌਜਵਾਨਾਂ ਨੂੰ ਝੂਠੇ ਮੁਕਾਬਲੇ ਬਣਾ ਕੇ ਮਾਰਿਆ ਜਾ ਰਿਹਾ ਸੀ। ਉਹ ਗ਼ੈਰ-ਕਾਨੂੰਨੀ ਢੰਗ ਨਾਲ ਮਹੀਨਿਆਂ ਬੱਧੀ ਸਫਰ ਤੇ ਭਟਕਣਾ ਬਾਅਦ ਅਮਰੀਕਾ ਪਹੁੰਚਦਾ ਹੈ। ਇਹ ਸਫਰ ਸਿਰਫ ਪੰਜਾਬ ਦੇ ਨੌਜਵਾਨ ਹੀ ਨਹੀਂ ਸਗੋਂ ਹੋਰਨਾਂ ਦੇਸ਼ਾਂ ਦੇ ਮੁੰਡੇ ਕੁੜੀਆਂ ਵੀ ਕਰਦੇ ਹਨ। ਪੰਜਾਬ ਤੋਂ ਸੁਖਜੀਤ, ਕਰਨੈਲ, ਜਿੰਦਰ, ਹਰਪਾਲਜੀਤ; ਕੰਬੋਡੀਆ ਦੇ ਭੈਣ ਭਰਾ ਅੰਤੋਨੀਆ ਤੇ ਐਂਡਰਸ, ਪਾਕਿਸਤਾਨ ਤੋਂ ਮੁਸ਼ਤਾਕ ਤੇ ਕੁਝ ਗੁਜਰਾਤੀ ਮੁੰਡੇ ਆਦਿ। ਸਭਨਾਂ ਦੀਆਂ ਆਪੋ-ਆਪਣੀਆਂ ਮਜਬੂਰੀ ਭਰੀਆਂ ਦਰਦ ਕਹਾਣੀਆਂ ਹਨ। ਨਾਵਲ ਦਾ ਬਿਰਤਾਂਤਕ ਸੰਗਠਨ ਇਸ ਸਫਰ ਦੌਰਾਨ ਪੈਦਾ ਹੋਣ ਵਾਲੀਆਂ ਮੁਸ਼ਕਿਲਾਂ 'ਤੇ ਉੱਸਰਿਆ ਹੋਇਆ ਹੈ।

ਇਸ ਬਿਰਤਾਂਤ ਦੇ ਹੋਰ ਵੀ ਅਨੇਕਾਂ ਉਪ ਪਾਸਾਰ ਹਨ। ਮੁਸ਼ਤਾਕ ਆਪਣਾ ਵਤਨ ਛੱਡਣ ਦਾ ਕਾਰਨ ਦੱਸਦਾ ਹੈ: "ਜਿਹੜਾ ਦੇਸ ਆਪਣੀ ਰਿਆਇਆ ਨੂੰ ਬੁਨਿਆਦੀ ਜ਼ਰੂਰੀਆਤ ਮੁਹੱਈਆ ਨਾ ਕਰਾ ਸਕੇ, ਉਸ ਨੂੰ ਵਤਨ ਕਹਿਣਾ ਹੀ ਕਿਉਂ? ਤੇ ਉਸ ਨੂੰ ਛੱਡਣ ਦਾ ਅਫਸੋਸ ਹੀ ਕਿਉਂ?" ਮੁਸ਼ਤਾਕ ਦੇ ਇਹਨਾਂ ਸ਼ਬਦਾਂ ਵਿਚ ਵੱਡੇ ਸਿਆਸੀ ਸੰਕਟ ਦਾ ਸੱਚ ਲੁਕਿਆ ਹੋਇਆ ਹੈ। ਇਸੇ ਤਰ੍ਹਾਂ ਕੰਬੋਡੀਆ ਵਿਚ ਡਰੱਗ ਮਾਫੀਆ ਸੱਤਾ ਦੇ ਕੰਟਰੋਲ ਤੋਂ ਬਾਹਰ ਹੋਣ ਕਾਰਨ ਉੱਥੇ ਬੇਕਸੂਰਾਂ ਨੂੰ ਮਾਰਿਆ ਜਾ ਰਿਹਾ ਹੈ। ਅੰਤੋਨੀਆ ਤੇ ਉਸ ਦਾ ਭਰਾ ਇਸੇ ਕਾਰਨ ਦੇਸ਼ ਛੱਡਦੇ ਹਨ। ਗੁਜਰਾਤ ਵਿਚ ਉੱਥੋਂ ਦੇ ਅਮੀਰ ਘਰਾਣੇ ਗ਼ਰੀਬਾਂ ਨੂੰ ਬੰਦਾ ਨਹੀਂ ਸਮਝਦੇ। ਨਾਵਲ ਵਿਚ ਅਜਿਹੇ ਸੰਕਟਾਂ ਵੱਲ ਇਸ਼ਾਰਾ ਕੀਤਾ ਗਿਆ ਹੈ।




*ਅਮਰੀਕਾ ਵੱਸਦੇ ਬਲਦੇਵ ਸਿੰਘ ਗਰੇਵਾਲ ਦੇ ਨਾਵਲ 'ਇਕ ਹੋਰ ਪੁਲ ਸਰਾਤ' ਦਾ ਮੁਖੜਾ।*



*ਬਲਦੇਵ ਸਿੰਘ ਗਰੇਵਾਲ*

ਲੇਖਕ ਨੇ ਭਾਵੇਂ ਨਾਵਲ ਦੇ ਮੁੱਢ ਵਿਚ ਇਹ ਨਾਵਲ ਲਿਖਣ ਦੇ ਉਦੇਸ਼ ਵਿਚ ਇਹ ਦੱਸਿਆ ਹੈ ਕਿ ਉਹ ਪੰਜਾਬ ਤੋਂ ਆਉਣ ਵਾਲੇ ਨੌਜਵਾਨਾਂ ਅੱਗੇ ਵਿਦੇਸ਼ ਵਿਚ ਆਉਣ ਵਾਲੀਆਂ ਔਕੜਾਂ ਦੀ ਸਹੀ ਤਸਵੀਰ ਪੇਸ਼ ਕਰ ਕੇ ਉਹਨਾਂ ਨੂੰ ਆਪਣੇ ਹੀ ਦੇਸ਼ ਵਿਚ ਰਹਿਣ ਲਈ ਪ੍ਰੇਰਤ ਕਰਨਾ ਹੈ ਪਰ ਇਸ ਲਈ ਉਹ ਨਾਵਲ ਵਿਚ ਪੰਜਾਬ ਦੇ ਨੌਜਵਾਨਾਂ ਅੱਗੇ ਆਪਣਾ ਦੇਸ਼ ਨਾ ਛੱਡਣ ਦਾ ਕੋਈ ਠੋਸ ਮਾਡਲ ਨਹੀਂ ਉਸਾਰ ਸਕਿਆ। ਜਿਹੜੀਆਂ ਮੁਸ਼ਕਿਲਾਂ ਕਾਰਨ ਉਹ ਆਪਣਾ ਦੇਸ਼ ਛੱਡਦੇ ਹਨ, ਉਹਨਾਂ ਦੇ ਸਾਹਮਣੇ ਉਹਨਾਂ ਨੂੰ ਪਰਵਾਸ ਦੀਆਂ ਸਮੱਸਿਆਵਾਂ ਕੁਝ ਵੀ ਨਹੀਂ ਜਾਪਦੀਆਂ। ਪਰਵਾਸ ਦੀਆਂ ਸਮੱਸਿਆਵਾਂ ਨੂੰ ਦੱਸਣ ਦੇ ਨਾਲ-ਨਾਲ ਆਪਣੇ ਦੇਸ਼ ਵਿਚ ਰਹਿੰਦੇ ਹੋਏ ਉਪਜੀਵਕਾ ਕਮਾਉਣ ਦੇ ਬਾਰੇ ਬਿਰਤਾਂਤ ਖੜ੍ਹਾ ਕਰਨ ਦੀ ਵੀ ਲੋੜ ਹੈ। ਪਲਾਇਨ ਕਰ ਰਹੀ ਪੰਜਾਬ ਦੀ ਜਵਾਨੀ ਲਈ ਜ਼ਿੰਮੇਵਾਰ ਦੋਸ਼ੀ ਧਿਰਾਂ ਨੂੰ ਨਿੰਦਣ-ਭੰਡਣ ਤੇ ਉਹਨਾਂ ਵਿਰੁੱਧ ਲੋਕ ਚੇਤਨਾ ਉਭਾਰਨ ਦੀ ਵੱਡੀ ਲੋੜ ਹੈ।

ਨਾਵਲ ਦਾ ਮੁੱਖ ਬਿਰਤਾਂਤ ਸੁਖਜੀਤ ਤੇ ਬਾਕੀ ਨੌਜਵਾਨਾਂ ਦੇ ਅਮਰੀਕਾ ਪਹੁੰਚਣ ਨਾਲ ਸਬੰਧਿਤ ਹੈ। ਅਮਰੀਕਾ ਪਹੁੰਚਣ ਤੋਂ ਬਾਅਦ ਉਹਨਾਂ ਲਈ ਨਸਲੀ ਵਿਤਕਰਾ ਤੇ ਹੋਰ ਸੰਕਟ ਦਰਪੇਸ਼ ਹਨ ਪਰ ਜਿਹੜਾ ਕਸ਼ਟ ਉਹ ਰਸਤੇ ਵਿਚ ਝੱਲ ਕੇ ਆਏ ਹਨ, ਉਸ ਅੱਗੇ ਹੋਰ ਸਭ ਸਮੱਸਿਆਵਾਂ ਬਹੁਤ ਛੋਟੀਆਂ ਹਨ। ਇਸ ਤਰ੍ਹਾਂ ਨਾਵਲਕਾਰ ਇਸ ਬਿਰਤਾਂਤ ਰਾਹੀਂ ਗ਼ੈਰ-ਕਾਨੂੰਨੀ ਪਰਵਾਸ ਪ੍ਰਤੀ ਅਸਹਿਮਤੀ ਪ੍ਰਗਟਾਉਂਦਾ ਹੈ।

ਮੁੱਖ ਨਾਵਲੀ ਪਾਠ ਤੋਂ ਇਲਾਵਾ ਇਸ ਵਿਚ ਰਿਸ਼ਤਿਆਂ ਵਿਚ ਪਿਆਰ ਤੇ ਬੇਗਾਨਗੀ, ਕੌਮੀਅਤ ਤੇ ਮਨੁੱਖੀ ਸਾਂਝ ਦੇ ਅਨੇਕਾਂ ਵੇਰਵੇ ਪੇਸ਼ ਹੋਏ ਹਨ। ਜਿੱਥੇ ਨਵਨੀਤ ਵਰਗੇ ਸਵਾਰਥੀ ਦੋਸਤਾਂ ਦੀ ਕਹਾਣੀ ਉਦਾਸ ਕਰਦੀ ਹੈ ਉੱਥੇ ਸੁਖਜੀਤ ਦੇ ਅੰਤੋਨੀਆ ਤੇ ਜਿੰਦਰ ਨਾਲ ਰਿਸ਼ਤੇ ਵਿਚੋਂ ਆਸ਼ਾਵਾਦੀ ਊਰਜਾ ਮਿਲਦੀ ਹੈ। ਅੰਤੋਨੀਆ ਨਾਲ ਸੁਖਜੀਤ ਦਾ ਰਿਸ਼ਤਾ ਹਰ ਤਰ੍ਹਾਂ ਦੀਆਂ ਸੌੜੀਆਂ ਵਲਗਣਾਂ ਤੋਂ ਪਾਰ ਹੈ। ਉਹਨਾਂ ਦੇ ਰਿਸ਼ਤੇ ਤੋਂ ਇਹ ਵੀ ਸਪੱਸ਼ਟ ਹੁੰਦਾ ਹੈ ਕਿ ਪਿਆਰ ਤੇ ਜਜ਼ਬਾਤ ਦੀ ਕੋਈ ਭਾਸ਼ਾ ਨਹੀਂ ਹੁੰਦੀ, ਕੋਈ ਜਾਤ ਨਹੀਂ ਹੁੰਦੀ। ਇਸ ਤਰ੍ਹਾਂ ਉੱਸਰੇ ਰਿਸ਼ਤੇ ਖ਼ੂਨ ਦੇ ਰਿਸ਼ਤਿਆਂ ਤੋਂ ਵਧੇਰੇ ਮਜ਼ਬੂਤ ਹੁੰਦੇ ਹਨ।

ਨਾਵਲ ਦਾ ਬਿਰਤਾਂਤਕ ਸੰਗਠਨ ਰੌਚਕਤਾ ਭਰਪੂਰ ਹੈ। ਕਹਾਣੀ ਵਿਚ ਜਿਗਿਆਸਾ ਵਾਲੇ ਅੰਸ਼ਾਂ ਦੀ ਭਰਮਾਰ ਹੈ। ਲੇਖਕ ਨੇ ਸੁਖਜੀਤ ਤੇ ਅੰਮ੍ਰਿਤਾ ਦੀ ਪਿਆਰ ਕਹਾਣੀ ਵਿਚ ਰਹੱਸ ਕਾਇਮ ਰੱਖਿਆ ਹੈ। ਪਾਠਕ ਇਹ ਜਾਣਨ ਲਈ ਹਮੇਸ਼ਾ ਉਤਸੁਕ ਰਹਿੰਦਾ ਹੈ ਕਿ ਅੰਮ੍ਰਿਤਾ ਨੇ ਸੁਖਜੀਤ ਬਾਰੇ ਆਪਣੇ ਪੁਲਸੀਏ ਬਾਪ ਨੂੰ ਅਜਿਹਾ ਕੀ ਕਿਹਾ ਜਿਸ ਨਾਲ ਉਹ ਅੰਮ੍ਰਿਤਾ ਤੇ ਆਪਣਾ ਘਰ-ਬਾਰ ਛੱਡ ਕੇ ਅਮਰੀਕਾ ਜਾਣ ਦਾ ਫੈਸਲਾ ਕਰਦਾ ਹੈ? ਪਾਠਕ ਨੂੰ ਅੰਮ੍ਰਿਤਾ ਹੀ ਦੋਸ਼ੀ ਜਾਪਦੀ ਹੈ। ਇਹ ਰਹੱਸ ਲੇਖਕ ਨੇ ਅੰਤਲੇ ਕਾਂਡ ਵਿਚ ਖੋਲ੍ਹਿਆ ਹੈ।

ਬਿਰਤਾਂਤਕ ਸਫਰ ਦੇ ਵੇਰਵਿਆਂ ਦੀ ਪੇਸ਼ਕਾਰੀ ਤੋਂ ਇਸ ਤਰ੍ਹਾਂ ਜਾਪਦਾ ਹੈ ਜਿਵੇਂ ਲੇਖਕ ਨੇ ਆਪ ਇਹਨਾਂ ਨੌਜਵਾਨਾਂ ਨਾਲ ਸਫਰ ਕਰ ਕੇ ਅਨੁਭਵ ਹਾਸਲ ਕੀਤਾ ਹੈ। ਨਾਵਲ ਦਾ ਸਿਰਲੇਖ ਇਸ ਦੇ ਵਿਸ਼ੇ ਦੀ ਭਿਆਨਕ ਸਥਿਤੀ ਨੂੰ ਰੂਪਮਾਨ ਕਰਦਾ ਹੈ। ਗ਼ੈਰ-ਕਾਨੂੰਨੀ ਢੰਗ ਨਾਲ ਪਰਵਾਸ ਧਾਰਨ ਕਰਨਾ ਅਜਿਹੇ ਪੁਲ ਸਰਾਤ ਵਾਂਗ ਹੈ ਜਿਹੜਾ ਤਲਵਾਰ ਦੀ ਧਾਰ ਤੋਂ ਵੀ ਤਿੱਖਾ ਹੈ ਤੇ ਵਾਲ਼ ਤੋਂ ਵੀ ਬਾਰੀਕ ਹੈ। ਇਸ 'ਤੇ ਤੁਰਦਿਆਂ ਹਮੇਸ਼ਾ ਮੌਤ ਦਾ ਡਰ ਬਣਿਆ ਰਹਿੰਦਾ ਹੈ। ਨਾਵਲ ਵਿਚ ਬਹੁਤੀ ਵਾਰ ਇਸ ਡਰ ਦਾ ਸਾਹਮਣਾ ਹੁੰਦਾ ਹੈ। ਇਸ ਤਰ੍ਹਾਂ ਇਹ ਨਾਵਲ 'ਇਕ ਹੋਰ ਪੁਲ ਸਰਾਤ' ਬੇਸ਼ੱਕ ਪੰਜਾਬ ਸੰਕਟ ਦੇ ਦੌਰ ਸਮੇਂ ਪਰਵਾਸ ਧਾਰਨ ਕਰਨ ਦੀ ਕਹਾਣੀ ਕਹਿੰਦਾ ਹੈ ਪਰ ਸਮਕਾਲੀ ਦੌਰ ਵਿਚ ਵੀ ਇਸ ਦੀ ਸਾਰਥਿਕਤਾ ਨੂੰ ਮਹਿਸੂਸ ਕੀਤਾ ਜਾ ਸਕਦਾ ਹੈ।

ਪਹਿਲਾਂ ਪਹਿਲ ਕਿਸੇ ਵੱਡੀ ਆਰਥਿਕ ਮਜਬੂਰੀ ਕਾਰਨ ਪਰਵਾਸ ਕੀਤਾ ਜਾਂਦਾ ਸੀ ਪਰ ਸਮਕਾਲ ਵਿਚ ਪਰਵਾਸ ਧਾਰਨ ਕਰਨ ਦਾ ਰੁਝਾਨ ਫੈਸ਼ਨ ਦਾ ਰੂਪ ਧਾਰ ਗਿਆ ਹੈ। ਇਸ ਰੁਝਾਨ ਨਾਲ ਪੰਜਾਬ ਤੋਂ ਲੁੱਟ ਦੇ ਰੂਪ ਵਿਚ ਵੱਡੀ ਧਨ ਰਾਸ਼ੀ ਬਾਹਰ ਜਾ ਰਹੀ ਹੈ। ਇਸ ਰੁਝਾਨ ਨੂੰ ਠੱਲ੍ਹ ਪਾਉਣ ਲਈ ਅਜਿਹੇ ਨਾਵਲਾਂ ਦੀ ਲੋੜ ਹੈ। ***(ਤ੍ਰੈ-ਮਾਸਕ 'ਸਿਰਜਣਾ' ਵਿਚੋਂ ਧੰਨਵਾਦ ਸਹਿਤ)***

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 11 ਨਵੰਬਰ 2023 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-611



*ਦੇਖ ਕੇ ਵੱਤਰ ਲੰਘਦੀ ਜਾਂਦੀ, ਜੁੜਿਆ ਹੈ ਭਾਈਚਾਰਾ,*
*ਜੋੜ ਕੇ ਜੋਗਾਂ ਜੁੱਟ ਗਏ ਦੇਖੋ, ਆਹਵਤ ਦਾ ਹੈ ਨਜ਼ਾਰਾ।*
*ਰ਼ਲ ਮਿਲ ਕੇ ਅੱਜ ਬੀਜਣਗੇ, ਫਿਰ ਟੈਂਟਾ ਮੁੱਕ ਜੂ ਸਾਰਾ,*
*ਇੰਝ ਹੱਥ ਵਟਾਉਣਾ ਸਭਨੇ, ਕਿਰਸਾਨੀ ਦਾ ਕੰਮ ਭਾਰਾ।*

### ਕੈਪਸ਼ਨ ਮੁਕਾਬਲਾ-609



ਦੀਵੇ, ਚੂੰਗੜੇ ਪਕਾ ਆਵੀ ਵਿਚ
ਸੜਕ ਕਿਨਾਰੇ ਲਿਆ ਸਜਾਏ।
ਦਾਦਾ ਪੋਤਾ ਸੋਚੀਂ ਪੈ ਗਏ
ਗਾਹਕ ਤਾਂ ਕੋਈ ਨਜ਼ਰ ਨਾ ਆਏ।
ਖਾ ਗੀ ਕਿੱਤਿਆਂ ਤਾਈਂ ਤਰੱਕੀ
ਤਿਉਹਾਰਾਂ ਨੇ ਵੀ ਰੰਗ ਵਟਾਏ।
***-ਜਗਮੀਤ ਸਿੰਘ ਪੰਧੇਰ***
***ਕਲਾਹੜ (ਲੁਧਿਆਣਾ)***
***ਫੋਨ: 98783-37222***

---

ਦਸਤਕਾਰੀ ਦਾ ਧੰਧਾ ਮੰਦਾ ਹੋਇਆ,
ਵਿਕਦੇ ਨਾ ਹੁਣ ਵਿਚ ਬਜ਼ਾਰ,
ਭਾਵੇਂ ਕਰਵਾ ਚੌਥ ਹੈ ਨੇੜੇ ਆਇਆ,
ਪਰਿਵਾਰ ਉਡੀਕ ਰਹੇ ਤਿਉਹਾਰ।
ਸੁਹਾਗਣਾਂ ਰੱਖਣੇ ਵਰਤ ਕਰਵੇ ਦੇ,
ਕਰ ਕੇ ਬਥੇਰੇ ਸੋਹਿਲਾ ਸ਼ਿੰਗਾਰ,
ਪਤੀ ਦੇਵ ਦੀ ਲੰਬੀ ਉਮਰ ਹੋਵੇ,
ਸ਼ਾਲਾ ਚੱਲਦਾ ਰਹੇ ਕਾਰੋਬਾਰ!
***-ਸੇਵਾ ਸਿੰਘ "ਨੂਰਪੁਰੀ "***

---

ਕੱਚੇ ਭਾਂਡੇ ਤੇ ਸਾਹਾਂ ਦੇ ਰਿਸ਼ਤੇ
ਵਰਗੀ ਜੱਗ 'ਤੇ ਸਾਂਝ ਨਾ ਕੋਈ।
ਆਓ ਖਰੀਦੋ ਤੌੜੀਆਂ ਤੇ ਦੀਵੇ
ਗਾਹਕਾਂ ਅੱਗੇ ਹੱਥ ਜੋੜ ਅਰਜ਼ੋਈ।
ਸਾਡੀ ਸਦੀਆਂ ਪੁਰਾਣੀ ਵਿਰਾਸਤ
ਮੁੜ ਪਰਤੀ ਵਿਚ ਬਾਜ਼ਾਰ
ਸਰਦ ਰੁੱਤ ਨੇ ਬੂਹਾ ਖੋਲ੍ਹਿਆ
ਲੈ ਕੇ ਢੇਰ ਸਾਰੇ ਤਿਉਹਾਰ।
***-ਹਰਜੋਤ ਕੌਰ ਮਹੇਸ਼ਪੁਰਾ***
***ਫੋਨ: 734-883-6704***

---

ਹਰ ਕਿਸਮ ਦਾ ਤਿਉਹਾਰ
ਲੈ ਕੇ ਆਉਂਦਾ ਰੁਜ਼ਗਾਰ
ਕਿਸੇ ਦੀ ਸ਼ਰਧਾ
ਕਿਸੇ ਦਾ ਚੌਕਾ ਚੁੱਲ੍ਹਾ ਮਘਦਾ
ਦੀਵਾ ਬੱਤੀ ਕਰਨਾ
ਲੋੜੀਂਦੇ ਘੜੇ ਕਰੂਏ
ਬਣਾ ਆਵੇ 'ਤੇ ਇਹ ਵਸਤਾਂ
ਘੁਮਿਆਰ ਪਰਿਵਾਰ
ਸਜਾ ਲਈ ਦੁਕਾਨ
ਨਾਲੇ ਪੁੰਨ ਨਾਲੇ ਫਲੀਆਂ
ਸੁੱਖ ਸੁੱਖਣਾ ਰਹਿਣ ਲਈ ਸੁਹਾਗਣ
ਮਨ ਸ਼ਾਂਤ ਨਾਲ
ਇੱਜ਼ਤ ਪਿਆਰ ਨਰ ਨਾਰੀ ਦਾ
ਦੇ ਅਰਘ ਚੰਦਰਮਾ ਸੁਆਣੀ ਦਾ
ਪਤੀ ਦੇਵ ਫੁੱਲਿਆ ਨਾ ਸਮਾਉਂਦਾ।
***-ਦਰਸ਼ਨ ਪਾਲ ਦੋਸਾਂਝ***

***To Advertise with Punjab Times Call:***
***847-359-0746***
***ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:***
***ਫੋਨ: 847-359-0746***

# ਕੀ ਪ੍ਰੋ. ਸੁਰਜੀਤ ਦੋਸ਼ੀ ਕਿ ਕੈਂਪਸ ਬੁਰਸ਼ਾਗਰਦੀ ਦਾ ਸ਼ਿਕਾਰ?

ਮੈਂ ਡਾ. ਸੁਰਜੀਤ ਨੂੰ ਸਿਰਫ਼ ਇਕ ਵਾਰੀ 20 ਵਰ੍ਹੇ ਪਹਿਲਾਂ ਮਿਲ਼ਿਆ। ਫਿਰ ਕਦੀ ਮੁਲਾਕਾਤ ਜਾਂ ਗੱਲਬਾਤ ਨਾ ਹੋਈ, ਹੁਣ ਵਾਲ਼ੀ ਘਟਨਾ ਮਗਰੋਂ ਵੀ ਨਹੀਂ। ਨਾ ਮੈਂ ਉਨ੍ਹਾਂ ਤੋਂ, ਨਾ ਉਨ੍ਹਾਂ ਮੇਰੇ ਤੋਂ ਕੋਈ ਕੰਮ ਲਿਆ। ਵਾਪਰੀ ਘਟਨਾ ਬਾਰੇ ਮੇਰੀ ਸਿਰਫ਼ ਦੋ ਜਣਿਆਂ ਨਾਲ ਗੱਲ ਹੋਈ, ਇਕ ਸੁਣਿਆ-ਸੁਣਾਇਆ ਉਨ੍ਹਾਂ ਦੇ ਖ਼ਿਲਾਫ਼ ਸੀ, ਦੂਜਾ ਉਨ੍ਹਾਂ ਦਾ ਪੁਰਾਣਾ ਵਿਦਿਆਰਥੀ ਉਨ੍ਹਾਂ ਦੇ ਹੱਕ ਵਿਚ ਸੀ। ਬਾਕੀ ਵੇਰਵਾ ਮੈਂ ਫ਼ੇਸਬੁੱਕ ਤੋਂ ਪੜ੍ਹਿਆ।

35 ਵਰ੍ਹੇ ਪਹਿਲਾਂ ਪੀ ਏ ਯੂ ਵਿਚ ਪੜ੍ਹਾਉਂਦਿਆਂ ਕੁਝ ਖਾੜਕੂ ਵਿਦਿਆਰਥੀਆਂ ਦੀ ਗੁੰਡਾਗਰਦੀ ਦਾ ਵਿਰੋਧ ਕਰਦਿਆਂ ਮੈਂ ਵੀ ਉਨ੍ਹਾਂ ਦੇ ਹਮਲੇ ਦਾ ਸ਼ਿਕਾਰ ਹੋਇਆ ਸਾਂ। ਉਸਦਾ ਨਤੀਜਾ ਯੂਨੀਵਰਸਿਟੀ



**ਡਾ. ਸੁਖਪਾਲ**
**ਫੋਨ: 365-777-1111**

ਵਿਚ ਢਾਈ ਮਹੀਨੇ ਲੰਮੀ ਹੜਤਾਲ ਵਜੋਂ ਨਿਕਲਿਆ। ਦੋ ਗੱਲਾਂ ਦਾ ਪਰਛਾਵਾਂ ਡਾ. ਸੁਰਜੀਤ ਵਾਲ਼ੀ ਘਟਨਾ 'ਤੇ ਸਪੱਸ਼ਟ ਹੈ:

ਯੂਨੀਵਰਸਿਟੀਆਂ ਚਿਰਾਂ ਤੋਂ ਸਿਆਸੀ ਅਖਾੜੇ ਹਨ। ਚੋਣਾਂ ਜਾਂ ਸਿਆਸੀ ਲੜਾਈਆਂ ਜਿੱਤਣ, ਗਊ ਰੱਖਿਅਕ ਜਾਂ ਗਰਮ ਖਾੜਕੂ (ਨਕਸਲੀ ਜਾਂ ਧਾਰਮਿਕ) ਖ਼ੂਨ ਲੱਭਣ, ਅਤੇ ਅਗਲੀ ਪੁਸ਼ਤ ਨੂੰ ਨਿਜੀ ਹੱਥ ਹੇਠ ਰੱਖਣ ਲਈ ਇਹ ਮੁਫ਼ੀਦ ਥਾਵਾਂ ਹਨ। ਲੜਾਈਆਂ ਦਾ ਮੁੱਦਾ ਕੋਈ ਚਾਣਚੱਕ ਘਟਨਾ ਬਣਦੀ ਹੈ, ਅਸਲ ਕਾਰਨ ਜਾਂ ਮਕਸਦ ਕਿਸੇ ਖਾਸ ਧੜੇ ਜਾਂ ਪਾਰਟੀ ਦੀ ਪ੍ਰਭੂਸੱਤਾ ਦੀ ਸਥਾਪਤੀ ਹੁੰਦੀ ਹੈ।

ਪੰਜਾਬ ਵਿਚ ਦੋ ਧਿਰਾਂ-ਧਰਮ ਅਤੇ ਮਾਰਕਸਵਾਦ ਨਾਲ ਸਬੰਧਤ ਬੰਦਿਆਂ ਨੇ ਹੀ ਵਧੇਰੇ ਕਰਕੇ ਪ੍ਰਭਾਵਸ਼ਾਲੀ ਜਾਂ ਅਸਰਦਾਰ ਕੰਮ ਕੀਤੇ ਹਨ। ਦੋਵੇਂ ਅਨਿਆਂ ਦੇ ਵਿਰੁੱਧ ਹਨ, ਸਾਂਝੀਵਾਲ਼ਤਾ ਦੇ ਹੱਕ ਵਿਚ ਹਨ, ਪਰ ਉਲਟੇ ਧਰੁਵਾਂ 'ਤੇ ਜੀਂਦੀਆਂ ਹਨ। ਇਨ੍ਹਾਂ ਦੋਹਾਂ ਧਿਰਾਂ ਦਰਮਿਆਨ ਯੁੱਧ ਕਰਵਾ ਕੇ ਅੱਧਾ ਪੰਜਾਬ ਕਦੀ ਵੀ ਗਰਕਾਇਆ ਜਾ ਸਕਦਾ ਹੈ। ਜਿਹੜਾ ਮਾਈ ਦਾ ਲਾਲ ਇਨ੍ਹਾਂ ਦੋਹਾਂ ਨੂੰ ਇਕੱਠਿਆਂ ਕਰ ਸਕੇਗਾ, ਉਹ ਪੰਜਾਬ ਦਾ ਅੱਧਾ ਦੁੱਖ ਹੱਲ ਕਰ ਲਵੇਗਾ।

**ਡਾ. ਸੁਰਜੀਤ ਦੇ ਮੌਜੂਦਾ ਮਾਮਲੇ ਵਿਚ ਕੁਝ ਗੱਲਾਂ ਨੇ ਬਹੁਤ ਉਦਾਸ ਕੀਤਾ ਹੈ:**

1. ਮਤਭੇਦ ਕਿਸੇ ਨੂੰ ਵੀ ਦੂਜੇ ਨਾਲ਼ ਹੋ ਸਕਦਾ ਹੈ। ਵੱਡਾ ਸੁਆਲ ਇਹ ਹੈ - ਅਸੀਂ ਮਤਭੇਦ ਹਿੰਸਾ ਨਾਲ ਸੁਲਝਾਉਣੇ ਹਨ, ਕਾਨੂੰਨ ਨਾਲ, ਜਾਂ ਵਾਰਤਾਲਾਪ ਨਾਲ? ਇਹ ਚੋਣ ਹੀ ਨਿਰਣਾ ਕਰਦੀ ਹੈ- ਸਾਥੋਂ ਕਿਸ ਤਰ੍ਹਾਂ ਦਾ ਸਮਾਜ ਅਤੇ ਰਾਜ-ਪ੍ਰਬੰਧ ਆਪਣੇ, ਸਾਥੀਆਂ ਅਤੇ ਬੱਚਿਆਂ ਲਈ ਘੜਿਆ ਜਾਵੇਗਾ? ਹਿੰਸਾ ਨਾਲ ਸ਼ਾਇਦ ਇਕ ਅੱਧ ਵਾਰ ਸਹੀ ਨਿਆਂ ਹੋ ਸਕੇ, ਪਰ ਭਵਿੱਖ ਵਿਚ ਏਹਦੀ ਦੁਰਵਰਤੋਂ ਲਾਜ਼ਮੀ ਹੈ। ਫਿਰ ਡਾਹਢੇ ਦਾ ਸੱਤੀ ਵੀਹੀਂ ਸੌ ਹੋਏਗਾ ਹੀ, ਫਿਰ ਵੱਧ ਹਿੰਸਾ ਕਰ ਸਕਣ ਵਾਲ਼ਾ ਨਿਆਂ ਨੂੰ ਧੱਕ ਕੇ ਆਪਣੇ ਖੇਮੇ ਵਿਚ ਲੈ ਹੀ ਜਾਵੇਗਾ।

ਜੇਕਰ ਵਾਰਤਾਲਾਪ ਨਾਲ ਹੱਲ ਨਹੀਂ ਮਿਲ ਰਿਹਾ ਤਾਂ ਸਾਨੂੰ ਏਸ ਤਰ੍ਹਾਂ ਦਾ ਨਿਆਂਇਕ ਸਿਸਟਮ ਹਰ ਪੱਧਰ 'ਤੇ ਸਥਾਪਤ ਕਰਨ ਲਈ ਸੰਘਰਸ਼ ਕਰਨਾ ਚਾਹੀਦਾ ਹੈ, ਨਾ ਕਿ ਹਿੰਸਾ ਰਾਹੀਂ ਖ਼ੁਦ ਨੂੰ ਠੀਕ ਜਾਪਦਾ ਹੱਲ ਦੂਜਿਆਂ 'ਤੇ ਧੱਕੋਜ਼ੋਰੀ ਮੜ੍ਹ ਦੇਣਾ ਚਾਹੀਦਾ ਹੈ। ਯੂਨੀਵਰਸਿਟੀਆਂ ਹੀ ਤਾਂ ਉਹ ਥਾਂ ਹਨ ਜਿੱਥੇ ਅਸੀਂ ਨਵੇਂ ਸਿਸਟਮ ਘੜਦੇ ਹਾਂ, ਪੁਰਾਣਿਆਂ ਨੂੰ ਬਦਲਣ ਦਾ ਰਾਹ ਲਭਦੇ ਹਾਂ। ਜੇ ਅਜਿਹੀ ਥਾਂ 'ਤੇ ਵੀ ਅਸੀਂ ਸਰੀਰਕ ਬਲ ਨਾਲ ਹੀ ਕੰਮ ਕੱਢਣੇ ਹਨ ਤਾਂ ਫਿਰ ...

2. ਉਸ ਦਿਨ ਤਾਂ ਮੈਂ ਭੁੰਜੇ ਲਹਿ ਗਿਆ ਮਹਿਸੂਸ ਕੀਤਾ ਜਿਸ ਦਿਨ ਡਾ. ਸੁਰਜੀਤ ਦੇ ਵਿਰੋਧੀਆਂ ਦੀਆਂ ਫ਼ੇਸਬੁੱਕ ਲਿਖ਼ਤਾਂ ਵਿਚ ਮੈਂ ਇਕ ਜਣੇ ਨੂੰ ਇਹ ਕਹਿੰਦਿਆਂ ਪੜ੍ਹਿਆ- 'ਬੀੜੀ-ਮਾਸਟਰ ਪਾਸ਼ ਵਾਂਗੂੰ ਏਹਦਾ (ਡਾ. ਸੁਰਜੀਤ ਦਾ) ਅੰਤ ਵੀ ਕੋਈ ਯੋਧਾ ਕਰੇਗਾ..."।

ਮੈਂ ਕਮਜ਼ੋਰ-ਦਿਲ ਨਹੀਂ, ਜੀਵਨ ਵਿਚ ਕੁਝ ਕੁ ਵਾਰੀ ਮਾਰੇ ਜਾਣ ਦਾ ਖ਼ਤਰਾ ਵੀ ਝੱਲਿਆ ਹੈ, ਬੇਘਰ ਹੋਏ, ਲੰਮਾ ਸਮਾਂ ਇਕੱਲਿਆਂ ਵੀ ਬਿਤਾਇਆ ਹੈ, ਪਰ ਮਜ਼ਬੂਤ ਹੋਣ ਦਾ ਅਰਥ ਸੰਵੇਦਨਹੀਣ ਹੋਣਾ ਨਹੀਂ ਹੁੰਦਾ! ਜਿੱਡਾ ਦੁੱਖ ਜਸ਼ਨਪ੍ਰੀਤ ਦੀ ਮੌਤ ਬਾਰੇ ਸੁਣ ਕੇ ਹੋਇਆ, ਓਡਾ ਦੁੱਖ ਇਹ ਗੱਲ ਪੜ੍ਹ ਕੇ ਵੀ ਹੋਇਆ। ਏਹੀ ਦੁੱਖ ਹੋਵੇਗਾ ਜੇ ਕੋਈ ਡਾ. ਸੁਰਜੀਤ ਦੇ ਵਿਰੋਧੀ ਬਾਰੇ ਅਜਿਹੀ ਧਮਕੀ ਦੇਵੇ।

ਜਦੋਂ ਅਸੀਂ ਗੱਲਬਾਤ ਨਾਲ ਮਸਲਾ ਹੱਲ ਨਾ ਕਰ ਸਕੀਏ ਤਾਂ ਕੀ ਏਨੀ ਗੱਲ ਪਿੱਛੇ ਵਿਰੋਧੀ ਨੂੰ ਮਾਰ ਦੇਣਾ (ਜਾਂ ਅਜਿਹਾ ਸੋਚਣਾ) ਜਾਇਜ਼ ਹੈ? ਜੇ ਮੇਰਾ ਬੱਚਾ ਮੇਰੇ ਨਾਲ ਬਹਿਸ ਕਰੇ, ਉਹਦੀਆਂ ਦਲੀਲਾਂ ਦਾ ਮੇਰੇ ਕੋਲ ਜੁਆਬ ਨਾ ਹੋਵੇ, ਜਾਂ ਉਹ ਮੇਰੀ ਦਲੀਲ ਸੁਣ ਹੀ ਨਾ ਰਿਹਾ ਹੋਵੇ- ਤਾਂ ਕੀ ਮੈਨੂੰ ਉਸਨੂੰ ਮਾਰ ਦੇਣਾ ਚਾਹੀਦਾ ਹੈ? ਫਿਰ ਮੇਰੇ ਅਤੇ ਔਰੰਗਜ਼ੇਬ ਵਿਚ ਕੀ ਫ਼ਰਕ ਹੈ?

ਕੀ ਮੌਤ ਹੀ ਹਰ ਔਖੀ ਸਮੱਸਿਆ ਦਾ ਹੱਲ ਹੈ? ਕੀ ਸਮਾਂ, ਸੋਚ, ਵਿਚਾਰ, ਪਿਆਰ, ਸਾਂਝ, ਗੱਲਬਾਤ - ਕੋਈ ਹੱਲ ਨਹੀਂ? ਜੇ ਸਾਨੂੰ ਪੱਕਾ ਯਕੀਨ ਹੈ ਕਿ ਦੂਜਾ ਬੰਦਾ ਹਰ ਹਾਲ ਗ਼ਲਤ ਹੀ ਹੈ ਤੇ ਅਸੀਂ ਹੀ ਸਭ ਮੌਕਿਆਂ ਤੇ ਠੀਕ ਹਾਂ- ਤਾਂ ਵੀ ਸਾਡੇ ਲਈ ਗ਼ਾਲਿਬ ਦੀਆਂ ਕੀਮਤੀ ਸਤਰਾਂ ਹਨ: "ਆ ਹੀ ਜਾਤਾ ਵੋ ਰਾਹ ਪਰ ਗ਼ਾਲਿਬ, ਕੋਈ ਦਿਨ ਔਰ ਗ਼ਰ (ਹਮ) ਜੀਏ ਹੋਤੇ ..."।

ਸੰਸਾਰ ਵਿਚ ਉਨ੍ਹਾਂ ਮੁਲਕਾਂ ਦੀ ਗਿਣਤੀ ਵਿਚ ਵਾਧਾ ਹੋ ਰਿਹਾ ਹੈ ਜਿਹੜੇ ਫ਼ਾਂਸੀ ਦੀ ਸਜ਼ਾ ਖ਼ਤਮ ਕਰਕੇ ਉਮਰ-ਕੈਦ ਵਿਚ ਬਦਲ ਰਹੇ ਹਨ, ਇਸ ਅਹਿਸਾਸ ਨਾਲ਼ ਕਿ - ਜ਼ਿੰਦਗੀ ਤੇ ਮੌਤ ਕੁਦਰਤ ਜਾਂ ਰੱਬ ਦੇ ਹੱਥ ਹਨ, ਓਸੇ ਦੇ ਹੱਥ ਹੀ ਰਹਿਣ ਦੇਣੇ ਚਾਹੀਦੇ ਹਨ, ਬੰਦੇ ਨੂੰ ਮੌਤ-ਵੰਡਦਾ ਰੱਬ ਨਹੀਂ ਬਣਨਾ ਚਾਹੀਦਾ! ਦੂਜੀ ਗੱਲ: ਬੰਦਾ ਬੁਰਾ ਵੀ ਹੋਵੇ, ਜਿਉਂਦੇ-ਜੀਅ ਉਸਦੇ ਬਦਲ ਜਾਣ ਦੀ ਅਤੇ ਭਵਿੱਖ ਵਿਚ ਚੰਗਾ ਕਰਨ ਦੀ ਸੰਭਾਵਨਾ ਬਣੀ ਰਹਿੰਦੀ ਹੈ ! ਇਸੇ ਕਰਕੇ ਨਾਨਕ ਸੱਜਣ ਠੱਗ ਜਾਂ ਮਲਕ ਭਾਗੋ ਨੂੰ ਬਦਲਦੇ ਹਨ, ਉਨ੍ਹਾਂ ਨੂੰ ਮਾਰਣ ਦਾ ਸੱਦਾ ਨਹੀਂ ਦੇਂਦੇ ...


3. ਸਰੀਰਕ ਬਲ ਦੀ ਸਿਖ਼ਰ ਏਹੀ ਹੈ ਕਿ ਅਸੀਂ ਦੂਜੇ ਬੰਦੇ ਦਾ ਸਰੀਰ ਖ਼ਤਮ ਕਰ ਦੇਈਏ, ਪਰ ਉਸ ਬੰਦੇ ਦੇ ਮਨ ਦਾ ਅੰਤ ਕਿਵੇਂ ਕਰਾਂਗੇ? ਪਾਸ਼ ਦਾ ਅੰਤ ਕਰਕੇ ਵੀ ਉਹਦੀ ਸੋਚ ਦਾ ਅੰਤ ਨਾ ਹੋ ਸਕਿਆ! ਉਂਜ ਵੀ - ਉਹ ਸੋਚ ਪਾਸ਼ ਦੀ ਨਿਜੀ ਨਹੀਂ ਸੀ, ਕਈ ਸੈਂਕੜੇ ਹਜ਼ਾਰਾਂ ਦੀ ਹੈ, ਸਿਰਫ਼ ਉਸ ਸੋਚ ਨੂੰ ਬਿਆਨਣ ਦਾ ਤਰੀਕਾ ਪਾਸ਼ ਦਾ ਨਿਜੀ ਸੀ। ਮਾਰ ਦੇਣ ਨਾਲ ਪਾਸ਼ ਤਾਂ ਕੀ, ਉਹਦਾ ਬੋਲ-ਮੁਹਾਵਰਾ ਵੀ ਨਾ ਮੁਕਾਇਆ ਜਾ ਸਕਿਆ। ਬਹੁਤ ਲੋਕ ਪਾਸ਼ ਵਾਂਗ ਲਿਖਣ ਲਗ ਪਏ। ਇਹ ਗੱਲ ਜਰਨੈਲ ਸਿੰਘ ਭਿੰਡਰਾਂਵਾਲਿਆਂ ਬਾਰੇ ਵੀ ਵਾਪਰੀ।

ਜਿਸ ਬੰਦੇ ਨੇ ਡਾ. ਸੁਰਜੀਤ ਦੇ ਪ੍ਰਸੰਗ ਵਿਚ ਪਾਸ਼ ਵਾਲ਼ੀ ਗੱਲ ਫ਼ੇਸਬੁੱਕ 'ਤੇ ਕਹੀ ਹੈ- ਜੇ ਸਹੀ ਸੋਚਦਾ ਹੈ ਤਾਂ ਉਹ ਵੀ ਸਿਆਸੀ ਜਾਂ ਆਰਥਿਕ ਅਨਿਆਂ ਦੇ ਹੱਕ ਵਿਚ ਨਹੀਂ ਹੋਣਾ। ਬਹੁਤ ਸੰਭਾਵਨਾ ਹੈ- ਉਸਨੇ ਪਾਸ਼ ਨੂੰ ਪੜ੍ਹਿਆ ਨਹੀਂ ਹੋਣਾ, ਜਾਂ ਪਾਸ਼ ਦੇ ਫ਼ਿਕਰਾਂ ਤੇ ਗ਼ੌਰ ਨਹੀਂ ਕੀਤਾ ਹੋਣਾ। ਪਾਸ਼ ਵੀ ਆਮ ਬੰਦੇ ਖ਼ਾਤਰ ਸਿਆਸੀ ਅਤੇ ਆਰਥਿਕ ਅਨਿਆਂ ਵਿਰੁੱਧ ਲੜਣ ਵਾਲ਼ਾ ਬੰਦਾ ਸੀ। ਕੀ ਸਾਡਾ ਝਗੜਾ ਸੱਚਮੁੱਚ ਓਨਾ ਵੱਡਾ ਹੈ ਜਿੰਨਾ ਸਾਨੂੰ ਦਿਸਦਾ ਹੈ? ਪਾਸ਼ ਨੂੰ ਇਸ ਲਈ ਮਾਰਨਾ ਕਿ ਉਹ ਬੀੜੀ ਪੀਂਦਾ ਸੀ, ਅਰਥਾਤ ਸਿੱਖ ਹੁੰਦਿਆਂ ਧਾਰਮਕ ਰਹੁ-ਰੀਤ ਨਹੀਂ ਪਾਲ਼ਦਾ ਸੀ...ਇਸ ਲਈ ਉਹ ਕਤਲ ਕੀਤੇ ਜਾਣ ਦਾ ਹੱਕਦਾਰ ਹੈ...ਤਾਂ ਅਸੀਂ ਉਸ ਸਮਾਜ ਨੂੰ ਘੜ ਰਹੇ ਹਾਂ ਜਿਸ ਵਿਚ ਕਿਸੇ ਦੇ ਵਿਚਾਰਾਂ ਸੰਘਰਸ਼ ਜਾਂ ਕਰਮਾਂ ਦਾ ਕੋਈ ਮੁੱਲ ਨਹੀਂ, ਸਿਰਫ਼ ਉਹਦੇ ਰਹਿਣ ਸਹਿਣ ਦੇ ਵਖਰੇਵੇਂ ਕਰਕੇ ਹੀ ਉਹਨੂੰ ਮੌਤ ਦਿੱਤੀ ਜਾ ਸਕਦੀ ਹੈ। ਕੀ ਜ਼ਕਰੀਆ ਖ਼ਾਨ ਵੀ ਇਹੀ ਨਹੀਂ ਕਰਦਾ ਸੀ?

ਸਵਾ ਸੌ ਵਰ੍ਹੇ ਉਮਰ ਜੀਣ ਵਾਲ਼ੇ ਬਾਬਾ ਸ੍ਰੀ ਚੰਦ ਜੀ ਨੇ ਯੋਗ ਸਾਧਨਾ ਰਾਹੀਂ ਆਤਮਕ ਉਚਾਈ ਹਾਸਲ ਕੀਤੀ, ਆਪਣੇ ਸ਼ਿਸ਼ ਬਣਾਏ ਤੇ ਆਪਣਾ ਉਦਾਸੀ ਮਤ ਚਲਾਇਆ ਜੋ ਅਜੇ ਵੀ ਕਾਇਮ ਹੈ। ਉਨ੍ਹਾਂ ਆਪਣੇ ਪਿਤਾ ਗੁਰੂ ਨਾਨਕ ਦੇਵ ਜੀ ਦਾ ਰਾਹ ਅਖ਼ਤਿਆਰ ਨਹੀਂ ਕੀਤਾ। ਦੂਜੇ ਪੁੱਤਰ ਬਾਬਾ ਲਖਮੀ ਚੰਦ ਤਾਂ ਸੰਸਾਰੀ ਬੰਦੇ ਹੀ ਬਣੇ ਰਹੇ। ਦੋਹਾਂ ਪੁੱਤਰਾਂ ਦਾ ਪਿਤਾ ਨਾਲੋਂ ਫ਼ਰਕ ਰਹਿਣ-ਸਹਿਣ ਤੋਂ ਵਧ ਕੇ ਵਿਚਾਰਧਾਰਕ ਵੀ ਸੀ। ਬਾਬੇ ਨਾਨਕ ਨੇ ਖਤਰੀ ਹੁੰਦਿਆਂ ਵੀ ਆਪਣੇ ਪੁੱਤ ਏਸ ਗੱਲੋਂ ਤਾਂ ਨਹੀਂ ਮਾਰ ਦਿੱਤੇ ਕਿ ਉਹ ਮੇਰੇ ਤਰੀਕੇ ਜਾਂ ਮੇਰੇ ਪਿੱਛੇ ਕਿਉਂ ਨਹੀਂ ਚਲਦੇ?

ਬਾਬਾ ਸ੍ਰੀ ਚੰਦ ਜਦੋਂ ਗੁਰੂ ਰਾਮਦਾਸ ਜੀ ਨੂੰ ਮਿਲ਼ਣ ਆਏ ਤਾਂ ਹੱਸ ਕੇ ਪੁੱਛਿਆ: 'ਏਨਾ ਲੰਮਾ ਦਾੜ੍ਹਾ ਕਿਉਂ ਵਧਾਇਆ ਹੈ?' ਗੁਰੂ ਸਾਹਿਬ ਬੋਲੇ: "ਤੁਹਾਡੇ ਵਰਗੇ ਮਹਾਂਪੁਰਖਾਂ ਦੇ ਚਰਨ ਝਾੜਨ ਲਈ !" ਕਹਿੰਦੇ ਹਨ, ਗੁਰੂ ਜੀ ਨੇ ਸੱਚਮੁੱਚ ਆਪਣੇ ਦਾੜ੍ਹੇ ਨਾਲ ਬਾਬਾ ਸ੍ਰੀ ਚੰਦ ਜੀ ਦੇ ਚਰਨ ਝਾੜੇ ਤਾਂ ਉਨ੍ਹਾਂ ਭਾਵ-ਵਿਭੋਰ ਹੋ ਕੇ ਆਖਿਆ, 'ਏਸੇ ਨਿਮਰਤਾ ਕਰਕੇ ਹੀ ਇਹ ਗੁਰਗੱਦੀ ਸਾਨੂੰ ਨਹੀਂ, ਤੁਹਾਨੂੰ ਪ੍ਰਾਪਤ ਹੋਈ ਹੈ!" ਸਿੱਖਾਂ ਦਾ ਵੱਡਾ ਗੁਰੂ ਉਸ ਮਨੁੱਖ ਦੇ ਚਰਨ ਝਾੜ ਰਿਹਾ ਸੀ ਜਿਸਨੇ ਸਿੱਖ ਹੋਣ ਤੋਂ ਇਨਕਾਰ ਕਰ ਦਿੱਤਾ ਸੀ।

ਮਨੁੱਖੀ ਸਮਾਜਿਕ ਵਿਕਾਸ ਵਿਚ ਡੈਮੋਕ੍ਰੇਸੀ ਵੱਡੀ ਪੁਲਾਂਘ ਹੈ, ਅਜੇ ਅਸੀਂ ਏਸਨੂੰ ਪੂਰੀ ਤਰ੍ਹਾਂ ਹਾਸਲ ਨਹੀਂ ਕੀਤਾ। ਡੈਮੋਕ੍ਰੇਸੀ ਦਾ ਮੂਲ ਮੰਤਵ ਇਹ ਹੈ ਕਿ ਧਰਤੀ ਉਪਰ ਸਰੀਰਕ ਬਲ ਨਾਲ ਸਭਿਅਤਾ



ਸਥਾਪਤ ਕਰ ਲੈਣ ਵਾਲ਼ਾ ਮਨੁੱਖ, ਸਥਾਪਤ ਹੋ ਗਈ ਸਭਿਅਤਾ ਨੂੰ ਜੰਗਲ਼ ਵਾਂਗ ਸਰੀਰਕ ਬਲ ਨਾਲ਼ ਨਾ ਚਲਾਵੇ। ਏਸ ਵਿਚ ਹਰ ਵੱਖਰੇ ਵਿਚਾਰ ਲਈ ਥਾਂ ਹੋਵੇ, ਹਰ ਮਤਭੇਦ ਨੂੰ 'ਰੋਸੁ ਨਾ ਕੀਜੈ, ਉਤਰੁ ਦੀਜੈ' ਦੇ ਵਾਕ ਅਨੁਸਾਰ ਹੱਲ ਕੀਤਾ ਜਾਵੇ ...

4. ਜੇ ਸਾਡਾ ਮਕਸਦ ਸਹੀ ਹੈ ਤਾਂ ਉਸਨੂੰ ਹਾਸਲ ਕਰਨ ਦੇ ਸਾਡੇ ਤਰੀਕੇ ਵੀ ਸਹੀ ਹੋਣੇ ਚਾਹੀਦੇ ਹਨ। ਸੋਸ਼ਲ ਮੀਡੀਆ ਦੇ ਸਪੇਸ 'ਤੇ ਜਦ ਅਸੀਂ ਲਿਖ਼ਦੇ ਜਾਂ ਲੜਦੇ ਹਾਂ ਤਾਂ ਸਾਡਾ ਹਥਿਆਰ ਸ਼ਬਦ (ਜਾਂ ਚਿੱਤਰਣ) ਹੈ। ਯੋਧੇ ਲੜਣੋਂ ਪਹਿਲਾਂ ਆਪਣੇ ਹਥਿਆਰ ਸੁੱਚੇ ਕਰਦੇ ਸਨ। ਸਾਡਾ ਸ਼ਬਦ ਵੀ ਲੜਣ ਵੇਲ਼ੇ ਸੁੱਚਾ ਹੋਣਾ ਚਾਹੀਦਾ ਹੈ। ਗਾਉਣ ਵਾਲ਼ੇ ਅੰਦਰੋਂ ਉਠਦਾ ਰਾਗ ਸ਼ੁੱਧ ਹੋਵੇ ਪਰ ਗਾਇਕ ਦਾ ਗਲ਼ਾ ਸੁਰ ਨਾ ਹੋਵੇ ਤਾਂ ਗੀਤ ਮੈਲ਼ਾ ਹੋ ਜਾਂਦਾ ਹੈ। ਡਾ. ਸੁਰਜੀਤ ਦੇ ਵਿਰੁੱਧ ਜਿਹੜੇ ਲੋਕ ਖੜੇ ਹੋਏ, ਉਨ੍ਹਾਂ ਨੇ ਜਿਸ ਭਾਸ਼ਾ ਵਿਚ ਡਾ. ਸੁਰਜੀਤ ਦਾ ਸਾਥ ਦੇਣ ਵਾਲ਼ਿਆਂ ਦਾ ਵਿਰੋਧ ਕੀਤਾ, ਖਾਸ ਕਰਕੇ ਵਿਦਿਆਰਥਣਾਂ ਦਾ, ਉਹ ਭਾਸ਼ਾ ਏਨੀ ਮੈਲ਼ੀ ਸੀ ਕਿ ਮੈਂ ਉਸਨੂੰ ਪੜ੍ਹਦਿਆਂ ਆਪਣੀ ਕੁੱਲ ਸੰਵੇਦਨਾ ਨੂੰ ਅਪੰਗ ਹੋ ਗਿਆ ਮਹਿਸੂਸ ਕੀਤਾ, ਮੇਰੇ ਵਿਚ ਉਨ੍ਹਾਂ ਕਾਮੈਂਟਸ ਨੂੰ ਪੜ੍ਹਣ ਤਕ ਦੀ ਸੱਤਿਆ ਨਾ ਰਹੀ, ਮੈਂ ਕਈ ਦਿਨ ਫ਼ੇਸਬੁੱਕ ਖੋਲ੍ਹਣੋਂ ਆਪਣੇ ਆਪ ਨੂੰ ਅਸਮਰਥ ਮਹਿਸੂਸ ਕੀਤਾ, ਫ਼ੇਸਬੁੱਕ ਛੱਡ ਦੇਣ ਬਾਰੇ ਵੀ ਸੋਚਿਆ। ਜਾਪਦਾ ਸੀ- ਸ਼ਬਦ ਨਹੀਂ, ਮੈਂ ਕਿਸੇ ਬੰਬ ਨੂੰ ਹੱਥ ਲਾ ਰਿਹਾ ਹਾਂ ਜੋ ਮੇਰੇ ਸਰੀਰ ਤੇ ਮਨ ਨੂੰ ਤੂੰਬਾ ਤੂੰਬਾ ਕਰ ਦੇਵੇਗਾ ...

ਕੀ ਸਾਡਾ ਵਿਰੋਧ ਕਰਨ ਨਾਲ ਹੀ ਕੋਈ ਇਸਤ੍ਰੀ ਵੇਸਵਾ ਜਾਂ ਡੇਰਾ-ਪ੍ਰੇਮਣ, ਅਤੇ ਸਾਡਾ ਵਿਰੋਧੀ ਮਰਦ ਪਸ਼ੂ ਜਾਂ ਦਲਿਤ ਹੋ ਜਾਂਦਾ ਹੈ? ਜੇ ਮੇਰਾ ਆਪਣੇ ਮਿੱਤਰ ਨਾਲ ਝਗੜਾ ਹੋ ਜਾਵੇ ਤੇ ਮੇਰੀ ਪਤਨੀ ਕਹੇ ਕਿ ਇਸ ਮਾਮਲੇ ਵਿਚ ਮੈਂ ਗ਼ਲਤ ਹਾਂ, ਤਾਂ ਏਨਾ ਕਹਿਣ ਤੇ ਕੀ ਉਹ ਦੁਰਾਚਾਰੀ ਇਸਤ੍ਰੀ ਹੋ ਜਾਵੇਗੀ? ਜੇ ਮੇਰੀ ਬੇਟੀ ਆਪਣੇ ਕਿਸੇ ਦੋਸਤ ਨੂੰ ਲੈ ਕੇ ਮੇਰੇ ਨਾਲ ਅਸਹਿਮਤ ਹੋਵੇ ਤਾਂ ਕੀ ਏਹਦਾ ਅਰਥ ਹੈ- ਉਹ ਅੱਯਾਸ਼ ਹੈ? ਚਰਿੱਤਰ ਦੀ ਸਾਡੇ ਲਈ ਕੀ ਪਰਿਭਾਸ਼ਾ ਹੈ- ਵਿਅਕਤੀਗਤ ਗੁਣ ਅਤੇ ਸਰਬੱਤ ਦੇ ਭਲੇ ਦੇ ਅਸੂਲ, ਜਾਂ ਨਿਰੀ ਗ਼ੁਲਾਮ ਸਹਿਮਤੀ?

ਮਰਦ ਹੁੰਦਿਆਂ ਮੈਂ ਫ਼ੇਸਬੁੱਕ ਤੇ ਅਜਿਹੀ ਭਾਸ਼ਾ ਨੂੰ ਪੜ੍ਹਣ ਤੋਂ ਅਸਮਰਥ ਮਹਿਸੂਸ ਕੀਤਾ (ਜਦ ਕਿ ਇਹ ਮੇਰੇ ਵਿਰੁੱਧ ਨਹੀਂ ਲਿਖੀ ਜਾ ਰਹੀ ਸੀ) ਤਾਂ ਜਿੰਨ੍ਹਾਂ ਵਿਰੁੱਧ ਲਿਖੀ ਜਾ ਰਹੀ ਸੀ, ਉਨ੍ਹਾਂ ਨੇ ਇਸਤ੍ਰੀਆਂ ਹੁੰਦਿਆਂ ਕਿਵੇਂ ਮਹਿਸੂਸ ਕੀਤਾ ਹੋਵੇਗਾ, ਉਨ੍ਹਾਂ ਦੇ ਪਰਿਵਾਰਾਂ-ਮਾਤਾ-ਪਿਤਾ, ਭੈਣ-ਭਰਾਵਾਂ, ਬੱਚਿਆਂ ਜਾਂ ਪਤੀਆਂ ਨੇ ਕੀ ਅਨੁਭਵ ਕੀਤਾ ਹੋਵੇਗਾ - ਇਹ ਮੇਰੀ ਕਲਪਨਾ ਤੋਂ ਬਾਹਰੀ ਗੱਲ ਹੈ...। ਇਸ ਸਥਿਤੀ ਵਿਚ ਜਿੰਨ੍ਹਾਂ ਨ )ਖਾਸ ਕਰਕੇ ਇਸਤ੍ਰੀਆਂ ਨੇ) ਫ਼ੇਸਬੁੱਕ 'ਤੇ ਇਹ ਯੁੱਧ ਲੜਿਆ- ਮੈਂ ਉਨ੍ਹਾਂ ਦੇ ਹੌਂਸਲੇ, ਤਹੱਈਏ ਅਤੇ ਦਲੀਲਾਂ ਲਈ ਆਦਰ ਮਹਿਸੂਸ ਕੀਤਾ। ਇਹ ਸਰੀਰਕ ਤੌਰ 'ਤੇ ਲੜਣ ਨਾਲੋਂ ਵੀ ਔਖਾ ਸੀ। ਦੁਖ਼ਦਾਈ ਗੱਲ ਇਹ ਹੈ ਕਿ ਉਨ੍ਹਾਂ ਨੂੰ ਲੜਦਿਆਂ ਹੋਇਆਂ ਆਖ਼ਰਕਰ ਖ਼ੁਦ ਵੀ ਅਜਿਹੀ ਭਾਸ਼ਾ ਵਰਤਣੀ ਪਈ ਜਿਹੜੀ ਉਹ ਨਿਤਾਪ੍ਰਤੀ ਦੇ ਜੀਵਨ ਵਿਚ ਨਹੀਂ ਵਰਤਦੀਆਂ ਹੋਣਗੀਆਂ। ਇਹ ਸਭ ਇਕ ਭਾਸ਼ਾ-ਯੂਨੀਵਰਸਿਟੀ ਦੇ ਅਸਥਾਨ ਅਤੇ ਮਾਹੌਲ ਵਿਚ ਵਾਪਰਿਆ। ਯੂਨੀਵਰਸਿਟੀ ਤਾਂ ਸ਼ਬਦ ਨੂੰ ਘੜਣ, ਸਿੱਖਣ ਅਤੇ ਸੁੱਚਾ ਕਰਨ ਦੀ ਥਾਂ ਹੈ। ਜੇ ਅਸੀਂ ਮਾਨਸਰੋਵਰ ਹੀ ਮੈਲ਼ਾ ਕਰ ਲਿਆ ਤਾਂ ਸਾਡੇ ਸਾਰਿਆਂ ਦਾ ਪਿਆਸ ਨਾਲ ਮਰ ਜਾਣਾ ਲਾਜ਼ਮੀ ਹੈ ...

ਜਦੋਂ ਮੈਂ ਕਵਿਤਾ ਲਿਖ਼ਣੀ ਸਿੱਖ ਰਿਹਾ ਸਾਂ (ਜੋ ਅਜੇ ਵੀ ਸਿੱਖ ਰਿਹਾ ਹਾਂ) ਤਾਂ ਨਵਤੇਜ ਭਾਰਤੀ ਹੁਰਾਂ ਟੋਕਿਆ: "ਤੂੰ ਏਦਾਂ ਕਿਉਂ ਲਿਖ਼ਦਾ ਹੈਂ- 'ਬਹੁਤ ਸੋਹਣਾ', 'ਅੰਤ ਦਾ ਭੱਦਾ...?' ਤੂੰ ਸਿਰਫ਼ 'ਸੋਹਣਾ ਜਾਂ ਭੱਦਾ' ਹੀ ਕਿਉਂ ਨਹੀਂ ਲਿਖ਼ਦਾ? ਦੋਵੇਂ ਸ਼ਬਦ ਆਪਣੇ ਆਪ ਵਿਚ ਪੂਰੇ ਹਨ, ਆਪਣੀ ਗੱਲ ਕਹਿਣ ਵਿਚ ਸਮਰੱਥ ਹਨ, ਪਰ ਉਨ੍ਹਾਂ ਨਾਲ ਵਿਸ਼ੇਸ਼ਣ ਲਾ ਕੇ ਤੂੰ ਉਨ੍ਹਾਂ ਨੂੰ ਅਧੂਰਾ ਕਰ ਦਿੰਦਾ ਹੈਂ। ਜਦੋਂ ਸਾਨੂੰ ਸਾਡੇ ਸ਼ਬਦਾਂ ਤੇ ਭਰੋਸਾ ਨਹੀਂ ਹੁੰਦਾ ਤਾਂ ਉਨ੍ਹਾਂ ਦਾ ਭਾਰ ਵਧਾਉਣ ਲਈ ਅਸੀਂ ਉਨ੍ਹਾਂ ਨਾਲ ਵਿਸ਼ੇਸ਼ਣ ਜੋੜਦੇ ਹਾਂ। ਓਵੇਂ ਹੀ ਜਿਵੇਂ- ਜਦ ਸਾਨੂੰ ਆਪਣੀ ਦਲੀਲ 'ਤੇ ਭਰੋਸਾ ਨਹੀਂ ਹੁੰਦਾ ਤਾਂ ਆਪਣੀ ਆਵਾਜ਼ ਉੱਚੀ ਕਰਕੇ ਵਿਰੋਧੀ ਨੂੰ ਮਾਤ ਕਰਨ ਦੀ ਕੋਸ਼ਿਸ਼ ਕਰਦੇ ਹਾਂ, ਭਰੋਸਾ ਬਿਲਕੁਲ ਹੀ ਨਾ ਹੋਵੇ ਤਾਂ ਧਮਕੀ ਦੇਣ ਲਗਦੇ ਹਾਂ। ਤੂੰ ਆਪਣੀ ਆਵਾਜ਼ ਨੂੰ ਸਾਵੀਂ ਰੱਖ ਤੇ ਅਸਲੀ ਸ਼ਬਦਾਂ ਨੂੰ ਹੀ ਅਸਲੀ ਗੱਲ ਕਹਿਣ ਦੇ ...!"

ਸੁਰਜੀਤ ਪਾਤਰ ਜ਼ਿਕਰ ਕਰਦੇ ਹਨ- ਪਟਿਆਲ਼ੇ ਪੜ੍ਹਦਿਆਂ ਜਿਸ ਘਰ ਵਿਚ ਰਹਿੰਦੇ ਸਨ, ਉਥੇ ਚਾਲ਼ੀ ਕੁ ਸਾਲਾਂ ਦੀ ਅਣਵਿਆਹੀ ਇਸਤ੍ਰੀ ਰਹਿੰਦੀ ਸੀ। ਇਕ ਦਿਨ ਉਸਨੂੰ ਪੁੱਛਿਆ: 'ਤੇਜੋ! ਤੇਰੀ ਉਮਰ ਕਿੰਨੀ ਹੈ?' ਇਕ ਪਲ ਰੁਕ ਕੇ ਉਹ ਬੋਲੀ: "ਕਾਕਾ! ਗੱਲ ਉਹ ਕਰੀਦੀ ਹੈ ਜਿਸ ਨਾਲ਼ ਮਨ ਨੂੰ ਠੰਢ ਪਵੇ।" ਪਾਤਰ ਕਹਿੰਦੇ ਹਨ- 'ਮੈਂ ਜਦ ਵੀ ਕੁਝ ਲਿਖ਼ਣ ਲਗਦਾ ਹਾਂ, ਤੇਜੋ ਦੇ ਸ਼ਬਦ ਸਾਮ੍ਹਣੇ ਆ ਜਾਂਦੇ ਹਨ ...'। ਪੜ੍ਹੇ ਲਿਖੇ ਮਨੁੱਖ ਲਈ ਇਹ ਸਦੀਵੀ ਵੰਗਾਰ ਹੈ- ਜੇਕਰ ਉਸਨੇ ਲੜਣਾ ਵੀ ਹੋਵੇ ਤਾਂ ਵੀ ਅਜਿਹੇ ਸ਼ਬਦ ਲੱਭੇ ਜਿੰਨ੍ਹਾਂ ਨਾਲ ਦੁੱਖ ਅੰਤ ਨੂੰ ਘਟਦਾ ਹੋਵੇ।

ਜਿਹੜੇ ਵੀ ਡਾ. ਸੁਰਜੀਤ ਦਾ ਵਿਰੋਧ ਕਰਨਾ ਚਾਹੁੰਦੇ ਹਨ- ਜੇ ਉਨ੍ਹਾਂ ਨੂੰ ਆਪਣੀ ਲੜਾਈ ਦੇ ਸਹੀ ਹੋਣ ਦਾ ਭਰੋਸਾ ਹੈ ਤਾਂ ਜੰਮ-ਜੰਮ ਲੜਣ! ਪਰ ਸ਼ਬਦਾਂ ਨੂੰ ਤਾਂ ਮੈਲ਼ਾ ਨਾ ਕਰੀਏ! ਜਿਸ ਤਰ੍ਹਾਂ ਦੇ ਸਮੇਂ ਸਿਆਸਤ ਅਤੇ ਸਮਾਜ ਵਿਚ ਅਸੀਂ ਜੀਅ ਰਹੇ ਹਾਂ, ਉਸ ਵਿਚ ਏਨੀ ਬੇਚੈਨੀ, ਬਦਇੰਤਜ਼ਾਮੀ, ਗ਼ਰੀਬੀ, ਅਨਿਆਂ, ਪ੍ਰਦੂਸ਼ਣ, ਲੁੱਟ ਅਤੇ ਜੰਗਾਂ ਹੋ ਰਹੀਆਂ ਹਨ ਕਿ ਸਾਡੇ ਹੀ ਨਹੀਂ, ਮਨੁੱਖੀ ਸਭਿਅਤਾ ਦੇ ਬਚੇ ਰਹਿਣ ਲਈ ਵੀ ਸਾਡੇ ਕੋਲ ਥੋੜ੍ਹੇ ਜਿਹੇ ਵਸੀਲੇ ਹੀ ਬਚੇ ਹਨ। ਸ਼ਬਦ - ਉਨ੍ਹਾਂ ਥੋੜ੍ਹੇ ਜਿਹੇ ਤੇ ਕੀਮਤੀ ਵਸੀਲਿਆਂ ਵਿਚੋਂ ਇੱਕ ਹੈ। ਜੇ ਅਸੀਂ ਏਸਨੂੰ ਵੀ ਮੈਲ਼ਾ ਕਰ ਕਰ ਵਰਤਿਆ ਤਾਂ ਚੁਪਾਸੀਂ ਪਸਰੀ ਮੈਲ਼ ਨਾਲ ਕੀਹਦੇ ਆਸਰੇ ਲੜਾਂਗੇ?

5. ਰਤਨ ਟਾਟਾ ਰਿਟਾਇਰ ਹੋਏ ਤਾਂ ਇਕ ਮੀਟਿੰਗ ਵਿਚ ਕਿਸੇ ਪੱਤਰਕਾਰ ਨੇ ਪੁੱਛਿਆ: 'ਜਮਸ਼ੇਦ ਜੀ ਟਾਟਾ ਨੇ ਆਪਣਾ ਕਾਰੋਬਾਰ ਸੰਨ 1870 ਵਿਚ ਸ਼ੁਰੂ ਕੀਤਾ ਤੇ ਅੰਬਾਨੀ ਹੁਰਾਂ 1970 ਲਾਗੇ। ਫਿਰ ਉਹ ਤੁਹਾਥੋਂ ਵਧ ਅਮੀਰ ਕਿਵੇਂ ਹੋ ਗਏ?' ਰਤਨ ਟਾਟਾ ਨੇ ਕਿਹਾ: "ਏਸ ਲਈ ਕਿ ਉਹ ਬਿਜ਼ਨਸਮੈਨ ਹਨ ਤੇ ਅਸੀਂ ਐਂਟਰਪ੍ਰੀਨਿਓਰ ਹਾਂ। ਦੋਵੇਂ ਪੈਸੇ ਕਮਾਉਂਦੇ ਹਨ ਪਰ ਐਂਟਰਪ੍ਰੀਨਿਓਰ ਨੂੰ ਇਹ ਫ਼ਿਕਰ ਹੁੰਦਾ ਹੈ ਕਿ ਉਸਦੀ ਬਣਾਈ ਵਸਤੂ ਦੀ ਖ਼ਰੀਦਦਾਰ ਨੂੰ ਸੱਚੀਮੁੱਚੀਂ ਲੋੜ ਹੈ ਵੀ ਕਿ ਨਹੀਂ? ਤੇ ਉਸ ਵਸਤੂ ਦਾ ਖ਼ਰੀਦਦਾਰ ਦੇ ਜੀਵਨ 'ਤੇ ਬੁਰਾ ਅਸਰ ਤਾਂ ਨਹੀਂ ਪੈ ਰਿਹਾ? ਅਸੀਂ ਕਈ ਚੀਜ਼ਾਂ ਹੋਰ ਬਣਾ ਅਤੇ ਵੇਚ ਸਕਦੇ ਸਾਂ ਜਿਸ ਵਿਚ ਵਧ ਪੈਸਾ ਬਣ ਸਕਦਾ ਸੀ ਪਰ ਇਸੇ ਵਿਚਾਰ ਕਰਕੇ ਨਹੀਂ ਬਣਾਈਆਂ। ਦੂਜੇ ਪਾਸੇ - ਬਿਜ਼ਨਸਮੈਨ ਦਾ ਮਕਸਦ ਵਧ ਤੋਂ ਵਧ ਧਨ ਹਾਸਲ ਕਰਨਾ ਹੁੰਦਾ ਹੈ, ਭਾਵੇਂ ਕੋਈ ਵੀ ਹਥਕੰਡਾ ਵਰਤਣਾ ਪਵੇ, ਜਾਂ ਉਸਦੀ ਪ੍ਰੋਡਕਟ ਖਪਤਕਾਰ ਲਈ ਸ਼ੁਭ ਹੋਵੇ ਜਾਂ ਨਾ!"

ਉਸੇ ਪੱਤਰਕਾਰ ਨੇ ਦੂਜਾ ਸੁਆਲ ਪੁੱਛਿਆ: 'ਤੁਸੀਂ ਵਿਆਹ ਕਿਉਂ ਨਹੀਂ ਕੀਤਾ?' ਉਹ ਬੋਲੇ: "ਜਿਸ ਨਾਲ ਕਰਨਾ ਚਾਹਿਆ, ਉਸ ਦਾ ਧਰਮ ਹੋਰ ਸੀ। ਉਸਦੇ ਮਾਤਾ-ਪਿਤਾ ਨਹੀਂ ਮੰਨੇ। ਉਨ੍ਹਾਂ ਨੂੰ ਦੁੱਖ ਦੇ ਕੇ ਖ਼ੁਸ਼ੀ ਹਾਸਲ ਕਰਨ ਨੂੰ ਚਿੱਤ ਨਹੀਂ ਕੀਤਾ"। ਪੱਤਰਕਾਰ ਨੇ ਕਿਹਾ: "ਉਸ ਇਸਤ੍ਰੀ ਦਾ ਨਾਂ ਪਤਾ ਦੱਸੋਗੇ?" ਰਤਨ ਟਾਟਾ ਬੋਲੇ: "ਬਿਲਕੁਲ ਨਹੀਂ। ਉਹ ਵਿਆਹੀ ਜਾ ਚੁੱਕੀ ਹੈ, ਉਸਦੇ ਬੱਚੇ ਹਨ, ਉਹ ਆਪਣੇ ਪਤੀ ਨਾਲ ਪ੍ਰਸੰਨ ਹੈ ਜੋ ਉਹਦਾ ਧਿਆਨ ਰਖਦਾ ਹੈ, ਆਦਰ ਵੀ ਕਰਦਾ ਹੈ। ਉਹਦਾ ਕੋਈ ਵੀ ਜ਼ਿਕਰ ਉਹਦੇ ਜੀਵਨ ਵਿਚ ਦਖ਼ਲ ਦੇਵੇਗਾ!" ਢੀਠ ਪੱਤਰਕਾਰ ਨੇ ਲਲਚਾਇਆ ਸੁਆਲ ਕੀਤਾ: 'ਕੀ ਉਹ ਹੈਦਰਾਬਾਦ ਵਿਖੇ ਰਹਿੰਦੀ ਹੈ?'

ਰਤਨ ਟਾਟਾ ਗੰਭੀਰ ਹੋ ਕੇ ਬੋਲੇ: "ਜੇ ਤੁਹਾਨੂੰ ਏਨਾ ਕੁਝ ਪਤਾ ਹੈ ਤਾਂ ਏਹ ਪਤਾ ਵੀ ਹੋਵੇਗਾ ਕਿ ਉਹ ਕੌਣ ਹੈ? ਜੇ ਤੁਸੀਂ ਉਹਦੀ ਤਸਵੀਰ ਕਲ੍ਹ ਦੇ ਅਖ਼ਬਾਰ ਵਿਚ ਮੇਰੀ ਰਿਟਾਇਰਮੈਂਟ ਦੀ ਖ਼ਬਰ ਦੇ ਨਾਲ਼ ਹੀ ਛਾਪ ਦਿਉ ਤਾਂ ਯਕੀਨੀ ਤੌਰ 'ਤੇ ਤੁਹਾਨੂੰ ਇਸ ਵੱਡੀ ਪੱਤਰਕਾਰੀ 'ਖੋਜ' ਲਈ ਇਨਾਮ ਵਜੋਂ ਪੈਸੇ ਤੇ ਅਖ਼ਬਾਰ ਵਿਚ ਅਹੁਦੇ ਸਣੇ ਪੱਤਰਕਾਰੀ ਖੇਤਰ ਵਿਚ 'ਸ਼ੋਹਰਤ' ਵੀ ਮਿਲੇਗੀ। ਵੱਡੇ ਅਖ਼ਬਾਰ ਤੁਹਾਡੀਆਂ 'ਸੇਵਾਵਾਂ' ਹਾਸਲ ਕਰਨ ਲਈ ਕਤਾਰ ਬੰਨ੍ਹ ਕੇ ਖੜੇ ਹੋ ਜਾਣਗੇ। ਪਰ ਦੂਜੇ ਪਾਸੇ ਏਹ ਵੀ ਸੰਭਵ ਹੈ ਕਿ ਉਸ ਇਸਤ੍ਰੀ ਦਾ ਨਾਂ ਪਤਾ ਨਸ਼ਰ ਹੋਣ ਮਗਰੋਂ ਉਸਨੂੰ ਲੋਕ ਪੁੱਛਣ- "ਕੀ ਤੂੰ ਹਾਲੇ ਵੀ ਰਤਨ ਟਾਟਾ ਨੂੰ ਮਿਲਦੀ ਹੈਂ? ਕਿਸ ਤਰ੍ਹਾਂ ਦਾ ਤਜਰਬਾ ਹੋਇਆ ਉਹਦੇ ਨਾਲ?" ਉਸਦੇ ਪਤੀ ਨੂੰ ਪੁੱਛਣ - "ਤੈਨੂੰ ਯਕੀਨ ਹੈ ਕਿ ਤੇਰੇ ਬੱਚੇ ਤੇਰੇ ਹੀ ਹਨ?" ਜਾਂ ਉਸਦੇ ਬੱਚਿਆਂ ਨੂੰ ਏਹੀ ਅਭੱਦਰ ਸੁਆਲ ਪੁੱਛਿਆ ਜਾਵੇ, ਉਸਦੇ ਮਾਤਾ-ਪਿਤਾ ਜਾਂ ਸਹੁਰੇ ਪਰਿਵਾਰ ਦੇ ਬਜ਼ੁਰਗਾਂ ਨੂੰ ਵੀ ਨਾ ਬਖ਼ਸ਼ਿਆ ਜਾਵੇ। ਇਹ ਸਭ ਕਿਸ ਲਈ? ਸਿਰਫ਼ ਤੁਹਾਡੀ ਤਰੱਕੀ ਲਈ! ਮੈਂ ਤੁਹਾਡੇ ਪਿਛਲੇ ਸੁਆਲ ਦੇ ਜੁਆਬ ਵਿਚ ਦੱਸਿਆ ਸੀ - ਬਿਜ਼ਨਸਮੈਨ ਅਤੇ ਐਂਟਰਪ੍ਰੀਨਿਓਰ ਵਿਚ ਕੀ ਫ਼ਰਕ ਹੁੰਦਾ ਹੈ? ਐਂਟਰਪ੍ਰੀਨਿਓਰ ਆਪਣੀ ਪੈਦਾਵਾਰ ਦੀ ਜ਼ਿੰਮੇਵਾਰੀ ਲੈਂਦਾ ਹੈ ਕਿ ਉਹ ਕਿਸੇ ਲਈ ਘਾਤਕ ਨਾ ਹੋਵੇ। ਸਾਡੀ ਪ੍ਰੋਡਕਟ ਤਾਂ ਲੋਹਾ ਹੈ, ਮਸ਼ੀਨਾਂ ਜਾਂ ਰਸਾਇਣ ਹਨ। ਪੱਤਰਕਾਰ ਵਜੋਂ ਤੁਹਾਡੀ ਪ੍ਰੋਡਕਟ ਸ਼ਬਦ ਹੈ, ਜੋ ਲੋਹੇ ਜਾਂ ਮਸ਼ੀਨਾਂ ਨਾਲੋਂ ਕਿਤੇ ਵਧ ਸੂਖਮ ਹੈ, ਕਿਤੇ ਵਧ ਅਸਰ ਜਾਂ ਮਾਰ ਕਰ ਸਕਦਾ ਹੈ। ਜੇ ਤੁਸੀਂ ਸ਼ਬਦ ਦੇ 'ਬਿਜ਼ਨਸਮੈਨ' ਹੋ ਤਾਂ ਕਲ੍ਹ ਨੂੰ ਮੇਰੇ ਬਾਰੇ ਆਪਣੀ ਖੋਜ ਜ਼ਰੂਰ ਛਾਪੋਗੇ। ਪਰ ਜੇ ਤੁਸੀਂ ਸ਼ਬਦ ਦੇ 'ਐਂਟਰਪ੍ਰੀਨਿਓਰ' ਹੋ ਤਾਂ ਇਉਂ ਨਹੀਂ ਕਰੋਗੇ। ਤੁਹਾਨੂੰ ਇਉਂ ਨਾ ਕਰਨ ਦਾ ਕੁਝ ਨੁਕਸਾਨ ਹੋਵੇਗਾ। ਪਰ ਖ਼ਬਰ ਛਾਪਣ ਨਾਲ ਸੌ ਕੁ ਹੋਰ ਬੰਦਿਆਂ ਨੂੰ ਮਿਲ਼ਣ ਵਾਲੇ ਦੁੱਖ ਤੋਂ ਇਲਾਵਾ ਜੋ ਤੁਹਾਡਾ ਆਪਣਾ ਨੈਤਿਕ ਅਤੇ ਮਨੁੱਖ ਵਜੋਂ ਨੁਕਸਾਨ ਹੋਵੇਗਾ - ਤੁਹਾਡਾ ਉਸ ਬਾਰੇ ਤੁਹਾਡਾ ਸੋਚਣਾ ਵੀ ਬਣਦਾ ਹੈ ... !"

6. ਡਾ. ਸੁਰਜੀਤ ਲਈ ਬਹੁਤ ਪ੍ਰਸ਼ੰਸਾ ਇਨ੍ਹਾਂ ਸਫ਼ਿਆਂ 'ਤੇ ਪੜ੍ਹੀ ਹੈ। ਆਸ ਹੈ - ਚੰਗਾ ਪੜ੍ਹਾਉਣ ਤੇ ਆਪਣੇ ਵਿਦਿਆਰਥੀਆਂ ਦਾ ਫ਼ਿਕਰ ਕਰਦੇ ਰਹਿਣ ਦੀ ਤੰਦ ਉਨ੍ਹਾਂ ਹੱਥੋਂ ਛੁੱਟੇਗੀ ਨਹੀਂ। ਜੀਵਨ ਕਿਸੇ ਦਾ ਵੀ ਅਜਾਈਂ ਨਾ ਜਾਵੇ, ਜਿਹੜੇ ਉਨ੍ਹਾਂ ਦੇ ਵਿਰੋਧ ਵਿਚ ਹਨ - ਉਨ੍ਹਾਂ ਹੱਥੋਂ ਵੀ ਚੰਗੇ ਕੰਮ ਹੋਣ!

ਮੈਨੂੰ ਨਹੀਂ ਪਤਾ - ਆਤਮਾ ਹੁੰਦੀ ਹੈ ਕਿ ਨਹੀਂ? ਜੇ ਹੋਵੇ - ਤਾਂ ਅਸ਼ਾਂਤ ਹੁੰਦੀ ਹੈ ਕਿ ਨਹੀਂ? ਪਰ ਜੇ ਹੁੰਦੀ ਹੈ - ਤਾਂ ਜਸ਼ਨਪ੍ਰੀਤ ਦੀ ਆਤਮਾ ਅੱਜ ਅੱਤ ਦੀ ਅਸ਼ਾਂਤ ਹੋਵੇਗੀ। ਮਿਹਨਤ ਅਤੇ ਸਿਰੜ ਨਾਲ ਪੜ੍ਹਨ, ਜੀਣ, ਗਰੀਬੀ ਤੰਗੀ ਨਾਲ਼ ਲੜਨ-ਘੁਲ਼ਣ, ਅਤੇ ਮਿੱਤਰ ਪਰਿਵਾਰ ਦੀ ਉਮੀਦ ਆਸਰਾ ਬਣਨ ਵਾਲ਼ੀ ਸਾਡੀ ਧੀ ਦੀ ਮੌਤ ਨੂੰ ਅਸੀਂ ਉਸ ਝਗੜੇ ਲਈ ਵਰਤ ਲਿਆ, ਜਿਹੜਾ ਅਸੀਂ ਕਿਸੇ ਹੋਰ ਤਰੀਕੇ ਵੀ ਹੱਲ ਕਰ ਸਕਦੇ ਸਾਂ।

ਪੰਜਾਬ ਨੂੰ ਕਈ ਹਜ਼ਾਰ ਸਾਲ ਕਬੀਲੇ ਦੀ ਮਾਨਸਿਕਤਾ ਨਾਲ ਜੀਂਦਿਆਂ ਹੋ ਗਏ ਹਨ। ਸ਼ਬਦ ਦਾ ਵਟਾਂਦਰਾ ਅਤੇ ਦੂਜੇ ਦੇ ਵਖਰੇਵੇਂ ਦਾ ਸਵੀਕਾਰ - ਏਸ ਮਾਨਸਿਕਤਾ ਵਿਚੋਂ ਨਿਕਲਣ ਦਾ ਰਾਹ ਹੈ। ਜੇ ਅਸੀਂ ਰਲ਼-ਮਿਲ਼ ਕੇ ਅਜਿਹਾ ਵਿਧੀ-ਵਿਧਾਨ ਘੜ ਲਈਏ, ਜਾਂ ਆਪੋ ਵਿਚ ਸਹਿਮਤ ਹੀ ਹੋ ਜਾਈਏ, ਆਪਣੇ ਕਿਸੇ ਵੀ ਸਿਆਸੀ, ਸਿਧਾਂਤਕ, ਸਮਾਜਿਕ, ਅਕਾਦਮਿਕ ਵਖਰੇਵੇਂ ਜਾਂ ਮਤਭੇਦਾਂ ਨੂੰ ਗੱਲਬਾਤ ਰਾਹੀਂ ਤੇ ਇਕ ਦੂਜੇ ਲਈ ਕੁਝ ਥਾਂ ਛਡ ਕੇ ਹੱਲ ਕਰ ਸਕੀਏ। ਜ਼ਰੂਰੀ ਨਹੀਂ ਕਿ ਸਦਾ ਇਕ ਦੂਜੇ ਨਾਲ਼ ਸਹਿਮਤ ਹੀ ਹੋਈਏ, ਹੋਰ ਕਿਤੇ ਨਹੀਂ ਤਾਂ ਘੱਟੋ ਘੱਟ ਆਪਣੀਆਂ ਯੂਨੀਵਰਸਿਟੀਆਂ ਵਿਚ ਤਾਂ ਕਰ ਲਈਏ ਜਿੱਥੇ ਸ਼ਬਦ ਦੀ ਧਾਰਾ ਵਗਦੀ ਹੈ, ਭਾਵੇਂ ਏਸ ਵਿਚ ਵਰ੍ਹੇ ਹੀ ਲੱਗ ਜਾਣ - ਤਾਂ ਜਸ਼ਨਪ੍ਰੀਤ ਦੀ ਮੌਤ ਸ਼ਾਇਦ ਕਿਸੇ ਲੇਖੇ ਲੱਗੇ ਤੇ ਅਸੀਂ ਵੀ ਲਹੂ ਦੀ ਉਸ ਨਦੀ ਦਾ ਕੰਢਾ ਲੱਭ ਸਕੀਏ ਜਿਸਦਾ ਐਸ ਵੇਲ਼ੇ ਪੰਜਾਬ ਨੂੰ ਕੋਈ ਅੰਤ ਨਹੀਂ ਦਿਸ ਰਿਹਾ...।

ਐਸਾ ਲਹੂ - ਜਿਸਦਾ ਹੱਲ ਹੋਰ ਲਹੂ ਵਹਾਉਣਾ ਹੀ ਸਾਨੂੰ ਦੱਸਿਆ ਜਾ ਰਿਹਾ ਹੈ ...

# ਭਾਰਤ 'ਚ ਲੋਕਤੰਤਰ ਖ਼ਤਮ ਹੋਣ ਦਾ ਅਸਰ ਦੁਨੀਆ 'ਤੇ ਪਵੇਗਾ

**ਪ੍ਰਸਿੱਧ ਲੇਖਕਾ ਅਰੁੰਧਤੀ ਰਾਏ ਨੂੰ ਉਨ੍ਹਾਂ ਦੇ ਲੇਖ 'ਆਜ਼ਾਦੀ' ਦੇ ਫਰਾਂਸੀਸੀ ਅਨੁਵਾਦ (ਲਿਬਰਟੇ, ਫਾਸ਼ਿਜ਼ਮ, ਫਿਕਸ਼ਨ) ਦੇ ਮੌਕੇ 'ਤੇ 12 ਸਤੰਬਰ ਨੂੰ ਉਨ੍ਹਾਂ ਦੀ ਜੀਵਨ ਭਰ ਦੀ ਪ੍ਰਾਪਤੀ ਲਈ 45ਵੇਂ ਯੂਰਪੀ ਲੇਖ ਇਨਾਮ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਉਨ੍ਹਾਂ ਵੱਲੋਂ ਦਿੱਤੇ ਅਹਿਮ ਭਾਸ਼ਣ ਦੇ ਪਾਠ ਦੀ ਪਹਿਲੀ ਕਿਸ਼ਤ ਪੇਸ਼ ਹੈ। ਇਸ ਦਾ ਤਰਜਮਾ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ।**

2023 ਦੇ 'ਯੂਰਪੀ ਲੇਖ ਪੁਰਸਕਾਰ' ਨਾਲ ਮੈਨੂੰ ਸਨਮਾਨਿਤ ਕਰਨ ਲਈ ਮੈਂ ਚਾਰਲਸ ਵੇਈਲੋਂਨ ਫਾਉਂਡੇਸ਼ਨ ਦਾ ਧੰਨਵਾਦ ਕਰਦੀ ਹਾਂ। ਮੈਨੂੰ ਸਭ ਤੋਂ ਵੱਧ ਖ਼ੁਸ਼ੀ ਇਸ ਗੱਲ ਦੀ ਹੈ ਕਿ ਇਹ ਪੁਰਸਕਾਰ ਸਾਹਿਤ ਲਈ ਹੈ; ਲਿਖਣ ਲਈ; ਅਜਿਹੀ ਲੇਖਣੀ ਲਈ ਜਿਸ ਤਰ੍ਹਾਂ ਦਾ ਮੈਂ ਲਿਖਦੀ ਹਾਂ ਅਤੇ ਪਿਛਲੇ 25 ਸਾਲਾਂ ਤੋਂ ਲਿਖ ਰਹੀ ਹਾਂ।

ਅੱਜ ਭਾਰਤ ਵਿਚ ਉਨ੍ਹਾਂ (ਮੌਜੂਦਾ ਹਾਕਮਾਂ) ਨੇ ਕਦਮ-ਦਰ-ਕਦਮ ਅੱਗੇ ਵਧਦੇ ਹੋਏ ਮੁਲਕ ਦਾ ਪਹਿਲਾਂ ਬਹੁਗਿਣਤੀਵਾਦ ਅਤੇ ਫਿਰ ਪੂਰੇ ਵਿਕਸਿਤ ਫਾਸ਼ੀਵਾਦ ਵਿਚ ਪਤਨ ਯਕੀਨੀ ਬਣਾ ਲਿਆ ਹੈ (ਹਾਲਾਂਕਿ ਕੁਝ ਲੋਕ ਇਸ ਨੂੰ ਉਭਾਰ ਵਜੋਂ ਲੈ ਰਹੇ ਹਨ)। ਇੱਥੇ (ਭਾਰਤ ਵਿਚ) ਚੋਣਾਂ ਹੁੰਦੀਆਂ ਹਨ ਅਤੇ ਇਸੇ ਕਾਰਨ ਭਰੋਸੇਯੋਗ ਵੋਟਰ ਸਮੂਹ ਤਿਆਰ ਕਰਨ ਲਈ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਦੇ ਹਿੰਦੂ ਸਰਵਉੱਚਤਾ ਦੇ ਸੰਦੇਸ਼ ਨੂੰ 140 ਕਰੋੜ ਲੋਕਾਂ ਦੀ ਆਬਾਦੀ ਤੱਕ ਲਗਾਤਾਰ ਪ੍ਰਸਾਰਿਤ ਕੀਤਾ ਗਿਆ ਹੈ। ਸਿੱਟੇ ਵਜੋਂ ਭਾਰਤ ਦੀਆਂ ਘੱਟਗਿਣਤੀਆਂ, ਖ਼ਾਸ ਕਰ ਕੇ ਮੁਸਲਮਾਨਾਂ ਅਤੇ ਇਸਾਈਆਂ ਲਈ ਚੋਣਾਂ ਦਾ ਮੌਸਮ ਸਭ ਤੋਂ ਖ਼ਤਰਨਾਕ ਸਮਾਂ ਬਣ ਜਾਂਦਾ ਹੈ ਜਦੋਂ



**ਅਰੁੰਧਤੀ ਰਾਏ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਉਨ੍ਹਾਂ ਦੇ ਕਤਲ, ਲਿੰਚਿੰਗ ਨੂੰ ਨਿਸ਼ਾਨਾ ਬਣਾ ਕੇ ਬਿਆਨਬਾਜ਼ੀ ਆਮ ਹੋ ਜਾਂਦੀ ਹੈ।

ਹਾਲਤ ਇਹ ਹੈ ਕਿ ਹੁਣ ਸਾਨੂੰ ਸਿਰਫ਼ ਆਪਣੇ ਆਗੂਆਂ ਤੋਂ ਨਹੀਂ ਸਗੋਂ ਆਬਾਦੀ ਦੇ ਇਕ ਪੂਰੇ ਹਿੱਸੇ ਤੋਂ ਡਰਨਾ ਪੈ ਰਿਹਾ ਹੈ। ਗੰਦਗੀ ਏਨੀ ਆਮ, ਏਨੀ ਸਧਾਰਨ ਹੋ ਗਈ ਹੈ ਕਿ ਹੁਣ ਸਾਡੀਆਂ ਸੜਕਾਂ 'ਤੇ, ਕਲਾਸ ਰੂਮਾਂ ਵਿਚ, ਬਹੁਤ ਸਾਰੀਆਂ ਜਨਤਕ ਥਾਵਾਂ 'ਤੇ ਪ੍ਰਗਟ ਹੋਣ ਲੱਗ ਪਈ ਹੈ। ਮੁੱਖ ਧਾਰਾ ਪ੍ਰੈੱਸ, 24 ਘੰਟੇ ਚੱਲਣ ਵਾਲੇ ਸੈਂਕੜੇ ਨਿਊਜ਼ ਚੈਨਲਾਂ ਦੀ ਵਰਤੋਂ ਫਾਸ਼ੀਵਾਦੀ ਬਹੁਗਿਣਤੀਵਾਦ ਨੂੰ ਫੈਲਾਉਣ ਲਈ ਕੀਤੀ ਜਾਂਦੀ ਹੈ। ਅਸਲ ਵਿਚ, ਭਾਰਤ ਦੇ ਸੰਵਿਧਾਨ ਨੂੰ ਦਰਕਿਨਾਰ ਕਰ ਦਿੱਤਾ ਗਿਆ ਹੈ। ਇੰਡੀਅਨ ਪੀਨਲ ਕੋਡ ਦੁਬਾਰਾ ਲਿਖਿਆ ਜਾ ਰਿਹਾ ਹੈ। ਜੇ ਮੌਜੂਦਾ ਹਕੂਮਤ 2024 ਵਿਚ ਮੁੜ ਬਹੁਮਤ ਹਾਸਲ ਕਰ ਲੈਂਦੀ ਹੈ ਤਾਂ ਇਸ ਗੱਲ ਦੀ ਪੂਰੀ ਸੰਭਾਵਨਾ ਹੈ ਕਿ ਸਾਡੇ ਸਾਹਮਣੇ ਨਵਾਂ ਸੰਵਿਧਾਨ ਹੋਵੇਗਾ।

ਪੂਰੀ ਸੰਭਾਵਨਾ ਹੈ ਕਿ 'ਸੀਮਾਬੰਦੀ' ਹੋਵੇਗੀ, ਅਰਥਾਤ ਆਪਣੇ ਚੁਣਾਵੀ ਫ਼ਾਇਦੇ ਲਈ ਚੋਣ ਹਲਕਿਆਂ ਨੂੰ ਨਵੇਂ ਸਿਰਿਓਂ ਬਣਾਉਣ ਦੀ ਚਲਾਕੀ ਜਿਸ ਨੂੰ ਅਮਰੀਕਾ ਵਿਚ ਗੈਰੀਮੈਂਡਰਿੰਗ ਕਿਹਾ ਜਾਂਦਾ ਹੈ। ਇਸ ਨਾਲ ਉੱਤਰੀ ਭਾਰਤ ਦੇ ਉਨ੍ਹਾਂ ਹਿੰਦੀ ਬੋਲਣ ਵਾਲੇ ਰਾਜਾਂ ਵਿਚ ਵਧੇਰੇ ਸੰਸਦੀ ਸੀਟਾਂ ਆਉਣਗੀਆਂ ਜਿੱਥੇ ਭਾਜਪਾ ਦੀ ਵੱਡਾ ਹਮਾਇਤੀ ਆਧਾਰ ਹੈ। ਇਸ ਨਾਲ ਦੱਖਣੀ ਰਾਜਾਂ ਵਿਚ ਭਾਰੀ ਰੋਹ ਫੈਲੇਗਾ ਅਤੇ ਪੂਰਾ ਸ਼ੱਕ ਹੈ ਕਿ ਇਸ ਨਾਲ ਭਾਰਤ ਅੰਦਰੋਂ ਖੰਡਿਤ ਹੋ ਜਾਵੇਗਾ ਅਤੇ ਖੇਤਰੀ ਟਕਰਾਓ ਸ਼ੁਰੂ ਹੋ ਜਾਵੇਗਾ; ਇੱਥੋਂ ਤੱਕ ਕਿ ਜੇ ਉਹ ਚੋਣਾਂ ਵਿਚ ਹਾਰ ਵੀ ਜਾਂਦੇ ਹਨ ਜਿਸ ਦੀ ਸੰਭਾਵਨਾ ਘੱਟ ਹੈ, ਫਿਰ ਵੀ ਗ਼ਲਬਾਵਾਦੀ ਜ਼ਹਿਰ ਬਹੁਤ ਡੂੰਘਾ ਜਾ ਚੁੱਕਾ ਹੈ ਅਤੇ ਇਸ ਨੇ ਹਰ ਉਸ ਜਨਤਕ ਅਦਾਰੇ ਵਿਚ ਘਰ ਕਰ ਲਿਆ ਹੈ ਜੋ ਸੱਤਾ ਦੇ ਕੰਟਰੋਲ ਅਤੇ ਸੰਤੁਲਨ ਦੀ ਨਿਗਰਾਨੀ ਲਈ ਬਣਾਇਆ ਗਿਆ ਹੈ। ਦਰਅਸਲ, ਸੁਪਰੀਮ ਕੋਰਟ ਨੂੰ ਛੱਡ ਕੇ ਜੋ ਪਹਿਲਾਂ ਹੀ ਖੋਖਲਾ ਅਤੇ ਕਮਜ਼ੋਰ ਬਣਾ ਦਿੱਤੀ ਗਈ ਹੈ, ਕੋਈ ਹੋਰ ਸੰਸਥਾ ਬਚੀ ਹੀ ਨਹੀਂ ਹੈ।

ਇਕ ਵਾਰ ਫਿਰ ਇਹ ਵੱਕਾਰੀ ਪੁਰਸਕਾਰ ਦੇਣ ਅਤੇ ਮੇਰੇ ਕੰਮ ਨੂੰ ਮਾਨਤਾ ਦੇਣ ਲਈ ਧੰਨਵਾਦ ਹਾਲਾਂਕਿ ਲਾਈਫਟਾਈਮ ਅਚੀਵਮੈਂਟ ਅਵਾਰਡ ਬੰਦੇ ਨੂੰ ਬੁੱਢਾ ਮਹਿਸੂਸ ਕਰਨ ਲਾ ਦਿੰਦਾ ਹੈ; ਮਤਲਬ, ਹੁਣ ਮੈਨੂੰ ਇਹ ਦਿਖਾਵਾ ਕਰਨਾ ਬੰਦ ਕਰਨਾ ਪਏਗਾ ਕਿ ਮੈਂ ਅਜੇ ਬੁੱਢੀ ਨਹੀਂ ਹੋਈ। (ਅਸਲ ਵਿਚ) ਸਾਡਾ ਪਤਨ ਕਿਸ ਪਾਸੇ ਹੈ, ਉਸ ਬਾਰੇ ਚਿਤਾਵਨੀ ਦੇਣ ਵਾਲੀ ਲੇਖਣੀ 25 ਸਾਲ ਤੱਕ ਕਰਦੇ ਰਹਿਣ ਲਈ ਪੁਰਸਕਾਰ ਪ੍ਰਾਪਤ ਕਰਨਾ ਕੁਝ ਮਾਇਨਿਆਂ 'ਚ ਵੱਡੀ ਵਿਡੰਬਨਾ ਹੈ।

ਉਂਝ, ਹੁਣ ਚਿਤਾਵਨੀ ਦਾ ਵੇਲਾ ਬੀਤ ਗਿਆ ਹੈ। ਅਸੀਂ ਇਤਿਹਾਸ ਦੇ ਐਨ ਵੱਖਰੇ ਪੜਾਅ ਵਿਚ ਹਾਂ। ਲੇਖਕ ਹੋਣ ਦੇ ਨਾਤੇ ਮੈਂ ਸਿਰਫ਼ ਇਹ ਉਮੀਦ ਕਰ ਸਕਦੀ ਹਾਂ ਕਿ ਮੇਰੀ ਲੇਖਣੀ ਮੇਰੇ ਮੁਲਕ ਅੰਦਰ ਆ ਰਹੇ ਕਾਲੇ ਅਧਿਆਇ ਦੀ ਗਵਾਹੀ ਦੇਵੇਗੀ। ਉਮੀਦ ਹੈ ਕਿ ਮੇਰੇ ਵਰਗੇ ਹੋਰ ਲੋਕਾਂ ਦਾ ਕੰਮ ਜਾਰੀ ਰਹੇਗਾ ਤਾਂ ਕਿ ਸਨਦ ਰਹੇ ਕਿ ਅਸੀਂ ਸਾਰੇ ਉਸ ਨਾਲ ਸਹਿਮਤ ਨਹੀਂ ਸਨ ਜੋ ਹੋ ਰਿਹਾ ਸੀ।

ਮੈਂ ਆਪਣੀ ਜ਼ਿੰਦਗੀ ਦੀ ਕੋਈ ਅਜਿਹੀ ਯੋਜਨਾ ਨਹੀਂ ਬਣਾਈ ਸੀ ਕਿ ਨਿਬੰਧਕਾਰ ਬਣਾਂਗੀ। ਇਹ ਤਾਂ ਬਸ ਉਂਞ ਹੀ ਹੋ ਗਿਆ। ਮੇਰੀ ਪਹਿਲੀ ਕਿਤਾਬ 'ਦਿ ਗੌਡ ਆਫ ਸਮਾਲ ਥਿੰਗਜ਼' ਨਾਵਲ ਸੀ ਜੋ 1997 ਵਿਚ ਛਪਿਆ। ਇਹ ਬਰਤਾਨਵੀ ਬਸਤੀਵਾਦ ਤੋਂ ਭਾਰਤ ਦੀ ਆਜ਼ਾਦੀ ਦੀ 50ਵੀਂ ਵਰ੍ਹੇਗੰਢ ਸੀ। ਸੀਤ ਯੁੱਧ ਖ਼ਤਮ ਹੋਏ ਨੂੰ ਅੱਠ ਸਾਲ ਹੋ ਗਏ ਸਨ ਅਤੇ ਸੋਵੀਅਤ ਕਮਿਊਨਿਜ਼ਮ ਅਫ਼ਗਾਨ-ਸੋਵੀਅਤ ਯੁੱਧ ਦੇ ਮਲਬੇ ਹੇਠ ਦੱਬਿਆ ਜਾ ਚੁੱਕਾ ਸੀ। ਇਹ ਅਮਰੀਕਾ ਦੇ ਬੋਲਬਾਲੇ ਵਾਲੇ ਇਕ ਧਰੁਵੀ ਸੰਸਾਰ ਦੀ ਸ਼ੁਰੂਆਤ ਸੀ ਜਿਸ ਵਿਚ ਪੂੰਜੀਵਾਦ ਨਿਰਵਿਰੋਧ ਜੇਤੂ ਸੀ। ਭਾਰਤ ਨੇ ਆਪਣੇ ਆਪ ਨੂੰ ਅਮਰੀਕਾ ਨਾਲ ਜੋੜ ਲਿਆ ਅਤੇ ਆਪਣੀਆਂ ਮੰਡੀਆਂ ਕਾਰਪੋਰੇਟ ਸਰਮਾਏ ਲਈ ਖੋਲ੍ਹ ਦਿੱਤੀਆਂ।

'ਨਿੱਜੀਕਰਨ' ਅਤੇ 'ਢਾਂਚਾ ਢਲਾਈ' ਹੋਰ ਕੁਝ ਨਹੀਂ, ਮਹਿਜ਼ ਖੁੱਲ੍ਹੀ ਮੰਡੀ ਦਾ ਭਰਮ ਹੀ ਸੀ। ਭਾਰਤ ਉੱਚੀਆਂ ਸੀਟਾਂ 'ਤੇ ਆਪਣੀ ਥਾਂ ਲੈ ਰਿਹਾ ਸੀ। ਫਿਰ 1998 ਵਿਚ ਭਾਜਪਾ ਦੀ ਅਗਵਾਈ ਵਾਲੀ ਹਿੰਦੂ ਰਾਸ਼ਟਰਵਾਦੀ ਸਰਕਾਰ ਸੱਤਾ ਵਿਚ ਆਈ। ਸਭ ਤੋਂ ਪਹਿਲਾਂ ਕੰਮ ਜੋ ਉਸ ਨੇ ਕੀਤਾ, ਉਹ ਸੀ ਇਕ ਤੋਂ ਬਾਅਦ ਇਕ ਪਰਮਾਣੂ ਟੈਸਟ। ਲੇਖਕਾਂ, ਕਲਾਕਾਰਾਂ ਅਤੇ ਪੱਤਰਕਾਰਾਂ ਸਮੇਤ ਜ਼ਿਆਦਾਤਰ ਲੋਕਾਂ ਨੇ ਉਸ ਦਾ ਸਵਾਗਤ ਜ਼ਹਿਰੀਲੇ, ਇੰਤਹਾ ਰਾਸ਼ਟਰਵਾਦ ਦੀ ਭਾਸ਼ਾ 'ਚ ਕੀਤਾ। ਜਨਤਕ ਚਰਚਾ ਦਾ ਵਿਸ਼ਾ ਅਚਾਨਕ ਬਦਲ ਗਿਆ ਸੀ।

ਉਸ ਸਮੇਂ, ਆਪਣੇ ਨਾਵਲ ਲਈ ਬੁੱਕਰ ਇਨਾਮ ਜਿੱਤਣ ਤੋਂ ਬਾਅਦ ਮੈਨੂੰ ਅਣਜਾਣੇ ਹੀ ਇਸ ਹਮਲਾਵਰ ਨਵੇਂ ਭਾਰਤ ਦੇ ਸੱਭਿਆਚਾਰਕ ਰਾਜਦੂਤਾਂ ਵਿਚੋਂ ਇਕ ਵਜੋਂ ਪੇਸ਼ ਕੀਤਾ ਜਾਣਾ ਸ਼ੁਰੂ ਹੋ ਗਿਆ ਸੀ। ਮੈਂ ਮੁੱਖ ਮੈਗਜ਼ੀਨਾਂ ਦੇ ਮੁੱਖ ਪੰਨੇ 'ਤੇ ਛਾ ਗਈ ਸੀ। ਮੈਨੂੰ ਪਤਾ ਸੀ ਕਿ ਜੇ ਮੈਂ ਕੁਝ ਨਹੀਂ ਕਹਾਂਗੀ ਤਾਂ ਇਹ ਮੰਨ ਲਿਆ ਜਾਵੇਗਾ ਕਿ ਮੈਂ ਇਸ ਸਭ ਕਾਸੇ ਨਾਲ ਸਹਿਮਤ ਹਾਂ। ਉਦੋਂ ਮੈਨੂੰ ਸਮਝ ਆਇਆ ਕਿ ਚੁੱਪ ਰਹਿਣਾ ਵੀ ਬੋਲਣ ਜਿੰਨਾ ਹੀ ਰਾਜਨੀਤਕ ਹੈ। ਮੈਂ ਇਹ ਵੀ ਸਮਝ ਗਈ ਕਿ ਬੋਲਣ ਨਾਲ ਸਾਹਿਤਕ ਜਗਤ ਦੀ ਪਰੀ-ਰਾਜਕੁਮਾਰੀ ਵਜੋਂ ਮੇਰਾ ਕਰੀਅਰ ਖ਼ਤਮ ਹੋ ਜਾਵੇਗਾ। ਇਸ ਤੋਂ ਵਧੇਰੇ, ਮੈਂ ਸਮਝ ਗਈ ਕਿ ਜੇ ਮੈਂ ਨਤੀਜਿਆਂ ਦੀ ਪਰਵਾਹ ਕੀਤੇ ਬਿਨਾਂ ਉਹ ਨਹੀਂ ਲਿਖਿਆ ਜੋ ਮੈਂ ਮੰਨਦੀ ਹਾਂ, ਤਾਂ ਮੈਂ ਆਪਣਾ ਸਭ ਤੋਂ ਵੱਡੀ ਦੁਸ਼ਮਣ ਬਣ ਜਾਵਾਂਗੀ ਅਤੇ ਸੰਭਾਵੀ ਤੌਰ 'ਤੇ ਉਹ ਚੀਜ਼ਾਂ ਦੁਬਾਰਾ ਕਦੇ ਨਹੀਂ ਲਿਖ ਸਕਾਂਗੀ।

ਇਸ ਲਈ ਮੈਂ ਆਪਣੀ ਲੇਖਣੀ ਨੂੰ ਬਚਾਉਣ ਲਈ ਲਿਖਿਆ। ਮੇਰਾ ਪਹਿਲਾ ਲੇਖ 'ਕਲਪਨਾ ਦਾ ਅੰਤ' ਵਿਆਪਕ ਤੌਰ 'ਤੇ ਪੜ੍ਹੇ ਜਾਣ ਵਾਲੇ ਦੋ ਮੁੱਖ ਰਸਾਲਿਆਂ, 'ਆਉਟਲੁਕ' ਅਤੇ 'ਫਰੰਟਲਾਈਨ' ਵਿਚ ਇੱਕੋ ਸਮੇਂ ਛਪਿਆ ਸੀ। ਮੈਨੂੰ ਤੁਰੰਤ ਦੇਸ਼ਧ੍ਰੋਹੀ ਅਤੇ ਰਾਸ਼ਟਰ-ਵਿਰੋਧੀ ਕਰਾਰ ਦੇ ਦਿੱਤਾ ਗਿਆ। ਮੈਂ ਇਸ ਅਪਮਾਨ ਨੂੰ ਪ੍ਰਸ਼ੰਸਾ ਵਜੋਂ ਲਿਆ। ਇਹ ਵੱਕਾਰ ਕਿਸੇ 'ਬੁੱਕਰ ਇਨਾਮ' ਤੋਂ ਘੱਟ ਨਹੀਂ ਸੀ। ਇਹ ਕਦਮ ਮੈਨੂੰ ਡੈਮਾਂ, ਨਦੀਆਂ, ਉਜਾੜੇ, ਜਾਤ ਪ੍ਰਣਾਲੀ, ਖਣਨ, ਗ੍ਰਹਿ ਯੁੱਧ ਬਾਰੇ ਲਿਖਣ ਦੇ ਲੰਮੇ ਸਫ਼ਰ 'ਤੇ ਲੈ ਗਿਆ- ਅਜਿਹਾ ਸਫ਼ਰ ਜਿਸ ਨੇ ਮੇਰੀ ਸਮਝ ਨੂੰ ਹੋਰ ਡੂੰਘਾ ਕੀਤਾ ਅਤੇ ਮੇਰੇ ਗਲਪ ਤੇ ਗੈਰ-ਗਲਪ ਨੂੰ ਇਸ ਤਰੀਕੇ ਨਾਲ ਗੁੰਦ ਦਿੱਤਾ ਕਿ ਹੁਣ ਉਨ੍ਹਾਂ ਨੂੰ ਜੁਦਾ ਨਹੀਂ ਕੀਤਾ ਜਾ ਸਕਦਾ।




**ਅਰੁੰਧਤੀ ਰਾਏ ਦੀ ਕਿਤਾਬ 'ਆਜ਼ਾਦੀ' ਜਿਸ ਲਈ ਉਸ ਨੂੰ 45ਵਾਂ ਯੂਰਪੀ ਲੇਖ ਇਨਾਮ ਮਿਲਿਆ।**

ਜਦੋਂ ਮੇਰੇ ਲੇਖ ਪਹਿਲੀ ਵਾਰ ਛਪੇ (ਪਹਿਲਾਂ ਵੱਡੇ ਪੈਮਾਨੇ 'ਤੇ ਪਾਠਕਾਂ 'ਚ ਜਾਣ ਵਾਲੇ ਰਸਾਲਿਆਂ ਵਿਚ, ਫਿਰ ਇੰਟਰਨੈੱਟ 'ਤੇ, ਅਤੇ ਕਿਤਾਬਾਂ ਦੇ ਰੂਪ ਵਿਚ), ਤਾਂ ਉਨ੍ਹਾਂ ਨੂੰ ਘੱਟੋ-ਘੱਟ ਕੁਝ ਸਰਕਲਾਂ ਵਿਚ, ਅਕਸਰ ਉਨ੍ਹਾਂ ਲੋਕਾਂ ਵੱਲੋਂ ਵੀ ਸ਼ੱਕ ਦੀ ਨਜ਼ਰ ਨਾਲ ਦੇਖਿਆ ਗਿਆ ਜੋ ਲਾਜ਼ਮੀ ਤੌਰ 'ਤੇ ਇਸ ਦੇ ਰਾਜਨੀਤਕ ਰੁਖ ਨਾਲ ਅਸਹਿਮਤ ਵੀ ਨਹੀਂ ਸਨ। ਦਰਅਸਲ, ਇਹ ਲੇਖਣੀ ਉਸ ਤੋਂ ਕੁਝ ਹਟ ਕੇ ਸੀ ਜਿਸ ਨੂੰ ਰਵਾਇਤੀ ਤੌਰ 'ਤੇ ਸਾਹਿਤ ਮੰਨਿਆ ਜਾਂਦਾ ਹੈ। ਸਾਹਿਤ ਨੂੰ ਵੱਖ-ਵੱਖ ਵਿਧਾਵਾਂ ਵਿਚ ਵੰਡ ਕੇ ਦੇਖਣ ਦੇ ਆਦੀ ਲੋਕਾਂ ਲਈ ਇਸ ਨੂੰ ਹਾਨੀਕਾਰਕ ਸਮਝਣਾ ਸੁਭਾਵਿਕ ਵੀ ਸੀ ਕਿਉਂਕਿ ਉਨ੍ਹਾਂ ਤੋਂ ਇਹ ਫ਼ੈਸਲਾ ਨਹੀਂ ਹੋ ਰਿਹਾ ਸੀ ਕਿ ਇਹ ਲੇਖਣੀ ਅਸਲ ਵਿਚ ਕੀ ਸੀ- ਕੋਈ ਪਰਚਾ ਸੀ, ਜਾਂ ਰਾਜਨੀਤਕ ਬਹਿਸ, ਅਕਾਦਮਿਕ ਲੇਖਣੀ ਸੀ, ਜਾਂ ਪੱਤਰਕਾਰੀ ਲੇਖਣੀ। ਸਫ਼ਰਨਾਮਾ, ਜਾਂ ਸਿਰਫ਼ ਸਾਹਿਤਕ ਮਾਅਰਕੇਬਾਜ਼ੀ?

ਕੁਝ ਲੋਕ ਤਾਂ ਇਸ ਨੂੰ ਲੇਖਣੀ ਮੰਨ ਹੀ ਨਹੀਂ ਰਹੇ ਸਨ। ਉਹ ਕਹਿੰਦੇ, "ਬਈ, ਤੂੰ ਲਿਖਣਾ ਕਿਉਂ ਛੱਡ ਦਿੱਤਾ ਹੈ? ਅਸੀਂ ਤੁਹਾਡੀ ਅਗਲੀ ਕਿਤਾਬ ਦੀ ਉਡੀਕ ਕਰ ਰਹੇ ਹਾਂ।" ਹੋਰ ਸੋਚਦੇ ਸਨ ਕਿ ਸਿਰਫ਼ ਪੈਸੇ ਦੇ ਕੇ ਮੇਰੇ ਕੋਲੋਂ ਲਿਖਵਾਇਆ ਜਾਂਦਾ ਹੈ। ਮੈਨੂੰ ਹਰ ਤਰ੍ਹਾਂ ਦੀਆਂ ਪੇਸ਼ਕਸ਼ਾਂ ਆਈਆਂ: "ਪਿਆਰੀ, ਮੈਨੂੰ ਤੇਰਾ ਡੈਮਾਂ 'ਤੇ ਲਿਖਿਆ ਲੇਖ ਬਹੁਤ ਪਸੰਦ ਆਇਆ, ਕੀ ਤੂੰ ਬਾਲ ਸ਼ੋਸ਼ਣ 'ਤੇ ਮੇਰੇ ਲਈ ਇਕ ਕੰਮ ਕਰ ਸਕਦੀ ਹੋ?" (ਅਜਿਹਾ ਸੱਚਮੁੱਚ ਵਾਪਰਿਆ) ਮੈਨੂੰ ਸਖ਼ਤੀ ਨਾਲ ਲੈਕਚਰ ਦਿੱਤਾ ਗਿਆ, (ਜ਼ਿਆਦਾਤਰ ਉੱਚ ਜਾਤੀ ਦੇ ਮਰਦਾਂ ਵੱਲੋਂ) ਕਿ ਲਿਖਣਾ ਕਿਵੇਂ ਚਾਹੀਦਾ ਹੈ, ਤੇ ਮੈਨੂੰ ਕਿਹੜੇ ਵਿਸ਼ਿਆਂ 'ਤੇ ਲਿਖਣਾ ਚਾਹੀਦਾ ਹੈ, ਤੇ ਮੈਨੂੰ ਕਿਹੜਾ ਲਹਿਜਾ ਅਪਣਾਉਣਾ ਚਾਹੀਦਾ ਹੈ।

ਉਂਝ, ਹੋਰ ਥਾਵਾਂ 'ਤੇ ਇਨ੍ਹਾਂ ਲੇਖਾਂ ਦਾ ਤੁਰੰਤ ਹੋਰ ਭਾਰਤੀ ਭਾਸ਼ਾਵਾਂ ਵਿਚ ਅਨੁਵਾਦ ਕੀਤਾ ਗਿਆ। ਕਿਤਾਬਚਿਆਂ ਦੇ ਰੂਪ ਵਿਚ ਛਾਪੇ ਗਏ ਅਤੇ ਮੁਫ਼ਤ ਵੰਡੇ ਗਏ, ਖ਼ਾਸ ਕਰ ਕੇ ਜੰਗਲਾਂ ਅਤੇ ਘਾਟੀਆਂ ਵਿਚ, ਹਮਲੇ ਝੱਲ ਰਹੇ ਪਿੰਡਾਂ ਵਿਚ, ਉਨ੍ਹਾਂ ਯੂਨੀਵਰਸਿਟੀ ਕੈਂਪਸਾਂ ਵਿਚ ਜਿੱਥੇ ਵਿਦਿਆਰਥੀ ਆਪਣੀਆਂ ਕਲਾਸਾਂ ਵਿਚ ਝੂਠੇ ਲੈਕਚਰ ਸੁਣਦੇ-ਸੁਣਦੇ ਤੰਗ ਆ ਚੁੱਕੇ ਸਨ। ਇਹ ਪਾਠਕ ਉਹ ਲੋਕ ਸਨ ਜੋ ਉੱਥੇ ਸੰਘਰਸ਼ਾਂ 'ਚ ਮੂਹਰਲੀਆਂ ਕਤਾਰਾਂ 'ਚ ਸਨ, ਉਸ ਫੈਲ ਰਹੀ ਅੱਗ ਨਾਲ ਸਿੱਧੇ ਝੁਲਸ ਰਹੇ ਸਨ, ਇਸ ਲਈ ਸਾਹਿਤ ਕੀ ਹੈ ਜਾਂ ਸਾਹਿਤ ਨੂੰ ਕੀ ਹੋਣਾ ਚਾਹੀਦਾ ਹੈ, ਇਸ ਬਾਰੇ ਉਨ੍ਹਾਂ ਦੇ ਵਿਚਾਰ ਪੂਰੀ ਤਰ੍ਹਾਂ ਵੱਖਰੇ ਸਨ।

ਮੈਂ ਇਸ ਦਾ ਜ਼ਿਕਰ ਇਸ ਲਈ ਕਰ ਰਹੀ ਹਾਂ ਕਿਉਂਕਿ ਇਸ ਨੇ ਮੈਨੂੰ ਸਿਖਾਇਆ ਹੈ ਕਿ ਸਾਹਿਤ ਲਈ ਜਗ੍ਹਾ ਲੇਖਕਾਂ ਅਤੇ ਪਾਠਕਾਂ ਦੁਆਰਾ ਖ਼ੁਦ ਬਣਾਈ ਜਾਂਦੀ ਹੈ। ਇਹ ਕੁਝ ਮਾਇਨਿਆਂ 'ਚ ਨਾਜ਼ੁਕ ਜਗ੍ਹਾ ਹੈ ਪਰ ਇਹ ਜਗ੍ਹਾ ਅਵਿਨਾਸ਼ੀ ਹੈ। ਜਦੋਂ ਇਹ ਟੁੱਟ ਜਾਂਦੀ ਹੈ ਤਾਂ ਅਸੀਂ ਇਸ ਨੂੰ ਦੁਬਾਰਾ ਬਣਾ ਲੈਂਦੇ ਹਾਂ। ਕਿਉਂਕਿ ਸਾਨੂੰ ਆਸਰਾ ਚਾਹੀਦਾ ਹੈ। ਮੈਨੂੰ ਇਹ ਵਿਚਾਰ ਬਹੁਤ ਪਸੰਦ ਹੈ ਕਿ ਸਾਹਿਤ ਉਹੀ ਹੈ ਜਿਸ ਦੀ ਜ਼ਰੂਰਤ ਹੈ। ਸਾਹਿਤ ਉਹੀ ਹੈ ਜੋ ਆਸਰਾ ਦਿੰਦਾ ਹੈ। ਹਰ ਤਰ੍ਹਾਂ ਦਾ ਆਸਰਾ।

ਅੱਜ ਦੇ ਜ਼ਮਾਨੇ ਵਿਚ ਇਹ ਬਿਲਕੁਲ ਕਲਪਨਾ ਨਹੀਂ ਕੀਤੀ ਜਾ ਸਕਦੀ ਕਿ ਭਾਰਤ ਵਿਚ ਕੋਈ ਵੀ ਮੁੱਖਧਾਰਾ ਮੀਡੀਆ ਹਾਊਸ ਜਿਸ ਦੀ ਪੂਰੀ ਜ਼ਿੰਦਗੀ ਕਾਰਪੋਰੇਟ ਇਸ਼ਤਿਹਾਰਾਂ ਉੱਪਰ ਟਿਕੀ ਹੋਈ ਹੈ, ਅਜਿਹੇ ਲੇਖ ਛਾਪੇਗਾ। ਪਿਛਲੇ 20 ਸਾਲਾਂ 'ਚ ਖੁੱਲ੍ਹੀ ਮੰਡੀ, ਫਾਸ਼ੀਵਾਦ ਅਤੇ ਕਥਿਤ ਸੁਤੰਤਰ ਪ੍ਰੈੱਸ ਨੇ ਮਿਲ ਕੇ ਭਾਰਤ ਨੂੰ ਅਜਿਹੀ ਜਗ੍ਹਾ 'ਤੇ ਪਹੁੰਚਾ ਦਿੱਤਾ ਹੈ ਜਿੱਥੇ ਇਸ ਨੂੰ ਕਿਸੇ ਵੀ ਕੋਣ ਤੋਂ ਲੋਕਤੰਤਰ ਨਹੀਂ ਕਿਹਾ ਜਾ ਸਕਦਾ।

ਇਸ ਸਾਲ ਜਨਵਰੀ 'ਚ ਵਾਪਰੀਆਂ ਦੋ ਘਟਨਾਵਾਂ ਇਸ ਨੂੰ ਬਖ਼ੂਬੀ ਸਪਸ਼ਟ ਕਰ ਦੇਣਗੀਆਂ। ਬੀ.ਬੀ.ਸੀ. ਨੇ 'ਇੰਡੀਆ: ਦਿ ਮੋਦੀ ਕੁਐਸਚਨ' ਨਾਂ ਦੀ ਦੋ ਭਾਗਾਂ 'ਚ ਡਾਕੂਮੈਂਟਰੀ ਦਾ ਪ੍ਰਸਾਰਨ ਕੀਤਾ, ਤੇ ਥੋੜ੍ਹੇ ਦਿਨ ਬਾਅਦ ਛੋਟੀ ਜਿਹੀ ਅਮਰੀਕੀ ਫਰਮ 'ਹਿੰਡਨਬਰਗ ਰਿਸਰਚ' ਜੋ ਐਕਟਿਵਿਸਟ ਸ਼ਾਰਟ ਸੈਲਿੰਗ ਕੰਪਨੀ ਵਜੋਂ ਜਾਣੀ ਜਾਂਦੀ ਹੈ, ਨੇ ਰਿਪੋਰਟ ਪ੍ਰਕਾਸ਼ਿਤ ਕੀਤੀ ਜੋ ਹੁਣ 'ਹਿੰਡਨਬਰਗ ਰਿਪੋਰਟ' ਦੇ ਰੂਪ 'ਚ ਜਾਣੀ ਜਾਂਦੀ ਹੈ। ਇਸ ਵਿਚ ਭਾਰਤ ਦੀ ਸਭ ਤੋਂ ਵੱਡੀ ਕਾਰਪੋਰੇਸ਼ਨ ਅਡਾਨੀ ਸਮੂਹ ਦੇ ਕਾਰਿਆਂ ਦਾ ਹੈਰਾਨ ਕਰਨ ਵਾਲਾ ਖ਼ੁਲਾਸਾ ਹੈ।

ਬੀ.ਬੀ.ਸੀ.-ਹਿੰਡਨਬਰਗ ਦੇ ਖ਼ੁਲਾਸਿਆਂ ਨੂੰ ਭਾਰਤੀ ਮੀਡੀਆ ਨੇ ਭਾਰਤ ਦੇ ਟਵਿਨ ਟਾਵਰਾਂ - ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਰਤ ਦੇ ਸਭ ਤੋਂ ਵੱਡੇ ਕਾਰੋਬਾਰੀ ਗੌਤਮ ਅਡਾਨੀ ਉੱਪਰ ਹਮਲੇ ਵਜੋਂ ਪੇਸ਼ ਕੀਤਾ। ਅਡਾਨੀ ਹੁਣ ਤੱਕ ਦੁਨੀਆ ਦਾ ਤੀਜਾ ਸਭ ਤੋਂ ਅਮੀਰ ਵਿਅਕਤੀ ਸੀ। ਉਸ 'ਤੇ ਲਗਾਏ ਗਏ ਦੋਸ਼ ਮਾਮੂਲੀ ਨਹੀਂ ਹਨ। ਬੀ.ਬੀ.ਸੀ. ਦੀ ਫਿਲਮ ਵਿਚ ਮੋਦੀ 'ਤੇ ਕਤਲੇਆਮ ਲਈ ਉਕਸਾਉਣ ਦਾ ਦੋਸ਼ ਲਾਇਆ ਗਿਆ ਹੈ। ਹਿੰਡਨਬਰਗ ਰਿਪੋਰਟ ਵਿਚ ਅਡਾਨੀ 'ਤੇ 'ਕਾਰਪੋਰੇਟ ਇਤਿਹਾਸ ਦਾ ਸਭ ਤੋਂ ਵੱਡਾ ਘੁਟਾਲਾ' ਕਰਨ ਦਾ ਦੋਸ਼ ਲਾਇਆ ਗਿਆ ਹੈ। ਹੁਣ ਜਦੋਂ 30 ਅਗਸਤ ਨੂੰ 'ਦਿ ਗਾਰਡੀਅਨ' ਅਤੇ 'ਫਾਈਨੈਂਸ਼ੀਅਲ ਟਾਈਮਜ਼' ਨੇ ਸੰਗਠਿਤ ਜੁਰਮ ਅਤੇ ਭ੍ਰਿਸ਼ਟਾਚਾਰ ਰਿਪੋਰਟਿੰਗ ਪ੍ਰੋਜੈਕਟ (ਆਰਗੇਨਾਈਜ਼ਡ ਕ੍ਰਾਈਮ ਐਂਡ ਕੁਰੱਪਸ਼ਨ ਰਿਪੋਰਟਿੰਗ ਪ੍ਰੋਜੈਕਟ, ਓ.ਸੀ.ਸੀ.ਆਰ.ਪੀ.) ਦੁਆਰਾ ਪ੍ਰਾਪਤ ਉਨ੍ਹਾਂ ਦਸਤਾਵੇਜ਼ਾਂ ਦੇ ਆਧਾਰ 'ਤੇ ਲੇਖ ਪ੍ਰਕਾਸ਼ਿਤ ਕੀਤੇ ਜੋ ਅਡਾਨੀ ਸਮੂਹ ਦੁਆਰਾ ਕੀਤੇ ਗਏ ਜੁਰਮਾਂ ਦੇ ਸਬੂਤ ਹਨ। ਇਹ ਲੇਖ ਹਿੰਡਨਬਰਗ ਰਿਪੋਰਟ ਦੀ ਹੋਰ ਪੁਸ਼ਟੀ ਕਰਦੇ ਹਨ।

ਭਾਰਤੀ ਜਾਂਚ ਏਜੰਸੀਆਂ ਅਤੇ ਜ਼ਿਆਦਾਤਰ ਭਾਰਤੀ ਮੀਡੀਆ ਨਾ ਤਾਂ ਇਨ੍ਹਾਂ ਮਾਮਲਿਆਂ ਦੀ ਜਾਂਚ ਕਰਨ ਦੀ ਸਥਿਤੀ ਵਿਚ ਹਨ ਅਤੇ ਨਾ ਹੀ ਇਨ੍ਹਾਂ ਨੂੰ ਪ੍ਰਕਾਸ਼ਿਤ ਕਰਨ ਦੀ ਸਥਿਤੀ ਵਿਚ ਹਨ। ਜਦੋਂ ਇਹ ਕੰਮ ਵਿਦੇਸ਼ੀ ਮੀਡੀਆ ਕਰ ਰਿਹਾ ਹੈ ਤਾਂ ਝੂਠੇ ਅਤਿ-ਰਾਸ਼ਟਰਵਾਦ ਦੇ ਮੌਜੂਦਾ ਮਾਹੌਲ ਵਿਚ ਇਸ ਨੂੰ ਭਾਰਤੀ ਪ੍ਰਭੂਸੱਤਾ 'ਤੇ ਹਮਲੇ ਵਜੋਂ ਪੇਸ਼ ਕਰਨਾ ਸੌਖਾ ਕੰਮ ਹੈ।

ਬੀ.ਬੀ.ਸੀ. ਦੀ ਫਿਲਮ 'ਦਿ ਮੋਦੀ ਕੁਐਸਚਨ' ਦਾ ਐਪੀਸੋਡ-1 ਸੰਨ 2002 ਦੇ ਉਸ ਮੁਸਲਿਮ ਵਿਰੋਧੀ ਕਤਲੇਆਮ ਬਾਰੇ ਹੈ ਜੋ ਗੁਜਰਾਤ ਰਾਜ ਵਿਚ ਉਦੋਂ ਭੜਕਿਆ ਸੀ ਜਦੋਂ ਮੁਸਲਮਾਨਾਂ ਨੂੰ ਇਕ ਰੇਲਵੇ ਡੱਬੇ ਨੂੰ ਅੱਗ ਲਾਉਣ ਲਈ ਜ਼ਿੰਮੇਵਾਰ ਠਹਿਰਾਇਆ ਗਿਆ ਸੀ ਜਿਸ ਵਿਚ 59 ਹਿੰਦੂ ਸ਼ਰਧਾਲੂ ਜ਼ਿੰਦਾ ਸੜ ਗਏ ਸਨ। ਕਤਲੇਆਮ ਤੋਂ ਕੁਝ ਮਹੀਨੇ ਪਹਿਲਾਂ ਹੀ ਮੋਦੀ ਨੂੰ ਸੂਬੇ ਦਾ ਮੁੱਖ ਮੰਤਰੀ ਥਾਪਿਆ ਗਿਆ (ਚੁਣਿਆ ਨਹੀਂ ਗਿਆ) ਸੀ। ਇਹ ਫਿਲਮ ਸਿਰਫ਼ ਕਤਲਾਂ ਬਾਰੇ ਨਹੀਂ ਹੈ ਸਗੋਂ ਭਾਰਤ ਦੀ ਗੁੰਝਲਦਾਰ ਕਾਨੂੰਨੀ ਪ੍ਰਣਾਲੀ ਵਿਚ ਭਰੋਸੇ ਅਤੇ ਨਿਆਂ ਤੇ ਰਾਜਨੀਤਕ ਜਵਾਬਦੇਹੀ ਦੀ ਉਮੀਦ ਬਰਕਰਾਰ ਰੱਖਦੇ ਹੋਏ ਕੁਝ ਪੀੜਤਾਂ ਨੇ 20 ਸਾਲ ਤੱਕ ਜੋ ਸਫ਼ਰ ਜਾਰੀ ਰੱਖਿਆ, ਉਸ ਦੇ ਬਾਰੇ ਵੀ ਹੈ।

ਇਸ ਵਿਚ ਚਸ਼ਮਦੀਦ ਗਵਾਹਾਂ ਦੀ ਗਵਾਹੀ ਸ਼ਾਮਿਲ ਹੈ। ਸਭ ਤੋਂ ਦਰਦਨਾਕ ਗਵਾਹੀ ਇਮਤਿਆਜ਼ ਪਠਾਨ ਦੀ ਹੈ ਜਿਸ ਦੇ ਪਰਿਵਾਰ ਦੇ ਦਸ ਜੀਅ ਗੁਲਬਰਗ ਸੁਸਾਇਟੀ ਕਤਲੇਆਮ ਵਿਚ ਮਾਰ ਦਿੱਤੇ ਗਏ ਸਨ। ਇਸ ਕਤਲੇਆਮ ਵਿਚ ਭੀੜ ਨੇ 60 ਵਿਅਕਤੀਆਂ ਨੂੰ ਕਤਲ ਕਰ ਦਿੱਤਾ ਸੀ ਜਿਨ੍ਹਾਂ ਵਿਚ ਸਾਬਕਾ ਸੰਸਦ ਮੈਂਬਰ ਅਹਿਸਾਨ ਜਾਫ਼ਰੀ ਵੀ ਸੀ। ਉਨ੍ਹਾਂ ਦੇ ਸਰੀਰ ਦੇ ਟੋਟੇ-ਟੋਟੇ ਕਰ ਦਿੱਤੇ ਗਏ ਸਨ ਅਤੇ ਫਿਰ ਜ਼ਿੰਦਾ ਸਾੜ ਦਿੱਤਾ ਗਿਆ ਸੀ। ਜਾਫ਼ਰੀ ਮੋਦੀ ਦਾ ਸਿਆਸੀ ਵਿਰੋਧੀ ਸੀ ਅਤੇ ਉਸ ਸਮੇਂ ਹੋਈਆਂ ਚੋਣਾਂ ਵਿਚ ਉਸ ਨੇ ਮੋਦੀ ਖ਼ਿਲਾਫ਼ ਪ੍ਰਚਾਰ ਕੀਤਾ ਸੀ। ਇਹ ਕਤਲੇਆਮ ਉਨ੍ਹਾਂ ਕੁਝ ਦਿਨਾਂ 'ਚ ਹੀ ਗੁਜਰਾਤ ਵਿਚ ਕੀਤੇ ਗਏ ਕਈ ਭਿਆਨਕ ਕਤਲੇਆਮਾਂ ਵਿਚੋਂ ਇਕ ਸੀ।

ਹੋਰ ਕਤਲੇਆਮਾਂ ਵਿਚੋਂ ਇਕ ਉਹ ਕਤਲੇਆਮ ਸੀ (ਜਿਸ ਦਾ ਜ਼ਿਕਰ ਫਿਲਮ ਵਿਚ ਨਹੀਂ ਹੈ) ਜਿਸ ਵਿਚ 19 ਸਾਲਾ ਬਿਲਕੀਸ ਬਾਨੋ ਦਾ ਸਮੂਹਿਕ ਬਲਾਤਕਾਰ ਅਤੇ ਉਸ ਦੀ 3 ਸਾਲ ਦੀ ਧੀ ਸਮੇਤ ਉਸ ਦੇ ਪਰਿਵਾਰ ਦੇ 14 ਜੀਆਂ ਦਾ ਕਤਲ ਕਰ ਦਿੱਤਾ ਗਿਆ ਸੀ। ਪਿਛਲੇ ਸਾਲ ਅਗਸਤ ਵਿਚ ਸੁਤੰਤਰਤਾ ਦਿਹਾੜੇ 'ਤੇ ਜਦੋਂ ਮੋਦੀ ਨੇ ਔਰਤਾਂ ਦੇ ਹੱਕਾਂ ਦੀ ਮਹੱਤਤਾ ਬਾਰੇ ਰਾਸ਼ਟਰ ਨੂੰ ਸੰਬੋਧਨ ਕੀਤਾ, ਉਸੇ ਦਿਨ ਉਸ ਦੀ ਸਰਕਾਰ ਨੇ ਬਿਲਕੀਸ ਅਤੇ ਉਸ ਦੇ ਪਰਿਵਾਰ ਦੇ ਸਾਰੇ ਬਲਾਤਕਾਰੀਆਂ-ਕਾਤਲਾਂ ਨੂੰ ਮੁਆਫ਼ੀ ਦੇ ਦਿੱਤੀ ਜਿਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਦਿੱਤੀ ਗਈ ਸੀ। ਉਨ੍ਹਾਂ ਨੇ ਆਪਣਾ ਕੈਦ ਦਾ ਜ਼ਿਆਦਾਤਰ ਸਮਾਂ ਵੀ ਬਾਹਰ ਪੈਰੋਲ 'ਤੇ ਗੁਜ਼ਾਰਿਆ ਸੀ। ਅਤੇ ਹੁਣ ਉਹ ਆਜ਼ਾਦ ਆਦਮੀ ਹਨ। ਜੇਲ੍ਹ ਤੋਂ ਬਾਹਰ ਉਸ ਦਾ ਫੁੱਲਾਂ ਦੇ ਹਾਰ ਪਾ ਕੇ ਸਵਾਗਤ ਕੀਤਾ ਗਿਆ, ਹੁਣ ਉਹ ਸਮਾਜ ਦੇ ਸਤਿਕਾਰਤ ਮੈਂਬਰ ਹਨ ਅਤੇ ਜਨਤਕ ਸਮਾਗਮਾਂ ਵਿਚ ਭਾਜਪਾ ਦੇ ਆਗੂਆਂ ਨਾਲ ਮੰਚ ਸਾਂਝੇ ਕਰਦੇ ਹਨ।

ਬੀ.ਬੀ.ਸੀ. ਫਿਲਮ ਨੇ ਅਪਰੈਲ 2002 ਵਿਚ ਬਰਤਾਨਵੀ ਵਿਦੇਸ਼ ਦਫ਼ਤਰ ਦੁਆਰਾ ਸ਼ੁਰੂ ਕੀਤੀ ਅੰਦਰੂਨੀ ਰਿਪੋਰਟ ਦਾ ਖ਼ੁਲਾਸਾ ਕੀਤਾ ਜੋ ਹੁਣ ਤੱਕ ਜਨਤਕ ਨਹੀਂ ਕੀਤੀ ਗਈ ਸੀ। ਇਸ ਤੱਥ-ਖੋਜ ਰਿਪੋਰਟ ਦਾ ਅੰਦਾਜ਼ਾ ਹੈ ਕਿ 'ਘੱਟੋ-ਘੱਟ 2000' ਲੋਕਾਂ ਨੂੰ ਕਤਲ ਕੀਤਾ ਗਿਆ ਸੀ। ਰਿਪੋਰਟ ਵਿਚ ਗੁਜਰਾਤ ਕਤਲੇਆਮ ਨੂੰ ਯੋਜਨਾਬੱਧ ਨਸਲਕੁਸ਼ੀ ਕਿਹਾ ਗਿਆ ਹੈ ਜਿਸ ਵਿਚ 'ਨਸਲੀ ਸਫ਼ਾਏ ਦੇ ਸਾਰੇ ਲੱਛਣ ਮੌਜੂਦ ਸਨ'। ਇਸ ਵਿਚ ਕਿਹਾ ਗਿਆ ਹੈ ਕਿ ਭਰੋਸੇਯੋਗ ਸੰਪਰਕਾਂ ਨੇ ਉਨ੍ਹਾਂ ਨੂੰ ਦੱਸਿਆ ਸੀ ਕਿ ਪੁਲਿਸ ਨੂੰ ਚੁੱਪਚਾਪ ਤਮਾਸ਼ਾ ਦੇਖਦੇ ਰਹਿਣ ਦੇ ਆਦੇਸ਼ ਦਿੱਤੇ ਗਏ ਸਨ। ਰਿਪੋਰਟ ਵਿਚ ਸਿੱਧੇ ਤੌਰ 'ਤੇ ਮੋਦੀ ਨੂੰ ਦੋਸ਼ੀ ਮੰਨਿਆ ਗਿਆ ਹੈ। ਗੁਜਰਾਤ ਕਤਲੇਆਮ ਤੋਂ ਬਾਅਦ ਅਮਰੀਕਾ ਨੇ ਉਸ ਨੂੰ ਵੀਜ਼ਾ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਮੋਦੀ ਨੇ ਲਗਾਤਾਰ ਤਿੰਨ ਚੋਣਾਂ ਜਿੱਤੀਆਂ ਅਤੇ 2014 ਤੱਕ ਗੁਜਰਾਤ ਦਾ ਮੁੱਖ ਮੰਤਰੀ ਬਣਿਆ ਰਿਹਾ। ਉਸ ਦੇ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਇਹ

(ਬਾਕੀ ਅਗਲੇ ਸਫੇ 'ਤੇ)

# ਪੱਤਰਕਾਰ ਸੁਰਜਨ ਜ਼ੀਰਵੀ ਦੀ 'ਸੰਪਾਦਕੀ'

***ਉਘੇ ਪੱਤਰਕਾਰ ਸੁਰਜਨ ਜ਼ੀਰਵੀ 25 ਅਕਤੂਬਰ 2023 ਨੂੰ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ। ਉਨ੍ਹਾਂ ਲੰਮਾ ਸਮਾਂ 'ਨਵਾਂ ਜ਼ਮਾਨਾ' ਅਖਬਾਰ ਲਈ ਕੰਮ ਕੀਤਾ ਅਤੇ 1990ਵਿਆਂ ਦੇ ਆਰੰਭ ਵਿਚ ਉਹ ਕੈਨੇਡਾ ਜਾ ਵੱਸੇ ਸਨ। ਪੰਜਾਬੀ ਪੱਤਰਕਾਰੀ ਦੇ ਉਸ ਦੌਰ ਬਾਰੇ ਜਦੋਂ ਵੀ ਕਿਤੇ ਜ਼ਿਕਰ ਛਿੜਦਾ ਹੈ ਤਾਂ ਉਨ੍ਹਾਂ ਦਾ ਨਾਂ ਸਭ ਤੋਂ ਪਹਿਲਾਂ ਆਉਂਦਾ ਹੈ। ਇਥੇ ਸ਼ਰਧਾਂਜਲੀ ਵਜੋਂ ਅਸੀਂ ਉਨ੍ਹਾਂ ਦੀ ਇਕ ਲਿਖਤ 'ਸੰਪਾਦਕੀ' ਛਾਪ ਰਹੇ ਹਾਂ ਜੋ ਉਨ੍ਹਾਂ 2005 ਵਿਚ ਆਪਣੇ ਇੰਟਰਨੈਟ ਪਰਚੇ 'ਨਿਸੋਤ' ਲਈ ਲਿਖੀ ਸੀ।***

ਫਰਵਰੀ 2005 ਦੇ ਇਸ ਅੰਕ ਨਾਲ 'ਨਿਸੋਤ' ਆਪਣੇ ਇਲੈਕਟਰਾਨਿਕ ਸਫ਼ਰ ਦੇ ਦੋ ਸਾਲ ਪੂਰੇ ਕਰ ਰਿਹਾ ਹੈ।

ਕੀ ਇਹ ਪਰਚਾ ਪਿਛਲੇ ਦੋ ਸਾਲਾਂ ਵਿਚ ਆਪਣੀ ਕੋਈ ਵੱਖਰੀ ਪਛਾਣ ਪੈਦਾ ਕਰ ਸਕਿਆ ਹੈ? ਕੀ ਇਹ ਵਿਦੇਸ਼ਾਂ ਵਿਚ ਵਸੇ ਪੰਜਾਬੀਆਂ ਦੀ ਸੋਚ ਵਿਚ ਕੋਈ ਜੁੰਬਸ਼ ਲਿਆ ਸਕਿਆ ਹੈ? ਤੇ ਕਿਹੜਾ ਹੈ ਇਸ ਦਾ ਅਜਿਹਾ ਨਵਾਂ ਪੱਖ ਜਿਸ ਦੇ ਲਈ ਇਹ ਪੰਜਾਬੀ ਪਾਠਕਾਂ ਤੋਂ ਉਚੇਚੇ ਧਿਆਨ ਦੀ ਮੰਗ ਕਰਦਾ ਹੈ?

ਇਹ ਅਤੇ ਅਜਿਹੇ ਹੋਰ ਸਵਾਲ ਜਿਸ ਲੇਖੇ ਦੀ ਮੰਗ ਕਰਦੇ ਹਨ, ਉਸ ਦੇ ਲਈ ਉਹਨਾਂ ਆਸ਼ਿਆਂ ਤੇ ਮੰਤਵਾਂ ਨੂੰ ਦੁਹਰਾਉਣਾ ਜ਼ਰੂਰੀ ਹੈ ਜਿਨ੍ਹਾਂ ਨੂੰ ਲੈ ਕੇ 'ਨਿਸੋਤ' ਤੁਰਿਆ ਸੀ।

ਦੁਨੀਆ ਦੇ ਜਿਸ ਹਿੱਸੇ ਵਿਚ ਵੀ ਪੰਜਾਬੀ ਵਸੇ ਹੋਏ ਹਨ, ਉਥੇ ਪੰਜਾਬੀ ਪਰਚੇ ਵੀ ਪ੍ਰਕਾਸ਼ਤ ਹੋ ਰਹੇ ਹਨ। ਬਹੁਤੀ ਥਾਈਂ ਛਪਣ ਵਾਲੇ ਪੰਜਾਬੀ ਪਰਚਿਆਂ ਦੀ ਗਿਣਤੀ ਪੰਜਾਬੀ ਵਸੋਂ ਦੇ ਹਿਸਾਬ ਨਾਲ ਏਨੀ ਜ਼ਿਆਦਾ ਹੁੰਦੀ ਹੈ ਕਿ ਬੰਦਾ ਇਹ ਸੋਚ ਕੇ ਹੀ ਚਕਰਾ ਜਾਂਦਾ ਹੈ ਕਿ ਕੀ ਪੰਜਾਬੀਆਂ ਵਿਚ ਪੜ੍ਹਨ ਦਾ ਸ਼ੌਕ ਸੱਚਮੁੱਚ ਏਨੀਆਂ ਬੁਲੰਦੀਆਂ ਛੋਹ ਚੁੱਕਾ ਹੈ।

ਪਰ ਅਖਬਾਰਾਂ ਦੀ ਏਨੀ ਜ਼ਬਰਦਸਤ ਭਰਮਾਰ ਦੇ ਬਾਵਜੂਦ ਕੋਈ ਅਜਿਹਾ ਪਰਚਾ ਘੱਟ ਹੀ ਹੱਥ ਲੱਗਦਾ ਸੀ ਜਿਹੜਾ ਪੰਜਾਬੀ ਪਾਠਕਾਂ ਸਾਹਮਣੇ ਕੋਈ ਨਵਾਂ ਪਰਿਪੇਖ ਪੇਸ਼ ਕਰਦਾ ਹੋਵੇ ਤੇ ਉਹਨਾਂ ਦੀ ਦ੍ਰਿਸ਼ਟੀ ਤੇ ਸੋਚ ਨੂੰ ਸੂਬਾਈ ਤੇ ਪਰੰਪਰਾਗਤ ਵਲਗਣਾਂ ਵਿਚੋਂ ਬਾਹਰ ਨਿਕਲਣ, ਨਵੇਂ ਅਪਣਾਏ ਦੇਸ਼ਾਂ ਦੀਆਂ ਹਕੀਕਤਾਂ ਨੂੰ ਸਮਝਣ ਅਤੇ ਬਦਲ ਰਹੇ ਵਿਸ਼ਵ ਤਕਾਜ਼ਿਆਂ ਨਾਲ ਤਗਣ ਲਈ ਵੰਗਾਰਦਾ ਹੋਵੇ।

'ਨਿਸੋਤ' ਕੁਝ ਅਜਿਹੇ ਆਸ਼ੇ ਨੂੰ ਲੈ ਕੇ ਹੀ ਤੁਰਿਆ ਸੀ ਤੇ ਤੀਸਰੇ ਸਾਲ ਵਿਚ ਕਦਮ ਰੱਖਦਿਆਂ ਇਹ ਆਪਣੇ ਮੁੱਢਲੇ ਆਸ਼ੇ ਨਾਲ ਜੁੜੇ ਰਹਿਣ ਦਾ ਵਚਨ ਦੁਹਰਾਉਣਾ ਚਾਹੇਗਾ। ਇਹ ਵਚਨ ਦੁਹਰਾ ਕੇ ਨਿਸੋਤ ਦਰਅਸਲ ਉਹਨਾਂ ਸੋਚਵਾਨ ਤੇ ਦਾਨਸ਼ਵਰਾਂ ਦਾ ਹੁੰਗਾਰਾ ਹੀ ਭਰ ਰਿਹਾ ਹੈ ਜਿਹੜੇ ਖਬਰਦਾਰ ਕਰ ਰਹੇ ਹਨ ਕਿ ਫ਼ਿਰਕੂ ਤੁਅੱਸਬਾਂ ਤੇ ਸਮਾਜੀ ਵਿਤਕਰਿਆਂ ਤੇ ਵੰਡੀਆਂ ਉੱਤੇ ਆਧਾਰਤ ਰੋਗੀ ਵਤੀਰਿਆਂ ਤੇ ਵਿਚਾਰਾਂ ਵਿਰੁੱਧ ਲੜਾਈ ਲੜੇ ਬਗੈਰ ਜ਼ਿੰਦਗੀ ਦੇ ਕਿਸੇ ਖੇਤਰ ਵਿਚ ਤਰੱਕੀ ਸੰਭਵ ਨਹੀਂ।

ਹੋਣਾ ਤਾਂ ਇਹ ਚਾਹੀਦਾ ਸੀ ਕਿ ਇਹ ਤਾੜਨਾ ਪੱਛਮੀ ਦੇਸ਼ਾਂ ਵਿਚ ਵਸੇ ਹੋਏ ਪੰਜਾਬੀ ਤੇ ਹੋਰ ਹਿੰਦੁਸਤਾਨੀ ਭਾਈਚਾਰਿਆਂ ਵੱਲੋਂ ਆਉਂਦੀ ਕਿਉਂਕਿ ਉਹ ਆਪਣੀ ਅੱਖੀਂ ਦੇਖ ਰਹੇ ਹਨ ਜੋ ਇਹ ਦੇਸ਼ ਅੱਗੇ ਵਧ ਰਹੇ ਹਨ ਤਾਂ ਇਸ ਵਿਚ ਇਹਨਾਂ ਦੇ ਸੋਚਣ ਢੰਗ ਦਾ ਵੀ ਬਹੁਤ ਵੱਡਾ ਹਿੱਸਾ ਹੈ। ਜੋ ਇਹਨਾਂ ਦੇਸ਼ਾਂ ਵਿਚ ਰਾਜ, ਕਾਨੂੰਨ ਤੇ ਸਿਆਸਤ ਨੂੰ ਧਰਮ ਨਾਲੋਂ ਅੱਡ ਰੱਖਿਆ ਜਾਂਦਾ ਹੈ ਤਾਂ ਇਸ ਦੇ ਕਾਰਨ ਨਿਰੇ ਸਿਧਾਂਤਕ ਜਾਂ ਅਕਾਦਮਿਕ ਨਹੀਂ। ਵਿਹਾਰਕ ਪੱਖ ਤੋਂ ਵੀ ਇਸ ਦੀ ਬੁਨਿਆਦੀ ਮਹੱਤਤਾ ਹੈ। ਕੋਈ ਰਾਜ ਕਿਸੇ ਧਰਮ ਨੂੰ ਆਪਣੇ ਮੋਢਿਆਂ ਉਤੇ ਸਵਾਰ ਕਰ ਕੇ ਨਾ ਅਮਲੀ ਸੁਆਲਾਂ ਉੱਤੇ ਸੁਤੰਤਰ ਸੋਚ ਵਿਚਾਰ ਨੂੰ ਯਕੀਨੀ ਬਣਾ ਸਕਦਾ ਹੈ ਅਤੇ ਨਾ ਹੀ ਆਪਣੇ ਸਾਰੇ ਨਾਗਰਿਕਾਂ ਲਈ ਇਕੋ ਜਿਹੇ ਮਨੁੱਖੀ ਅਧਿਕਾਰ ਯਕੀਨੀ ਬਣਾ ਸਕਦਾ ਹੈ। ਪਰਵਾਸੀ ਭਾਈਚਾਰੇ ਜਾਣਦੇ ਹਨ, ਜੇ ਕੈਨੇਡਾ ਧਰਮ ਨਿਰਪੱਖ ਨਾ ਹੁੰਦਾ ਤਾਂ ਉਹਨਾਂ ਲਈ ਇਥੇ ਟਿਕਣਾ ਕਿੰਨਾ ਔਖਾ ਹੋ ਸਕਦਾ ਸੀ। ਪਰਵਾਸੀ ਭਾਈਚਾਰੇ ਇਹ ਤਾਂ ਚਾਹੁੰਦੇ ਹਨ ਕਿ ਕੈਨੇਡਾ ਧਰਮ ਨਿਰਪੱਖਤਾ ਉੱਤੇ ਪਹਿਰਾ ਦਿੰਦਾ ਰਹੇ ਪਰ ਉਹ ਆਪ ਧਰਮ ਤੇ ਸਿਆਸਤ ਦੇ ਜੌੜੇ ਭੈਣ ਭਰਾ ਹਨ। ਇਹਨਾਂ ਦੇਸ਼ਾਂ ਵਿਚ ਅਜਿਹੀਆਂ ਦੁਖਦਾਈ ਕਿਸਮ ਦੀਆਂ ਵੰਡੀਆਂ ਤਾਂ ਮੌਜੂਦ ਹਨ ਜਿਹੜੀਆਂ ਤਿੱਖੀ ਆਰਥਿਕ ਨਾ-ਬਰਾਬਰੀ ਦੀ ਦੇਣ ਹੁੰਦੀਆਂ ਹਨ ਪਰ ਜਿਸ ਕਿਸਮ ਦੀ ਜ਼ਿੱਲਤ ਭਰੀ ਜ਼ਿੰਦਗੀ ਕਈ ਵਰਗਾਂ ਨੂੰ ਪਰੰਪਰਾ ਵਿਚੋਂ ਪੈਦਾ ਹੋਣ ਵਾਲੀ ਆਪਹੁਦਰੀ ਸਮਾਜੀ ਨਾ-ਬਰਾਬਰੀ ਕਾਰਨ ਹਿੰਦੁਸਤਾਨ ਵਿਚ ਹਰ ਰੋਜ਼ ਜਿਉਣੀ ਪੈਂਦੀ ਹੈ, ਉਸ ਕਿਸਮ ਦੀ ਸਥਿਤੀ ਇੱਧਰ ਨਹੀਂ ਹੈ। ਨਿਰਸੰਦੇਹ, ਭੇਦ-ਭਾਵ ਵਿਰੁੱਧ ਲੜਾਈ ਇਹਨਾਂ ਦੇਸ਼ਾਂ ਵਿਚ ਅਜੇ ਖਤਮ ਨਹੀਂ ਹੋਈ ਪਰ ਅਜਿਹੀ ਗੱਲ ਵੀ ਨਹੀਂ ਕਿ ਇਹਨਾਂ ਦੇਸ਼ਾਂ ਦੇ ਮੂਲ ਸਮਾਜ ਵਿਤਕਰੇ ਭੇਦ-ਭਾਵ ਨੂੰ ਧਰਮ ਸਮਝ ਕੇ ਇਸ ਨਾਲ ਚੰਬੜੇ ਰਹਿਣ ਦੀ ਜ਼ਿੱਦ ਕੀਤੀ ਬੈਠੇ ਹੋਣ। ਇਹਨਾਂ ਦੇਸ਼ਾਂ ਦੀਆਂ ਸਰਕਾਰਾਂ ਤੇ ਲੋਕਾਂ ਨੇ ਆਪਣੀ ਸੋਚ ਤੇ ਵਤੀਰਿਆਂ ਵਿਚ ਚੋਖੀ ਤਬਦੀਲੀ ਲਿਆਂਦੀ ਹੈ। ਇਹੀ ਕੈਨੇਡਾ ਸੀ ਜਿਸ ਵਿਚ ਕਿਸੇ ਸਮੇਂ ਕਾਮਾਗਾਟਾਮਾਰੂ ਦਾ ਘਿਰਣਾਜਨਕ ਸਾਕਾ ਵਾਪਰਿਆ ਸੀ, ਇਹੀ ਕੈਨੇਡਾ ਹੈ ਜਿਹੜਾ ਬਹੁ ਸਭਿਆਚਾਰਵਾਦ ਨੂੰ ਆਪਣੀ ਵਿਲੱਖਣ ਪ੍ਰਾਪਤੀ ਵਜੋਂ ਪੇਸ਼ ਕਰਦਾ ਹੈ।



***ਸੁਰਜਨ ਜ਼ੀਰਵੀ***

ਕਿਸੇ ਸਮਾਜ ਦੇ ਗਤੀਸ਼ੀਲ ਹੋਣ ਦੀ ਵੱਡੀ ਨਿਸ਼ਾਨੀ ਇਹ ਹੈ ਕਿ ਆਪਣੇ ਆਪ ਨੂੰ ਸਮੇਂ ਅਨੁਸਾਰ ਤਬਦੀਲ ਕਰ ਲੈਣ ਦਾ ਗੁਣ ਤੇ ਸਾਹਸ ਹੈ। ਬਦਕਿਸਮਤੀ ਨਾਲ ਸਾਡੇ ਭਾਈਚਾਰੇ ਇਸ ਗੁਣ ਤੋਂ ਲਗਭਗ ਸੱਖਣੇ ਹਨ। ਉਸ ਦੇ ਅੰਦਰ ਅਜਿਹੀ ਹਾਲਤ ਵਿਚ ਇਹਨਾਂ ਭਾਈਚਾਰਿਆਂ ਤੋਂ ਇਹ ਆਸ ਕਿਵੇਂ ਰੱਖੀ ਜਾ ਸਕਦੀ ਹੈ ਕਿ ਇਹ ਆਪਣੇ ਪਿਛਲੇ ਦੇਸ਼ਾਂ ਨੂੰ ਇਹ ਸੁਨੇਹਾ ਪਹੁੰਚਾਉਣਗੇ ਕਿ ਪ੍ਰਗਤੀ ਦੇ ਹਿਤ ਵਿਚ ਸੈਕੂਲਰ ਸੋਚ ਨੂੰ ਅਪਣਾਉਣਾ ਜ਼ਰੂਰੀ ਹੈ।

ਭੇਦ-ਭਾਵ ਤੇ ਵਿਤਕਰੇਬਾਜ਼ੀ ਦੇ ਸਬੰਧ ਵਿਚ ਵੀ ਇਹਨਾਂ ਭਾਈਚਾਰਿਆਂ ਦਾ ਵਤੀਰਾ ਇਸੇ ਦੋਗਲੀ ਸੋਚ ਦਾ ਸ਼ਿਕਾਰ ਹੈ। ਇਹ ਭਾਈਚਾਰੇ ਚੰਗੀ ਤਰ੍ਹਾਂ ਸਮਝਦੇ ਹਨ ਕਿ ਕੈਨੇਡੀਅਨ ਸਮਾਜ ਵਧੇਰੇ ਚੰਗਾ ਸਮਾਜ ਹੈ ਕਿਉਂਕਿ ਇਹ ਇਸ ਗੱਲ ਨੂੰ ਠੀਕ ਨਹੀਂ ਸਮਝਦਾ ਕਿ ਕਿਸੇ ਵਿਅਕਤੀ ਜਾਂ ਵਰਗ ਨੂੰ ਉਸ ਦੇ ਨਸਲੀ ਪਿਛੋਕੜ ਜਾਂ ਰੰਗ ਕਾਰਨ ਵਖਰੇਵੇਂ ਦਾ ਕਿ ਨਿਸ਼ਾਨਾ ਬਣਾਇਆ ਜਾਏ। ਇਹ ਠੀਕ ਹੈ ਕਿ ਇਥੇ ਨਸਲੀ ਵਿਤਕਰੇ ਵਿਰੁੱਧ ਲੜਾਈ ਅਜੇ ਉੱਕਾ ਹੀ ਖਤਮ ਨਹੀਂ ਹੋਈ ਪਰ ਇਹ ਵੀ ਨਹੀਂ ਕਿ ਇਥੇ ਦਾ ਸਮਾਜ ਇਸ ਗੱਲ ਨੂੰ ਆਪਣੇ ਧਾਰਮਿਕ ਵਿਸ਼ਵਾਸ ਜਾਂ ਪਰੰਪਰਾਵਾਂ ਦਾ ਹਿੱਸਾ ਸਮਝ ਕੇ ਇਸ ਧਾਰਨਾ ਨਾਲ ਚੰਬੜਿਆ ਬੈਠਾ ਹੋਵੇ ਕਿ ਊਚ-ਨੀਚ ਜਮਾਂਦਰੂ ਹੁੰਦੀ ਹੈ।

ਸਾਡੇ ਭਾਈਚਾਰੇ ਕੈਨੇਡੀਅਨ ਸਮਾਜ ਤੋਂ ਜਿਨ੍ਹਾਂ ਬਰਾਬਰ ਦੇ ਮਨੁੱਖੀ ਅਧਿਕਾਰਾਂ ਦੀ ਮੰਗ ਕਰਦੇ ਹਨ, ਉਹਨਾਂ ਨੂੰ ਆਪਣੇ ਅੰਦਰੀਂ ਆਪਸੀ ਵਿਹਾਰ ਦਾ ਆਧਾਰ ਨਹੀਂ ਬਣਾਉਂਦੇ। ਇਹ ਠੀਕ ਹੈ ਕਿ ਊਚ-ਨੀਚ ਜਾਂ ਸਮਾਜੀ ਵਖਰੇਵਿਆਂ ਨਾਲ ਜੁੜੀ ਹੋਈ ਸੋਚ ਇੱਥੇ ਹਿੰਦੁਸਤਾਨ ਵਰਗੇ ਸਮਾਜੀ ਖਿਚਾਅ ਜਾਂ ਕਲੇਸ਼ ਤਾਂ ਪੈਦਾ ਨਹੀਂ ਕਰ ਸਕਦੀ ਪਰ ਇਹ ਸੋਚ ਸਾਡੇ ਭਾਈਚਾਰਿਆਂ ਨੂੰ ਜਮਹੂਰੀ ਰਵੱਈਏ ਅਖਤਿਆਰ ਕਰਨ ਤੋਂ ਨਿਸ਼ਚੇ ਹੀ ਰੋਕਦੀ ਹੈ। ਇਹੀ ਕਾਰਨ ਹੈ ਕਿ ਇਥੇ ਦਾ ਪੰਜਾਬੀ ਭਾਈਚਾਰਾ ਹੋਰ ਹਿੰਦੁਸਤਾਨੀ ਭਾਈਚਾਰੇ ਵਾਂਗ ਬੁਰੀ ਤਰ੍ਹਾਂ ਵੰਡਿਆ ਹੋਇਆ ਹੈ। ਇਹੀ ਕਾਰਨ ਹੈ ਕਿ ਸਾਡਾ ਭਾਈਚਾਰਾ ਕੈਨੇਡਾ ਦੀ ਜ਼ਿੰਦਗੀ ਵਿਚ ਉਹ ਭੂਮਿਕਾ ਨਹੀਂ ਨਿਭਾ ਰਿਹਾ ਜਿਹੜੀ ਇਹ ਆਪਣੀ ਗਿਣਤੀ ਤੇ ਗੁਣਾਂ ਕਾਰਨ ਨਿਭਾ ਸਕਦਾ ਹੈ।

ਹੈਰਾਨੀ ਇਹ ਹੈ ਕਿ ਬਾਕੀ ਹਿੰਦੁਸਤਾਨ ਵਾਂਗ ਪੰਜਾਬ ਵੀ ਹੌਲੀ-ਹੌਲੀ ਬਦਲ ਰਿਹਾ ਹੈ ਪਰ ਸਾਡੇ ਇਥੋਂ ਦੇ ਭਾਈਚਾਰੇ ਆਪੋ-ਆਪਣੇ ਘੁਰਨਿਆਂ ਵਿਚੋਂ ਬਾਹਰ ਆਉਣ ਦੀ ਥਾਂ ਆਪਣੇ ਵਿਚਾਲੇ ਵਾੜਾਂ ਹੋਰ ਉੱਚੀਆਂ ਕਰ ਰਹੇ ਹਨ। ਅਜਿਹਾ ਉਹ ਆਪਣੀ ਪਛਾਣ ਨੂੰ ਕਾਇਮ ਰੱਖਣ ਤੇ ਆਪਣੇ ਵਿਰਸੇ ਨੂੰ ਸੰਭਾਲਣ ਦੇ ਨਾਂ ਉੱਤੇ ਕਰਦੇ ਹਨ। ਹੈਰਾਨੀ ਹੈ ਕਿ ਆਪਣੀ ਪਛਾਣ ਨੂੰ ਕਾਇਮ ਰੱਖਣ ਲਈ ਅਸੀਂ ਅਜਿਹੇ ਚਿੰਨ੍ਹਾਂ ਜਾਂ ਧਾਰਨਾਵਾਂ ਦਾ ਸਹਾਰਾ ਕਿਉਂ ਲੈਂਦੇ ਹਾਂ ਜਿਹੜੀਆਂ ਸਾਡੀ ਜ਼ਹਿਨੀਅਤ ਜਾਂ ਮੱਧਕਾਲੀਨ ਮਾਨਸਿਕਤਾ ਦੀ ਦੇਣ ਹਨ। ਸਾਡੇ ਵਿਰਸੇ ਵਿਚ ਵੀ ਅਜਿਹਾ ਬਹੁਤ ਕੁਝ ਹੈ ਜਿਹੜਾ ਮਨੁੱਖੀ ਸਾਂਝ ਤੇ ਗੌਰਵ ਦਾ ਲਖਾਇਕ ਹੈ ਤੇ ਜਨਵਾਦੀ ਦੀ ਕਦਰਾਂ ਨੂੰ ਦਰਸਾਉਂਦਾ ਹੈ।

'ਨਿਸੋਤ' ਇਸ ਮਕਸਦ ਨਾਲ ਸ਼ੁਰੂ ਹੋਇਆ ਸੀ ਕਿ ਇਹ ਗੰਭੀਰ ਸਮਾਜੀ, ਸਿਆਸੀ ਤੇ ਸਭਿਆਚਾਰਕ ਸਵਾਲਾਂ ਨੂੰ ਬਹਿਸ ਦਾ ਵਿਸ਼ਾ ਬਣਾਏ ਤੇ ਇਥੋਂ ਦੇ ਭਾਈਚਾਰਿਆਂ ਨੂੰ ਅਜਿਹੀਆਂ ਬਹਿਸਾਂ ਵਿਚ ਸ਼ਾਮਲ ਹੋਣ ਲਈ ਟੁੰਬੇ। ਆਪਣੇ ਅਤਿ ਸੀਮਤ ਵਸੀਲਿਆਂ ਦੇ ਬਾਵਜੂਦ ਇਸ ਨੇ ਇਸ ਕਰਨ ਕਾਰਜ ਨੂੰ ਨਿਭਾਉਣ ਦੀ ਕੋਸ਼ਿਸ਼ ਕੀਤੀ ਹੈ। ਇਸ ਨੇ ਮੌਲਿਕ ਖੋਜ ਉੱਤੇ ਆਧਾਰਿਤ ਅਜਿਹੇ ਲੇਖ ਛਾਪੇ ਹਨ ਜੋ ਸਾਡੇ ਸਮਾਜ ਨੂੰ ਉਸ ਦਾ ਅਮਾਨਵੀ ਚਿਹਰਾ ਦਿਖਾਉਂਦੇ ਹਨ ਤੇ ਇਸ ਨੂੰ ਸਮੱਸਿਆਵਾਂ ਤੋਂ ਮੁਕਰਨ ਦਾ ਰਾਹ ਨਹੀਂ ਛੱਡਦੇ। ਅਜਿਹੀ ਬਹਿਸ ਨੂੰ ਹੋਰ ਤਿੱਖਾ ਤੇ ਮੋਕਲਾ ਕਰਨ ਲਈ ਨਿਰੋਤ ਉਹਨਾਂ ਸੋਚਵਾਨਾਂ ਤੇ ਸਿਆਸੀ ਤੇ ਸਮਾਜੀ ਐਕਟਿਵਿਸਟਾਂ ਤੇ ਕਲਮਕਾਰਾਂ ਤੱਕ ਪਹੁੰਚ ਕਰਦਾ ਹੈ ਜਿਹੜੇ ਵੱਖ-ਵੱਖ ਯੂਨੀਵਰਸਿਟੀਆਂ ਵਿਚ ਖੋਜ ਰਾਹੀਂ ਸਾਡੇ ਸਮਾਜ ਦੀਆਂ ਰੋਗੀ ਰੁਚੀਆਂ ਦੀ ਜੜ੍ਹ ਤੱਕ ਪਹੁੰਚਣ ਦੇ ਜਤਨ ਕਰ ਰਹੇ ਹਨ, ਸਮਾਜੀ ਤੇ ਸਿਆਸੀ ਖੇਤਰਾਂ ਵਿਚ ਇਹਨਾਂ ਰੁਚੀਆਂ ਵਿਰੁੱਧ ਲੜ ਰਹੇ ਹਨ ਜਾਂ ਇਹਨਾਂ ਦੇ ਘਾਤਕ ਸਿੱਟਿਆਂ ਬਾਰੇ ਖਬਰਦਾਰ ਕਰ ਰਹੇ ਹਨ ਅਤੇ ਅਜਿਹਾ ਕਰ ਕੇ ਉਹ ਪੰਜਾਬੀ ਬੋਲੀ ਦੀ ਸਮਰੱਥਾ, ਇਸ ਦੀ ਸਾਹਿਤਕ ਅਮੀਰੀ ਵਿਚ ਵੀ ਹਿੱਸਾ ਪਾ ਰਹੇ ਹਨ। ਕਿਸੇ ਬੋਲੀ ਦਾ ਵਿਕਾਸ ਵੀ ਇਸ ਗੱਲ ਨਾਲ ਡੂੰਘੀ ਤਰ੍ਹਾਂ ਜੁੜਿਆ ਹੁੰਦਾ ਹੈ ਕਿ ਉਸ ਨੂੰ ਬੋਲਣ, ਲਿਖਣ ਤੇ ਪੜ੍ਹਨ ਵਾਲੇ ਕਿੰਨੇ ਨਵੇਂ ਖਿਆਲਾਂ ਨੂੰ ਉਸ 'ਚ ਪੇਸ਼ ਕਰਦੇ ਹਨ, ਇਸ ਪੱਖੋਂ ਇਹ ਆਖਿਆ ਜਾ ਸਕਦਾ ਹੈ ਕਿ ਉਸ ਨੇ ਨਿਸੋਤ ਆਪਣੇ ਸੀਮਤ ਵਿੱਤ ਅਨੁਸਾਰ ਬਣਦਾ ਹਿੱਸਾ ਪਾਇਆ ਹੈ।

ਨਿਸੋਤ ਸੋਚ ਤੇ ਵਿਚਾਰਾਂ ਦੇ ਪੱਖੋਂ ਆਪਣੇ ਢੰਗ ਦਾ ਤਜਰਬਾ ਹੈ। ਇਹ ਤਜਰਬਾ ਦਰਅਸਲ ਅਜਿਹੇ ਹੰਭਲੇ ਦਾ ਹਿੱਸਾ ਹੈ ਜਿਸ ਵਿਚ ਪੰਜਾਬ ਦੇ ਬਹੁਤ ਸਾਰੇ ਰੌਸ਼ਨ ਖ਼ਿਆਲ ਸੋਚਵਾਨ ਤੇ ਵਿਚਾਰਵਾਨ ਹਿੱਸਾ ਪਾ ਰਹੇ ਹਨ।

---

ਪਾਬੰਦੀ ਹਟਾ ਦਿੱਤੀ ਗਈ।

ਮੋਦੀ ਸਰਕਾਰ ਨੇ ਫਿਲਮ 'ਤੇ ਪਾਬੰਦੀ ਲਗਾ ਦਿੱਤੀ ਹੈ। ਹਰ ਸੋਸ਼ਲ ਮੀਡੀਆ ਪਲੇਟਫਾਰਮ ਨੇ ਪਾਬੰਦੀ ਦੀ ਪਾਲਣਾ ਕੀਤੀ ਅਤੇ ਇਸ ਦੇ ਸਾਰੇ ਲਿੰਕ ਤੇ ਹਵਾਲੇ ਹਟਾ ਦਿੱਤੇ ਗਏ। ਫਿਲਮ ਦੇ ਰਿਲੀਜ਼ ਹੋਣ ਦੇ ਕੁਝ ਹਫ਼ਤਿਆਂ ਦੇ ਅੰਦਰ ਹੀ ਬੀ.ਬੀ.ਸੀ. ਦਫ਼ਤਰਾਂ ਨੂੰ ਪੁਲਿਸ ਨੇ ਘੇਰ ਲਿਆ ਅਤੇ ਟੈਕਸ ਅਧਿਕਾਰੀਆਂ ਨੇ ਉੱਥੇ ਛਾਪਾ ਮਾਰਿਆ।

'ਹਿੰਡਨਬਰਗ ਰਿਪੋਰਟ' ਵਿਚ ਅਡਾਨੀ ਸਮੂਹ ਉੱਪਰ 'ਬੇਸ਼ਰਮੀ ਨਾਲ ਸਟਾਕ ਹੇਰਾਫੇਰੀ ਅਤੇ ਅਕਾਊਂਟਿੰਗ ਧੋਖਾਧੜੀ' ਦਾ ਦੋਸ਼ ਲਗਾਇਆ ਗਿਆ ਹੈ ਜਿਸ ਨੇ- ਆਫਸ਼ੋਰ ਸ਼ੈੱਲ ਸੰਸਥਾਵਾਂ ਦੇ ਮਾਧਿਅਮ ਰਾਹੀਂ- ਆਪਣੀਆਂ ਮੁੱਖ ਸੂਚੀਬੱਧ ਕੰਪਨੀਆਂ ਦੇ ਸ਼ੇਅਰਾਂ ਦੇ ਭਾਅ ਜਾਅਲੀ ਤੌਰ 'ਤੇ ਵਧਾਏ ਜਿਸ ਨਾਲ ਗਰੁੱਪ ਦੇ ਚੇਅਰਮੈਨ ਦੀ ਦੌਲਤ ਵਿਚ ਕਾਫ਼ੀ ਵਾਧਾ ਹੋਇਆ। ਰਿਪੋਰਟ ਮੁਤਾਬਕ ਅਡਾਨੀ ਦੀਆਂ ਸੱਤ ਸੂਚੀਬੱਧ ਕੰਪਨੀਆਂ ਦਾ ਮੁਲਾਂਕਣ ਅਸਲ ਮੁੱਲ ਤੋਂ 85 ਫੀਸਦੀ ਵੱਧ ਹੈ। ਮੋਦੀ ਅਤੇ ਅਡਾਨੀ ਦਹਾਕਿਆਂ ਤੋਂ ਇਕ ਦੂਜੇ ਨੂੰ ਜਾਣਦੇ ਹਨ। 2002 ਦੇ ਗੁਜਰਾਤ ਕਤਲੇਆਮ ਤੋਂ ਬਾਅਦ ਉਨ੍ਹਾਂ ਦੀ ਯਾਰੀ ਗੂੜ੍ਹੀ ਹੋ ਗਈ।

ਉਸ ਸਮੇਂ ਕਾਰਪੋਰੇਟ ਇੰਡੀਆ ਸਮੇਤ ਭਾਰਤ ਦਾ ਜ਼ਿਆਦਾਤਰ ਹਿੱਸਾ 'ਬਦਲਾ' ਲੈਣ ਦੀ ਮੰਗ ਕਰ ਰਹੀ ਭੜਕੀ ਹੋਈ ਹਿੰਦੂ ਭੀੜ ਦੁਆਰਾ ਗੁਜਰਾਤ ਦੇ ਕਸਬਿਆਂ ਅਤੇ ਪਿੰਡਾਂ ਦੀਆਂ ਸੜਕਾਂ 'ਤੇ ਮੁਸਲਮਾਨਾਂ ਦੇ ਕਤਲੇਆਮ ਅਤੇ ਸਮੂਹਿਕ ਬਲਾਤਕਾਰਾਂ ਨੂੰ ਦੇਖ ਕੇ ਭੈਅ ਨਾਲ ਦਹਿਲ ਗਿਆ ਸੀ। ਉਸ ਸਮੇਂ ਗੌਤਮ ਅਡਾਨੀ ਮੋਦੀ ਦੇ ਨਾਲ ਖੜ੍ਹਿਆ। ਗੁਜਰਾਤੀ ਉਦਯੋਗਪਤੀਆਂ ਦੇ ਛੋਟੇ ਸਮੂਹ ਨੂੰ ਨਾਲ ਲੈ ਕੇ ਉਸ ਨੇ ਵਪਾਰੀਆਂ ਦਾ ਨਵਾਂ ਮੰਚ ਬਣਾਇਆ। ਉਸ ਨੇ ਮੋਦੀ ਦੇ ਆਲੋਚਕਾਂ ਦੀ ਨਿੰਦਾ ਅਤੇ ਮੋਦੀ ਦੀ ਹਮਾਇਤ ਕੀਤੀ ਕਿਉਂਕਿ ਉਸ ਨੇ 'ਹਿੰਦੂ ਹਿਰਦੇ ਸਮਰਾਟ' ਦੇ ਰੂਪ 'ਚ ਨਵਾਂ ਰਾਜਨੀਤਕ ਕਰੀਅਰ ਸ਼ੁਰੂ ਕਰ ਲਿਆ ਸੀ। ਇਸ ਤਰ੍ਹਾਂ 'ਵਿਕਾਸ' ਦੇ ਗੁਜਰਾਤ ਮਾਡਲ ਦਾ ਜਨਮ ਹੋਇਆ। ਇਹ ਸੀ ਕਾਰਪੋਰੇਟ ਧਨ ਦੇ ਥਾਪੜੇ ਨਾਲ ਹਿੰਸਕ ਹਿੰਦੂ ਰਾਸ਼ਟਰਵਾਦ।

ਗੁਜਰਾਤ ਦੇ ਮੁੱਖ ਮੰਤਰੀ ਵਜੋਂ ਤਿੰਨ ਕਾਰਜ ਕਾਲਾਂ ਤੋਂ ਬਾਅਦ 2014 'ਚ ਮੋਦੀ ਭਾਰਤ ਦਾ ਪ੍ਰਧਾਨ ਮੰਤਰੀ ਚੁਣਿਆ ਗਿਆ। ਉਹ ਆਪਣੇ ਸਹੁੰ ਚੁੱਕ ਸਮਾਗਮ ਲਈ ਨਿੱਜੀ ਜੈੱਟ ਜਹਾਜ਼ ਰਾਹੀਂ ਦਿੱਲੀ ਗਿਆ, ਉਸ ਜਹਾਜ਼ ਦੇ ਪੂਰੇ ਹਿੱਸੇ 'ਤੇ ਅਡਾਨੀ ਦਾ ਨਾਮ ਲਿਖਿਆ ਹੋਇਆ ਸੀ। ਮੋਦੀ ਦੇ ਨੌਂ ਸਾਲਾਂ ਦੇ ਕਾਰਜ ਕਾਲ 'ਚ ਅਡਾਨੀ ਦੁਨੀਆ ਦਾ ਸਭ ਤੋਂ ਅਮੀਰ ਆਦਮੀ ਬਣ ਗਿਆ। ਇਸ ਦੌਰਾਨ ਉਸ ਦੀ ਦੌਲਤ 8 ਅਰਬ ਡਾਲਰ ਤੋਂ ਵੱਧ ਕੇ 137 ਅਰਬ ਡਾਲਰ ਹੋ ਗਈ। 2022 ਵਿਚ ਉਸ ਨੇ 72 ਅਰਬ ਡਾਲਰ ਕਮਾਏ ਜੋ ਦੁਨੀਆ ਦੇ ਸਿਖ਼ਰਲੇ ਨੌਂ ਅਰਬਪਤੀਆਂ ਦੀ ਕੁਲ ਕਮਾਈ ਤੋਂ ਵੀ ਵੱਧ ਹੈ। ਹੁਣ ਇਕ ਦਰਜਨ ਸ਼ਿਪਿੰਗ ਬੰਦਰਗਾਹਾਂ ਉੱਪਰ ਅਡਾਨੀ ਗਰੁੱਪ ਕੰਟਰੋਲ ਹੈ ਜਿਨ੍ਹਾਂ ਰਾਹੀਂ ਭਾਰਤ ਦੇ 30% ਮਾਲ ਦੀ ਢੋਆ-ਢੁਆਈ ਕੀਤੀ ਜਾਂਦੀ ਹੈ। ਇਸ ਦੇ ਨਾਲ ਹੀ ਸੱਤ ਹਵਾਈ ਅੱਡੇ ਜੋ ਭਾਰਤ ਦੇ 23% ਹਵਾਈ ਮੁਸਾਫ਼ਰਾਂ ਨੂੰ ਸੰਭਾਲਦੇ ਹਨ ਅਤੇ ਵੇਅਰਹਾਊਸ ਜੋ ਮਿਲ ਕੇ ਭਾਰਤ ਦੇ 30% ਅਨਾਜ ਦਾ ਭੰਡਾਰ ਕਰਦੇ ਹਨ, ਉਨ੍ਹਾਂ ਉੱਪਰ ਵੀ ਅਡਾਨੀ ਗਰੁੱਪ ਦਾ ਕੰਟਰੋਲ ਹੈ। ਇਹ ਉਨ੍ਹਾਂ ਪਾਵਰ ਪਲਾਂਟਾਂ ਦਾ ਮਾਲਕ ਅਤੇ ਸੰਚਾਲਕ ਹੈ ਜੋ ਮੁਲਕ ਦੇ ਨਿੱਜੀ ਬਿਜਲੀ ਦੇ ਸਭ ਤੋਂ ਵੱਡੇ ਉਤਪਾਦਕ ਹਨ।

ਜੀ ਹਾਂ, ਗੌਤਮ ਅਡਾਨੀ ਦੁਨੀਆ ਦੇ ਸਭ ਤੋਂ ਅਮੀਰ ਆਦਮੀਆਂ ਵਿਚੋਂ ਇਕ ਹੈ ਪਰ ਜੇਕਰ ਤੁਸੀਂ ਚੋਣਾਂ ਦੌਰਾਨ ਉਨ੍ਹਾਂ ਦੇ ਖ਼ਰਚਿਆਂ ਨੂੰ ਦੇਖੋ ਤਾਂ ਭਾਜਪਾ ਨਾ ਸਿਰਫ਼ ਭਾਰਤ ਦੀ, ਸਗੋਂ ਸ਼ਾਇਦ ਦੁਨੀਆ ਦੀ ਸਭ ਤੋਂ ਅਮੀਰ ਰਾਜਨੀਤਕ ਪਾਰਟੀ ਵੀ ਹੈ। 2016 ਵਿਚ ਭਾਜਪਾ ਨੇ ਕਾਰਪੋਰੇਸ਼ਨਾਂ ਨੂੰ ਉਨ੍ਹਾਂ ਦੀ ਪਛਾਣ ਜਨਤਕ ਕੀਤੇ ਬਿਨਾਂ ਰਾਜਨੀਤਕ ਪਾਰਟੀਆਂ ਨੂੰ ਫੰਡ ਦੇਣ ਦੀ ਇਜਾਜ਼ਤ ਦੇਣ ਲਈ ਚੋਣ ਬੌਂਡ ਦੀ ਯੋਜਨਾ ਸ਼ੁਰੂ ਕੀਤੀ। ਇਹ ਕਾਰਪੋਰੇਟ ਫੰਡਿੰਗ ਵਿਚ ਹੁਣ ਤੱਕ ਦੀ ਸਭ ਤੋਂ ਵੱਡੀ ਹਿੱਸੇਦਾਰੀ ਵਾਲੀ ਪਾਰਟੀ ਬਣ ਗਈ ਹੈ। ਇੰਝ ਜਾਪਦਾ ਹੈ ਕਿ ਜਿਵੇਂ ਇਨ੍ਹਾਂ ਟਵਿਨ ਟਾਵਰਾਂ (ਜੌੜੇ ਥੰਮ੍ਹਾਂ) ਦੀਆਂ ਜੜ੍ਹਾਂ ਵਿਚਕਾਰ ਸਾਂਝਾ ਤਹਿਖਾਨਾ ਹੋਵੇ।

ਜਿਸ ਤਰ੍ਹਾਂ ਅਡਾਨੀ ਲੋੜ ਵੇਲੇ ਮੋਦੀ ਦੇ ਨਾਲ ਖੜ੍ਹਿਆ ਸੀ, ਉਸੇ ਤਰ੍ਹਾਂ ਮੋਦੀ ਸਰਕਾਰ ਵੀ ਅਡਾਨੀ ਦੇ ਨਾਲ ਖੜ੍ਹੀ ਹੈ ਅਤੇ ਇਸ ਨੇ ਸੰਸਦ ਵਿਚ ਵਿਰੋਧੀ ਧਿਰ ਦੇ ਮੈਂਬਰਾਂ ਵੱਲੋਂ ਚੁੱਕੇ ਗਏ ਇਕ ਵੀ ਸਵਾਲ ਦਾ ਜਵਾਬ ਦੇਣ ਤੋਂ ਇਨਕਾਰ ਕਰ ਦਿੱਤਾ ਹੈ, ਇੱਥੋਂ ਤੱਕ ਕਿ ਉਨ੍ਹਾਂ ਦੇ ਭਾਸ਼ਣਾਂ ਨੂੰ ਸੰਸਦ ਦੇ ਰਿਕਾਰਡ ਵਿਚੋਂ ਕੱਢ ਦਿੱਤਾ ਗਿਆ ਹੈ।

ਜਿੱਥੇ ਇਕ ਪਾਸੇ ਭਾਜਪਾ ਅਤੇ ਅਡਾਨੀ ਆਪਣੀ ਦੌਲਤ ਜਮਾਂ ਕਰਦੇ ਜਾ ਰਹੇ ਹਨ, ਉੱਥੇ ਦੂਜੇ ਪਾਸੇ ਔਕਸਫੈਮ ਨੇ ਇਕ ਰਿਪੋਰਟ ਵਿਚ ਕਿਹਾ ਹੈ ਕਿ ਕੁਲ ਰਾਸ਼ਟਰੀ ਦੌਲਤ ਦਾ 77 ਫੀਸਦੀ ਹਿੱਸਾ ਭਾਰਤੀ ਆਬਾਦੀ ਦੇ ਸਿਖ਼ਰਲੇ 10 ਵਿਅਕਤੀਆਂ ਕੋਲ ਹੈ। 2017 ਵਿਚ ਪੈਦਾ ਹੋਈ ਦੌਲਤ ਦਾ 73 ਫੀਸਦੀ ਸਭ ਤੋਂ ਅਮੀਰ 1 ਫੀਸਦੀ ਲੋਕਾਂ ਕੋਲ ਗਿਆ; ਸਭ ਤੋਂ ਗ਼ਰੀਬ ਅੱਧੀ ਆਬਾਦੀ, ਭਾਵ, 67 ਕਰੋੜ ਭਾਰਤੀਆਂ ਦੀ ਦੌਲਤ ਸਿਰਫ਼ 1 ਫੀਸਦੀ ਹੀ ਵਧੀ। ਹਾਲਾਂਕਿ ਭਾਰਤ ਨੂੰ ਵਿਸ਼ਾਲ ਮੰਡੀ ਵਾਲੀ ਆਰਥਿਕ ਤਾਕਤ ਵਜੋਂ ਜਾਣਿਆ ਜਾਂਦਾ ਹੈ, ਇਸ ਦੀ ਬਹੁਗਿਣਤੀ ਆਬਾਦੀ ਅਤਿ ਗ਼ਰੀਬੀ ਵਿਚ ਰਹਿੰਦੀ ਹੈ।

ਇੱਥੇ ਲੱਖਾਂ ਲੋਕ ਮੋਦੀ ਦੀ ਮੂਰਤ ਵਾਲੇ ਪੈਕਟਾਂ 'ਚ ਦਿੱਤੇ ਜਾਣ ਵਾਲੇ ਰਾਸ਼ਨ 'ਤੇ ਗੁਜ਼ਾਰਾ ਕਰਦੇ ਹਨ। ਭਾਰਤ ਬੇਹੱਦ ਗ਼ਰੀਬ ਲੋਕਾਂ ਵਾਲਾ ਬਹੁਤ ਹੀ ਅਮੀਰ ਮੁਲਕ ਹੈ। ਇਹ ਦੁਨੀਆ ਦੇ ਸਭ ਤੋਂ ਨਾ-ਬਰਾਬਰ ਸਮਾਜਾਂ ਵਿਚੋਂ ਇਕ ਹੈ। ਇਸ ਰਿਪੋਰਟ ਤੋਂ ਬਾਅਦ 'ਔਕਸਫੈਮ ਇੰਡੀਆ' 'ਤੇ ਵੀ ਛਾਪਾ ਮਾਰਿਆ ਗਿਆ। ਨਾਲ ਹੀ 'ਐਮਨੈਸਟੀ ਇੰਟਰਨੈਸ਼ਨਲ' ਅਤੇ ਮੁਸੀਬਤ ਖੜ੍ਹੀ ਕਰਨ ਵਾਲੀਆਂ ਹੋਰ ਬਹੁਤ ਸਾਰੀਆਂ ਐੱਨ.ਜੀ.ਓਜ ਨੂੰ ਪ੍ਰੇਸ਼ਾਨ ਕਰ ਕੇ ਭਾਰਤ ਵਿਚ ਆਪਣਾ ਕੰਮ ਬੰਦ ਕਰਨ ਲਈ ਮਜਬੂਰ ਕੀਤਾ ਗਿਆ।

ਇਸ ਨਾਲ ਪੱਛਮੀ ਜਮਹੂਰੀਅਤਾਂ ਦੇ ਆਗੂਆਂ ਨੂੰ ਕੋਈ ਫ਼ਰਕ ਨਹੀਂ ਪਿਆ। ਹਿੰਡਨਬਰਗ-ਬੀ.ਬੀ.ਸੀ. ਮਾਮਲੇ ਦੇ ਥੋੜ੍ਹੇ ਦਿਨਾਂ ਦੇ ਅੰਦਰ 'ਲਾਭਕਾਰੀ' ਮੀਟਿੰਗਾਂ ਤੋਂ ਬਾਅਦ ਪ੍ਰਧਾਨ ਮੰਤਰੀ ਮੋਦੀ, ਰਾਸ਼ਟਰਪਤੀ ਜੋਅ ਬਾਇਡਨ ਅਤੇ ਰਾਸ਼ਟਰਪਤੀ ਇਮੈਨੁਅਲ ਮੈਕਰੌਨ ਨੇ ਐਲਾਨ ਕੀਤਾ ਕਿ ਭਾਰਤ 470 ਬੋਇੰਗ ਅਤੇ ਏਅਰਬੱਸ ਜਹਾਜ਼ ਖ਼ਰੀਦੇਗਾ। ਬਾਇਡਨ ਨੇ ਕਿਹਾ ਕਿ ਇਸ ਸਮਝੌਤੇ ਨਾਲ ਅਮਰੀਕਾ ਵਿਚ 10 ਲੱਖ ਤੋਂ ਵੱਧ ਨੌਕਰੀਆਂ ਪੈਦਾ ਹੋਣਗੀਆਂ। 'ਏਅਰਬੱਸ' 'ਚ ਰੋਲਸ ਰਾਇਸ ਦੇ ਇੰਜਣ ਲਗਾਏ ਜਾਣਗੇ। ਪ੍ਰਧਾਨ ਮੰਤਰੀ ਰਿਸ਼ੀ ਸੁਨਕ ਦਾ ਕਹਿਣਾ ਹੈ ਕਿ "ਬਰਤਾਨੀਆ ਦੇ ਭਰਪੂਰ ਏਰੋ-ਸਪੇਸ ਸੈਕਟਰ ਲਈ ਹੁਣ ਅਕਾਸ਼ ਹੀ ਸੀਮਾ ਹੈ।" ***(ਚੱਲਦਾ)***

***ਗੁਜਰਾਤ ਦੇ ਮੁੱਖ ਮੰਤਰੀ ਵਜੋਂ ਤਿੰਨ ਕਾਰਜ ਕਾਲਾਂ ਤੋਂ ਬਾਅਦ 2014 'ਚ ਮੋਦੀ ਭਾਰਤ ਦਾ ਪ੍ਰਧਾਨ ਮੰਤਰੀ ਚੁਣਿਆ ਗਿਆ। ਉਹ ਆਪਣੇ ਸਹੁੰ ਚੁੱਕ ਸਮਾਗਮ ਲਈ ਨਿੱਜੀ ਜੈੱਟ ਜਹਾਜ਼ ਰਾਹੀਂ ਦਿੱਲੀ ਗਿਆ, ਉਸ ਜਹਾਜ਼ ਦੇ ਪੂਰੇ ਹਿੱਸੇ 'ਤੇ ਅਡਾਨੀ ਦਾ ਨਾਮ ਲਿਖਿਆ ਹੋਇਆ ਸੀ। ਮੋਦੀ ਦੇ ਨੌਂ ਸਾਲਾਂ ਦੇ ਕਾਰਜ ਕਾਲ 'ਚ ਅਡਾਨੀ ਦੁਨੀਆ ਦਾ ਸਭ ਤੋਂ ਅਮੀਰ ਆਦਮੀ ਬਣ ਗਿਆ। ਇਸ ਦੌਰਾਨ ਉਸ ਦੀ ਦੌਲਤ 8 ਅਰਬ ਡਾਲਰ ਤੋਂ ਵੱਧ ਕੇ 137 ਅਰਬ ਡਾਲਰ ਹੋ ਗਈ। 2022 ਵਿਚ ਉਸ ਨੇ 72 ਅਰਬ ਡਾਲਰ ਕਮਾਏ ਜੋ ਦੁਨੀਆ ਦੇ ਸਿਖ਼ਰਲੇ ਨੌਂ ਅਰਬਪਤੀਆਂ ਦੀ ਕੁਲ ਕਮਾਈ ਤੋਂ ਵੀ ਵੱਧ ਹੈ।***

# ਭਾਈ ਵੀਰ ਸਿੰਘ, ਸਿੰਘ ਸਭਾ ਲਹਿਰ ਅਤੇ ਨਾਵਲ 'ਸੁੰਦਰੀ'

ਇਸ ਲੇਖ ਵਿਚ ਭਾਈ ਵੀਰ ਸਿੰਘ, ਉਨ੍ਹਾਂ ਦਾ ਸਿੱਖ ਕੀਮਤ ਵਿਧਾਨ ਦੇ ਪ੍ਰਚਾਰ ਵਿਚ ਯੋਗਦਾਨ ਅਤੇ 'ਸੁੰਦਰੀ' ਨਾਵਲ 'ਤੇ ਆਧਾਰਤ ਸਿੱਖ ਇਸਤਰੀ ਦੇ ਸ਼ਕਤੀਕਰਨ ਦਾ ਸੰਖੇਪ ਜ਼ਿਕਰ ਕਰਨਾ ਹੈ। ਸਿੱਖ ਧਰਮ ਇਕ ਇਲਹਾਮੀ ਧਰਮ ਹੈ ਜਿਸ ਤਰ੍ਹਾਂ ਕਿ ਹੋਰ ਵੀ ਕਈ ਧਰਮ ਹਨ; ਪ੍ਰੰਤੂ ਸਿੱਖ ਇਲਹਾਮ ਦੀ ਵਿਲੱਖਣਤਾ ਇਸ ਤੱਥ ਵਿਚ ਹੈ ਕਿ ਇਸ ਦਾ ਇਲਹਾਮ ਗੁਰੂ ਜੋਤਿ ਅਤੇ ਗੁਰੂ ਜੁਗਤਿ ਦੇ ਰੂਪ ਵਿਚ ਇਸ ਦੇ ਬਾਨੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਆਖ਼ਰੀ ਅਤੇ ਦਸਵੇਂ ਸਰੀਰਕ ਗੁਰੂ ਗੋਬਿੰਦ ਸਿੰਘ ਤੱਕ ਇਕ ਲਗਾਤਾਰ ਅਮਲ ਹੈ, "ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥" ਸਾਰੇ ਗੁਰੂ ਸਾਹਿਬਾਨ ਵਿਚ ਇਕੋ ਰੱਬੀ ਜੋਤਿ ਦਾ ਪ੍ਰਕਾਸ਼ਨ ਮੰਨਿਆ ਗਿਆ ਹੈ ਅਤੇ ਸਾਰੇ ਗੁਰੂ ਸਾਹਿਬਾਨ ਨੇ ਆਪਣੇ ਆਪ ਨੂੰ ਇਕੋ ਨਾਨਕ ਨਾਮ ਨਾਲ ਸੰਬੋਧਨ ਕੀਤਾ ਹੈ। ਗੁਰੂ ਸਾਹਿਬਾਨ ਨੂੰ ਰੱਬੀ ਸੁਰਤਿ ਨਾਲ ਇਕਸੁਰਤਾ ਦੇ ਪਲਾਂ ਵਿਚ ਪਰਮਾਤਮਾ ਵੱਲੋਂ, ਜਿਸ ਨੂੰ ਬਾਣੀ ਵਿਚ ੧ਓ ਰਾਹੀਂ ਪਰਗਟ ਕੀਤਾ ਹੈ, ਸਤਿ ਦਾ ਜੋ ਅਨੁਭਵ ਹੋਇਆ ਉਸ ਨੂੰ ਉਨ੍ਹਾਂ ਨੇ ਆਪਣੀ ਭਾਸ਼ਾ ਰਾਹੀਂ ਬਾਣੀ ਦੇ ਰੂਪ ਵਿਚ ਪਰਗਟ ਕੀਤਾ, "ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ



**ਡਾ. ਗੁਰਨਾਮ ਕੌਰ, ਕੈਨੇਡਾ**
**ਪ੍ਰੋਫੈਸਰ (ਸੇਵਾਮੁਕਤ)**
ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ


ਲਾਲੋ॥" ਉਨ੍ਹਾਂ ਨੇ ਉਸ ਸਤਿ ਦਾ ਪ੍ਰਕਾਸ਼ਨ ਰੱਬੀ ਹੁਕਮ ਵਿਚ ਕੀਤਾ "ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ॥" ਸਰੀਰਕ ਰੂਪ ਵਿਚ ਉਨ੍ਹਾਂ ਨੇ ਉਸ ਸਤਿ ਨੂੰ ਜੀਵਿਆ ਅਤੇ ਇਸ ਸਤਿ ਦਾ ਸੰਦੇਸ਼ ਦੁਨੀਆ ਨੂੰ ਸੁਣਾਇਆ, ਇਸੇ ਲਈ ਆਪਣੇ ਆਪ ਨੂੰ ਗੁਰੂ ਨਾਨਕ ਨੇ ਢਾਢੀ ਕਿਹਾ ਹੈ, "ਹਉ ਢਾਢੀ ਵੇਕਾਰੁ ਕਾਰੈ ਲਾਇਆ॥ ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ॥" ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਵਿਲੱਖਣ ਅਨੁਭਵ ਦਾ ਬਾਣੀ ਦੇ ਰੂਪ ਵਿਚ ਸੰਕਲਣ ਗੁਰੂ ਅਰਜਨ ਦੇਵ ਜੀ ਨੇ ਆਪ ਕੀਤਾ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਨੌਵੇਂ ਗੁਰੂ ਦੀ ਬਾਣੀ ਇਸ ਵਿਚ ਦਰਜ ਕਰ ਕੇ ਆਪਣੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਗੁਰੂਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸੌਂਪੀ ਅਤੇ ਸਿੱਖ ਪੰਥ ਨੂੰ ਸਦੀਵੀ ਅਗਵਾਈ ਸ਼ਬਦ ਗੁਰੂ ਤੋਂ ਲੈਣ ਦਾ ਹੁਕਮ ਕੀਤਾ। ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਆਤਮਕ, ਸਮਾਜਿਕ ਅਤੇ ਆਰਥਿਕ ਆਦਿ ਕੀਮਤ ਵਿਧਾਨ ਦਾ ਸੋਮਾ ਹੈ।

ਕਿਸੇ ਵੀ ਧਰਮ ਵਿਚ ਇਲਹਾਮ ਦੀ ਵਿਲੱਖਣਤਾ ਇਸ ਤੱਥ ਵਿਚ ਨਿਹਤ ਹੁੰਦੀ ਹੈ ਕਿ ਮਨੁੱਖ ਦੇ ਸਾਹਮਣੇ ਕੀ ਆਦਰਸ਼ ਰੱਖਦਾ ਹੈ ਅਤੇ ਕਿਸ ਕਿਸਮ ਦੇ ਵਿਅਕਤੀਤਵ ਦੀ ਘਾੜਤ ਘੜਦਾ ਹੈ। ਗੁਰੂ ਨਾਨਕ ਨੇ ਜਪੁਜੀ ਦੇ ਅਰੰਭ ਵਿਚ ਹੀ ਮਨੁੱਖ ਲਈ 'ਸਚਿਆਰ' ਹੋਣ ਦਾ ਆਦਰਸ਼ ਰੱਖਿਆ ਹੈ 'ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ" ਜਿਸ ਨੂੰ ਗੁਰੂ ਅਮਰਦਾਸ ਨੇ ਆਪਣੇ ਮੂਲ ਸਰੋਤ ਦਾ ਅਨੁਭਵ ਕਰਨਾ ਕਿਹਾ ਹੈ 'ਮਨ ਤੂੰ ਜੋਤਿ ਸਰੂਪੁ ਹੈ ਆਪਣਾ ਪਛਾਣੁ॥" ਸਤਿ ੧ਓ ਦਾ ਗੁਣ ਹੈ ਜਿਸ ਨੂੰ 'ਸਤਿਨਾਮ' ਕਿਹਾ ਹੈ ਅਤੇ ਸਾਰੀ ਮਨੁੱਖਤਾ ਦਾ ਮੂਲ ਸਰੋਤ ਉਸ ਇਕ ਕਰਤਾ ਪੁਰਖ ਨੂੰ ਮੰਨਿਆ ਹੈ ਜੋ ਸਮੁੱਚੇ ਬ੍ਰਹਿਮੰਡ ਦੀ ਰਚਨਾ ਆਪਣੇ ਆਪ ਤੋਂ ਕਰਦਾ ਹੈ। ਇਸ ਲਈ ਸਾਰੀ ਕੁਦਰਤ ਵਿਚ ਉਸ ਇਕ ਦੀ ਜੋਤਿ ਨੂੰ ਵਿਆਪਕ ਮੰਨਿਆ ਹੈ "ਕੁਦਰਤਿ ਕਰਕੇ ਵਸਿਆ ਸੋਇ॥" ਇਕੋ ਨੂਰ ਤੋਂ ਸਭ ਦੀ ਪੈਦਾਇਸ਼ ਹੋਣ ਕਰਕੇ ਹੀ ਗੁਰੂ ਸਾਹਿਬਾਨ ਨੇ ਮਨੁੱਖ ਦੀ ਬਰਾਬਰੀ ਦਾ ਸਿਧਾਂਤ ਦਿੱਤਾ ਅਤੇ ਹਰ ਕਿਸਮ ਦੀ ਜਾਤ-ਗੋਤ, ਧਰਮ, ਲਿੰਗ ਆਧਾਰਤ ਵੰਡ ਨੂੰ ਨਕਾਰਦਿਆਂ ਮਨੁੱਖ ਦੀਆਂ ਦੋ ਹੀ ਕੋਟੀਆਂ ਪ੍ਰਵਾਨ ਕੀਤੀਆਂ ਹਨ ਗੁਰਮੁਖਿ ਅਤੇ ਮਨਮੁਖਿ।

ਭਾਈ ਵੀਰ ਸਿੰਘ ਦਾ ਜਨਮ ਦਸੰਬਰ 1872 ਈਸਵੀ ਨੂੰ ਅੰਮ੍ਰਿਤਸਰ ਵਿਚ ਹੋਇਆ ਅਤੇ ਡਾਕਟਰ ਚਰਨ ਸਿੰਘ ਦੇ ਤਿੰਨ ਪੁੱਤਰਾਂ ਵਿਚ ਉਹ ਸਭ ਤੋਂ ਵੱਡੇ ਸੀ। ਉਨ੍ਹਾਂ ਨੇ ਪ੍ਰੰਪਰਕ ਵਿੱਦਿਆ ਪ੍ਰਾਪਤ ਕਰਨ ਦੇ ਨਾਲ ਨਾਲ ਆਧੁਨਿਕ ਅੰਗਰੇਜ਼ੀ ਤਾਲੀਮ ਵੀ ਹਾਸਲ ਕੀਤੀ। ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸਿੱਖ ਸਾਹਿਤ ਦੇ ਗਿਆਨ ਨਾਲ ਹੀ ਸੰਸਕ੍ਰਿਤ, ਫ਼ਾਰਸੀ ਅਤੇ ਉਰਦੂ ਆਦਿ ਭਾਸ਼ਾਵਾਂ ਵਿਚ ਪ੍ਰਬੀਨਤਾ ਹਾਸਿਲ ਕੀਤੀ। ਚਰਚ ਮਿਸ਼ਨ ਸਕੂਲ ਅੰਮ੍ਰਿਤਸਰ ਤੋਂ 1891 ਈਸਵੀ ਵਿਚ ਦਸਵੀਂ ਦੀ ਪ੍ਰੀਖਿਆ ਵਿਚ ਸਾਰੇ ਜ਼ਿਲ੍ਹੇ ਵਿਚੋਂ ਪਹਿਲੇ ਸਥਾਨ 'ਤੇ ਆਏ। ਉਨ੍ਹਾਂ ਦਾ ਵਿਆਹ ਅੰਮ੍ਰਿਤਸਰ ਦੇ ਸਰਦਾਰ ਨਰਾਇਣ ਸਿੰਘ ਦੀ ਧੀ ਬੀਬੀ ਚਤਰ ਕੌਰ ਨਾਲ ਹੋਇਆ ਜਿਨ੍ਹਾਂ ਤੋਂ ਦੋ ਪੁੱਤਰੀਆਂ ਪੈਦਾ ਹੋਈਆਂ। ਭਾਈ ਵੀਰ ਸਿੰਘ 10 ਜੂਨ 1957 ਨੂੰ ਇਸ ਸੰਸਾਰ ਨੂੰ ਅਲਵਿਦਾ ਆਖ ਗਏ। ਭਾਈ ਵੀਰ ਸਿੰਘ ਦੇ ਪਰਿਵਾਰ ਵੱਲੋਂ ਆਪਣੀ ਵਿਰਾਸਤ ਦੂਰ ਦੀਵਾਨ ਕੌੜਾ ਮੱਲ ਨਾਲ ਜੋੜੀ ਜਾਂਦੀ ਹੈ ਜੋ ਮੁਲਤਾਨ ਦਾ ਵਾਈਸ ਗਵਰਨਰ ਸੀ ਅਤੇ ਜਿਨ੍ਹਾਂ ਨੂੰ ਸਿੱਖ ਇਤਿਹਾਸ ਵਿਚ ਪਿਆਰ ਅਤੇ ਸਤਿਕਾਰ ਨਾਲ ਦੀਵਾਨ ਮਿੱਠਾ ਮੱਲ ਕਰਕੇ ਯਾਦ ਕੀਤਾ ਜਾਂਦਾ ਹੈ। ਭਾਈ ਵੀਰ ਸਿੰਘ ਨੂੰ ਆਧੁਨਿਕ ਪੰਜਾਬੀ ਸਾਹਿਤ ਦਾ ਪਿਤਾਮਾ ਮੰਨਿਆ ਜਾਂਦਾ ਹੈ ਜਿਨ੍ਹਾਂ ਨੇ ਵਾਰਤਕ, ਕਵਿਤਾ, ਨਾਟਕ, ਨਾਵਲ, ਧਾਰਮਿਕ ਸਾਹਿਤ, ਮਹਾਂਕਾਵਿ, ਇਤਿਹਾਸ, ਟਰੈਕਟ, ਲੇਖ, ਟੀਕਾਕਾਰੀ ਆਦਿ ਸਾਹਿਤ ਦੀਆਂ ਵੱਖ-ਵੱਖ ਵੰਨਗੀਆਂ ਵਿਚ ਰਚਨਾ ਕੀਤੀ। ਉਨ੍ਹਾਂ ਦੀਆ ਕੁੱਝ ਚੋਣਵੀਆਂ ਰਚਨਾਵਾਂ ਵਿਚ 'ਸੁੰਦਰੀ', 'ਸਤਵੰਤ ਕੌਰ', 'ਬਿਜੈ ਸਿੰਘ', 'ਨੌਧ ਸਿੰਘ', 'ਰਾਣਾ ਸੂਰਤ ਸਿੰਘ', 'ਸ੍ਰੀ ਗੁਰੂ ਨਾਨਕ ਚਮਤਕਾਰ', 'ਸ੍ਰੀ ਅਸ਼ਟ ਗੁਰੂ ਚਮਤਕਾਰ', 'ਸ੍ਰੀ ਗੁਰੂ ਕਲਗੀਧਰ ਚਮਤਕਾਰ', 'ਲਹਿਰਾਂ ਦੇ ਹਾਰ', 'ਬਿਜਲੀਆਂ ਦੇ ਹਾਰ' ਆਦਿ ਸ਼ਾਮਲ ਹਨ। ਸਿੱਖ ਧਰਮ ਲਈ ਨਿੱਗਰ ਯੋਗਦਾਨ ਸਦਕਾ ਉਨ੍ਹਾਂ ਨੂੰ 'ਭਾਈ' ਦੇ ਖ਼ਿਤਾਬ ਨਾਲ ਨਿਵਾਜਿਆ ਗਿਆ ਜੋ ਕਿ ਸਿੱਖ ਧਰਮ ਅਨੁਸਾਰ ਬਹੁਤ ਹੀ ਸਤਿਕਾਰਯੋਗ ਅਤੇ ਮਾਣ ਵਾਲੀ ਗੱਲ ਹੈ। ਪੰਜਾਬ ਯੂਨੀਵਰਸਿਟੀ ਨੇ ਉਨ੍ਹਾਂ ਨੂੰ ਡਾਕਟਰੇਟ ਆਫ ਓਰੀਐਂਟਲ ਲਰਨਿੰਗ ਦੀ ਆਨਰੇਰੀ ਡਿਗਰੀ ਨਾਲ ਨਿਵਾਜਿਆ; ਸਾਹਿਤ ਅਕਾਡਮੀ ਅਵਾਰਡ ਅਤੇ ਪਦਮਭੂਸ਼ਨ ਅਵਾਰਡ ਮਿਲਿਆ; 1952 ਵਿਚ ਪੰਜਾਬ ਲੈਜਿਸਲੇਟਿਵ ਕੌਂਸਲ ਦਾ ਮੈਂਬਰ ਨਾਮਜ਼ਦ ਕੀਤਾ ਗਿਆ। ਉਨ੍ਹਾਂ ਦੇ ਦਾਦਾ ਬਾਬਾ ਕਾਹਨ ਸਿੰਘ ਪਰਿਵਾਰ ਵਿਚ ਬਣਨ ਵਾਲੇ ਸ਼ਾਇਦ ਪਹਿਲੇ ਸਿੱਖ ਸਨ ਅਤੇ ਉਨ੍ਹਾਂ ਨੇ ਸਿੱਖ ਧਰਮ ਅਧਿਐਨ ਵਿਚ ਮੁਹਾਰਤ ਹਾਸਲ ਕਰਨ ਦੇ ਨਾਲ ਨਾਲ ਸੰਸਕ੍ਰਿਤ, ਬ੍ਰਿਜ ਭਾਸ਼ਾ ਅਤੇ ਪੁਰਾਤਨ ਵੈਦਗੀ ਵਿਚ ਵਿੱਦਿਆ ਪ੍ਰਾਪਤ ਕੀਤੀ। ਭਾਈ ਵੀਰ ਸਿੰਘ ਦੇ ਪਿਤਾ ਡਾਕਟਰ ਚਰਨ ਸਿੰਘ ਨੇ ਬਾਬਾ ਕਾਹਨ ਸਿੰਘ ਤੋਂ ਇਹ ਸਾਰੀਆ ਵਿਸ਼ੇਸ਼ਤਾਈਆਂ ਵਿਰਾਸਤ ਵਿਚ ਹਾਸਲ ਕੀਤੀਆਂ। ਗਿਆਨੀ ਹਜ਼ਾਰਾ ਸਿੰਘ, ਭਾਈ ਵੀਰ ਸਿੰਘ ਦੇ ਨਾਨਾ ਵੀ ਸਿੱਖ ਧਰਮ ਦੇ ਬਹੁਤ ਵੱਡੇ ਵਿਦਵਾਨ ਸੀ ਜਿਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਕੋਸ਼ ਤਿਆਰ ਕੀਤਾ ਅਤੇ ਭਾਈ ਗੁਰਦਾਸ ਦੀਆਂ ਵਾਰਾਂ ਦੀ ਵਿਆਖਿਆ ਲਿਖੀ। ਇਹ ਸਾਰੇ ਕੰਮ ਭਾਈ ਵੀਰ ਸਿੰਘ ਨੇ ਛਾਪੇ।

ਸਿੰਘ ਸਭਾ ਲਹਿਰ ਅਤੇ ਭਾਈ ਵੀਰ ਸਿੰਘ ਦੇ ਯੋਗਦਾਨ ਨੂੰ ਸਮਝਣ ਲਈ ਜੇ ਅਸੀਂ ਸਿੱਖ ਇਤਿਹਾਸ ਨੂੰ ਫੋਲੀਏ ਤਾਂ ਪਤਾ ਲੱਗਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਪਹਿਲਾ ਸਿੱਖ ਰਾਜਾ ਸੀ ਜਿਸ ਨੇ ਉਨ੍ਹੀਵੀਂ ਸਦੀ ਦੇ ਪਹਿਲੇ ਅੱਧ ਵਿਚ ਭਾਰਤੀ ਉਪਮਹਾਂਦੀਪ ਦੇ ਉੱਤਰ-ਪੱਛਮੀ ਇਲਾਕੇ ਵਿਚ ਪੰਜਾਬ 'ਤੇ ਰਾਜ ਕੀਤਾ ਅਤੇ ਉਸ ਦੇ ਰਾਜ ਨੂੰ 'ਖ਼ਾਲਸਾ ਰਾਜ' ਕਰ ਕੇ ਜਾਣਿਆ ਜਾਂਦਾ ਹੈ। ਉਸ ਨੇ ਵਾਰ-ਵਾਰ ਬਾਹਰਲੇ ਹਮਲਾਵਰਾਂ ਨੂੰ ਹਰਾਇਆ ਅਤੇ ਉਸ ਦੀ ਖ਼ਾਲਸਾ ਫ਼ੌਜ ਬਹੁਤ ਤਾਕਤਵਰ ਸੀ ਜਿਸ ਵਿਚ ਸਿੱਖ, ਮੁਸਲਮਾਨ, ਹਿੰਦੂ ਅਤੇ ਯੂਰਪੀਨ ਸ਼ਾਮਲ ਸਨ। ਮਹਾਰਾਜਾ ਰਣਜੀਤ ਸਿੰਘ ਦਾ ਸਮਾਂ ਸਿੱਖ ਸਭਿਆਚਾਰ ਅਤੇ ਕਲਾ ਦੀ ਪੁਨਰ-ਜਾਗਰਤੀ ਦਾ ਸਮਾਂ ਸੀ, ਜਿਸ ਵਿਚ ਦਰਬਾਰ ਸਾਹਿਬ ਅਤੇ ਹੋਰ ਇਤਿਹਾਸਕ ਗੁਰਦੁਆਰਿਆਂ ਦੀ ਪੁਨਰ-ਉਸਾਰੀ ਸ਼ਾਮਲ ਸੀ। ਬਹੁਤ ਲੰਬਾ ਸਮਾਂ ਸੰਘਰਸ਼ ਅਤੇ ਮੁਸ਼ਕਿਲ ਸਮਿਆਂ ਵਿਚੋਂ ਲੰਘਣ ਤੋਂ ਬਾਅਦ ਪੰਜਾਬ ਵਾਸਤੇ ਇਹ ਪੂਰਨ ਅਮਨ ਅਤੇ ਖੁਸ਼ਹਾਲੀ ਦਾ ਸਮਾਂ ਸੀ; ਜਿਵੇਂ ਪੰਜਾਬੀ ਕਵੀ ਸ਼ਾਹ ਮੁਹੰਮਦ ਨੇ 'ਜੰਗ ਸਿੰਘਾਂ ਤੇ ਫ਼ਿਰੰਗੀਆਂ' ਵਿਚ ਕਿਹਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ "ਰਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ...।" ਸੰਨ 1949 ਵਿਚ ਮਹਾਰਾਜਾ ਰਣਜੀਤ ਸਿੰਘ ਦੇ ਚੜ੍ਹਾਈ ਕਰ ਜਾਣ 'ਤੇ ਉਸ ਦੇ ਰਾਜ ਦੀ ਅੰਗਰੇਜ਼ ਰਾਜ ਵਿਚ ਸ਼ਮੂਲੀਅਤ ਤੋਂ ਬਾਅਦ, ਜਿਵੇਂ 'ਸੁੰਦਰੀ' ਨਾਵਲ ਦੀ ਅੰਤਿਕਾ ਵਿਚ ਦੱਸਿਆ ਹੈ, ਸਿੱਖਾਂ ਵਾਸਤੇ ਹਾਲਾਤ ਬਹੁਤ ਉਲਝਣ ਵਾਲੇ ਹੋ ਗਏ ਸੀ ਅਤੇ ਸਿੱਖ ਕੀਮਤ ਪ੍ਰਬੰਧ ਵਿਚ ਬਹੁਤ ਗਿਰਾਵਟ ਆ ਗਈ। ਆਪਣੇ ਰਾਜ-ਭਾਗ ਨੂੰ ਅਚਾਨਕ ਖੋ ਦੇਣਾ ਉਨ੍ਹਾਂ ਲਈ ਬਹੁਤ ਵੱਡਾ ਜ਼ਖ਼ਮ ਸੀ। ਆਪਣੇ ਧਾਰਮਿਕ ਉਤਸ਼ਾਹ ਨੂੰ ਗੁਆ ਕੇ ਉਹ ਦੂਸਰੇ ਧਰਮਾਂ ਜਿਵੇਂ ਈਸਾਈ ਅਤੇ ਹਿੰਦੂ ਮੱਤ ਆਦਿ ਦੇ ਪ੍ਰਭਾਵ ਨੂੰ ਅਪਣਾਉਣ ਲੱਗ ਪਏ। ਆਪਣੇ ਗੁਰਪੁਰਬਾਂ ਨੂੰ ਵੀ ਉਨ੍ਹਾਂ ਨੇ ਸਿੱਖ ਰਹੁ-ਰੀਤਾਂ ਅਨੁਸਾਰ ਮਨਾਉਣਾ ਛੱਡ ਦਿੱਤਾ ਅਤੇ ਸਿੱਖ ਰਹਿਤ-ਮਰਿਯਾਦਾ ਵਿਚ ਗਿਰਾਵਟ ਆ ਗਈ। ਸਿੱਖ ਧਾਰਮਿਕ ਸਥਾਨਾਂ ਅਤੇ ਸਿੱਖ ਘਰਾਂ ਵਿਚ ਵੀ ਬੁੱਤ-ਪੂਜਾ ਹੋਣ ਲੱਗ ਪਈ। ਜਿਨ੍ਹਾਂ ਕਰਮ-ਕਾਂਡਾਂ ਨੂੰ ਗੁਰੂ ਸਾਹਿਬ ਨੇ ਨਿੰਦਿਆ ਸੀ ਉਨ੍ਹਾਂ ਕਰਮ-ਕਾਂਡਾਂ ਦੀ ਦੁਬਾਰਾ ਪਾਲਣਾ ਹੋਣ ਲੱਗ ਪਈ। ਇਕ ਪਾਸੇ ਈਸਾਈ ਗਿਰਜਿਆਂ ਨੇ ਧਰਮ-ਬਦਲੀ ਦਾ ਅਭਿਆਨ ਸ਼ੁਰੂ ਕਰ ਦਿੱਤਾ ਅਤੇ ਦੂਸਰੇ ਪਾਸੇ ਆਰੀਆ ਸਮਾਜ ਅਤੇ ਬ੍ਰਹਮੋਂ ਸਮਾਜ ਵਰਗੀਆਂ ਹਿੰਦੂ ਜਥੇਬੰਦੀਆਂ ਨੇ ਸਿੱਖਾਂ ਨੂੰ ਹਿੰਦੂ ਸੰਗਠਨਾਂ ਵਿਚ ਲਿਆਉਣਾ ਸ਼ੁਰੂ ਕਰ ਦਿੱਤਾ। ਸਿੱਖ ਤਿਉਹਾਰਾਂ ਨੂੰ ਹਿੰਦੂ ਰਸਮਾਂ-ਰੀਤਾਂ ਅਨੁਸਾਰ ਮਨਾਉਣਾ ਅਰੰਭ ਹੋ ਗਿਆ। ਇਸ ਵੇਲੇ ਕੋਈ ਵੀ ਸਿੱਖ ਸੰਗਠਨ ਨਜ਼ਰ ਨਹੀਂ ਸੀ ਆ ਰਿਹਾ। ਸਿੱਖ ਪੁਜਾਰੀਆਂ ਨੇ ਖ਼ੁਦ ਇਨ੍ਹਾਂ ਗੈਰ-ਸਿੱਖ ਰੀਤਾਂ ਨੂੰ ਸਿੱਖ ਰਸਮਾਂ ਨਾਲ ਰਲਗੱਡ ਕਰਨਾ ਸ਼ੁਰੂ ਕਰ ਦਿੱਤਾ।

ਇਸ ਵਿਗੜੀ ਹੋਈ ਹਾਲਤ ਨੂੰ ਦੇਖ ਕੇ ਕੁੱਝ ਦਾਨਿਸ਼ਮੰਦ ਸਿੱਖਾਂ ਨੂੰ ਸਾਰੇ ਸਿੱਖ ਸਮਾਜ ਦੀ ਚਿੰਤਾ ਹੋਈ ਅਤੇ ਉਨ੍ਹਾਂ ਨੇ ਪਹਿਲਾਂ ਅੰਮ੍ਰਿਤਸਰ ਅਤੇ ਫਿਰ ਲਾਹੌਰ ਸਿੰਘ ਸਭਾਵਾਂ ਸਥਾਪਤ ਕੀਤੀਆਂ। ਇਨ੍ਹਾਂ ਸਿੰਘ ਸਭਾਵਾਂ ਨੂੰ ਸਥਾਪਤ ਕਰਨ ਅਤੇ ਫਿਰ ਹੋਰ ਸ਼ਹਿਰਾਂ ਵਿਚ ਵੀ ਬਣਾਉਣ ਦਾ ਮੁੱਖ ਮਕਸਦ ਗੁਰੂਆਂ ਦੀ ਸਿੱਖਿਆ ਦਾ ਪ੍ਰਚਾਰ ਅਤੇ ਪਰਸਾਰ ਕਰਨਾ, ਸਿੱਖਾਂ ਨੂੰ ਆਪਣੀ ਅਮੀਰ ਸਿੱਖ ਵਿਰਾਸਤ, ਸਿੱਖ ਕੀਮਤ ਵਿਧਾਨ ਬਾਰੇ ਜਾਗਰਤ ਕਰਨਾ ਅਤੇ ਵਿੱਦਿਆ ਦਾ ਪ੍ਰਚਾਰ ਕਰਨਾ ਸੀ। ਹੋਰ ਜ਼ਿਆਦਾ ਕੋਸ਼ਿਸ਼ ਵਜੋਂ ਪਹਿਲਾ ਖਾਲਸਾ ਦੀਵਾਨ ਅੰਮ੍ਰਿਤਸਰ ਅਤੇ ਫਿਰ ਖਾਲਸਾ ਦੀਵਾਨ ਲਾਹੌਰ ਸਥਾਪਤ ਕੀਤਾ ਗਿਆ ਤਾਂ ਕਿ ਸਿੱਖਾਂ ਨੂੰ ਸਿੱਖ ਫ਼ਲਸਫ਼ੇ ਤੋਂ ਜਾਣੂ ਕਰਾਇਆ ਜਾਵੇ, ਸਿੱਖ ਗੁਰਪੁਰਬਾਂ ਵਿਚੋਂ ਗੈਰ-ਸਿੱਖ ਰਵਾਇਤਾਂ ਨੂੰ ਖਾਰਜ ਕੀਤਾ ਜਾਵੇ ਅਤੇ ਸਿੱਖ ਰਹਿਤ-ਮਰਿਯਾਦਾ ਦੀ ਪਵਿੱਤਰਤਾ ਨੂੰ ਸਿੱਖ-ਸਿਧਾਂਤਾਂ ਅਨੁਸਾਰ ਬਹਾਲ ਕੀਤਾ ਜਾਵੇ, ਸਿੱਖ ਸਮਾਜ ਨੂੰ ਸੰਗਠਿਤ ਕੀਤਾ ਜਾਵੇ ਅਤੇ ਖਾਲਸਾ ਸਕੂਲਾਂ ਰਾਹੀਂ ਵਿੱਦਿਆ ਦਾ ਪ੍ਰਸਾਰ ਕੀਤਾ ਜਾਵੇ। ਲਹਿਰ ਦੇ ਅਰੰਭ ਵਿਚ ਪਹਿਲਾਂ ਬਾਹਰੀ ਰਸਮਾਂ ਨੂੰ ਕੱਢਣ, ਸਿੱਖ ਪੁਰਬਾਂ ਨੂੰ ਸਿੱਖ ਰਹਿਤ ਅਨੁਸਾਰ ਮਨਾਉਣ ਅਤੇ ਵਿੱਦਿਆ ਦੇਣ ਦਾ ਕੰਮ ਕੀਤਾ ਗਿਆ। ਬਦਕਿਸਮਤੀ ਨਾਲ ਕੁੱਝ ਸਮਾਂ ਇਕੱਠਿਆਂ ਕੰਮ ਕਰਨ ਤੋਂ ਬਾਅਦ ਲਹਿਰ ਦੋ ਧੜਿਆਂ ਵਿਚ ਵੰਡੀ ਗਈ ਜਿਸ ਨਾਲ ਸੰਸਥਾ ਨੂੰ ਅਤੇ ਇਸ ਦੇ ਕੰਮ ਨੂੰ ਬਹੁਤ ਨੁਕਸਾਨ ਹੋਇਆ। ਇਹ ਸਮਾਂ ਸੀ ਜਦੋਂ ਸਿੱਖਾਂ ਵਿਚ ਭਾਈਚਾਰਕ ਜੀਵਨ, ਪ੍ਰਬੰਧਕੀ ਜੋਸ਼, ਧਾਰਮਿਕ ਭਾਵਨਾਵਾਂ ਨੂੰ ਜਗਾਉਣ, ਬਾਣੀ ਅਤੇ ਬਾਣੀ ਦੇ ਉਚਾਰਨ ਨਾਲ ਜੋੜਨ ਦੀ




ਜ਼ਰੂਰਤ ਸੀ। ਇਹ ਸਿੱਖ ਸਮਾਜ ਵਿਚ ਸੁਧਾਰ ਕਰਨ ਦੀ ਲਹਿਰ ਸੀ। ਇਸ ਉਦੇਸ਼ ਦੀ ਪੂਰਤੀ ਲਈ ਸਿੱਖ ਇਤਿਹਾਸ, ਸਿੱਖ ਬਹਾਦਰੀ ਦੇ ਕਾਰਨਾਮੇ, ਸਿੱਖ ਰਹਿਣੀ ਨੂੰ ਗੁਰਮਰਿਯਾਦਾ ਅਨੁਸਾਰ ਅਸਲੀਅਤ ਵਿਚ ਜਿਊਣ ਅਤੇ ਗੁਰੂਆਂ ਪ੍ਰਤੀ ਪ੍ਰੇਮ ਦੀ ਪ੍ਰੇਰਨਾ ਹਿਤ ਸਿੱਖਿਅਤ ਕਰਨ ਦੀ ਜ਼ਰੂਰਤ ਸੀ। ਭਾਈ ਵੀਰ ਸਿੰਘ ਨੇ ਇਸ ਮਿਸ਼ਨ ਦੀ ਪੂਰਤੀ ਲਈ ਹਰ ਤਰ੍ਹਾਂ ਦੀ ਕੋਸ਼ਿਸ਼ ਕੀਤੀ।

ਸੰਨ 1893 ਦੇ ਕਰੀਬ ਜਦੋਂ ਭਾਈ ਵੀਰ ਸਿੰਘ ਹਾਲੇ ਛੋਟੀ ਉਮਰ ਦੇ ਹੀ ਸਨ ਤਾਂ ਉਨ੍ਹਾਂ ਨੇ ਮਹਿਸੂਸ ਕੀਤਾ ਕਿ ਸਿੱਖਾਂ ਵਿਚ ਧਾਰਮਿਕ ਅਹਿਸਾਸ ਨੂੰ ਜਗਾਉਣਾ ਇਕ ਦਵਾਈ ਦੀ ਤਰ੍ਹਾਂ ਕੰਮ ਕਰ ਸਕਦਾ ਹੈ, ਕੁਰਬਾਨੀ ਦੇ ਜਜ਼ਬੇ ਨੂੰ ਜਗਾਉਣਾ ਭਾਈਚਾਰਕ ਸਾਂਝ ਦੀ ਉਮੀਦ ਅਤੇ ਪ੍ਰਬੰਧਕੀ ਏਕਤਾ ਨੂੰ ਵਧਾ ਸਕਦਾ ਹੈ। ਇਸ ਉਮੀਦ ਨੂੰ ਮਨ ਵਿਚ ਲੈ ਕੇ 1993-94 ਵਿਚ 'ਖ਼ਾਲਸਾ ਟਰੈਕਟ ਸੁਸਾਇਟੀ' ਦੀ ਨੀਂਹ ਰੱਖੀ ਗਈ ਅਤੇ ਭਾਈ ਕੌਰ ਸਿੰਘ ਕੁੱਝ ਹੋਰ ਸਿੱਖਾਂ ਸਮੇਤ ਇਸ ਦੇ ਸੰਸਥਾਪਕ ਅਤੇ ਪ੍ਰਬੰਧਕ ਬਣੇ। ਸਾਹਿਤ ਪੈਦਾ ਕਰਨ ਦੀ ਜ਼ਿੰਮੇਵਾਰੀ ਭਾਈ ਵੀਰ ਸਿੰਘ ਨੇ ਆਪਣੇ ਉਤੇ ਲਈ। ਸਿੱਖ ਧਾਰਮਿਕ ਵਿੱਦਿਆ ਦੇ ਟ੍ਰੈਕਟ ਜਿਵੇਂ 'ਪ੍ਰਾਰਥਨਾ', 'ਪ੍ਰੇਮਬਾਣ' ਆਦਿ ਲਿਖੇ ਅਤੇ ਬਿਨਾਂ ਕਿਸੇ ਦਿਖਾਵੇ ਦੇ ਇਹ ਕੰਮ ਚੁੱਪਚਾਪ ਸ਼ੁਰੂ ਹੋ ਗਿਆ। ਭਾਈ ਕੌਰ ਸਿੰਘ 1895 ਵਿਚ ਸਵਰਗਵਾਸ ਹੋ ਗਏ। ਉਦੋਂ ਤੱਕ ਸਿਰਫ 5 ਟ੍ਰੈਕਟ ਛਪੇ ਸੀ ਅਤੇ ਛੇਵਾਂ ਉਨ੍ਹਾਂ ਦੇ ਸ਼ੋਕ-ਪੱਤਰ ਵਜੋਂ ਛਾਪਿਆ ਗਿਆ।

ਸੰਨ 1898 ਵਿਚ ਪੰਜਾਬੀ ਦਾ ਪਹਿਲਾ ਨਾਵਲ 'ਸੁੰਦਰੀ' ਛਾਪਿਆ ਗਿਆ। ਸੰਨ 1899 ਵਿਚ 'ਖ਼ਾਲਸਾ ਸਮਾਚਾਰ' ਅਖ਼ਬਾਰ ਕੱਢਿਆ ਗਿਆ ਅਤੇ ਇਨ੍ਹਾਂ ਸਾਰੀਆ ਕੋਸ਼ਿਸ਼ਾਂ ਵਿਚ ਭਾਈ ਵੀਰ ਸਿੰਘ ਪ੍ਰਮੁੱਖ ਹਸਤੀ ਸੀ ਅਤੇ ਉਨ੍ਹਾਂ ਨੇ ਸਾਰੀ ਜ਼ਿੰਮੇਵਾਰੀ ਆਪਣੇ ਮੋਢਿਆਂ 'ਤੇ ਲਈ। ਕੁੱਝ ਸਮੇਂ ਬਾਅਦ ਹੀ ਮਹਾਨ ਯੋਗਦਾਨੀ ਭਾਈ ਦਿੱਤ ਸਿੰਘ ਅਕਾਲ ਚਲਾਣਾ ਕਰ ਗਏ ਅਤੇ ਪ੍ਰਚਾਰ ਦੀ ਸਾਰੀ ਜ਼ਿੰਮੇਵਾਰੀ ਖ਼ਾਲਸਾ ਸਮਾਚਾਰ 'ਤੇ ਆ ਪਈ। ਭਾਈ ਕੌਰ ਸਿੰਘ ਦੇ ਅਕਾਲ ਚਲਾਣੇ ਉਪਰੰਤ ਸਰਦਾਰ ਤ੍ਰਿਲੋਚਨ ਸਿੰਘ ਵਰਗੇ ਕੁੱਝ ਨੌਜੁਆਨ ਸੰਸਥਾ ਨਾਲ ਜੁੜ ਗਏ ਅਤੇ ਭਾਈ ਵੀਰ ਸਿੰਘ ਨੇ ਉਨ੍ਹਾਂ ਨਾਲ ਮਿਲ ਕੇ ਸੰਸਥਾ ਵਿਚ ਇਕ ਨਵੀਂ ਰੂਹ ਫੂਕੀ। ਭਾਈ ਵੀਰ ਸਿੰਘ ਦੀਆ ਕੋਸ਼ਿਸ਼ਾਂ ਨਾਲ ਸਿੱਖਾਂ ਦੀ ਪ੍ਰਮੁੱਖ ਸੰਸਥਾ ਚੀਫ਼ ਖ਼ਾਲਸਾ ਦੀਵਾਨ ਦੀ 30 ਅਕਤੂਬਰ 1902 ਨੂੰ ਸਥਾਪਨਾ ਕੀਤੀ ਗਈ ਜੋ ਧਾਰਮਿਕ ਅਤੇ ਵਿੱਦਿਅਕ ਕਾਰਜਾਂ ਨੂੰ ਨਿਯਮਤ ਕਰਦੀ ਸੀ ਅਤੇ ਸਿੱਖਾਂ ਦੇ ਰਾਜਨੀਤਕ ਅਧਿਕਾਰਾਂ ਲਈ ਆਵਾਜ਼ ਉਠਾਉਂਦੀ ਸੀ। ਤਕਰੀਬਨ 53 ਸਿੰਘ ਸਭਾਵਾਂ ਚੀਫ਼ ਖ਼ਾਲਸਾ ਦੀਵਾਨ ਨਾਲ ਜੁੜ ਗਈਆਂ। ਪਹਿਲਾ ਕੇਂਦਰੀ ਖ਼ਾਲਸਾ ਯਤੀਮਖਾਨਾ 11 ਅਪ੍ਰੈਲ 1904 ਨੂੰ ਖੋਲ੍ਹਣਾ ਪਹਿਲਾ ਕਾਰਜ ਸੀ। ਸਿੱਖਾਂ ਵਿਚ ਵਿੱਦਿਆ ਦਾ ਪ੍ਰਚਾਰ ਕਰਨ ਲਈ ਅਤੇ ਉਨ੍ਹਾਂ ਨੂੰ ਸਿੱਖਿਅਤ ਕਰਨ ਲਈ ਖ਼ਾਲਸਾ ਸਕੂਲ ਖੋਲ੍ਹੇ ਗਏ। ਸੰਸਥਾ ਨੂੰ ਰਜਿਸਟਰ ਕਰਾਇਆ ਗਿਆ ਅਤੇ ਪੱਕਾ ਫੰਡ ਸਥਾਪਤ ਕੀਤਾ ਗਿਆ, ਟ੍ਰੈਕਟਾਂ ਦੀ ਲਗਾਤਾਰ ਛਪਾਈ ਸ਼ੁਰੂ ਹੋ ਗਈ। ਇਸ ਸੰਸਥਾ ਨੇ ਸਿੱਖ ਸਮਾਜ 'ਤੇ ਬਹੁਤ ਜ਼ਿਆਦਾ ਅਤੇ ਹਾਂ-ਮੁਖੀ ਅਸਰ ਪਾਇਆ, ਧਾਰਮਿਕ ਜੋਸ਼ ਵਧਣ ਲੱਗ ਪਿਆ, ਅੰਦਰੂਨੀ ਖਹਿਬਾਜ਼ੀ ਨੂੰ ਲੋਕ ਨਫ਼ਰਤ ਕਰਨ ਲੱਗੇ, ਧਾਰਮਿਕ ਪੁਰਬਾਂ ਨੂੰ ਸੰਗਤੀ ਰੂਪ ਵਿਚ ਮਨਾਉਣ ਦਾ ਉਤਸ਼ਾਹ ਵਧਿਆ ਅਤੇ ਸਕਾਰਾਤਮਕ ਅਮਲ ਵਿਚ ਵਾਧਾ ਹੋਇਆ। ਵਿੱਦਿਅਕ ਕਾਰਜਾਂ ਵਿਚ ਚੀਫ਼ ਖ਼ਾਲਸਾ ਦੀਵਾਨ ਦੀ ਕਾਰਜਸ਼ੀਲਤਾ ਅੱਜ ਵੀ ਕਾਇਮ ਹੈ। ਸਿੱਖ ਸਮਾਜ ਦੀ ਆਰਥਿਕ ਸਵੈ-ਨਿਰਭਰਤਾ ਨੂੰ ਮਹਿਸੂਸ ਕਰਦਿਆਂ 'ਪੰਜਾਬ ਐਂਡ ਸਿੰਧ ਬੈਂਕ' ਦੀ ਸਥਾਪਨਾ ਕੀਤੀ ਜੋ ਉਦੋਂ ਦੇ ਸਿੰਧ ਅਤੇ ਪੰਜਾਬ ਪ੍ਰਾਂਤਾਂ ਨੂੰ ਸੇਵਾਵਾਂ ਪ੍ਰਦਾਨ ਕਰਨ ਲੱਗਿਆ।

ਸਿੱਖ ਇਸਤਰੀ ਦੀ ਸਮਾਜਿਕ ਸਮਾਨਤਾ ਅਤੇ ਸੁਸ਼ਕਤੀਕਰਨ 'ਸੁੰਦਰੀ' ਨਾਵਲ ਦੇ ਹਵਾਲੇ ਨਾਲ:-ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਗ੍ਰਹਿਸਤ ਜੀਵਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਗਿਆ ਹੈ; ਤਿਆਗ, ਸੰਨਿਆਸ ਅਤੇ ਹੱਠਯੋਗ ਆਦਿ ਜਿਸ ਵਿਚ ਅਧਿਆਤਮਕ ਪ੍ਰਾਪਤੀਆਂ ਲਈ ਗ੍ਰਹਿਸਤ ਦੇ ਤਿਆਗ ਨੂੰ ਤਰਜੀਹ ਦਿੱਤੀ ਜਾਂਦੀ ਹੈ, ਨੂੰ ਸਮੁੱਚ ਵਿਚ ਨਕਾਰਿਆ ਗਿਆ ਹੈ। ਮਨੁੱਖੀ ਜੀਵਨ ਅਤੇ ਸਮਾਜ ਵਿਚ ਸੰਤੁਲਨ ਕਾਇਮ ਰੱਖਣ ਲਈ ਇਹ ਬਹੁਤ ਜ਼ਰੂਰੀ ਹੈ ਕਿ ਪੁਰਸ਼-ਇਸਤ੍ਰੀ ਦਾ ਰਿਸ਼ਤਾ ਬਰਾਬਰੀ ਦੇ ਅਹਿਸਾਸ 'ਤੇ ਅਧਾਰਤ ਹੋਣਾ ਚਾਹੀਦਾ ਹੈ ਅਤੇ ਇਸਤ੍ਰੀ ਵਿੱਦਿਆ ਬਹੁਤ ਜ਼ਰੂਰੀ ਹੈ। ਇਹ ਆਮ ਧਾਰਨਾ ਹੈ ਕਿ ਕਿਸੇ ਵੀ ਸਭਿਅਤਾ ਅਤੇ ਸੰਸਕ੍ਰਿਤੀ ਦਾ ਵਿਕਾਸ ਉਸ ਸਮਾਜ ਵਿਚ ਇਸਤ੍ਰੀ ਨੂੰ ਪ੍ਰਾਪਤ ਰੁਤਬੇ ਤੋਂ ਪਤਾ ਲੱਗਦਾ ਹੈ। ਇਸਤ੍ਰੀ ਸਮਾਜਿਕ ਅਤੇ ਸਭਿਆਚਾਰਕ ਕੀਮਤਾਂ ਨੂੰ ਸੰਭਾਲਣ ਅਤੇ ਅੱਗੇ ਲੈ ਜਾਣ ਵਿਚ ਬਹੁਤ ਵੱਡੀ ਭੂਮਿਕਾ ਨਿਭਾਉਂਦੀ ਹੈ। ਪੰਜ ਸੌ ਸਾਲ ਤੋਂ ਵੀ ਪਹਿਲਾਂ ਗੁਰੂ ਨਾਨਕ ਸਾਹਿਬ ਨੇ ਆਪਣੀ ਬਾਣੀ ਵਿਚ ਇਸ ਤੱਥ ਦਾ ਚੇਤਾ ਕਰਾਇਆ ਸੀ ਕਿ ਇਸਤ੍ਰੀ ਤੋਂ ਬਿਨਾ ਮਨੁੱਖ ਦਾ ਦੁਨੀਆ 'ਤੇ ਆਉਣਾ ਸੰਭਵ ਹੀ ਨਹੀਂ ਹੈ। ਵੱਡੇ ਤੋਂ ਵੱਡਾ, ਮਹਾਨ ਤੋਂ ਮਹਾਨ ਮਨੁੱਖ ਵੀ ਇਸਤ੍ਰੀ ਤੋਂ ਹੀ ਜਨਮ ਲੈਂਦਾ ਹੈ ਅਤੇ ਭਵਿੱਖ ਦੀਆਂ ਨਸਲਾਂ ਅਤੇ ਸਾਰੇ ਸਮਾਜਿਕ ਰਿਸ਼ਤੇ ਇਸਤ੍ਰੀ ਦੀ ਹੋਂਦ ਸਦਕਾ ਹੀ ਸੰਭਵ ਹਨ। ਉਹ ਪਰਿਵਾਰ ਅਤੇ ਸਮਾਜ ਦੀ ਨੀਂਹ ਹੈ।

ਭਾਈ ਵੀਰ ਸਿੰਘ ਨੇ ਆਪਣੀਆਂ ਸਾਰੀਆਂ ਰਚਨਾਵਾਂ ਨਾਵਲ, ਕਵਿਤਾ, ਮਹਾਂ ਕਾਵਿ, ਵਾਰਤਕ ਆਦਿ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਦੇ ਪ੍ਰਚਾਰ ਅਤੇ ਸਮਾਜ ਨੂੰ ਵਿੱਦਿਆ, ਖਾਸ ਤੌਰ 'ਤੇ ਇਸਤਰੀਆਂ ਦੀ ਵਿੱਦਿਆ ਦੇ ਹੱਕ ਵਿਚ ਰਚੀਆਂ ਹਨ। ਇਸ ਪੱਖੋਂ ਉਨ੍ਹਾਂ ਦਾ ਯੋਗਦਾਨ ਇਕ ਸੰਸਥਾ ਵਰਗਾ ਹੈ। ਵਿਭਿੰਨ ਵੰਨਗੀਆਂ ਵਿਚ ਰਚਿਆ ਉਨ੍ਹਾਂ ਦਾ ਸਾਹਿਤ ਬਹੁਤ ਵਿਸ਼ਾਲ ਹੈ। ਉਨ੍ਹਾਂ ਦਾ ਨਾਵਲ 'ਸੁੰਦਰੀ' ਪੰਜਾਬੀ ਦਾ ਪਹਿਲਾ ਨਾਵਲ ਮਹਿਜ਼ ਸਾਹਿਤਕ ਦਿਲਚਸਪੀ ਜਾਂ ਮਨੋਰੰਜਨ ਵਾਸਤੇ ਹੀ ਨਹੀਂ ਰਚਿਆ ਗਿਆ ਬਲਕਿ ਮਨ ਵਿਚ ਇਕ ਖਾਸ ਮਕਸਦ ਲੈ ਕੇ ਇਕ ਮਿਸ਼ਨ ਦੇ ਤਹਿਤ ਰਚਿਆ ਗਿਆ। ਭਾਈ ਵੀਰ ਸਿੰਘ ਨੇ ਪ੍ਰਾਪਤ ਇਤਹਾਸਕ ਸੋਮਿਆਂ ਜਿਵੇਂ ਪੰਥ ਪ੍ਰਕਾਸ਼, ਖਾਲਸਾ ਤਵਾਰੀਖ, ਅਤੇ ਹੋਰ ਅਨੇਕਾਂ ਸਰੋਤਾਂ ਦੇ ਨਾਲ ਨਾਲ ਪ੍ਰਚੱਲਤ ਮੌਖਿਕ ਪ੍ਰੰਪਰਾ, ਲੋਕ ਗੀਤਾਂ ਵਿਚ ਪ੍ਰਾਪਤ ਸੁੰਦਰੀ ਦੀ ਕਹਾਣੀ ਨਾਲ ਮਿਲਾ ਕੇ ਲਿਖਿਆ ਜਿਸ ਦਾ ਜ਼ਿਕਰ ਪੁਸਤਕ ਵਿਚ ਮਿਲ ਜਾਂਦਾ ਹੈ। ਉਨ੍ਹਾਂ ਦਾ ਖਾਸ ਮਕਸਦ ਸਿੱਖਾਂ ਨੂੰ ਉਸ ਸਮੇਂ ਦੀ ਯਾਦ ਤਾਜ਼ਾ ਕਰਾਉਣਾ ਸੀ ਜਦੋਂ ਸਿੱਖਾਂ ਨੇ ਅਨੇਕਾਂ ਕਠਿਨਾਈਆਂ ਵਿਚੋਂ ਗੁਜ਼ਰਦਿਆਂ ਹੋਇਆਂ ਸ਼ਹਾਦਤਾਂ ਦਿੱਤੀਆਂ ਤਾਂ ਕਿ ਉਹ ਚੇਤੇ ਰੱਖ ਸਕਣ ਕਿ ਉਸ ਸਮੇਂ ਦੀ ਹਕੂਮਤ ਕਿਸ ਤਰ੍ਹਾਂ ਸਿੱਖਾਂ 'ਤੇ ਜ਼ੁਲਮ ਢਾਹੁੰਦੀ ਸੀ ਅਤੇ ਆਮ ਲੋਕ ਰੋਜ਼ਾਨਾ ਜ਼ਿੰਦਗੀ ਵਿਚ ਕਿਸ ਤਰ੍ਹਾਂ ਹਕੂਮਤ ਦਾ ਤਸ਼ੱਦਦ ਝੱਲਦੇ ਸੀ। ਉਨ੍ਹਾਂ ਦਾ ਨਿਸ਼ਾਨਾ ਖ਼ਾਲਸਾ ਪੰਥ ਦੇ ਮਜ਼ਬੂਤ ਅਤੇ ਸੰਤੋਖੀ, ਬਹਾਦਰ ਅਤੇ ਮੁਸੀਬਤਾਂ ਦਾ ਮੁਕਾਬਲਾ ਕਰਨ ਵਾਲੇ, ਪਰਉਪਕਾਰੀ ਅਤੇ ਦਿਆਲੂ ਚਰਿੱਤਰ ਨੂੰ ਦਰਸਾਉਣਾ ਹੈ ਤਾਂ ਕਿ ਉਨ੍ਹਾਂ ਦੇ ਬਹਾਦਰੀ ਭਰੇ ਕਾਰਨਾਮਿਆਂ ਤੋਂ ਅਸਰ ਕਬੂਲ ਕੇ ਇਸਤਰੀਆਂ ਅਤੇ ਪੁਰਸ਼ ਗੁਰੂ ਲਈ ਆਪਣੇ ਪ੍ਰੇਮ ਦਾ ਅਨੁਭਵ ਕਰਨ, ਆਪਣੇ ਇਤਿਹਾਸ ਅਤੇ ਗੁਰਮਤਿ ਕੀਮਤ ਵਿਧਾਨ 'ਤੇ ਮਾਣ ਕਰਨ। ਕਿਤਾਬ ਦੀ ਮਸ਼ਹੂਰੀ ਦਾ ਅੰਦਾਜ਼ਾ ਇਸ ਦੀ ਲਗਾਤਾਰ ਛਪਾਈ ਤੋਂ ਲਗਾਇਆ ਜਾ ਸਕਦਾ ਹੈ ਜੋ ਪਹਿਲੀ ਵਾਰ 1898 ਵਿਚ ਪ੍ਰਕਾਸ਼ਤ ਹੋਈ ਅਤੇ 2010 ਵਿਚ 43ਵੀਂ ਵਾਰ ਛਪੀ।

ਇਹ ਉਸ ਬਹਾਦਰ ਇਸਤਰੀ ਦੀ ਕਹਾਣੀ ਹੈ ਜੋ ਆਪਣੀ ਬੇਵਸੀ 'ਤੇ ਹੰਝੂ ਨਹੀਂ ਕੇਰਦੀ ਅਤੇ ਨਾ ਹੀ ਆਪਣੇ ਆਪ ਨੂੰ ਕਮਜ਼ੋਰ ਅਤੇ ਤਰਸਯੋਗ ਸਮਝਦੀ ਹੈ। ਇਕ ਕਮਜ਼ੋਰ ਅਤੇ ਮਸਕੀਨ ਇਸਤਰੀ ਆਪਣੇ ਭਰਾ ਬਲਵੰਤ ਸਿੰਘ ਤੋਂ ਅਸਰ ਕਬੂਲ ਕੇ, ਜੋ ਅੰਮ੍ਰਿਤ ਛਕ ਕੇ ਸਿੱਖ ਬਣ ਗਿਆ ਸੀ ਅਤੇ ਹਕੂਮਤ ਨਾਲ ਟੱਕਰ ਲੈ ਰਿਹਾ ਸੀ, ਗੁਰਬਾਣੀ ਅਤੇ ਇਤਿਹਾਸ ਤੋਂ ਤਾਕਤ ਅਤੇ ਹੌਂਸਲਾ ਲੈ ਕੇ ਸਿੱਖ ਕੀਮਤ ਵਿਧਾਨ 'ਤੇ ਚੱਲ ਕੇ ਇਕ ਬਹਾਦਰ ਸਿੱਖ ਇਸਤਰੀ ਦੇ ਰੂਪ ਵਿਚ ਦੁਸ਼ਮਣ

*(ਬਾਕੀ ਅਗਲੇ ਸਫੇ 'ਤੇ)*

# ਚੰਗਾ ਸ਼ਗਨ ਹੈ ਪਾਣੀ ਦਾ ਮੁੱਦਾ ਸਿੱਖ ਮੁੱਦੇ ਦੀ ਥਾਂ ਪੰਜਾਬ ਦਾ ਮੁੱਦਾ ਬਣਨਾ!

## ਲਮਹੋਂ ਨੇ ਖਤਾ ਕੀ, ਸਦੀਓਂ ਨੇ ਸਜ਼ਾ ਪਾਈ

ਪੰਜਾਬ ਦੇ ਦਰਿਆਈ ਪਾਣੀਆਂ ਦੇ ਮੁੱਦੇ 'ਤੇ ਬਹਿਸ ਮੁੜ ਭਖੀ ਹੋਈ ਹੈ। ਇਕ ਪਾਸੇ ਮੁੱਖ ਮੰਤਰੀ ਬਹਿਸ ਦੇ ਐਲਾਨ ਕਰ ਰਿਹਾ ਹੈ ਅਤੇ ਦੂਸਰੇ ਪਾਸੇ ਕੁੱਝ ਵਿਦਵਾਨਾਂ ਵੱਲੋਂ ਏਸੇ ਮੁੱਦੇ 'ਤੇ ਪੰਜਾਬ ਯੂਨੀਵਰਸਿਟੀ ਵਿਖੇ 27 ਅਕਤੂਬਰ ਨੂੰ ਵਿਚਾਰ-ਚਰਚਾ ਕੀਤੀ ਗਈ। ਵਿਚਾਰ-ਚਰਚਾ ਵਿਚ ਵਿਦਵਾਨਾਂ ਨੇ ਵਿਚਾਰ ਰੱਖੇ ਅਤੇ ਆਮ ਆਦਮੀ ਪਾਰਟੀ ਤੋਂ ਬਿਨਾਂ ਪੰਜਾਬ ਦੀਆਂ ਸਾਰੀਆਂ ਹੀ ਸਿਆਸੀ ਪਾਰਟੀਆਂ ਨੇ ਇਸ ਵਿਚ ਸਰੋਤਿਆਂ ਵਜੋਂ ਸ਼ਮੂਲੀਅਤ ਕੀਤੀ। ਬੇਸ਼ੱਕ ਸਿਆਸੀ ਆਗੂਆਂ ਨੇ ਵੀ ਆਪਣੀ ਸੰਖੇਪ ਗੱਲ ਕਹੀ ਪਰ

ਹਜ਼ਾਰਾ ਸਿੰਘ ਮਿਸੀਸਾਗਾ
ਫੋਨ: (905) 795-3428

ਇਸ ਵਾਰ ਉਨ੍ਹਾਂ ਨੇ ਸੁਣਾਇਆ ਘੱਟ ਅਤੇ ਲੋਕਾਂ ਵਿਚ ਬੈਠ ਕੇ ਮਾਹਿਰਾਂ ਦੇ ਵਿਚਾਰਾਂ ਨੂੰ ਸੁਣਿਆ ਵੱਧ। ਪੰਜਾਬ ਦੇ ਸਿਆਸੀ ਖੇਤਰ ਵਿਚ ਇਹ ਨਵੀਂ ਗੱਲ ਸੀ। ਇਸ ਵਿਚਾਰ-ਚਰਚਾ ਨੂੰ ਸੁਣ ਕੇ ਜਾਪਦਾ ਸੀ ਕਿ ਪੰਜਾਬ ਦੀਆਂ ਸਾਰੀਆਂ ਹੀ ਸਿਆਸੀ ਧਿਰਾਂ ਇਸ ਮੁੱਦੇ 'ਤੇ ਸਹਿਮਤ ਹਨ ਕਿ ਪਾਣੀਆਂ ਦੇ ਮਸਲੇ ਵਿਚ ਪੰਜਾਬ ਨਾਲ ਬੇਇਨਸਾਫ਼ੀ ਹੋਈ ਹੈ ਅਤੇ ਇਸ ਵਾਸਤੇ ਪੰਜਾਬ ਦੀਆਂ ਸਾਰੀਆਂ ਧਿਰਾਂ ਨੂੰ ਇਕਮੁੱਠ ਹੋ ਕੇ ਸਾਂਝੇ ਯਤਨ ਕਰਨ ਦੀ ਲੋੜ ਹੈ।

27 ਅਕਤੂਬਰ ਦੀ ਇਸ ਵਿਚਾਰ ਗੋਸ਼ਟੀ ਵਿਚ ਡਾ. ਪਿਆਰੇ ਲਾਲ ਗਰਗ ਅਤੇ ਡਾ. ਧਰਮਵੀਰ ਗਾਂਧੀ ਦੀ ਧੜੱਲੇਦਾਰ ਸ਼ਮੂਲੀਅਤ ਨਾਲ ਜੋ ਵਿਲੱਖਣ ਗੱਲ ਉੱਭਰ ਕੇ ਸਾਹਮਣੇ ਆਈ ਉਹ ਇਹ ਹੈ ਕਿ ਪੰਜਾਬ ਨੇ ਹੁਣ ਇਹ ਸਮਝ ਲਿਆ ਹੈ ਕਿ ਪਾਣੀਆਂ ਦਾ ਮੁੱਦਾ ਪੰਜਾਬ ਦੇ ਸਾਰੇ ਪੰਜਾਬੀਆਂ ਦਾ ਹੈ ਨਾ ਕਿ ਅਕਾਲੀਆਂ ਦੇ ਪੁਰਾਣੇ ਸਿਆਸੀ ਮੁਹਾਵਰੇ ਅਨੁਸਾਰ ਪੰਥ ਦਾ। ਕਾਸ਼, ਮੁੱਦਿਆਂ ਨੂੰ ਸਮਝਣ ਦਾ ਇਹ ਵਰਤਾਰਾ 42 ਸਾਲ ਪਹਿਲਾਂ ਵਾਪਰ ਗਿਆ ਹੁੰਦਾ। ਜੇ 42 ਸਾਲ ਪਹਿਲਾਂ ਪੰਜਾਬੀ ਇਸ ਸਵਾਲ ਨੂੰ ਪੰਜਾਬੀਆਂ ਦਾ ਸਮਝ ਕੇ ਨਜਿੱਠਣ ਵੱਲ ਤੁਰਦੇ ਤਾਂ ਤਾਣੀ ਇਤਨੀ ਉਲਝਣੀ ਨਹੀਂ ਸੀ। ਪਰ, ***"ਵਾਰਿਸ ਮੀਆਂ ਇਹ ਵਕਤ ਘੁੱਥਾ, ਕਿਸੇ ਪੀਰ ਨੂੰ ਹੱਥ ਨਾਂ ਆਇਆ ਜੇ"।***

42 ਸਾਲ ਪਹਿਲਾਂ ਇੰਦਰਾ ਗਾਂਧੀ ਵੱਲੋਂ ਦਰਿਆਈ ਪਾਣੀਆਂ ਦੀ ਵੰਡ ਦਾ ਕਰਵਾਇਆ ਗਿਆ ਸਮਝੌਤਾ ਮੁਜਰਮਾਨਾ ਗਲਤੀ ਸੀ। ਦੇਸ਼ ਦੇ ਕਾਨੂੰਨ ਨੂੰ ਇਕ ਪਾਸੇ ਰੱਖ ਕੇ ਮਨਮਰਜ਼ੀ ਨਾਲ ਠੋਸੇ ਫੈਸਲੇ ਕਾਰਨ ਪੰਜਾਬ ਵਿਚੋਂ ਵੱਡਾ ਸੰਘਰਸ਼ ਉੱਠਣ ਦੀਆਂ ਭਰਪੂਰ ਸੰਭਾਵਨਾਵਾਂ ਸਨ। ***"ਹੱਕ ਦੇ ਥੋਂ ਜਦੋਂ ਹੱਕ ਖੁੱਥਾ, ਤਖਤ ਰੱਬ ਦਾ ਤਦੋਂ ਤਰਥੱਲਿਆ ਈ"***, ਅਨੁਸਾਰ ਪੰਜਾਬ ਵਿਚੋਂ ਵੱਡਾ ਰੋਹ ਉੱਠਿਆ ਵੀ। ਇਹ ਸੰਘਰਸ਼ ਪੰਜਾਬ ਵਿਚਲੀ ਮਜ਼ਬੂਤ ਵਿਰੋਧੀ ਧਿਰ ਅਕਾਲੀ ਦਲ ਨੇ ਵਿੱਢਿਆ। ਪੰਜਾਬ ਦੇ ਇਸ ਮੁੱਦੇ ਨੂੰ ਸਾਰੇ ਪੰਜਾਬੀਆਂ ਦਾ ਮੁੱਦਾ ਬਣਾਉਣ ਦੀ ਲੋੜ ਸੀ ਪਰ ਅਕਾਲੀ ਇਸਨੂੰ ਦਰਬਾਰ ਸਾਹਿਬ ਅੰਦਰ ਲੈ ਵੜੇ ਅਤੇ ਇਹ ਮੁੱਦਾ ਪੰਜਾਬ ਦਾ ਨਾ ਰਹਿ ਕੇ ਸਿੱਖ ਮੁੱਦਾ ਬਣ ਗਿਆ। ਅਕਾਲੀਆਂ ਵੱਲੋਂ ਇਸ ਅਹਿਮ ਮੁੱਦੇ ਨੂੰ ਕਈ ਹੋਰ ਧਾਰਮਿਕ ਅਤੇ ਰਾਜਨੀਤਕ ਮੁੱਦਿਆਂ ਨਾਲ ਰਲਗੱਡ ਕਰ ਦੇਣ ਨਾਲ ਪਾਣੀਆਂ ਦਾ ਅਹਿਮ ਮੁੱਦਾ ਸਿਖਰ ਦੀ ਅਹਿਮੀਅਤ ਬਰਕਰਾਰ ਨਾ ਰੱਖ ਸਕਿਆ। ਅਕਾਲੀ ਦਲ ਦੇ ਸਿਆਸੀ ਅਨਾੜੀਪੁਣੇ ਕਾਰਨ ਸਮਾਜਿਕ, ਰਾਜਨੀਤਕ ਅਤੇ ਧਾਰਮਿਕ ਮੁੱਦਿਆਂ ਦੀ ਬਣੀ ਖਿਚੜੀ ਵਿਚ ਇਹ ਵੱਡਾ ਆਰਥਿਕ ਮੁੱਦਾ ਰੁਲ ਗਿਆ। ਧਰਮ ਯੁੱਧ ਮੋਰਚੇ ਵਿਚ ਪੈਦਾ ਹੋਏ ਤਲਖ਼ ਮਾਹੌਲ ਕਾਰਨ ਪੰਜਾਬੀ ਹਿੰਦੂ ਵਾਸਤੇ ਭੈਅ ਵਾਲਾ ਮਾਹੌਲ ਬਣ ਗਿਆ ਅਤੇ ਉਸ ਵਾਸਤੇ ਪੰਜਾਬ ਦੇ ਮੁੱਦਿਆਂ 'ਤੇ ਕੀਤੇ ਜਾ ਰਹੇ ਅਕਾਲੀ ਸੰਘਰਸ਼ ਵਿਚ ਸ਼ਮੂਲੀਅਤ ਦੀ ਕੋਈ ਥਾਂ ਬਾਕੀ ਨਾ ਰਹੀ। ਅਕਾਲੀ ਦਲ ਦੇ ਮੋਰਚੇ ਦੌਰਾਨ ਪੰਜਾਬ ਦਾ ਘੱਟ-ਗਿਣਤੀ ਹਿੰਦੂ ਭਾਈਚਾਰਾ ਸਹਿਮ ਕੇ ਅਲੱਗ-ਥਲੱਗ ਹੋ ਗਿਆ। ਇਸ ਤਰ੍ਹਾਂ ਪਾਣੀਆਂ ਦਾ ਇਹ ਮੁੱਦਾ ਕੁੱਝ ਮਹੀਨਿਆਂ ਵਿਚ ਹੀ ਪੰਜਾਬ ਦੇ ਮੁੱਦੇ ਤੋਂ ਸਿੱਖ ਮੁੱਦੇ ਵਿਚ ਤਬਦੀਲ ਹੋ ਗਿਆ। ਜਿਸਦੇ ਬੜੇ ਭਿਆਨਕ ਨਤੀਜੇ ਨਿਕਲੇ।

ਇਥੇ ਇਹ ਕਹਿਣਾ ਵੀ ਕੁਥਾਂ ਨਹੀਂ ਹੋਵੇਗਾ ਕਿ ਇੰਦਰਾ ਗਾਂਧੀ ਵੱਲੋਂ ਪਾਣੀਆਂ ਦੇ ਕੇਸ ਨੂੰ ਸੁਪਰੀਮ ਕੋਰਟ ਵਿਚ ਟੈਸਟ ਨਾ ਹੋਣ ਤੋਂ ਰੋਕਣ ਲਈ ਕੀਤੀਆਂ ਆਪਹੁਦਰੀਆਂ ਕਾਰਨ ਹੋਈ ਬੇਇਨਸਾਫ਼ੀ ਦਾ ਖਮਿਆਜ਼ਾ ਦੇਸ਼ ਅੱਜ ਤੱਕ ਭੁਗਤ ਰਿਹਾ ਹੈ। ਅੱਜ ਭਾਰਤੀ ਡਿਪਲੋਮੇਸੀ ਦੇ ਜੋ ਸਿੰਗ ਕੈਨੇਡਾ ਨਾਲ ਫਸੇ ਹੋਏ ਹਨ, ਜੇ ਬਾਰੀਕੀ ਨਾਲ ਵੇਖੀਏ ਤਾਂ ਇਸ ਦੀਆਂ ਜੜ੍ਹਾਂ ਵੀ ਇੰਦਰਾ ਗਾਂਧੀ ਵੱਲੋਂ ਪਾਣੀ ਸੰਬੰਧੀ ਮਾਰਚ 1976 ਵਿਚ ਠੋਸੇ ਫੈਸਲੇ ਨਾਲ ਜੁੜੀਆਂ ਘਟਨਾਵਾਂ ਦੇ ਸਿਲਸਿਲੇ ਨਾਲ ਹੀ ਜਾ ਜੁੜਦੀਆਂ ਹਨ। ਇਸ ਨੂੰ ਹੀ ਕਹਿੰਦੇ ਹਨ, ***"ਲਮਹੋਂ ਨੇ ਖਤਾ ਕੀ, ਸਦੀਓਂ ਨੇ ਸਜ਼ਾ ਪਾਈ"***।

27 ਅਕਤੂਬਰ ਵਾਲੇ ਸੈਮੀਨਾਰ ਦੌਰਾਨ ਹਿੰਦੂ ਵਿਦਵਾਨਾਂ ਅਤੇ ਹਿੰਦੂ ਆਗੂਆਂ ਵੱਲੋਂ ਇਸ ਮੁੱਦੇ ਬਾਰੇ ਜੋ ਸੁਰ ਸਾਂਝੀ ਕੀਤੀ ਗਈ ਉਸਨੇ ਸਪੱਸ਼ਟ ਸੁਨੇਹਾ ਦਿੱਤਾ ਹੈ ਕਿ ਇਹ ਮੁੱਦਾ ਮੁੜ ਸਿੱਖ ਮੁੱਦੇ ਤੋਂ ਪੰਜਾਬ ਦੇ ਪੰਜਾਬੀਆਂ ਦਾ ਬਣ ਚੁੱਕਾ ਹੈ ਅਤੇ ਪੰਜਾਬ ਦਾ ਹਰ ਪੰਜਾਬੀ ਇਸ ਬਾਰੇ ਇਕ ਰਾਇ ਹੈ ਕਿ ਪੰਜਾਬ ਨਾਲ ਪਾਣੀਆਂ







ਦੀ ਵੰਡ ਦੇ ਮਸਲੇ 'ਤੇ ਬੇਇਨਸਾਫ਼ੀ ਹੋਈ ਹੈ। ਡਾ. ਧਰਮਵੀਰ ਗਾਂਧੀ ਵੱਲੋਂ ਰਾਜਸਥਾਨ ਦਾ ਪਾਣੀ ਰੋਕ ਦੇਣ ਵਰਗਾ ਵੱਡਾ ਕਦਮ ਚੁੱਕਣ ਦੀ ਸਲਾਹ ਇਸ਼ਾਰਾ ਕਰਦੀ ਹੈ ਕਿ ਹੁਣ ਪੰਜਾਬ ਦਾ ਹਿੰਦੂ ਵੀ ਇਸ ਮਸਲੇ ਦੇ ਹੱਕੀ ਹੱਲ ਬਾਰੇ ਸੰਘਰਸ਼ ਵਿਚ ਸ਼ਾਮਿਲ ਹੋਣ ਨੂੰ ਤਿਆਰ ਹੈ। ਸੋ, ਪਾਣੀਆਂ ਬਾਰੇ ਨਿਰੋਲ ਪੰਜਾਬ ਦਾ ਮੁੱਦਾ ਜਿਵੇਂ ਜਜ਼ਬਾਤੀ ਰਾਜਨੀਤੀ ਤਹਿਤ ਸਿੱਖ ਮੁੱਦੇ ਵਿਚ ਵਟਿਆ ਅਤੇ ਦਹਾਕਿਆਂ ਬੱਧੀ ਖੁਆਰੀ ਹੋਈ ਅਤੇ ਹੁਣ ਕੋਈ ਚਾਲੀ ਸਾਲਾਂ ਬਾਅਦ ਮੁੜ ਉਹੀ ਮੁੱਦਾ ਸਿੱਖ ਮੁੱਦੇ ਤੋਂ ਪੰਜਾਬ ਦੇ ਪੰਜਾਬੀਆਂ ਦਾ ਮੁੱਦਾ ਬਣਨ ਵੱਲ ਤੁਰਿਆ ਹੈ ਤਾਂ ਇਸ ਤੋਂ ਪੰਜਾਬੀਆਂ ਦੀ ਰਾਜਨੀਤਕ ਸਮਝ ਦੇ ਅਨਾੜੀਪੁਣੇ ਦੀ ਵੀ ਸੂਹ ਲਗਦੀ ਹੈ। ਜੇ ਪੰਜਾਬੀ ਲੋਕ 1982 ਵਿਚ ਕਪੂਰੀ ਮੋਰਚੇ ਤੋਂ ਬਾਅਦ ਹੀ 27 ਅਕਤੂਬਰ ਵਰਗੇ ਵਿਚਾਰਾਂ ਦਾ ਪਿੜ ਬੰਨ੍ਹ ਲੈਂਦੇ ਤਾਂ ਕਈ ਵੱਡੇ ਨੁਕਸਾਨ ਹੋਣੋਂ ਬਚ ਜਾਣੇ ਸਨ।

ਵੈਸੇ ਮੋਰਚੇ ਦੌਰਾਨ ਵੀ ਸ. ਪ੍ਰੀਤਮ ਸਿੰਘ ਕੁਮੇਦਾਨ ਵਰਗੇ ਵਿਦਵਾਨ ਕਹਿੰਦੇ ਰਹੇ ਸਨ ਕਿ ਪਾਣੀ ਵਰਗੇ ਅਹਿਮ ਮਸਲੇ ਨੂੰ ਹੋਰ ਮਸਲਿਆਂ ਨਾਲ ਰਲਗੱਡ ਕਰ ਕੇ ਉਲਝਾਉਣ ਦੀ ਥਾਂ ਸਾਰਾ ਧਿਆਨ ਇਸੇ ਮਸਲੇ 'ਤੇ ਕੇਂਦਰਿਤ ਕਰਨਾ ਉਚਿਤ ਰਹੇਗਾ ਪਰ ਮੋਰਚੇ ਦੌਰਾਨ ਉਭਰੀਆਂ ਜੋਸ਼ੀਲੀਆਂ ਸੁਰਾਂ ਐਸੀ ਸੂਖਮ ਰਾਜਨੀਤੀ ਸਮਝਣ ਤੋਂ ਅਸਮਰੱਥ ਸਨ। ਹੋਸ਼ ਜੋਸ਼ ਦੇ ਪਰਛਾਵੇਂ ਹੇਠ ਆ ਗਿਆ ਸੀ ਅਤੇ ਗੱਲ, ***"ਸ਼ਾਹ ਮੁਹੰਮਦਾ ਵਰਜ ਨਾਂ ਜਾਂਦਿਆਂ ਨੂੰ, ਫੌਜਾਂ ਹੋਇ ਮੁਹਾਣੀਆਂ ਕਦ ਮੁੜੀਆਂ"***, ਵਾਲੀ ਬਣ ਗਈ ਸੀ। ਉਨ੍ਹਾਂ ਧਿਰਾਂ ਸਾਹਮਣੇ ਸਿਰ ਵਰਤਣ ਦੀ ਗੱਲ ਕਮਜ਼ੋਰੀ ਵਾਲੀ ਗੱਲ ਸੀ ਅਤੇ ਸਿਰ ਵਾਰਨਾ ਸੂਰਮਤਾਈ। ਪਵਿੱਤਰ ਹਰਿਮੰਦਰ ਸਾਹਿਬ ਦੀ ਹਦੂਦ ਅੰਦਰ ਬੈਠੇ ਸੂਰਮਿਆਂ ਵਲੋਂ ਡੀ.ਆਈ.ਜੀ. ਅਟਵਾਲ ਤੋਂ ਲੈ ਕੇ ਸੀਨੀਅਰ ਪੱਤਰਕਾਰ ਰਮੇਸ਼ ਚੰਦਰ ਵਰਗੇ ਲੋਕਾਂ ਦੀਆਂ ਹੱਤਿਆਵਾਂ ਬੇਲੋੜੀਆਂ ਕਾਰਵਾਈਆਂ ਸਨ ਜਿਨ੍ਹਾਂ ਨੂੰ ਰੁਕਵਾਉਣ ਲਈ ਸੰਤਾਂ ਨੂੰ ਸਲਾਹ ਦੇਣ ਜਾਣ ਵਾਲੇ ਸਿੱਖ ਚਿੰਤਕਾਂ ਨੇ ਕਦੀ ਉਨ੍ਹਾਂ ਨੂੰ ਕਹਿਣ ਦਾ ਜੇਰਾ ਨਾ ਕੀਤਾ। ਜੇਕਰ ਜਸਵੰਤ ਸਿੰਘ ਕੰਵਲ ਵਰਗੇ ਵਿਰਲੇ ਟਾਵੇਂ ਸੱਜਣ ਨੇ ਅਜਿਹਾ ਜੇਰਾ ਕੀਤਾ ਵੀ ਤਾਂ ਧਰਮ ਯੁੱਧ ਲੜਨ ਵਾਲੇ ਮਾਹਿਰਾਂ ਜਾਂ ਵਿਦਵਾਨਾਂ ਦੀ ਗੱਲ ਅਣਸੁਣੀ ਕਰ ਛੱਡੀ ਪਰ ਬਾਅਦ ਵਿਚ ਉਹੋ ਰੋਣਾ ਧੋਣਾ ਕਿ ਸਾਡੇ ਨਾਲ ਧੱਕਾ ਹੋ ਗਿਆ, ਹੁਣ ਕੀ ਕਰੀਏ? ਕੁਮੇਦਾਨ ਵਰਗੇ ਵਿਦਵਾਨ ਫਿਰ ਇਹੋ ਕਹਿਣ ਲਈ ਮਜਬੂਰ ਸਨ, ***"ਮੈਂ ਆਖ ਰਹਿਆ ਤੁਸੀ ਨਹੀਂ ਮੰਨੇ, ਹੁਣ ਕਾਸ ਨੂੰ ਡੁਸਕਣਾ ਲਾਇਆ ਈ"***।

ਬੇਸ਼ੱਕ 27 ਅਕਤੂਬਰ ਵਾਲਾ ਸੈਮੀਨਾਰ ਇਸ ਗੱਲੋਂ ਸ਼ੁਭ ਸ਼ਗਨ ਕਿਹਾ ਜਾ ਸਕਦਾ ਹੈ ਕਿ ਚਲੋ ਘੱਟੋ-ਘੱਟ ਚਾਲੀ ਸਾਲਾਂ ਬਾਅਦ ਇਹ ਤਾਂ ਸਮਝ ਆਇਆ ਕਿ ਪਾਣੀਆਂ ਦਾ ਮੁੱਦਾ ਸਿੱਖਾਂ ਦਾ ਮੁੱਦਾ ਨਹੀਂ ਸੀ ਬਲਕਿ ਪੰਜਾਬ ਦੇ ਪੰਜਾਬੀਆਂ ਦਾ ਮੁੱਦਾ ਸੀ। ਪਰ ਇਸਦੇ ਹੱਲ ਲਈ ਸਾਂਝੇ ਯਤਨ ਕੀ ਹੋਣ ਅਤੇ ਕੀ ਕੀਤਾ ਜਾਵੇ, ਇਸ ਬਾਰੇ ਬਹੁਤਾ ਸਪੱਸ਼ਟ ਨਹੀਂ ਹੈ।

ਇਸ ਮਸਲੇ ਦੇ ਹੱਲ ਬਾਰੇ ਕੋਈ ਰਣਨੀਤੀ ਤਾਂ ਦੂਰ ਦੀ ਗੱਲ ਪੰਜਾਬ ਦੀਆਂ ਰਾਜਸੀ ਧਿਰਾਂ ਨੇ ਇਸ ਮਸਲੇ ਦੇ ਸਾਰੇ ਪੱਖਾਂ ਨੂੰ ਵੀ ਚੰਗੀ ਤਰ੍ਹਾਂ ਨਹੀਂ ਸਮਝਿਆ। ਪਿਛਲੇ ਚਾਲੀ ਸਾਲਾਂ ਤੋਂ ਪਾਣੀ ਦੇ ਮੁੱਦੇ 'ਤੇ ਰਾਜਨੀਤੀ ਕਰਨ ਵਾਲੇ ਸਿਆਸੀ ਆਗੂ ਵੀ ਸੈਮੀਨਾਰ ਦੌਰਾਨ ਕਹਿੰਦੇ ਸੁਣੇ ਗਏ ਕਿ ਸਾਨੂੰ ਅੱਜ ਦੇ ਸੈਮੀਨਾਰ ਵਿਚੋਂ ਬਹੁਤ ਕੁੱਝ ਨਵਾਂ ਪਤਾ ਲੱਗਾ ਹੈ। ਪਿਛਲੇ ਲੰਮੇ ਸਮੇਂ ਤੋਂ ਮਾਹਿਰਾਂ ਅਤੇ ਵਿਦਵਾਨਾਂ ਨੂੰ ਤਾਂ ਮਸਲਿਆਂ ਦੇ ਚਿੰਤਨ ਮੰਥਨ ਤੋਂ ਦੂਰ ਹੀ ਧੱਕ ਦਿੱਤਾ ਗਿਆ ਸੀ ਪਰ ਇਸ ਸੈਮੀਨਾਰ ਦੌਰਾਨ ਜਿਵੇਂ ਰਾਜਸੀ ਆਗੂ ਮਾਹਿਰ ਬੁਲਾਰਿਆਂ ਨੂੰ ਬੇਨਤੀਆਂ ਕਰ ਰਹੇ ਸਨ ਕਿ ਸਾਨੂੰ ਦੱਸੋ ਕਿ ਹੁਣ ਆਪਾਂ ਨੂੰ ਕੀ ਕਰਨਾ ਚਾਹੀਦਾ ਹੈ, ਉਸ ਤੋਂ ਇਹ ਝਲਕ ਮਿਲੀ ਕਿ ***"ਬਿਨਾਂ ਮੁਰਸ਼ਦਾਂ ਰਾਹ ਨਾਂ ਹੱਥ ਆਵੇ, ਦੁੱਧ ਬਾਝ ਨਾਂ ਰਿੱਝਦੀ ਖੀਰ ਮੀਆਂ"***, ਅਨੁਸਾਰ ਸਿਆਸੀ ਧਿਰਾਂ ਸੇਧ ਲਈ ਹੁਣ ਬੁੱਧੀਜੀਵੀਆਂ ਦੇ ਯੋਗਦਾਨ ਦੀ ਅਹਿਮੀਅਤ ਦਾ ਅਹਿਸਾਸ ਕਰਨ ਲੱਗ ਪਈਆਂ ਹਨ।

ਸੈਮੀਨਾਰ ਦੌਰਾਨ ਇਹ ਗੱਲ ਕਈ ਵਾਰ ਉੱਭਰੀ ਕਿ ਵਿਤਕਰੇ ਦੀ ਜੜ੍ਹ ਪੰਜਾਬ ਪੁਨਰਗਠਨ ਐਕਟ ਦੀ ਧਾਰਾ 78 ਨੂੰ ਹਟਵਾਉਣ ਲਈ ਸਿਆਸੀ ਪਾਰਟੀਆਂ ਕਦੇ ਵੀ ਗੰਭੀਰ ਨਹੀਂ ਹੋਈਆਂ। ਇਸਦਾ ਕਾਰਨ ਸਿਆਸੀ ਪਾਰਟੀਆਂ ਦਾ ਮਚਲਾਪਣ ਵੀ ਹੋ ਸਕਦਾ ਹੈ ਪਰ ਵੱਡਾ ਕਾਰਨ ਇਸ ਧਾਰਾ ਬਾਰੇ ਅਣਜਾਣਤਾ ਹੈ। ਇਸ ਅਣਜਾਣਤਾ ਦਾ ਅੰਦਾਜ਼ਾ ਇਸ ਗੱਲ ਤੋਂ ਵੀ ਲਗਦਾ ਹੈ ਕਿ ਪਾਣੀਆਂ ਦੇ ਮੁੱਦੇ 'ਤੇ ਛੇੜੇ ਧਰਮ ਯੁੱਧ ਮੋਰਚੇ ਦੌਰਾਨ ਧਾਰਾ 78 ਰੱਦ ਕਰਵਾਉਣ ਦੀ ਗੱਲ ਤੋਰਨ ਦੀ ਥਾਂ ਧਾਰਾ 25 ਦਾ ਰੌਲਾ ਛੇੜ ਲਿਆ। ਭਲਾ ਮੋਰਚਾ ਕਿਹੜੀ ਧਾਰਾ ਵਿਰੁੱਧ ਲਾਇਆ ਸੀ? ਜੇਕਰ ਧਾਰਾ 25 ਸਾੜਨ ਦੀ ਥਾਂ ਧਾਰਾ 78 ਸਾੜੀ ਹੁੰਦੀ ਤਾਂ ਪਾਣੀਆਂ ਦੇ ਮੁੱਦੇ 'ਤੇ ਜਿਸ ਜਾਗਰਤੀ ਦੀਆਂ ਗੱਲਾਂ ਅੱਜ ਕਰਨੀਆਂ ਪੈ ਰਹੀਆਂ ਹਨ ਉਹ ਜਾਗਰਤੀ ਕਈ ਦਹਾਕੇ ਪਹਿਲਾਂ ਆ ਚੁੱਕੀ ਹੁੰਦੀ ਅਤੇ ਸੰਤ ਲੌਂਗੋਵਾਲ-ਰਾਜੀਵ ਨਾਲ ਸਮਝੌਤਾ ਕਰਨ ਲੱਗਾ ਰਾਵੀ ਦੇ ਪਾਣੀ ਨੂੰ ਸਮਝੌਤੇ ਵਿਚ ਸ਼ਾਮਿਲ ਨਾ ਕਰਦਾ। ਕਿਉਂਕਿ ਪੰਜਾਬ ਪੁਨਰਗਠਨ ਐਕਟ ਦੀ ਧਾਰਾ 78 ਅਨੁਸਾਰ ਵੰਡੇ ਜਾਣ ਵਾਲੇ ਪਾਣੀਆਂ ਵਿਚ ਰਾਵੀ ਦਾ ਪਾਣੀ ਸ਼ਾਮਿਲ ਨਹੀਂ ਹੈ। ਹੁਣ ਵੀ ਮੇਰੀ ਅਕਲ ਅਨੁਸਾਰ ਲੋੜ ਇਸ ਧਾਰਾ ਨੂੰ ਖਤਮ ਕਰਵਾਉਣ ਦੀ ਲੰਮੀ ਮੁਹਿੰਮ ਸ਼ੁਰੂ ਕਰਨ ਤੋਂ ਪਹਿਲਾਂ ਜਾਂ ਇਸ ਲੰਮੇ ਝੰਜਟ ਵਿਚ ਪੈਣ ਦੀ ਬਜਾਇ ਇਸ ਨੂੰ ਇਸ ਦੀ ਠੀਕ ਭਾਵਨਾ ਵਿਚ ਲਾਗੂ ਕਰਵਾਉਣ ਲਈ ਨਿਆਂਪਾਲਿਕਾ ਦਾ ਦਰ ਖੜਕਾਉਣ ਦੀ ਹੈ।

ਹੁਣ ਕਾਨੂੰਨੀ ਸਥਿਤੀ ਇਹ ਹੈ ਕਿ ਹਰਿਆਣੇ ਅਤੇ ਰਾਜਸਥਾਨ ਦਾ ਪੰਜਾਬ ਦੇ ਦਰਿਆਈ ਪਾਣੀਆਂ 'ਤੇ ਹੱਕ ਸਥਾਪਿਤ ਹੋ ਚੁੱਕਾ ਹੈ ਅਤੇ ਕਾਨੂੰਨ ਬਦਲਾਉਣ ਲਈ ਭਾਰਤੀ ਪਾਰਲੀਮੈਂਟ ਦੇ ਦਖਲ ਦੀ ਲੋੜ ਹੈ। ਸੈਮੀਨਾਰ ਦੌਰਾਨ ਇਹ ਗੱਲ ਸਪੱਸ਼ਟ ਹੋ ਗਈ ਕਿ ਪਾਣੀ ਦੀ ਇਕ ਬੂੰਦ ਨਹੀਂ ਜਾਣ ਦਿਆਂਗੇ ਵਰਗੇ ਸਾਰੇ ਨਾਹਰੇ ਖੋਖਲੇ ਸਨ, ਵਕਤੀ ਸਿਆਸਤ ਕਰਨ ਦੇ ਸਾਧਨ ਸਨ ਅਤੇ ਨਹਿਰ ਦੀ ਪੁਟਾਈ ਨੂੰ ਅੱਗੇ ਪਾਉਣ ਦੇ ਉਪਰਾਲੇ ਸਨ। ਖਾੜਕੂਆਂ ਨੇ ਬੰਦੂਕ ਨਾਲ, ਕੈਪਟਨ ਅਮਰਿੰਦਰ ਨੇ ਸਮਝੌਤੇ ਰੱਦ ਕਰਨ ਵਾਲੇ ਕਾਨੂੰਨ ਆਸਰੇ ਸੁਪਰੀਮ ਕੋਰਟ ਵਿਚ ਗੋਲੀ ਰੇੜ੍ਹਕੇ ਅਤੇ ਬਾਦਲਾਂ ਨੇ ਜ਼ਮੀਨਾਂ ਵਾਪਿਸ ਕਰ ਕੇ ਨਹਿਰ ਪੁੱਟਣ ਦੇ ਕਾਰਜ ਨੂੰ ਅੱਗੇ ਰੇੜ੍ਹਿਆ। ਪਰ ਪਾਣੀ ਦੇ ਕਾਨੂੰਨੀ ਹੱਕ ਵਾਲੀ ਸਥਿਤੀ 1986 ਤੋਂ ਜਿਉਂ ਦੀ ਤਿਉਂ ਬਣੀ ਚਲੀ ਆ ਰਹੀ ਹੈ। ਸਹਿਮਤੀ ਬਗੈਰ ਨਹਿਰ ਪੁੱਟਣ ਵਾਲਾ ਕਾਰਜ ਭਾਵੇਂ ਬਹੁਤ ਔਖਾ ਹੈ ਪਰ ਕਾਨੂੰਨੀ ਪੱਖ ਹੱਕ ਵਿਚ ਨਾ ਹੋਣ ਕਾਰਨ ਅਸੰਭਵ ਨਹੀਂ ਹੈ। ਸੁਪਰੀਮ ਕੋਰਟ ਵੱਲੋਂ ਨਹਿਰ ਪੁੱਟੇ ਜਾਣ ਦੇ ਤਾਜ਼ਾ ਸਪੱਸ਼ਟ ਫੈਸਲੇ ਨੇ ਪੰਜਾਬ ਪੱਖੀ ਧਿਰਾਂ ਨੂੰ, ***"ਵਾਰਿਸ ਸ਼ਾਹ ਬਣੀ ਹੁਣ ਬਹੁਤ ਔਖੀ, ਅੱਗੇ ਸੁਝਦਾ ਕਹਿਰ ਕਲੂਰ ਹੈ ਜੀ"***, ਵਰਗੀ ਸਥਿਤੀ ਵਿਚ ਲਿਆ ਖੜ੍ਹੇ ਕੀਤਾ ਹੈ ਅਤੇ ਉਹ ਹੁਣ ਸਿਰ ਜੋੜ ਕੇ ਸੰਵਾਦ ਰਚਾਉਣ ਦੀ ਲੋੜ ਮਹਿਸੂਸ ਕਰ ਰਹੇ ਹਨ। ਸੈਮੀਨਾਰ ਵਿਚ ਵਿਦਵਾਨਾਂ ਦੀ ਅਹਿਮੀਅਤ ਮਹਿਸੂਸ ਕਰਦਿਆਂ ਰਾਮੂੰਵਾਲੀਆ ਗੁਰਤੇਜ ਸਿੰਘ ਵਰਗੇ ਵਿਦਵਾਨ ਨੂੰ ਸਤਿਕਾਰ ਵਜੋਂ ਮੱਥਾ ਟੇਕਣ ਦੀ ਗੱਲ ਵੀ ਕਰਦਾ ਹੈ ਅਤੇ ਪੰਜਾਬ ਦੀ ਹੋਂਦ ਬਚਾਉਣ ਵਾਸਤੇ ਵਿਦਵਤਾ ਦੇ ਹੋਰ ਬੂਟੇ ਲਾ ਕੇ ਬਾਗ ਬਗੀਚੇ ਬਣਾਉਣ ਦੀ ਗੱਲ ਵੀ ਕਰਦਾ ਹੈ ਅਤੇ ਜਗਮੀਤ ਬਰਾੜ ਵਿਦਵਾਨਾਂ ਨੂੰ ਪਾਣੀ ਦੇ ਮੁੱਦੇ ਬਾਰੇ ਸੇਧ ਦੇਣ ਵਾਲੀ ਸਪੱਸ਼ਟ ਲਿਖਤ ਲਿਖਣ ਦੀ ਬੇਨਤੀ ਕਰਦਾ ਹੈ। ਰਾਜਨੀਤਕਾਂ ਵੱਲੋਂ ਜਨਤਕ ਤੌਰ 'ਤੇ ਬੁੱਧੀਜੀਵੀਆਂ ਦੀ ਰਾਇ ਨੂੰ ਸੁਣਨ ਅਤੇ ਸਤਿਕਾਰ ਪ੍ਰਗਟ ਕਰਨ ਵਾਲਾ ਵਰਤਾਰਾ ਬਹੁਤ ਦੇਰ ਬਾਅਦ ਵਾਪਰਿਆ ਹੋਣ ਕਾਰਨ ਪੰਜਾਬੀਆਂ ਨੂੰ ਇਹ ਨਵਾਂ ਰੁਝਾਨ ਚੰਗਾ ਚੰਗਾ ਲੱਗਿਆ ਹੈ। ਕਿਸੇ ਵੀ ਮਸਲੇ ਬਾਰੇ ਪੰਜਾਬੀਆਂ ਕੋਲ ਨਿੱਗਰ ਸੇਧ ਅਤੇ ਨੀਤੀ ਦੀ ਅਣਹੋਂਦ ਨੇ ਹਾਲਾਤ, ***"ਵਾਰਿਸ ਸ਼ਾਹ ਰੱਬ ਬਿਨ ਨਾਂ ਟਾਂਗ ਕਾਈ, ਕਿਵੇਂ ਜਿੱਤੀਏ ਮਾਮਲਿਆਂ ਹਾਰਿਆਂ ਨੂੰ"***, ਵਰਗੀ ਕੀਤੀ ਹੋਈ ਹੈ। ਪੰਜਾਬ ਦੀ ਨੀਤੀਹੀਣ ਘੜਮੱਸ ਰਾਜਨੀਤੀ ਵਿਚ ਮਾਮਲੇ ਜਿੱਤਣ ਲਈ ਮਾਹਿਰਾਂ ਅਤੇ ਵਿਦਵਾਨਾਂ ਦੀ ਰਾਇ ਦੀ ਲੋੜ ਮਹਿਸੂਸ ਕਰਨਾ ਹੀ ਹਾਂ- ਪੱਖੀ ਮੋੜਾ ਜਾਪਦਾ ਹੈ।

ਪਾਣੀਆਂ ਦੇ ਮੁੱਦੇ 'ਤੇ ਵਿਚਾਰ ਜ਼ਰੂਰ ਹੋਏ ਹਨ ਪਰ ਠੋਸ ਨੀਤੀ ਅਜੇ ਘੜੀ ਜਾਣੀ ਬਾਕੀ ਹੈ। ਇਸ ਪ੍ਰਥਾਏ ਡਾ. ਸੁੱਚਾ ਸਿੰਘ ਗਿੱਲ ਹੁਰਾਂ ਦਾ ਬਹੁਮੁੱਲਾ ਸੁਝਾਅ ਅਜੇ ਬਹੁਤਾ ਨਹੀਂ ਵਿਚਾਰਿਆ ਗਿਆ। ਉਨ੍ਹਾਂ ਦੇ ਸੁਝਾਅ ਅਨੁਸਾਰ ਰਾਵੀ ਦੀਆਂ ਸਹਾਇਕ ਨਦੀਆਂ ਦੇ ਪਾਣੀ ਦਾ ਯੋਗ ਪ੍ਰਬੰਧ ਕਰ ਕੇ ਪੰਜਾਬ ਦੀ ਵਰਤੋਂ ਵਿਚ ਲਿਆਂਦੇ ਜਾਣ ਨਾਲ ਵੀ ਪੰਜਾਬ ਨੂੰ ਕਾਫੀ ਪਾਣੀ ਮਿਲ ਸਕਦਾ ਹੈ।

ਅੰਤ ਵਿਚ ਸਿਰਦਾਰ ਗੁਰਤੇਜ ਸਿੰਘ ਹੁਰਾਂ ਦੇ ਸੁਝਾਅ ਦਾ ਜ਼ਿਕਰ ਕਰਨਾ ਚਾਹਵਾਂਗਾ। ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਸਾਨੂੰ ਦੇਸ਼ ਦੇ ਸਿਆਣੇ ਲੋਕਾਂ ਨੂੰ ਮਿਲ ਕੇ ਪੰਜਾਬ ਨਾਲ ਹੋਈ ਬੇਇਨਸਾਫ਼ੀ ਤੋਂ ਜਾਣੂ ਕਰਵਾਉਣਾ ਚਾਹੀਦਾ ਹੈ ਅਤੇ ਦੱਸਣਾ ਚਾਹੀਦਾ ਹੈ ਕਿ ਹਰਿਆਣਵੀ ਅਤੇ ਰਾਜਸਥਾਨੀ ਲੋਕ ਵੀ ਸਾਡੇ ਆਪਣੇ ਭੈਣ ਭਰਾ ਹੀ ਹਨ ਪਰ ਪੰਜਾਬ ਨਾਲ ਕੀਤੀ ਜਾ ਰਹੀ ਨਿਹੱਕੀ ਧੱਕੇਸ਼ਾਹੀ ਦੇਸ਼ ਦੇ ਹਿਤ ਵਿਚ ਨਹੀਂ ਹੈ। ਮਸਲਿਆਂ ਨੂੰ ਸੁਲਝਾਉਣ ਲਈ ਦੇਸ਼ ਦੇ ਲੋਕਾਂ ਨੂੰ ਨਾਲ ਲੈਣ ਨਾਲੋਂ ਹੋਰ ਕੋਈ ਵਧੀਆ ਸੁਝਾਅ ਨਹੀਂ ਹੋ ਸਕਦਾ। ਪੰਜਾਬ ਦੇ ਦੁੱਖ ਵਿਚ ਦੇਸ਼ ਵਾਸੀਆਂ ਨੂੰ ਹਮਦਰਦ ਬਣਾ ਲੈਣ ਦੀ ਆਸ ਵਾਲਾ ਇਹ ਸੁਝਾਅ ਸਰਬੱਤ ਦੇ ਭਲੇ ਵਿਚ ਹੈ। ਪੰਜਾਬੀਆਂ ਵੱਲੋਂ ਪੰਜਾਬ ਦੇ ਮੁੱਦਿਆਂ ਨੂੰ ਸਿੱਖ ਮੁੱਦਿਆਂ ਵਿਚ ਤਬਦੀਲ ਹੋਣੋਂ ਨਾ ਰੋਕੇ ਜਾਣ ਕਾਰਨ ਭਾਰੀ ਨੁਕਸਾਨ ਹੋਇਆ ਹੈ ਅਤੇ ਉਨ੍ਹਾਂ ਹੀ ਮੁੱਦਿਆਂ ਨੂੰ ਮੁੜ ਪੰਜਾਬ ਦੇ ਮੁੱਦੇ ਬਣਨ ਨੂੰ ਕੋਈ ਚਾਲੀ ਵਰ੍ਹੇ ਲੱਗ ਗਏ ਹਨ। 27 ਅਕਤੂਬਰ ਵਾਲੇ ਸੈਮੀਨਾਰ ਨੇ ਆਸ ਜਗਾਈ ਹੈ ਕਿ ਪੰਜਾਬ ਦੇ ਪੰਜਾਬੀ ਪੰਜਾਬ ਦੇ ਮੁੱਦਿਆਂ ਬਾਰੇ ਪੰਜਾਬੀ ਬਣ ਕੇ ਇਕ ਸੁਰ ਵਿਚ ਬੋਲਣਗੇ ਨਾ ਕਿ ਹਿੰਦੂ ਜਾਂ ਸਿੱਖ ਬਣ ਕੇ। ਮੇਰੀ ਕਾਮਨਾ ਹੈ ਕਿ ਪੰਜਾਬੀ ਪੰਜਾਬ ਦੀਆਂ ਨਿਆਮਤਾਂ ਨੂੰ ਸਾਂਝੇ ਤੌਰ 'ਤੇ ਮਾਨਣ ਅਤੇ ਪੰਜਾਬ 'ਤੇ ਆਉਣ ਵਾਲੀ ਆਫਤ ਨਾਲ ਨਜਿੱਠਣ ਲਈ ਸ਼ਾਹ ਮੁਹੰਮਦ ਦੇ ਕਥਨ, ***"ਰਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ, ਸਿਰ ਦੋਹਾਂ ਦੇ ਉੱਤੇ ਆਫਤ ਆਈ"***, ਨੂੰ ***"ਰਾਜ਼ੀ ਬਹੁਤ ਰਹਿੰਦੇ ਸਿੱਖ ਹਿੰਦੂ, ਸਿਰ ਦੋਹਾਂ ਦੇ ਉੱਤੇ ਆਫਤ ਆਈ"*** ਦੇ ਰੂਪ ਵਿਚ ਬਦਲ ਕੇ ਸਰਬੱਤ ਦੇ ਭਲੇ ਦਾ ਝੰਡਾ ਬੁਲੰਦ ਕਰਨ।

---

## ਭਾਈ ਵੀਰ ਸਿੰਘ, ਸਿੰਘ ਸਭਾ ਲਹਿਰ ਅਤੇ ਨਾਵਲ 'ਸੁੰਦਰੀ'

(ਪਿਛਲੇ ਸਫੇ ਦੀ ਬਾਕੀ)

ਦੀਆਂ ਜ਼ਿਆਦਤੀਆਂ ਅਤੇ ਜ਼ੁਲਮ ਨਾਲ ਟੱਕਰ ਲੈਂਦੀ ਹੈ। ਇਹ ਮਨੁੱਖੀ ਮਾਨਸਿਕਤਾ ਦੇ ਸਮੁੱਚੇ ਕਾਇਆਕਲਪ ਦੀ ਕਹਾਣੀ ਹੈ। ਗੁਰੂ ਨਾਨਕ ਸਾਹਿਬ ਨੇ ਗੁਰੂ ਅੰਗਦ ਦੇਵ ਨੂੰ ਗੁਰਗੱਦੀ ਕਿਉਂ ਸੌਂਪੀ ਅਤੇ ਇਹ ਸਿਲਸਿਲਾ ਗੁਰੂ ਗੋਬਿੰਦ ਸਿੰਘ ਤੱਕ ਇਕ ਲਗਾਤਾਰ ਅਮਲ ਰਿਹਾ? ਇਸ ਲਈ ਕਿਉਂਕਿ ਉਸ ਮਨੁੱਖੀ ਮਾਨਸਿਕਤਾ ਦੇ ਕਾਇਆਕਲਪ ਲਈ ਲੰਬਾ ਸਮਾਂ ਚਾਹੀਦਾ ਸੀ ਜੋ ਗਲ ਸੜ ਚੁੱਕੀਆਂ ਰਸਮਾਂ ਅਤੇ ਕਰਮਕਾਂਡ ਵਿਚ ਗ੍ਰਸੀ, ਸਦੀਆਂ ਦੀ ਗੁਲਾਮੀ ਸਹਿੰਦਿਆਂ, ਵਰਣ ਆਸ਼ਰਮ ਧਰਮ 'ਤੇ ਆਧਾਰਤ ਜਾਤ-ਪਾਤ ਦੀ ਵੰਡੀ ਹੋਈ, ਵਿਭਿੰਨ ਫਿਰਕਿਆਂ ਅਤੇ ਧਾਰਮਿਕ ਵੰਡੀਆਂ ਕਾਰਨ ਦੂਸਰਿਆਂ ਲਈ ਉਪਜੀ ਨਫਰਤ ਆਦਿ ਦੀ ਆਦੀ ਹੋ ਗਈ ਸੀ।

ਨਾਵਲ ਅਨੁਸਾਰ ਸੁੰਦਰੀ ਦਾ ਭਰਾ ਬਲਵੰਤ ਸਿੰਘ ਭਾਵੇਂ ਹਿੰਦੂ ਪਰਿਵਾਰ ਵਿਚ ਪੈਦਾ ਹੋਇਆ ਸੀ ਪਰ ਗੁਰੂਆਂ ਦੀਆਂ ਸਿੱਖਿਆਵਾਂ ਤੋਂ ਪ੍ਰਭਾਵਤ ਹੋ ਕੇ ਉਹ ਅੰਮ੍ਰਿਤ ਛਕ ਕੇ ਸਿੰਘ ਸਜ ਗਿਆ ਅਤੇ ਆਪਣਾ ਘਰ ਛੱਡ ਦਿੱਤਾ ਤਾਂ ਕਿ ਸਮੇਂ ਦੇ ਹਾਕਮਾਂ ਦੀਆਂ ਵਧੀਕੀਆਂ ਨਾਲ ਟੱਕਰ ਲੈ ਸਕੇ। ਸੁੰਦਰੀ ਵੀ ਆਪਣੇ ਭਰਾ ਤੋਂ ਗੁਰਮਤਿ ਦਾ ਪਾਠ ਪੜ੍ਹਦੀ ਹੈ, ਪਠਾਨ ਦੇ ਚੁੰਗਲ ਵਿਚੋਂ ਛੁਡਾ ਲਏ ਜਾਣ ਤੋਂ ਬਾਅਦ ਜੰਗਲ ਵਿਚ ਜਥੇ ਨਾਲ ਰਹਿ ਕੇ ਸੇਵਾ ਕਰਨ ਦਾ ਅਹਿਦ ਲੈਂਦੀ ਹੈ। ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਅਠਾਰਵੀਂ ਸਦੀ ਦਾ ਸਮਾਂ ਖਾਲਸਾ ਪੰਥ ਲਈ ਬਹੁਤ ਮੁਸ਼ਕਿਲਾਂ ਭਰਿਆ ਸੀ। ਸਿੰਘ ਇਕੱਲੇ ਹੀ ਸੀ ਜੋ ਸਮੇਂ ਦੇ ਹਾਕਮਾਂ ਦੇ ਜ਼ੁਲਮ ਨਾਲ ਟੱਕਰ ਲੈ ਰਹੇ ਸੀ। ਸਿੱਖ ਹੋਣ ਦਾ ਅਰਥ ਸੀ ਆਪਣੇ ਆਪ ਨੂੰ ਖਤਰੇ ਵਿਚ ਪਾਉਣਾ। ਇਸ ਲਈ ਖਾਲਸਾ ਪੰਥ ਛੋਟੇ ਛੋਟੇ ਜਥਿਆਂ ਦੇ ਰੂਪ ਵਿਚ ਜੰਗਲਾਂ ਵਿਚ ਘੋੜਿਆਂ ਦੀਆਂ ਕਾਠੀਆਂ 'ਤੇ ਰਹਿ ਕੇ, ਖਾਧ-ਖੁਰਾਕ ਅਤੇ ਹਥਿਆਰਾਂ ਦੀ ਘਾਟ ਅਤੇ ਹੋਰ ਸਹੂਲਤਾਂ ਦੀ ਅਣਹੋਂਦ ਵਿਚ ਵੀ ਆਮ ਲੋਕਾਂ ਲਈ ਹਾਕਮਾਂ ਨਾਲ ਲੜ ਰਿਹਾ ਸੀ। ਇਕ ਪਾਸੇ ਦੀਵਾਨ ਲਖਪਤ ਰਾਇ ਸੀ ਜੋ ਹਾਕਮਾਂ ਨਾਲ ਮਿਲ ਕੇ ਸਿੱਖਾਂ ਦਾ ਬੀਜਨਾਸ਼ ਕਰਨ ਲਈ ਤੁਲਿਆ ਹੋਇਆ ਸੀ ਅਤੇ ਦੂਸਰੇ ਪਾਸੇ ਦੀਵਾਨ ਕੌੜਾ ਮੱਲ ਸੀ ਜਿਸ ਨੂੰ ਸਿੱਖਾਂ ਨਾਲ ਪੂਰੀ ਹਮਦਰਦੀ ਸੀ ਕਿਉਂਕਿ ਉਹ ਜਾਣਦਾ ਸੀ ਕਿ ਉਸ ਦੇ ਭਾਈਚਾਰੇ ਲਈ ਕੀ ਸਹੀ ਹੈ ਅਤੇ ਹਰ ਸੰਭਵ ਤਰੀਕੇ ਨਾਲ ਸਿੱਖਾਂ ਦੀ ਮੱਦਦ ਕਰਦਾ ਸੀ। ਇਥੇ ਨਾਵਲ ਦੇ ਵਿਸਥਾਰ ਵਿਚ ਜਾਣ ਦੀ ਗੁੰਜਾਇਸ਼ ਨਹੀਂ ਹੈ। ਏਨਾ ਹੀ ਕਹਿ ਦੇਣਾ ਕਾਫ਼ੀ ਹੈ ਕਿ ਸੁੰਦਰੀ ਅੰਮ੍ਰਿਤ ਛਕਣ ਤੋਂ ਬਾਅਦ ਬਿਲਕੁਲ ਬਦਲ ਜਾਂਦੀ ਹੈ। ਉਹ ਭਾਈ ਘਨ੍ਹੱਈਆ ਦੀ ਤਰ੍ਹਾਂ ਬਿਨਾਂ ਕਿਸੇ ਭੇਦ-ਭਾਵ ਦੇ ਜ਼ਖ਼ਮੀ ਹੋਏ ਦੁਸ਼ਮਣ ਦੀ ਵੀ ਸੇਵਾ ਕਰਦੀ ਹੈ ਅਤੇ ਇਕ ਬਹਾਦਰ ਸਿੰਘਣੀ ਵਾਂਗ ਵਕਤ ਆਉਣ 'ਤੇ ਦੁਸ਼ਮਣ ਦਾ ਮੁਕਾਬਲਾ ਵੀ ਕਰਦੀ ਹੈ। ਇਹ ਇਕ ਬਹਦਰ ਸਿੱਖ ਇਸਤਰੀ ਦੀ ਦਾਸਤਾਨ ਹੈ ਕਿ ਕਿਵੇਂ ਇਕ ਕਮਜ਼ੋਰ ਅਤੇ ਮਸਕੀਨ ਸ਼ਖ਼ਸੀਅਤ ਗੁਰੂ ਦੀ ਬਾਣੀ ਨਾਲ ਜੁੜ ਕੇ ਬਹਾਦਰ ਅਤੇ ਨਿਡਰ ਇਸਤਰੀ ਦਾ ਰੂਪ ਧਾਰ ਲੈਂਦੀ ਹੈ।

# ਇਹ ਮਾਨਵੀ ਦਰਦ ਦੀ ਇੰਤਿਹਾ ਹੈ!

## ਪੱਤਰਕਾਰ ਦੀ ਮਾਸੂਮ ਧੀ ਦੇ ਕਤਲ ਦਾ ਫ਼ਾਇਦਾ ਕਿਸ ਨੂੰ ਹੋਇਆ?

ਦੀਪ ਜਗਦੀਪ ਸਿੰਘ

ਚਿਹਰਾ ਠਠੰਬਰਿਆ ਹੋਇਆ। ਅੱਖਾਂ ਵਿਚ ਸੁੰਨ ਤੇ ਹਾਵ-ਭਾਵ ਇੰਝ ਜਿਵੇਂ ਕਿਸੇ ਚਸ਼ਮੇ ਦੀ ਧਾਰ ਅਚਾਨਕ ਹਵਾ ਵਿਚ ਜੰਮ ਕੇ ਪੱਥਰ ਹੋ ਗਈ ਹੋਵੇ। ਧੀ ਦੀ ਲਾਸ਼ ਨੂੰ ਉਸ ਨੇ ਸੀਨੇ ਇੰਝ ਲਾਇਆ ਜਿਵੇਂ ਛਾਤੀ ਤੋਂ ਟੁੱਟ ਕੇ ਡਿੱਗਿਆ ਮਾਸ ਦਾ ਟੋਟਾ ਚੁੱਕ ਕੇ ਮੁੜ ਛਾਤੀ ‘ਤੇ ਧਰ ਲਿਆ ਹੋਵੇ। ਜੰਗ ਵਰਗੀ ਭਿਆਨਕ ਸ਼ੈਅ ਦਾ ਭਾਰ ਮੋਢਿਆਂ ‘ਤੇ ਧਰ ਕੇ ਤਣ ਕੇ ਖੜ੍ਹੇ ਰਹਿਣ ਵਾਲੇ ਦੇ ਮੋਢੇ ਆਪਣੀ ਧੀ ਦੀ ਲੋਥ ਦੇ ਭਾਰ ਨਾਲ ਝੁਕ ਗਏ ਨੇ। ਉਹ ਧੀ ਦੇ ਖ਼ੂਨ ਨਾਲ ਲੱਥ-ਪੱਥ ਚਿਹਰੇ ਤੋਂ ਉਸ ਦੀ ਆਖ਼ਰੀ ਖ਼ੁਆਹਿਸ਼ ਪੁੱਛਦਾ ਹੋਇਆ ਲੱਗ ਰਿਹੈ। ਪੱਸਰੀ ਹੋਈ ਸੁੰਨ ਵਿਚੋਂ ਇਕ ਮੂਕ ਚੀਕ ਗੂੰਜ ਰਹੀ ਹੈ, ਜਿਸ ਦੀ ਕੰਬਣੀ ਮੈਨੂੰ ਮੇਰੇ ਸੀਨੇ ਵਿਚ ਸੁਣਾਈ ਦੇ ਰਹੀ ਹੈ। ਇਹ ਤਸਵੀਰ ਮਹਿਜ਼ ਇਕ ਤਸਵੀਰ ਨਹੀਂ ਜੰਗ ਨਾਲ ਵਿੰਨੀ ਗਈ ਹਰ ਰੂਹ ਦਾ ਇਸਤਗਾਸਾ ਹੈ...

ਇਹ ਪੱਥਰ ਵਾਂਗ ਜੰਮਿਆ ਚਿਹਰਾ ਹੈ ਗਾਜ਼ਾ ਪੱਟੀ ਦੇ ਅਰਬੀ ਪੱਤਰਕਾਰ ਵਾਇਲ ਅਲ ਦਹਿਦੋਹ, ਉਸ ਦੇ ਸੀਨੇ ਲੱਗੀ ਹੈ ਖ਼ੂਨੀ ਦਾਗਾਂ ਵਾਲੇ ਕਫ਼ਨ ਵਿਚ ਲਿਪਟੀ ਸੱਤ ਸਾਲਾਂ ਦੀ ਧੀ ਸ਼ਾਮ, ਜੋ ਗਾਜ਼ਾ ਦੇ ਕੇਂਦਰੀ ਇਲਾਕੇ ਵਿਚ ਬਣੇ ‘ਆਸਰਾ’ ਕੈਂਪ ‘ਤੇ ਹੋਏ ਹਮਲੇ ਦੌਰਾਨ ਮਾਰੀ ਗਈ ਹੈ। ਇਹ ਹਮਲਾ ਉਦੋਂ ਹੋਇਆ ਜਦੋਂ ਅਲ ਜਜ਼ੀਰਾ ਚੈਨਲ ਦਾ ਗਾਜ਼ਾ ਪੱਟੀ ਦਾ ਬਿਊਰੋ ਚੀਫ਼ ਦਹਿਦੋਹ ਯਾਰਮੌਕ ਨਾਮਕ ਸਥਾਨ ‘ਤੇ ਹੋਏ ਹਮਲੇ ਦੌਰਾਨ ਮਾਰੇ ਗਏ ਬੇਕਸੂਰ ਬੱਚਿਆਂ, ਔਰਤਾਂ ਤੇ ਆਮ ਨਾਗਰਿਕਾਂ ਬਾਰੇ ਰਿਪੋਰਟਿੰਗ ਕਰ ਰਿਹਾ ਸੀ। ਉਸ ਨੂੰ ਨਹੀਂ ਪਤਾ ਸੀ ਕਿ ਜਿਸ ਵੇਲੇ ਉਹ ਆਪਣੀ ਫ਼ਿਲਸਤੀਨੀ ਅਵਾਮ ਦੀ ਆਵਾਜ਼ ਬਣ ਕੇ ਆਪਣੇ ਅਲ ਜਜ਼ੀਰਾ ਚੈਨਲ ‘ਤੇ ਦੁਨੀਆ ਭਰ ਵਿਚ ਗੂੰਜ ਰਿਹਾ ਸੀ, ਉਸੇ ਵੇਲੇ ਉਸ ਦੀ ਆਪਣੀ ਪਤਨੀ, ਧੀ ਤੇ ਪੁੱਤਰ ਸਮੇਤ ਜ਼ਿਆਦਾਤਰ ਪਰਿਵਾਰਕ ਮੈਂਬਰਾਂ ਦੀ ਆਵਾਜ਼ ਸਦਾ ਲਈ ਖ਼ਾਮੋਸ਼ ਕਰ ਦਿੱਤੀ ਗਈ ਸੀ।



ਜੀ ਹਾਂ, ਦਹਿਦੋਹ ਦੀ ਪਤਨੀ, ਪੁੱਤਰ ਤੇ ਧੀ ਸਮੇਤ ਲਗਪਗ ਉਸ ਦੇ ਜ਼ਿਆਦਾਤਰ ਪਰਿਵਾਰਕ ਮੈਂਬਰ ਉਸ ਵੇਲੇ ਮਾਰੇ ਗਏ, ਜਦੋਂ ਗਾਜ਼ਾ ਪੱਟੀ ‘ਤੇ ਕਾਬਜ਼ ਇਜ਼ਰਾਈਲੀ ਫ਼ੌਜ ਨੇ ਕੇਂਦਰੀ ਗਾਜ਼ਾ ਵਿਚ ਸਥਿਤ ਨੁਸੀਰਾਤ ਨਾਮਕ ਸਥਾਨ ‘ਤੇ ਬਣੇ ‘ਆਸਰਾ’ ਕੈਂਪ ‘ਤੇ ਹਮਲਾ ਕੀਤਾ। ਫ਼ੌਜ ਦਾ ਨਿਸ਼ਾਨਾ ਪੂਰਾ ਕੈਂਪ ਸੀ, ਜਿਸ ਦੇ ਇਕ ਘਰ ਵਿਚ ਦਹਿਦੋਹ ਦਾ ਪਰਿਵਾਰ ਵੀ ਕੁਝ ਹੀ ਦਿਨ ਪਹਿਲਾਂ ਬੰਬਾਰੀ ਦਾ ਸ਼ਿਕਾਰ ਗਾਜ਼ਾ ਸ਼ਹਿਰ ਤੋਂ ਆ ਕੇ ਟਿਕਿਆ ਸੀ। ਉਦੋਂ ਜਦੋਂ ਇਜ਼ਰਾਇਲੀ ਪ੍ਰਧਾਨ ਮੰਤਰੀ ਨਿਤਿਨਯਾਹੂ ਨੇ ਕਿਹਾ ਸੀ ਕਿ ਗਾਜ਼ਾ ਪੱਟੀ ਦੇ ਬਾਸ਼ਿੰਦੇ ਦੱਖਣ ਵੱਲ ਚਲੇ ਜਾਣ ਕਿਉਂਕਿ ਉਹ ਹਮਾਸ ਦੇ ‘ਅੱਤਵਾਦੀਆਂ’ ਨੂੰ ਜੜ੍ਹੋਂ ਪੁੱਟਣ ਲਈ ਪੂਰੀ ਗਾਜ਼ਾ ਪੱਟੀ ਨੂੰ ਮਲਿਆਮੇਟ ਕਰਨ ‘ਤੇ ਤੁੱਲ ਗਏ ਹਨ।

“ਕਾਬਜ਼ ਫ਼ੌਜ ਨੇ ਕਿਹਾ ਸੀ ਕਿ ਇਹ ‘ਸੁਰਖਿੱਅਤ’ ਇਲਾਕਾ ਹੈ। ਸਾਨੂੰ ਮੁੱਢ ਤੋਂ ਹੀ ਖ਼ਦਸ਼ਾ ਸੀ ਕਿ ਇਜ਼ਰਾਈਲੀ ਕਬਜ਼ਾਧਾਰੀ ਇਨ੍ਹਾਂ ਲੋਕਾਂ ਨੂੰ ਬਿਨਾਂ ਸਜ਼ਾ ਦਿੱਤਿਆਂ ਜਾਣ ਨਹੀਂ ਦੇਣਗੇ। ਅਫ਼ਸੋਸ, ਇਹ ਸੱਚ ਸਾਬਤ ਹੋਇਆ।” ਦਹਿਦੋਹ ਦੇ ਮੂੰਹੋ ਨਿਕਲੇ ਬੋਲ ਮੇਰੇ ਜ਼ਿਹਨ ਵਿਚ ਹਥੌੜੇ ਵਾਂਗ ਲਗਾਤਾਰ ਵੱਜ ਰਹੇ ਹਨ।

ਦੂਜੀ ਤਸਵੀਰ, ਜਿਸ ਵਿਚ ਦਹਿਦੋਹ ਗੋਡਿਆਂ ਭਾਰ ਬੈਠਾ ਜ਼ਮੀਨ ‘ਤੇ ਪਈ ਆਪਣੇ ਪੁੱਤ ਦੀ ਲਾਸ਼ ਦੀ ਛਾਤੀ ‘ਤੇ ਹੱਥ ਧਰ ਜ਼ਾਰੋ-ਜ਼ਾਰ ਹੋਇਆ ਨਜ਼ਰ ਆਉਂਦਾ ਹੈ। ਉਸ ਨੂੰ ਆਪਣੇ ਪੁੱਤ ਦਾ ਸੋਹਣਾ ਚਿਹਰਾ, ਮਲਬੇ ਦੀ ਮਾਰ ਨਾਲ ਚਿੱਥਿਆ ਪਿਆ ਲਹੂ-ਲੁਹਾਨ ਹੋਇਆ ਦੇਖਣਾ ਪਿਆ ਹੈ। ਪੰਦਰਾਂ ਸਾਲਾਂ ਦਾ ਮਹਿਮੂਦ ਆਪਣੇ ਬਾਪ ਵਾਂਗ ਪੱਤਰਕਾਰ ਬਣਨਾ ਚਾਹੁੰਦਾ ਸੀ।

ਬਣਨਾ ਵੀ ਕਿਉਂ ਨਾ ਚਾਹਵੇ। ਬੰਬਾਰੀ ਦੀਆਂ ਧਮਕੀਆਂ ਤੇ ਚਿਤਵਾਨੀਆਂ ਦੇ ਬਾਵਜੂਦ ਦਹਿਦੋਹ ਨੇ ਗਾਜ਼ਾ ਸ਼ਹਿਰ ਨਹੀਂ ਛੱਡਿਆ ਸੀ। “ਜਿੰਨਾਂ ਲੋਕਾਂ ‘ਤੇ ਹਰ ਰੋਜ਼ ਬੰਬਾਰੀ ਹੋ ਰਹੀ ਹੈ, ਉਨ੍ਹਾਂ ਦੀ ਵਿੱਥਿਆ ਸੁਣਾਉਣ ਲਈ ਮੈਨੂੰ ਇੱਥੇ ਗਾਜ਼ਾ ਸ਼ਹਿਰ ਵਿਚ ਹੋਣਾ ਚਾਹੀਦਾ ਹੈ। “ ਅਲ ਜਜ਼ੀਰਾ ਦਾ ਪੱਤਰਕਾਰ ਯੋਮਨਾ ਅਲਸਈਅਦ ਆਪਣੇ ਬੌਸ ਦਹਿਦੋਹ ਦੇ ਆਖੇ ਇਹ ਸ਼ਬਦ ਦੱਸਦਾ ਹੋਇਆ ਸੁੰਨ ਨਜ਼ਰ ਆ ਰਿਹਾ ਹੈ। ਯੋਮਨਾ ਕਹਿੰਦਾ ਹੈ, “ਉਹ ਸਾਡੇ ਨਾਲ ਬਿਊਰੋ ਚੀਫ਼ (ਬੌਸ) ਵਾਂਗ ਨਹੀਂ ਵੱਡੇ ਭਰਾ ਵਾਂਗ ਗੱਲ ਕਰਦੈ। ਹਮੇਸ਼ਾ ਸਾਨੂੰ ਢਾਰਸ ਬਧਾਉਂਦੈ। ਅੱਜ ਉਸ ਦੇ ਪਰਿਵਾਰ ਦੀ ਹਾਲਤ ਅਤੇ ਉਸ ਦੇ ਬੁਰੀ ਤਰ੍ਹਾਂ ਟੁੱਟ ਜਾਣ ਬਾਰੇ ਖ਼ਬਰ ਦਿਖਾਉਂਦਿਆਂ ਮੇਰਾ ਦਿਲ ਡੁੱਬ ਰਿਹੈ!” ਅਜਿਹੇ ਦਲੇਰ ਬਾਪ ਦੇ ਨਕਸ਼ੇ ਕਦਮਾਂ ‘ਤੇ ਕਿਹੜਾ ਪੁੱਤ ਨਹੀਂ ਚੱਲਣਾ ਚਾਹੇਗਾ?

ਉਂਨੀ ਦਿਨ ਤੋਂ ਲਗਾਤਾਰ ਹੁੰਦੀ ਬੰਬਾਰੀ ਵਿਚ ਦਹਿਦੋਹ ਗਾਜ਼ਾ ਸ਼ਹਿਰ ਦੇ ਬਾਸ਼ਿੰਦਿਆਂ ਤੇ ਆਪਣੇ ਸਾਥੀਆਂ ਲਈ ਥੰਮ ਬਣ ਕੇ ਖੜ੍ਹਿਆ ਰਿਹਾ। ਕੁਝ ਦਿਨ ਪਹਿਲਾਂ ਗਾਜ਼ਾ ਸ਼ਹਿਰ ਵਿਚ ਹੋਏ ਹਮਲਿਆਂ ਤੋਂ ਬਾਅਦ ਇਜ਼ਰਾਈਲੀ ਪ੍ਰਧਾਨ ਮੰਤਰੀ ਦੇ ਭਰੋਸੇ ਉਹ ਆਪਣੇ ਪਰਿਵਾਰ ਨੂੰ ਕੇਂਦਰੀ ਗਾਜ਼ਾ ਦੇ ਉਸ ਨੁਸੀਰਤ ਕੈਂਪ ਵਿਚ ਛੱਡ ਆਇਆ ਸੀ ਜਿਸ ਬਾਰੇ ਕਾਬਜ਼ ਫ਼ੌਜ ਨੇ ਕਿਹਾ ਸੀ ਕਿ ਉਹ ਸੁਰਖਿੱਅਤ ਥਾਂ ਹੈ। ਹੁਣ ਉਸ ਦੀ ਪਤਨੀ, ਇਕ ਵੱਡਾ ਬੇਟਾ, ਬੇਟੀ ਤੇ ਪੋਤਾ ਇਜ਼ਰਾਈਲੀ ਫ਼ੌਜ ਵੱਲੋਂ ਇਸ ‘ਸੁਰੱਖਿਅਤ’ ਕੈਂਪ ‘ਤੇ ਕੀਤੀ ਅੱਗ ਦੀ ਬਾਰਸ਼ ਵਿਚ ਸੁਆਹ ਹੋ ਚੁੱਕੇ ਹਨ। ਉਹ ਅਲ-ਅਕਸਾ ਸ਼ਹੀਦ ਹਸਪਤਾਲ ਦੇ ਮੁਰਦਾਘਰ ਵਿਚ ਜਾ ਕੇ ਪਰਿਵਾਰ ਦੇ ਜੀਆਂ ਦੀਆਂ ਲੋਥਾਂ ਨੂੰ ਗ਼ਲ ਲਾ ਕੇ ਅੰਤਿਮ ਵਿਦਾਇਗੀ ਦੇ ਰਿਹਾ ਹੈ। ਸ਼ਾਇਦ ਉਸ ਨੂੰ ਆਪਣੀ ਡਿਊਟੀ ‘ਤੇ ਮੁੜਨ ਦੀ ਕਾਹਲੀ ਹੈ।

ਇਹ ਸਤਰਾਂ ਲਿਖੇ ਜਾਣ ਤੱਕ ਦਹਿਦੋਹ ਦੇ ਪਰਿਵਾਰ ਦੇ ਬਾਕੀ ਮੈਂਬਰ ਮਲਬੇ ਦੇ ਢੇਰ ਹੇਠ ਦੱਬੇ ਹੋਏ ਸਨ। ਉਸ ਦੀ ਨੰਨ੍ਹੀ ਜਿਹੀ ਪੋਤੀ ਨੂੰ ਬਚਾ ਲਿਆ ਗਿਆ ਹੈ। ਮਲਬੇ ਵਿਚੋਂ ਕੱਢੇ ਗਏ ਉਸ ਦੇ ਦੂਜੇ ਬੇਟੇ ਯਹੀਆ ਦੇ ਸਿਰ ‘ਤੇ ਡੂੰਘੀ ਸੱਟ ਲੱਗੀ ਹੈ ਡਾਕਟਰਾਂ ਨੂੰ ਉਸ ਦਾ ਓਪਰੇਸ਼ਨ ਹਸਪਤਾਲ ਦੇ ਗਲਿਆਰੇ ਵਿਚ ਹੀ ਕਰਨਾ ਪਿਆ ਹੈ, ਜਿੱਥੇ ਕੋਈ ਡਾਕਟਰੀ ਸਾਜ਼ੋ-ਸਾਮਾਨ ਤੱਕ ਨਹੀਂ ਸੀ। ਆਖ਼ਰਕਾਰ ਉਨ੍ਹਾਂ ਨੇ ਕੋਈ ਆਮ ਧਾਗਾ ਲੱਭ ਕੇ ਨਿੱਕੇ ਪੁੱਤ ਦੇ ਸਿਰ ਵਿਚ ਟਾਂਕੇ ਲਾਏ ਨੇ, ਕਿਉਂਕਿ ਡਾਕਟਰੀ ਧਾਗਾ ਕਿਤੋਂ ਨਹੀਂ ਥਿਆਇਆ।

ਅਸੀਂ ਅਰਦਾਸ ਕਰਦੇ ਹਾਂ ਕਿ ਮਲਬੇ ਥੱਲੇ ਦੱਬਿਆ ਉਸ ਦਾ ਬਾਕੀ ਪਰਿਵਾਰ ਤੇ ਬਾਕੀ ਸਾਰੇ ਪਰਿਵਾਰ ਸਹੀ-ਸਲਾਮਤ ਕੱਢ ਲਏ ਜਾਣ। ਮੌਤ ਦੀ ਨੀਂਦ ਸੌਂ ਗਏ ਲੋਕਾਂ ਦੀ ਆਤਮਾ ਦੀ ਸ਼ਾਂਤੀ ਲਈ ਅਰਦਾਸ ਕਰਦੇ ਹਾਂ।

ਮੈਨੂੰ ਨਹੀਂ ਲਗਦਾ ਦੁਨੀਆਂ ਦੇ ਹਾਕਮਾਂ ਨੂੰ ਇਹ ਸੁਆਲ ਪੁੱਛਣ ਨਾਲ ਕੋਈ ਫ਼ਰਕ ਪੈਂਦਾ ਹੈ ਕਿ ਦਹਿਦੋਹ ਦੇ ਧੀ-ਪੁੱਤ-ਪੋਤੇ-ਪਤਨੀ ਦਾ ਕਤਲ ਕਰਕੇ ਕਿਸੇ ਨੂੰ ਕੀ ਹਾਸਲ ਹੋਇਆ। ਜੰਗ ਵਿਚ ਕਤਲ ਕੀਤੇ ਗਏ ਲੱਖਾਂ ਲੋਕਾਂ ਦੇ ਕਤਲ ਦਾ ਕਿਸ ਨੂੰ ਕੀ ਫ਼ਾਇਦਾ ਹੋਇਆ? ਘਟੋ-ਘਟ ਅਸੀਂ ਆਪਣੇ ਆਪ ਨੂੰ ਤਾਂ ਸੁਆਲ ਪੁੱਛ ਸਕਦੇ ਹਾਂ ਕਿ ਨਿੱਕੀਆਂ-ਨਿੱਕੀਆਂ ਗੱਲਾਂ ਪਿੱਛੇ ਲੜਨ ਵਾਲੇ ਅਸੀਂ ਲੋਕ ਆਖ਼ਰ ਕੀ ਹਾਸਲ ਕਰਨਾ ਚਾਹੁੰਦੇ ਹਾਂ, ਉਨ੍ਹਾਂ ਲੜਾਈਆਂ ਤੋਂ, ਜੋ ਅੱਗੇ ਚੱਲ ਕੇ ਮੁਲਕਾਂ ਦੀਆਂ ਜੰਗਾਂ ਵਿਚ ਤਬਦੀਲ ਹੋ ਜਾਂਦੀਆਂ ਹਨ...

ਕੀ ਅਸੀਂ ਆਪਣੇ ਆਪ ਨਾਲ ਜੰਗ ਲੜਨ ਲਈ ਤਿਆਰ ਹਾਂ?

ਚੜ੍ਹਦੀ ਕਲਾ!

# ਸਿੱਖ ਐਜੂਕੇਸ਼ਨਲ ਸੁਸਾਇਟੀ ਦਾ ਸੱਜਰਾ ਉਪਰਾਲਾ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

1931 ਵਿਚ ਲਾਹੌਰ ਵਿਖੇ ਸਥਾਪਤ ਹੋਈ ਸਿੱਖ ਐਜੂਕੇਸ਼ਨਲ ਸੁਸਾਇਟੀ ਸਿੱਖਿਆ ਦੇ ਨਾਲ ਨਾਲ ਸਿੱਖਾਂ ਨੂੰ ਦਰਪੇਸ਼ ਮਾਮਲੇ ਨੂੰ ਸਮਝਣ-ਸਮਝਾਉਣ ਵਿਚ ਅਹਿਮ ਯੋਗਦਾਨ ਪਾ ਰਹੀ ਹੈ। ਪਿਛਲੇ ਦਿਨੀਂ ਚੰਡੀਗੜ੍ਹ ਦੇ 26 ਸੈਕਟਰ ਵਿਚ ਸਥਿਤ ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ ਵਿਚ ਉੱਘੇ ਸਿੱਖ ਚਿੰਤਕ ਡਾ. ਬਲਕਾਰ ਸਿੰਘ ਦੀਆਂ ਦੋ ਪੁਸਤਕਾਂ “The Akal Takht Sahib-The Spirit and Strategy”, “Perspective and Position in Sikhism” ਰਿਲੀਜ਼ ਕਰਨ ਲਈ ਕਰਵਾਏ ਗਏ ਸਮਾਗਮ ਵਿਚ ਵਿਦਵਾਨਾਂ ਨੇ ਕਈ ਮਾਮਲਿਆਂ ਉਤੇ ਨਿੱਠ ਕੇ ਵਿਚਾਰ ਵਟਾਂਦਰਾ ਕੀਤਾ। ਇਸ ਵਿਚਾਰ ਚਰਚਾ ਦਾ ਕੇਂਦਰੀ ਨੁਕਤਾ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਦੇ ਮੂਲ ਸੰਕਲਪ, ਸਿਧਾਂਤ, ਇਤਿਹਾਸ ਦੇ ਨਾਲ ਨਾਲ ਇਸ ਦੇ ਜਥੇਦਾਰ ਸਾਹਿਬ ਦੀ ਨਿਯੁਕਤੀ, ਕੰਮ-ਕਾਜ ਅਤੇ ਸੇਵਾ ਮੁਕਤੀ ਨਾਲ ਜੁੜੇ ਪਹਿਲੂ ਸਨ।

ਸਮਾਗਮ ਦੀ ਖ਼ੂਬਸੂਰਤੀ ਇਹ ਸੀ ਕਿ ਇਸ ਮੌਕੇ ਵਿਚਾਰ ਚਰਚਾ ਵਿਚ ਭਾਗ ਲੈਣ ਵਾਲੇ ਸਾਰੇ ਹੀ ਬੁਲਾਰੇ ਸਮੇਂ ਦੇ ਕਿਸੇ ਨਾ ਕਿਸੇ ਦੌਰ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਜੁੜੇ ਰਹੇ ਸਨ। ਉਹ ਇਸ ਮਹਾਨ ਸੰਸਥਾ ਦੇ ਸੰਕਪਲ ਤੇ ਇਤਿਹਾਸ ਤੋਂ ਵੀ ਜਾਣੂ ਹਨ ਹੀ, ਇਸ ਦੀ ਸਮੁੱਚੇ ਪੰਥ ਪ੍ਰਤੀ ਜ਼ਿੰਮੇਵਾਰੀ, ਚੁਣੌਤੀਆਂ ਅਤੇ ਪੈਣ ਵਾਲੇ ਦਬਾਅ ਤੋਂ ਵੀ ਵਾਕਫ਼ ਹਨ। ਮਸਲਨ ਸਮਾਗਮ ਦੇ ਵਿਸ਼ੇਸ਼ ਮਹਿਮਾਨ ਪ੍ਰੋ. ਮਨਜੀਤ ਸਿੰਘ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਨਾਲ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਪਦਵੀ ਉਤੇ ਸੁਸ਼ੋਭਿਤ ਰਹੇ ਹਨ। ਪੰਜਾਬ ਵਿਧਾਨ ਸਭਾ ਦੇ ਸਾਬਕਾ ਸਪੀਕਰ ਰਵੀਇੰਦਰ ਸਿੰਘ, ਜਿਹੜੇ ਇਸ ਸਮਾਗਮ ਦੇ ਮੁੱਖ ਮਹਿਮਾਨ, ਲੰਬਾ ਸਮਾਂ ਅਕਾਲੀ ਰਾਜਨੀਤੀ ਵਿਚ ਸਰਗਰਮ ਰਹੇ ਹੋਣ ਕਾਰਨ ਕਾਫ਼ੀ ਘਟਨਾਵਾਂ ਦੇ ਚਸ਼ਮਦੀਦ ਗਵਾਹ ਹਨ। ਸਮਾਗਮ ਦੀ ਪ੍ਰਧਾਨਗੀ ਕਰਨ ਵਾਲੇ ਸੇਵਾ ਮੁਕਤ ਆਈ.ਏ.ਐਸ. ਅਧਿਕਾਰੀ ਗੁਰਦੇਵ ਸਿੰਘ ਬਰਾੜ ਜਿਸ ਸਮੇਂ ਅੰਮ੍ਰਿਤਸਰ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਸਨ ਉਸ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਧਰਮ ਯੁੱਧ ਮੋਰਚਾ ਲੱਗਿਆ ਹੋਇਆ ਸੀ। ਸਿੱਖ ਐਜੂਕੇਸ਼ਨਲ ਸੁਸਾਇਟੀ ਦੇ ਸਕੱਤਰ ਕਰਨਲ ਜਸਮੇਰ ਸਿੰਘ ਬਾਲਾ ਵੀ ਬੱਬਰ ਅਕਾਲੀ ਦਲ ਦੇ ਸਰਗਰਮ ਆਗੂ ਰਹੇ ਹਨ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ 1994 ਵਿਚ ਜਾਰੀ “ਅੰਮ੍ਰਿਤਸਰ ਐਲਾਨਨਾਮਾ” ਉੱਤੇ ਦਸਤਖ਼ਤ ਕਰਨ ਵਾਲੇ ਅਕਾਲੀ ਆਗੂਆਂ ਵਿਚੋਂ ਇਕ ਸਨ। ਸਮਾਗਮ ਵਿਚ ਹੋਈ ਵਿਚਾਰ ਚਰਚਾ ਕਰਨ ਵਾਲਿਆਂ ਵਿਚੋਂ ਡਾ. ਬਲਕਾਰ ਸਿੰਘ ਅਤੇ ਡਾ. ਕੇਹਰ ਸਿੰਘ, ਜਿਹੜੇ ਇਸ ਸਮੇਂ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਲਾਹਕਾਰ ਕਮੇਟੀ ਦੇ ਮੈਂਬਰ ਹਨ, ਸਿੱਖ ਸਿਆਸਤ ਨਾਲ ਨੇੜਿਉਂ ਜੁੜੇ ਰਹੇ ਹਨ।

ਡਾ. ਕੇਹਰ ਸਿੰਘ ਨੇ ਇਸ ਵਿਚਾਰ-ਚਰਚਾ ਵਿਚ ਬੜਾ ਖੁੱਲ੍ਹ ਕੇ ਕਿਹਾ ਕਿ ਜਦੋਂ ਤੱਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੌਜੂਦਾ ਪ੍ਰਬੰਧ ਪੰਜਾਬ ਗੁਰਦੁਆਰਾ ਐਕਟ-1925 ਤਹਿਤ ਵੋਟਾਂ ਰਾਹੀਂ ਹੁੰਦਾ ਰਹੇਗਾ। ਉਸ ਸਮੇਂ ਤੱਕ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਕੰਮ-ਕਾਜ ਆਜ਼ਾਦ ਤੇ ਖ਼ੁਦਮੁਖਤਿਆਰ ਢੰਗ ਨਾਲ ਚਲਾਇਆ ਹੀ ਨਹੀਂ ਜਾ ਸਕਦਾ। ਡਾ. ਬਲਕਾਰ ਸਿੰਘ ਨੇ ਆਪਣੀਆਂ ਇਨ੍ਹਾਂ ਪੁਸਤਕਾਂ ਦੀ ਰਚਨਾ ਦਾ ਪਿਛੋਕੜ ਦਸਦਿਆਂ ਕਿਹਾ ਕਿ ਸਿੱਖ ਸਿਧਾਂਤ (ਗੁਰਬਾਣੀ) ਅਤੇ ਸਿੱਖ ਸੰਸਥਾਵਾਂ ਸਦਾ ਹੀ ਉਨ੍ਹਾਂ ਨੂੰ ਕੁਝ ਨਾ ਕੁਝ ਲਿਖਣ ਲਈ ਉਕਸਾਉਂਦੇ ਰਹੇ ਹਨ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਦਾ ਸੰਕਲਪ ਅਤੇ ਕਾਰਜ ਖੇਤਰ ਸ੍ਰੀ ਦਰਬਾਰ ਸਾਹਿਬ ਦੇ ਸਨਮੁੱਖ ਰੱਖ ਕੇ ਹੀ ਸਮਝਿਆ ਜਾ ਸਕਦਾ ਹੈ।

ਸਿੱਖ ਐਜੂਕੇਸ਼ਨਲ ਸੁਸਾਇਟੀ 1937 ਤੋਂ ਹੀ ਅਜਿਹੇ ਕੰਮਾਂ ਵਿਚ ਉੱਘਾ ਤੇ ਉੱਤਮ ਯੋਗਦਾਨ ਪਾ ਰਹੀ ਹੈ। ਇਸਨੇ 1938 ਵਿਚ ਅਖੰਡ ਪੰਜਾਬ ਦੀ ਰਾਜਧਾਨੀ ਲਾਹੌਰ ਵਿਚ ਸਿੱਖ ਨੈਸ਼ਨਲ ਕਾਲਜ ਦੀ ਸਥਾਪਨਾ ਕੀਤੀ। ਦੇਸ਼ ਵੰਡ ਤੋਂ ਪਿੱਛੋਂ ਇਹ ਕਾਲਜ ਕਾਦੀਆਂ (ਗੁਰਦਾਸਪੁਰ) ਵਿਖੇ ਤੁਰੰਤ ਚਾਲੂ ਕੀਤਾ ਤੇ ਸੁਸਾਇਟੀ ਦਾ ਮੁੱਖ ਦਫਤਰ ਜਲੰਧਰ ਸਥਾਪਤ ਹੋਣ ਉਪਰੰਤ ਇਸ ਕਾਲਜ ਦਾ ਕਾਰਜ ਬੰਗਾਂ ਤੋਂ ਚਾਲੂ ਰੱਖਿਆ ਤੇ ਹੁਣ ਏਧਰਲੇ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਤੋਂ ਚਲਾ ਰਹੀ ਹੈ। ਜਿੱਥੇ ਪਿਛਲੇ ਦਿਨੀਂ ਪ੍ਰਸੰਗਕ ਪ੍ਰੋਗਰਾਮ ਰਚਾਇਆ ਗਿਆ।

ਇਸ ਪ੍ਰੋਗਰਾਮ ਦੀ ਖ਼ੂਬਸੂਰਤੀ ਇਹ ਵੀ ਸੀ ਕਿ ਲੁਧਿਆਣਾ ਤੋਂ ਨੌਜਵਾਨ ਚਿੰਤਕ ਅਮਰਜੀਤ ਸਿੰਘ ਗਰੇਵਾਲ ਤੇ ਨਵੀਂ ਦਿੱਲੀ ਤੋਂ ਰਾਸ਼ਟਰੀ ਸਾਹਿਤ ਅਕਾਡਮੀ ਦੇ ਪੰਜਾਬੀ ਕਨਵੀਨਰ ਵੀ ਆਪੋ ਆਪਣੇ ਵਿਚਾਰ ਪੇਸ਼ ਕਰਨ ਲਈ ਹੁਮ ਹੁਮਾ ਕੇ ਆਏ। ਅਮਰਜੀਤ ਗਰੇਵਾਲ ਨੇ ਉੱਤਰ-ਮਾਨਵਵਾਦੀ ਚਿੰਤਨ ਵਿਧੀ ਰਾਹੀਂ ਸਿੱਖ ਪਹਿਚਾਣ ਦਾ ਪੱਖ ਉਘਾੜਿਆ। ਉਸ ਦਾ ਮੱਤ ਸੀ ਕਿ ਅੱਜ ਜਿਹੜੇ ਮੁਕਤੀ ਦੇ ਮਾਡਲ ਦੀ ਅਜੋਕੀ ਦੁਨੀਆਂ ਨੂੰ ਭਾਲ ਹੈ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚੋਂ ਹੀ ਮਿਲੇਗਾ? ਡਾ. ਰਵੇਲ ਸਿੰਘ ਨੇ ਕਿਹਾ ਕਿ ਪੰਜਾਬੀ ਬੰਦੇ ਨੂੰ ਉੱਤਰ-ਮਾਨਵਵਾਦੀ ਚਿੰਤਨ ਵਿਧੀ ਨੂੰ ਸਮਝਣ ਸਮਝਾਉਣ ਲਈ ਪੱਛਮੀ ਚਿੰਤਕਾਂ ਦੀ ਥਾਂ ਗੁਰੂ ਨਾਨਕ ਦੀ ਰਚਨਾ ਤੋਂ ਸੇਧ ਲੈਣੀ ਚਾਹੀਦੀ ਹੈ।

ਰਵੀਇੰਦਰ ਸਿੰਘ ਨੇ ਕਿਹਾ ਕਿ ਸਿੱਖਾਂ ਸਾਹਮਣੇ ਇਸ ਸਮੇਂ ਸਭ ਤੋਂ ਵੱਡੀ ਚੁਣੌਤੀ ਆਪਣੀ ਨਵੀਂ ਪੀੜ੍ਹੀ ਨੂੰ ਸਿੱਖੀ ਨਾਲ ਜੋੜੀ ਰੱਖਣ ਦੀ ਹੈ ਅਤੇ ਇਸ ਕਾਰਜ ਵਿਚ ਸਿੱਖ ਔਰਤਾਂ ਸਭ ਤੋਂ ਵੱਡੀ ਭੂਮਿਕਾ ਨਿਭਾਅ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਸਿੱਖ ਸੰਸਥਾਵਾਂ ਨੂੰ ਆਪਣੇ ਬੱਚਿਆਂ ਨੂੰ ਮਿਆਰੀ ਸਿੱਖਿਆ ਦੇਣ ਲਈ ਵੀ ਹੋਰ ਵਧੇਰੇ ਤਵੱਜੋ ਦੇਣੀ ਹੋਵੇਗ।

ਪ੍ਰੋ. ਮਨਜੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਦੇ ਜਥੇਦਾਰ ਹੁੰਦਿਆਂ ਵਿਸ਼ਵ ਸਿੱਖ ਸੰਮੇਲਨ, ਵਿਸ਼ਵ ਸਿੱਖ ਕੌਂਸਲ, ਵਿਸ਼ਵ ਸਿੱਖ ਭਲਾਈ ਫੰਡ, ਖਾਲਸਾ ਮਾਰਚ ਅਤੇ ਰਾਜਸੀ ਨਿਸ਼ਾਨੇ ਦੇ ਰੂਪ ਵਿਚ “ਅੰਮ੍ਰਿਤਸਰ ਐਲਾਨਨਾਮਾ” ਵਰਗੇ ਨਵੇਂ ਸੰਕਲਪ ਚਿਤਵੇ ਤੇ ਵਿਉਂਤੇ ਗਏ ਸਨ ਜਿਨ੍ਹਾਂ ਦੀ ਅੱਜ ਵੀ ਲੋੜ ਹੈ। ਆਪਣੇ ਪ੍ਰਧਾਨਗੀ ਭਾਸ਼ਨ ਵਿਚ ਸ. ਗੁਰਦੇਵ ਸਿੰਘ ਬਰਾੜ ਨੇ ਬਹੁਤਾ ਜ਼ੋਰ ਸਿੱਖ ਐਜੂਕੇਸ਼ਨਲ ਸੁਸਾਇਟੀ ਦੀ ਸਥਾਪਨਾ ਅਤੇ ਪ੍ਰਾਪਤੀਆਂ ਉਤੇ ਦਿੱਤਾ ਪਰ ਉਨ੍ਹਾਂ ਨੇ ਇਹ ਗੱਲ ਜ਼ੋਰ ਦੇ ਕੇ ਕੀਤੀ ਕਿ ਸਿੱਖ ਸੰਸਥਾਵਾਂ ਦੇ ਕੰਮ-ਕਾਜ ਦੀ ਮਹਿਜ ਆਲੋਚਨਾ ਕਰਨ ਦੀ ਥਾਂ ਸਾਨੂੰ ਕੋਈ ਬਦਲਵਾਂ ਮਾਡਲ ਪੇਸ਼ ਕਰਨਾ ਚਾਹੀਦਾ ਹੈ।

ਇਹ ਗੱਲ ਤਾਂ ਸਮਾਗਮ ਦੇ ਅਰੰਭ ਵਿਚ ਕਰਨਲ ਜਸਮੇਰ ਸਿੰਘ ਬਾਲਾ ਨੇ ਮਹਿਮਾਨਾਂ ਦਾ ਸਵਾਗਤ ਕਰਦਿਆਂ ਹੀ ਸਪੱਸ਼ਟ ਕਰ ਦਿੱਤੀ ਸੀ ਕਿ ਸਿੱਖ ਐਜੂਕੇਸ਼ਨਲ ਸੁਸਾਇਟੀ ਵਿਦਿਆ, ਖੇਡਾਂ, ਸਾਹਿਤਕ ਤੇ ਸਭਿਆਚਾਰਕ ਖੇਤਰਾਂ ਦੇ ਨਾਲ-ਨਾਲ ਸਿੱਖਾਂ ਦੇ ਧਾਰਮਿਕ ਤੇ ਰਾਜਨੀਤਕ ਮਾਮਲਿਆਂ ਉਤੇ ਵਿਚਾਰ ਵਟਾਂਦਰੇ ਲਈ ਹਮੇਸ਼ਾ ਮੰਚ ਮੁਹੱਈਆ ਕਰਦੀ ਆ ਰਹੀ ਹੈ। ਮੰਚ ਦਾ ਸੰਚਾਲਨ ਮੇਰੇ ਵਿਦਿਆਰਥੀ ਰਹੇ ਗੁਰਦਰਸ਼ਨ ਸਿੰਘ ਬਾਹੀਆ ਨੇ ਕੀਤਾ ਜਿਨ੍ਹਾਂ ਨੇ ਲੋਕ ਸੰਪਰਕ ਅਧਿਕਾਰੀ ਵਜੋਂ ਸੇਵਾ ਨਿਭਾਉਂਦਿਆਂ ਕਈ ਮੁੱਖ ਮੰਤਰੀਆਂ ਅਤੇ ਮੰਤਰੀਆਂ ਨਾਲ ਕੰਮ ਕਰਦਿਆਂ ਪ੍ਰਾਪਤ ਸਰਕਾਰੀ ਨੌਕਰੀ ਵਿਚ ਆਉਣ ਤੋਂ ਪਹਿਲਾਂ ਉਹ ਲੰਬਾ ਸਮਾਂ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਮੀਡੀਆ ਸਲਾਹਕਾਰ ਵੀ ਰਹੇ ਹਨ।

ਭਾਵੇਂ ਮੇਰੀ ਸਿਹਤ ਸਾਰੇ ਸਮਾਗਮਾਂ ਵਿਚ ਸ਼ਿਰਕਤ ਕਰਨ ਦੀ ਆਗਿਆ ਨਹੀਂ ਦਿੰਦੀ ਪਰ ਮੇਰੇ ਲਈ ਇਸ ਸਮਾਗਮ ਦਾ ਹਾਸਲ ਇਹ ਸੀ ਕਿ ਸਿੱਖ ਪੰਥ ਦੇ ਅਜਿਹੇ ਗੰਭੀਰ ਮਸਲਿਆਂ ਉੱਤੇ ਚਾਨਣਾ ਪਾਉਣ ਵਾਲੇ ਕਈ ਬੁਲਾਰੇ ਮੇਰੇ ਮਿੱਤਰ ਪਿਆਰੇ ਸਨ ਜਿਨ੍ਹਾਂ ਨੂੰ ਮਿਲਣਾ ਮਿਲਾਣਾ ਹੁਣ ਮੇਰੇ ਲਈ ਮੁਹਾਲ ਹੋ ਗਿਆ ਹੈ। ਪ੍ਰੋ. ਮਨਜੀਤ ਸਿੰਘ ਤੇ ਬਲਕਾਰ ਸਿੰਘ ਮੇਰੀ ਪੰਜਾਬੀ ਯੂਨੀਵਰਸਟੀ, ਪਟਿਆਲਾ ਵਿਚ ਨਿਯੁਕਤੀ ਸਮੇਂ ਮੇਰੇ ਸੰਪਾਰਕ ਵਿਚ ਆਏ ਜਦੋਂ ਗੁਰਦਰਸ਼ਨ ਬਾਹੀਆ ਮੇਰਾ ਵਿਦਿਆਰਥੀ ਸੀ। ਅਮਰਜੀਤ ਗਰੇਵਾਲ ਖੇਤੀ ਯੂਨੀਵਰਸਿਟੀ ਲੁਧਿਆਣਾ ਦੀ ਨੌਕਰੀ ਸਮੇਂ ਮੇਰਾ ਨਿਕਟਵਰਤੀ ਰਿਹਾ ਹੈ। 1984 ਤੋਂ ਚੰਡੀਗੜ੍ਹ ਰਹਿੰਦਿਆਂ ਨਵੀਂ ਦਿੱਲੀ ਵਾਲੇ ਸੰਗੀ ਸਾਥੀ ਮਿਲਣ ਦਾ ਸਬੱਬ ਵੀ ਕਦੀ ਕਦਾਈ ਬਣਦਾ ਹੈ ਜਿਨ੍ਹਾਂ ਵਿਚੋਂ ਰਵੇਲ ਸਿੰਘ ਵੀ ਇਕ ਹੈ। ਆਸ ਹੈ ਕਿ ਸਿੱਖ ਐਜੂਕੇਸ਼ਨਲ ਸੁਸਾਇਟੀ ਦੇ ਕਰਤਾ-ਧਰਤਾ ਫੇਰ ਵੀ ਅਜਿਹਾ ਮੌਕਾ ਪ੍ਰਦਾਨ ਕਰਦੇ ਰਹਿਣਗੇ। ਜਿਸ ਰਾਹੀਂ ਕਾਦੀਆਂ ਤੇ ਬੰਗਾ ਹੀ ਚੇਤੇ ਨਹੀਂ ਆਉਂਦਾ ਪਾਕਿਸਤਾਨ ਵਿਚ ਰਹਿ ਗਏ ਲਾਹੌਰ ਦੀਆਂ ਯਾਦਾਂ ਵੀ ਉਘੜ ਆਉਂਦੀਆਂ ਹਨ।


**ਅੰਤਿਕਾ**

—1984 ਦੀ ਦਿੱਲੀ ਬਾਰੇ ਤਾਰਾ ਸਿੰਘ ਕਾਮਿਲ—

ਕਾਹਨੂੰ ਬਾਲਦੈਂ ਬਨੇਰਿਆਂ ’ਤੇ ਮੋਮਬੱਤੀਆਂ
ਲੰਘ ਜਾਣ ਦੇ ਬਜ਼ਾਰ ’ਚੋਂ ਹਵਾਵਾਂ ਤੱਤੀਆਂ
ਬੂਹੇ ਉਤੇ ਸ਼ਰਮਿੰਦਗੀ ਦੇ ਦਾਗ਼ ਰਹਿਣ ਦੇ
ਬਦਨਾਮ ਰਾਜਨੀਤੀ ਦੇ ਸੁਰਾਗ ਰਹਿਣ ਦੇ
ਆਉਣ ਵਾਲਿਆਂ ਨੇ
ਅੱਜ ਦਾ ਕਸੂਰ ਲਭਣਾ
ਇਨ੍ਹਾਂ ਘਰਾਂ ਵਿਚ ਬੁੱਝੇ ਹੋਏ
ਚਰਾਗ ਰਹਿਣ ਦੇ
ਕਿਥੇ ਜਾਏਂਗਾ? ਦਿਸ਼ਾਵਾਂ ਸਭ ਲਹੂ-ਰੱਤੀਆਂ
ਕਾਹਨੂੰ ਬਾਲਦੈਂ ਬਨੇਰਿਆ ’ਤੇ ਮੋਮਬੱਤੀਆਂ
ਜਦੋਂ ਗੱਲ ਤੇ ਦਲੀਲ ਬਲਵਾਨ ਨਾ ਰਹੇ
ਉਦੋਂ ਤੇਗ਼ ਤਲਵਾਰ ਵੀ ਮਿਆਨ ਨਾ ਰਹੇ
ਐਸੀ ਵਗੀ ਏ ਹਵਾ, ਅਸੀਂ ਅੱਖੀਂ ਦੇਖਿਆ
ਜਿੰਦ ਜਾਨ ਕਹਿਣ ਵਾਲੇ,
ਜਿੰਦ ਜਾਨ ਨਾ ਰਹੇ
ਨਹੀਂ ਰੁਕੀਆਂ ਹਵਾਵਾਂ ਅਜੇ ਮਾਣ-ਮੱਤੀਆਂ
ਅਜੇ ਬਾਲ ਨਾ ਬਨੇਰਿਆਂ ਤੇ ਮੋਮਬੱਤੀਆਂ
ਲੰਘ ਜਾਣ ਦੇ ਬਜ਼ਾਰ ’ਚੋਂ ਹਵਾਵਾਂ ਤੱਤੀਆਂ।

# ਹਨੇਰੇ ਰਾਹ

**ਕੈਨੇਡਾ ਵੱਸਦੇ ਲਿਖਾਰੀ ਹਰਪ੍ਰੀਤ ਸੇਖਾ (ਕੈਨੇਡਾ) ਦਾ ਨਾਵਲ 'ਹਨੇਰੇ ਰਾਹ' ਟਰੱਕਿੰਗ ਸਨਅਤ ਨਾਲ ਜੁੜੀਆਂ ਹਕੀਕਤਾਂ ਦੇ ਰੂ-ਬ-ਰੂ ਕਰਵਾਉਂਦਾ ਹੈ। ਬਤੌਰ ਲਿਖਾਰੀ ਉਹਦੀ ਅੱਖ ਉਹ ਹਨੇਰੇ ਖੂੰਜੇ ਵੀ ਫਰੋਲ ਲੈਂਦੀ ਹੈ ਜਿਹੜੇ ਆਮ ਕਰ ਕੇ ਅੱਖਾਂ ਤੋਂ ਓਹਲੇ ਰਹਿ ਜਾਂਦੇ ਹਨ। ਉਸ ਦੀ ਮਾਨਵਤਾਵਾਦੀ ਅਤੇ ਯਥਾਰਥਵਾਦੀ ਪਹੁੰਚ ਉਸ ਦੀਆਂ ਰਚਨਾਵਾਂ ਲਈ ਸੋਨੇ 'ਤੇ ਸੁਹਾਗੇ ਵਾਲਾ ਕੰਮ ਕਰਦੀ ਹੈ। 'ਹਨੇਰੇ ਰਾਹ' ਅਸਲ ਵਿਚ ਮੁਸੀਬਤਾਂ ਝਾਗਦੇ ਮਨੁੱਖ ਦੇ ਰਾਹ ਰੁਸ਼ਨਾਉਣ ਵੱਲ ਵਧਾਏ ਕਦਮ ਹਨ।**




## ਕਾਂਡ ਚੌਧਾਂ – ਭਾਗ ਦੋ

## ਤੁਸੀਂ ਪੜ੍ਹ ਚੁੱਕੇ ਹੋ...

***ਕੈਨੇਡਾ ਵਿਚ ਇੱਕ ਹਾਦਸੇ ਦੌਰਾਨ ਗੁਰਸੀਰ ਸਿੰਘ ਦੇ ਭਣੋਈਏ ਦੀ ਮੌਤ ਹੋ ਜਾਂਦੀ ਹੈ। ਆਪਣੇ ਟੱਬਰ ਦੀ ਸਲਾਹ ਅਤੇ ਹੋਰ ਗਿਣਤੀਆਂ-ਮਿਣਤੀਆਂ ਤੋਂ ਬਾਅਦ ਉਹ ਭਣੋਈਏ ਦੇ ਸਸਕਾਰ ਮੌਕੇ ਕੈਨੇਡਾ ਪੁੱਜ ਜਾਂਦਾ ਹੈ। ਇਸੇ ਤਰ੍ਹਾਂ ਇਕ ਹੋਰ ਨੌਜਵਾਨ ਕਰਨਵੀਰ ਦੀ ਕਹਾਣੀ ਹੈ ਜੋ ਸਪੇਨ ਤੋਂ ਕੈਨੇਡਾ ਪੁੱਜਿਆ ਹੈ। ਕੈਨੇਡਾ ਵਿਚ ਆਪਣੇ ਪੈਰ ਲਾਉਣ ਲਈ ਜਗਸੀਰ ਅਤੇ ਕਰਨਵੀਰ ਦੀ ਜੱਦੋ-ਜਹਿਦ ਸ਼ੁਰੂ ਹੋ ਜਾਂਦੀ ਹੈ। ਕਰਨਵੀਰ ਨੂੰ ਟਰੱਕ ਦਾ ਲਾਇਸੈਂਸ ਲੈਣ ਲਈ ਜੋ ਜਫਰ ਪਾਲਣੇ ਪੈ ਰਹੇ ਹਨ, ਉਹ ਆਪਣੀ ਕਹਾਣੀ ਆਪ ਹੈ। ਟਰੱਕ ਸਨਅਤ ਵਿਚ ਪੈਰ-ਪੈਰ 'ਤੇ ਧੱਕਾ ਅਤੇ ਸ਼ੋਸ਼ਣ। ਇਸੇ ਦੌਰਾਨ ਉਸ ਦੀ ਨੇੜਤਾ ਜੀਤੀ ਨਾਂ ਦੀ ਇਕ ਸਟੂਡੈਂਟ ਨਾਲ ਵਧ ਜਾਂਦੀ ਹੈ। ਹੁਣ ਪੜ੍ਹੋ ਇਸ ਤੋਂ ਅਗਾਂਹ...***

"ਗੁਰਸੀਰ, ਤੈਨੂੰ ਮੈਂ ਨੰਬਰ ਟੈਕਸਟ ਕਰਦਾ ਇਐਂ। ਓਸ 'ਤੇ ਫੋਨ ਕਰ ਕੇ ਡਰਾਈਵਰ ਨਾਲ ਟਾਈਮ ਸੈੱਟ ਕਰ ਲਵੀਂ। ਨਵਾਂ ਡਰਾਈਵਰ ਇਐ। ਕਰਨਵੀਰ ਨਾਂ ਇਐ ਉਹਦਾ। ਸਰੀ ਮੋਟਲ 'ਚ ਐ। ਜੇ ਰਾਈਡ ਦੇ ਸਕਦਾ ਹੋਇਆ ਤਾਂ ਦੇ ਦੇਵੀਂ। ਮੈਂ ਬਾਹਰ ਹਾਂ ਕਿਤੇ।" ਸ਼ਮਿੰਦਰ ਨੇ ਫੋਨ 'ਤੇ ਕਿਹਾ।

ਗੁਰਸੀਰ ਬੋਲਿਆ, "ਭਾਅ ਜੀ, ਤੁਸੀਂ ਮੈਨੂੰ ਸਪੌਂਸਰ ਵਾਲੀ ਚਿੱਠੀ ਤਾਂ ਦਿੰਦੇ ਨੀ। ਮੈਂ ਫਾਈਲ ਲਾਉਣੀ ਹੈ।"

"ਤੂੰ ਆਹ ਗੇੜਾ ਲਾ ਆ। ਆਉਂਦੇ ਨੂੰ ਤਿਆਰ ਪਈ ਹੋਊ।"

"ਤੁਸੀਂ ਪਿਛਲੀ ਵਾਰ ਵੀ ਏਦਾਂ ਹੀ ਕਹਿੰਦੇ ਸੀ। ਮੇਰਾ ਵਰਕ ਪਰਮਿਟ ਮੁੱਕ ਜਾਣੈ। ਫੇਰ ਮੈਂ ਕਿਸੇ ਪਾਸੇ ਜੋਗਾ ਨੀ ਰਹਿਣਾ।"



"ਤੇਰਾ ਵਰਕ ਪਰਮਿਟ ਮੁੱਕ ਗਿਆ ਤਾਂ ਤੈਨੂੰ ਫੇਰ ਐੱਲ ਐੱਮ ਆਈ ਏ ਦੇ ਦੇਵਾਂਗਾ।"

**ਹਰਪ੍ਰੀਤ ਸੇਖਾ**
**ਫੋਨ: +1-778-231-1189**

"ਓਹਦਾ ਫੇਰ ਤੁਸੀਂ ਤੀਹ ਹਜ਼ਾਰ ਮੰਗੋਗੇ।"

"ਤੂੰ ਆਹ ਗੇੜਾ ਲਾ ਆ। ਕਰਦੇ ਇਆਂ ਤੇਰਾ ਕੁਛ।"

"ਮੈਥੋਂ ਹੀ ਬੰਦਾ ਟਰੇਂਡ ਕਰਵਾ ਕੇ ਮੇਰੀ ਥਾਂ ਹੀ ਤੁਸੀਂ ਉਸ ਨੂੰ ਬਹਾ ਦੇਣਾ। ਏਦਾਂ ਨਾ ਕਰੋ ਮੇਰੇ ਨਾਲ।"

"ਤੂੰ ਦੱਸ ਲਿਜਾਣਾ ਨਾਲ ਟਰੇਨੀ ਕਿ ਨਹੀਂ। ਸਿੱਧਾ ਜਵਾਬ ਦੇ?"

ਸ਼ਮਿੰਦਰ ਦੀ ਤੱਤੀ ਆਵਾਜ਼ ਸੁਣ ਕੇ ਗੁਰਸੀਰ ਦਾ ਅੰਦਰ ਭਖਣ ਲੱਗਾ ਪਰ ਉਸ ਨੇ ਆਪਣੇ ਆਪ 'ਤੇ ਕਾਬੂ ਪਾਉਂਦੇ ਹੋਏ ਕਿਹਾ, "ਭਾਅ ਜੀ, ਅੱਗੇ ਦੱਸੋ ਕਦੋਂ ਥੋਨੂੰ ਜਵਾਬ ਦਿੱਤੈ? ਮੇਰੇ ਬਾਰੇ ਵੀ ਸੋਚੋ।"

"ਤੇਰੇ ਬਾਰੇ ਸੋਚ ਕੇ ਹੀ ਤੈਨੂੰ ਸਭ ਤੋਂ ਵੱਧ ਗੇੜੇ ਦਿੰਨਾ ਇਆਂ। ਤੂੰ ਫੇਰ ਵੀ ਨਹੀਂ ਖੁਸ਼ ਹੁੰਦਾ। ਤੂੰ ਹੁਣ ਕੁਛ ਜ਼ਿਆਦਾ ਹੀ ਨਖਰੇ ਜੇ ਕਰਨ ਲੱਗ ਪਿਆ ਇਆਂ।"

"ਨਖਰੇ ਕਾਹਦੇ ਭਾਅ ਜੀ, ਤੁਸੀਂ ਮੇਰੇ ਨਾਲ ਨਿੱਤ ਨਵਾਂ ਟ੍ਰੇਨੀ ਭੇਜ ਦਿੰਨੇ ਆਂ। ਮੈਂ ਇਕ ਸਪੌਂਸਰਸ਼ਿੱਪ ਲੈਟਰ ਮੰਗੀ ਐ, ਉਹ ਤੁਸੀਂ ਦਿੰਦੇ ਨਹੀਂ।"

"ਤੂੰ ਜੇ ਨਹੀਂ ਲਿਜਾਣਾ ਤਾਂ ਕੱਲ੍ਹ ਨੂੰ ਦਫ਼ਤਰ ਆ ਕੇ ਕੁਇੱਟ 'ਤੇ ਸਾਈਨ ਕਰ ਜੀਂ।"

"ਭਾਅ ਜੀ, ਮੈਂ ਕਿਉਂ ਕੰਮ ਕੁਇੱਟ ਕਰੂੰਗਾ। ਮੈਨੂੰ ਤੁਸੀਂ ਲੈਟਰ ਦੇ ਦਿਓ ਭਾਵੇਂ ਦੀ ਖਰਚਾ ਲੈ ਲਿਓ।"

"ਆਹ ਗੇੜਾ ਲਾ ਆ ਕਰਦੇ ਆਂ ਤੇਰਾ ਕੁਛ।" ਆਖ ਕੇ ਸ਼ਮਿੰਦਰ ਨੇ ਫੋਨ ਬੰਦ ਕਰ ਦਿੱਤਾ।

ਗੁਰਸੀਰ ਕੁਝ ਦੇਰ ਉਸੇ ਤਰ੍ਹਾਂ ਹੀ ਬੈਠਾ ਖਾਲੀ-ਖਾਲੀ ਨਜ਼ਰਾਂ ਨਾਲ ਫੋਨ ਵੱਲ ਦੇਖਦਾ ਰਿਹਾ। ਜਿਸ ਤਰੀਕੇ ਨਾਲ ਸ਼ਮਿੰਦਰ ਨੇ ਕਿਹਾ ਸੀ ਕਿ ਕਰਦੇ ਆਂ ਤੇਰਾ ਕੁਛ, ਗੁਰਸੀਰ ਨੂੰ ਲਗਦਾ ਨਹੀਂ ਸੀ ਕਿ ਸ਼ਮਿੰਦਰ ਉਸ ਨੂੰ ਸਪੌਂਸਰਸ਼ਿਪ ਲੈਟਰ ਜਾਂ ਫਰੀ ਐੱਲ ਐੱਮ ਆਈ ਏ ਦੇਵੇਗਾ। ਉਸ ਦਾ ਮਨ ਰਿੱਝਣ ਲੱਗਾ। ਉਹ ਆਪ ਮੁਹਾਰੇ ਹੀ ਬੋਲਿਆ, "ਸਾਲਾ ਸਮਝਦਾ ਪਤਾ ਨੀ ਕੀ ਐ ਆਵਦੇ ਆਪ ਨੂੰ, ਮੈਂ ਵੀ ਨੀ ਲਿਜਾਂਦਾ ਟ੍ਰੇਨੀ ਨੂੰ ਨਾਲ।"

ਗੁਰਸੀਰ ਕੁਝ ਦੇਰ ਸੋਚਦਾ ਰਿਹਾ। ਫਿਰ ਸ਼ਮਿੰਦਰ ਦੇ ਆਏ ਟੈਕਸਟ ਮੈਸੇਜ ਤੋਂ ਨੰਬਰ ਪੜ੍ਹ ਕੇ ਫੋਨ ਮਿਲਾ ਕੇ ਕੁਝ ਪਲ ਫੋਨ ਨੂੰ ਕੰਨ ਨਾਲ਼ ਲਾਈ ਰੱਖਿਆ ਅਤੇ ਫਿਰ ਬਿਨਾਂ ਕੁਝ ਬੋਲੇ ਫੋਨ ਕੱਟ ਦਿੱਤਾ ਅਤੇ ਫੋਨ ਔਫ ਕਰ ਦਿੱਤਾ। ਸਵੇਰੇ ਵੀ ਉਸ ਨੇ ਟਰੱਕ ਲੈ ਕੇ ਜਾਣ ਤੋਂ ਘੰਟਾ ਪਹਿਲਾਂ ਹੀ ਕਰਨਵੀਰ ਨੂੰ ਫੋਨ ਕੀਤਾ। ਉਸ ਨੇ ਆਪਣੇ ਹੱਕ ਵਿਚ ਸਬੂਤ ਖੜ੍ਹੇ ਕਰ ਲਏ ਸਨ ਕਿ ਸ਼ਮਿੰਦਰ ਨੂੰ ਕਹੇਗਾ ਕਿ ਟ੍ਰੇਨੀ ਨੂੰ ਰਾਤ ਪਹਿਲਾਂ ਫੋਨ ਕਰ ਕੇ ਦੱਸ ਦਿੱਤਾ ਸੀ ਅਤੇ ਸਵੇਰੇ ਵੀ ਯਾਰਡ ਵਿਚ ਘੰਟਾ ਉਡੀਕ ਕੇ ਤੁਰ ਪਿਆ ਸੀ। ਗੁਰਸੀਰ ਨੂੰ ਉਮੀਦ ਨਹੀਂ ਸੀ ਕਿ ਸਰੀ ਮੋਟਲ ਤੋਂ ਇਕ ਘੰਟੇ ਵਿਚ ਤਿਆਰ ਹੋ ਕੇ ਟ੍ਰੇਨੀ ਯਾਰਡ ਵਿਚ ਪਹੁੰਚ ਜਾਵੇਗਾ।

---



ਬਿਸਤਰੇ ਵਿਚ ਪਿਆ ਕਰਨਵੀਰ ਸੋਚ ਰਿਹਾ ਸੀ, 'ਉੱਠ ਕੇ ਸਿੱਧਾ ਗੁਰਦੁਆਰੇ ਹੀ ਜਾਵਾਂਗਾ ਤੇ ਉੱਥੇ ਹੀ ਸਵੇਰ ਦੀ ਚਾਹ ਪੀਵਾਂਗਾ ਪਰ ਐਨੀ ਸਵੇਰੇ ਉੱਥੇ ਕੌਣ ਹੋਵੇਗਾ? ਥੋੜ੍ਹਾ ਠਹਿਰ ਕੇ ਚਲਿਆ ਜਾਵਾਂਗਾ।' ਉਹ ਇਨ੍ਹਾਂ ਸੋਚਾਂ ਵਿਚ ਹੀ ਸੀ ਜਦੋਂ ਉਸ ਦਾ ਫੋਨ ਖੜਕ ਪਿਆ। ਕਰਨਵੀਰ ਨੂੰ ਲੱਗਾ ਕਿ ਉਹੀ ਨੰਬਰ ਸੀ ਜਿਸ ਤੋਂ ਰਾਤ ਫੋਨ ਆਇਆ ਸੀ। ਫੋਨ ਕਰਨ ਵਾਲ਼ਾ ਬੋਲਿਆ, "ਮੈਂ ਗੁਰਸੀਰ ਆਂ। ਸ਼ਮਿੰਦਰ ਨੇ ਕਿਹਾ ਤੂੰ ਮੇਰੇ ਨਾਲ਼ ਜਾਣੈ ਲੋਡ ਲੈ ਕੇ। ਘੰਟੇ ਦੇ ਵਿਚ ਵਿਚ ਯਾਰਡ 'ਚ ਪਹੁੰਚ ਜਾਵੀਂ।" ਇਹ ਆਖ ਕੇ ਉਸ ਨੇ ਫੋਨ ਬੰਦ ਕਰ ਦਿੱਤਾ। ਕਰਨਵੀਰ ਨੂੰ ਲੱਗਾ ਕਿ ਸਿਗਨਲ ਦੀ ਕਮਜ਼ੋਰੀ ਕਰ ਕੇ ਫੋਨ ਕੱਟਿਆ ਗਿਆ ਸੀ। ਉਸ ਨੇ ਆਏ ਨੰਬਰ 'ਤੇ ਫੋਨ ਕਰ ਲਿਆ ਪਰ ਘੰਟੀਆਂ ਵੱਜਦੀਆਂ ਰਹੀਆਂ, ਕਿਸੇ ਨੇ ਫੋਨ ਨਾ ਚੁੱਕਿਆ। ਕੁਝ ਦੇਰ ਬਾਅਦ ਉਸ ਨੇ ਫਿਰ ਫੋਨ ਕੀਤਾ, ਕੋਈ ਜਵਾਬ ਨਾ ਮਿਲਿਆ। ਉਹ ਝੱਟ ਬਿਸਤਰੇ ਵਿਚੋਂ ਨਿਕਲਿਆ ਅਤੇ ਆਪਣਾ ਨਿਕਸੁਕ ਇਕੱਠਾ ਕਰਨ ਲੱਗਾ। ਸਮਾਨ ਤਾਂ ਲਗਪਗ ਸੰਭਾਲਿਆ ਹੋਇਆ ਹੀ ਸੀ ਪਰ ਉਸ ਨੂੰ ਇਹ ਉਮੀਦ ਨਹੀਂ ਸੀ ਕਿ ਐਨੀ ਜਲਦੀ ਕਿਸੇ ਥਾਂ 'ਤੇ ਜਾਣਾ ਪਵੇਗਾ। ਉਸ ਨੂੰ ਤਾਂ ਇਹ ਵੀ ਪੱਕਾ ਪਤਾ ਨਹੀਂ ਸੀ ਕਿ ਡਰਾਈਵਰ ਦੇ ਕਹੇ 'ਯਾਰਡ' ਦਾ ਮਤਲਬ ਟਰੱਕ ਕੰਪਨੀ ਦੇ ਦਫ਼ਤਰ ਵਾਲੀ ਥਾਂ ਸੀ ਜਾਂ ਕੋਈ ਹੋਰ। ਕਰਨਵੀਰ ਨੇ ਇਹ ਜਾਣਨ ਲਈ ਮੁੜ ਫੋਨ ਮਿਲਾ ਲਿਆ ਪਰ ਨਤੀਜਾ ਪਹਿਲੇ ਵਾਲ਼ਾ ਹੀ ਰਿਹਾ। ਫਿਰ ਉਸ ਨੇ ਟਰੱਕ ਕੰਪਨੀ ਦੇ ਮਾਲਕ, ਸ਼ਮਿੰਦਰ ਦਾ ਫੋਨ ਨੰਬਰ ਮਿਲਾ ਲਿਆ। ਇਹ ਮਿਲਾਉਂਦਿਆਂ ਉਸ ਨੂੰ ਸ਼ਮਿੰਦਰ ਦੀ ਕਿਸੇ ਐਮਰਜੈਂਸੀ ਵਿਚ ਹੀ ਫੋਨ ਕਰਨ ਦੀ ਚਿਤਾਵਨੀ ਚੇਤੇ ਆਈ। ਕਰਨਵੀਰ ਨੂੰ ਲੱਗਾ ਕਿ ਇਹ ਵੀ ਤਾਂ ਐਮਰਜੈਂਸੀ ਹੀ ਸੀ ਪਰ ਇਸ ਨੰਬਰ 'ਤੇ ਵੀ ਉਹੀ ਨਤੀਜਾ ਸੀ। ਕਰਨਵੀਰ ਤਾਂ ਹਾਲੇ ਨਹਾਤਾ ਵੀ ਨਹੀਂ ਸੀ। ਉਸ ਨੂੰ ਲਗਦਾ ਸੀ ਕਿ ਜਿਸ ਡਰਾਈਵਰ ਨਾਲ਼ ਉਸ ਨੇ ਟਰੱਕ 'ਤੇ ਜਾਣਾ ਹੋਵੇਗਾ, ਉਹੀ ਉਸ ਨੂੰ ਇਸ ਮੋਟਲ ਵਿਚੋਂ ਲੈ ਜਾਵੇਗਾ ਪਰ ਡਰਾਈਵਰ ਨੇ ਤਾਂ ਪੱਕਾ ਟਿਕਾਣਾ ਵੀ ਨਹੀਂ ਸੀ ਦੱਸਿਆ। ਕਰਨਵੀਰ ਗ਼ੁਸਲਖਾਨੇ ਵਿਚ ਗਿਆ। ਛੇਤੀ-ਛੇਤੀ ਬੁਰਸ਼ ਕਰ ਕੇ ਮੂੰਹ-ਹੱਥ ਧੋਤੇ ਅਤੇ ਕੱਪੜੇ ਪਾ ਕੇ ਮੋਟਲ ਦੀ ਲੌਬੀ ਵਿਚ ਆ ਗਿਆ। ਉਸ ਨੇ ਇਕ ਵਾਰ ਫਿਰ ਆਏ ਨੰਬਰ 'ਤੇ ਫੋਨ ਮਿਲਾਇਆ ਪਰ ਕੋਈ ਜਵਾਬ ਨਾ ਮਿਲਿਆ। ਕਰਨਵੀਰ ਨੇ ਮੋਟਲ ਦੀ ਰੀਸੈਪਸ਼ਨਿਸਟ ਨੂੰ ਆਖ ਕੇ ਟੈਕਸੀ ਮੰਗਵਾ ਲਈ ਤੇ ਪੇਪਰਾਂ 'ਤੇ ਲਿਖੇ ਟਰੱਕ ਕੰਪਨੀ ਦੇ ਪਤੇ ਵੱਲ ਚੱਲ ਪਿਆ।

---

ਟੈਕਸੀ 'ਚੋਂ ਨਿਕਲ ਕੇ ਦੋਹਾਂ ਹੱਥਾਂ ਨਾਲ਼ ਇਕ-ਇਕ ਅਟੈਚੀ ਧੂੰਹਦਾ ਕਰਨਵੀਰ ਵਾਹੋ-ਦਾਹੀ ਟਰੱਕ ਵੱਲ ਵਧਿਆ। ਟੈਕਸੀ ਗੇਟ 'ਤੇ ਰੁਕੀ ਸੀ। ਟੈਕਸੀ ਦਾ ਕਿਰਾਇਆ ਚੁਕਾਉਂਦਿਆਂ ਕਰਨਵੀਰ ਨੇ ਕਿਸੇ ਨੂੰ ਟਰੱਕ ਵਿਚ ਚੜ੍ਹਦੇ ਦੇਖ ਲਿਆ ਸੀ। ਕਰਨਵੀਰ ਨੇ ਸੁੱਖ ਦਾ ਸਾਹ ਲਿਆ ਕਿ ਉਹ ਸਹੀ ਸਮੇਂ 'ਤੇ ਸਹੀ ਥਾਂ ਪਹੁੰਚ ਗਿਆ ਸੀ। ਟਰੱਕ ਦਾ ਇੰਜਣ ਚੱਲ ਰਿਹਾ ਸੀ। ਆਪਣੇ ਮੋਢਿਆਂ 'ਤੇ ਪਿੱਠੂ ਟਿਕਾਉਂਦੇ ਕਰਨਵੀਰ ਨੇ ਦੇਖਿਆ ਕਿ ਟਰੱਕ ਤੁਰ ਪਿਆ ਸੀ। ਟਰੱਕ ਦਾ ਮੂੰਹ ਉਲਟ ਦਿਸ਼ਾ ਵੱਲ ਸੀ ਜਿੱਧਰ ਅੰਗਰੇਜ਼ੀ ਵਿਚ ਬਾਹਰ ਦਾ ਰਸਤਾ ਲਿਖਿਆ ਹੋਇਆ ਸੀ। ਕਰਨਵੀਰ ਨੇ ਉੱਚੀ ਆਵਾਜ਼ ਵਿਚ "ਸਟਾਪ ਸਟਾਪ" ਕਿਹਾ ਅਤੇ ਚੁਕਵੇਂ ਪੈਰੀਂ ਹੋ ਗਿਆ। ਉਸ ਨੇ ਸੋਚਿਆ ਕਿ ਖੜਕੇ ਵਿਚ ਡਰਾਈਵਰ ਨੂੰ ਆਵਾਜ਼ ਨਹੀਂ ਸੁਣੀ ਹੋਵੇਗੀ। ਹਫੜਾ-ਦਫੜੀ ਵਿਚ ਉਹ ਅਟੈਚੀ ਹੱਥੋਂ ਛੱਡ ਕੇ ਰੁਕਣ ਦੇ ਇਸ਼ਾਰੇ ਕਰਦਾ ਟਰੱਕ ਵੱਲ ਭੱਜ ਪਿਆ। ਟਰੱਕ ਦੀ ਤਾਕੀ ਕੋਲ ਪਹੁੰਚ ਕੇ ਉਸ ਨੇ "ਗੁਰਸੀਰ ਵੀਰੇ, ਗੁਰਸੀਰ ਵੀਰੇ" ਕਿਹਾ ਪਰ ਗੁਰਸੀਰ ਨੇ ਉਸ ਵੱਲ ਦੇਖਿਆ ਹੀ ਨਾ। ਕਰਨਵੀਰ ਨੇ ਭੱਜ ਕੇ ਟਰੱਕ ਤੋਂ ਅਗਾਂਹ ਨਿਕਲ਼ ਕੇ ਦੋਹੇਂ ਹੱਥ ਉੱਪਰ ਚੁੱਕ ਕੇ ਹਿਲਾਏ। ਟਰੱਕ ਰੁਕ ਗਿਆ। ਕਰਨਵੀਰ ਨੇ ਮੁੜ ਤਾਕੀ ਕੋਲ ਆ ਕੇ ਕਿਹਾ, "ਤੁਸੀਂ ਗੁਰਸੀਰ ਈ ਓ ਨਾ?"

"ਕਿਉਂ?"

"ਮੈਂ ਕਰਨਵੀਰ ਆਂ ਜੀ। ਤੁਹਾਡਾ ਫੋਨ ਆਇਆ ਸੀ।"

ਗੁਰਸੀਰ ਕੁਝ ਨਾ ਬੋਲਿਆ। ਕਰਨਵੀਰ ਨੇ ਇਹ ਉਸ ਦੀ ਹਾਮੀ ਸਮਝੀ, "ਮੇਰੇ ਕੋਲ ਸਮਾਨ ਏ ਜੀ, ਨਾਲ਼ ਲੈ ਕੇ ਜਾਣਾ ਏ। ਹੋਰ ਕਿਤੇ ਰੱਖਣ ਦਾ ਟਿਕਾਣਾ ਨਹੀਂ।" ਗੁਰਸੀਰ ਨੇ ਕੁਝ ਬੁੜ-ਬੁੜ ਕੀਤੀ ਜਿਹੜੀ ਕਰਨਵੀਰ ਨੂੰ ਨਾ ਸੁਣੀ। ਉਹ ਆਪਣੇ ਅਟੈਚੀਆਂ ਵੱਲ ਦੌੜਿਆ ਅਤੇ ਸਾਹੋ-ਸਾਹ ਹੋਏ ਨੇ ਮੁੜ ਟਰੱਕ ਕੋਲ ਆ ਕੇ ਸਵਾਰੀ ਵਾਲੀ ਤਾਕੀ ਖੋਲ੍ਹ ਕੇ ਪਹਿਲਾਂ ਵੱਡਾ ਅਟੈਚੀ ਅੰਦਰ ਧੱਕਿਆ, ਫਿਰ ਛੋਟਾ ਅਟੈਚੀ ਅੰਦਰ ਸੁੱਟ ਕੇ ਟਰੱਕ ਵਿਚ ਚੜ੍ਹ ਗਿਆ। ਗੁਰਸੀਰ ਨੇ ਟਰੱਕ ਤੋਰ ਲਿਆ। ਕਰਨਵੀਰ ਨੇ ਤੁਰਦੇ ਟਰੱਕ ਵਿਚ ਹੀ ਅਟੈਚੀ ਕੈਬਿਨ 'ਚ ਰੱਖੇ ਤੇ ਸੀਟ 'ਤੇ ਬੈਠਦਾ ਬੋਲਿਆ, "ਸੌਰੀ ਵੀਰੇ, ਤੁਹਾਨੂੰ ਉਡੀਕ ਕਰਵਾਈ। ਮੈਂ ਤਾਂ ਥੋਡਾ ਫੋਨ ਸੁਣਨ ਸਾਰ ਹੀ ਤੁਰ ਪਿਆ ਸੀ।"

ਗੁਰਸੀਰ ਨੇ ਕੋਈ ਜਵਾਬ ਨਾ ਦਿੱਤਾ। ਕਰਨਵੀਰ ਨੇ ਸੋਚਿਆ ਕਿ ਆਪਣੀ ਸਫ਼ਾਈ ਵਿਚ ਕੁਝ ਹੋਰ ਕਹੇ। ਫਿਰ ਉਸ ਨੇ ਸੋਚਿਆ ਕਿ ਕੁਝ ਦੇਰ ਠਹਿਰ ਕੇ ਆਖ ਦੇਵੇਗਾ, ਸ਼ਾਇਦ ਉਦੋਂ ਤਕ ਇਸ ਦਾ ਗੁੱਸਾ ਕੁਝ ਠੰਢਾ ਹੋ ਜਾਵੇ।

"ਲੈ ਤੂੰ ਪੈ ਜਾ ਮੂਹਰੇ, ਜਦੋਂ ਚਿੱਥ ਕੇ ਰੱਖ'ਤਾ ਖੁਰਚ-ਖੁਰਚ ਕੇ ਲਾਹੁਣਾ ਪਊ ਰੋਡ ਤੋਂ। ਭੈਣ ਦੇ---।" ਕਰਨਵੀਰ ਨੂੰ ਗੁਰਸੀਰ ਦੇ ਇਹ ਬੋਲ ਸੁਣੇ। ਕਰਨਵੀਰ ਨੂੰ ਕੁਝ ਸਮਝ ਨਾ ਲੱਗੀ। ਉਹ ਆਪਣੀਆਂ ਸੋਚਾਂ ਵਿਚ ਹੀ ਉਲਝਿਆ ਹੋਇਆ ਸੀ। ਉਸ ਨੇ ਗੁਰਸੀਰ ਵੱਲ ਦੇਖਿਆ, ਫਿਰ ਸੜਕ ਵੱਲ। ਲੇਨ ਬਦਲ ਕੇ ਇਕ ਕਾਰ ਟਰੱਕ ਦੇ ਮੂਹਰੇ ਪੈ ਗਈ ਸੀ। ਕਰਨਵੀਰ ਨੂੰ ਲੱਗਾ ਕਿ ਟਰੱਕ ਵਿਚਲੀ ਚੁੱਪ ਤੋੜਨ ਲਈ ਢੁਕਵਾਂ ਮੌਕਾ ਹੈ। ਉਹ ਬੋਲਿਆ, "ਟਰੱਕਾਂ ਵਾਲਿਆਂ ਨੂੰ ਲੋਕ ਸਮਝਦੇ ਹੀ ਕੁਛ ਨਹੀਂ।" ਗੁਰਸੀਰ ਨੇ ਉਸ ਵੱਲ ਕੋਈ ਧਿਆਨ ਨਾ ਦਿੱਤਾ। ਉਹ ਚੁਰਸਤੇ ਤੋਂ ਟਰੱਕ ਸੱਜੇ ਮੋੜਨ ਲੱਗਾ। ਕਰਨਵੀਰ ਬਾਹਰ ਵੱਲ ਦੇਖਣ ਲੱਗਾ। ਉਸ ਦਾ ਜੀਅ ਕਰਦਾ ਸੀ ਕਿ ਗੁਰਸੀਰ ਉਸ ਨਾਲ਼ ਗੱਲਾਂ ਕਰੇ। ਉਸ ਨੇ ਫਿਰ ਗੁਰਸੀਰ ਵੱਲ ਦੇਖ ਕੇ ਕਿਹਾ, "ਵੀਰੇ, ਇਹ ਗੁਰਦੁਆਰੇ ਵਾਲੀ ਸੜਕ ਈ ਏ ਨਾ?" ਗੁਰਸੀਰ ਨੇ ਕੋਈ ਹੁੰਗਾਰਾ ਨਾ ਭਰਿਆ। ਕਰਨਵੀਰ ਫਿਰ ਬਾਹਰ ਵੱਲ ਦੇਖਣ ਲੱਗਾ। ਕੁਝ ਦੇਰ ਬਾਅਦ ਉਸ ਨੂੰ ਫਿਰ ਗੁਰਸੀਰ ਦੀ ਆਵਾਜ਼ ਸੁਣੀ।

"ਕੱਢ ਦਿੰਦਾ ਭੈਣ ਦਿਆ ਖਸਮਾਂ। ਪਤਾ ਨੀ ਕਿੱਥੋਂ ਲਾਈਸੰਸ ਲੈ ਕੇ ਆ ਜਾਂਦੇ ਆ।" ਗੁਰਸੀਰ ਦੇ ਇਹ ਬੋਲ ਸੁਣ ਕੇ ਕਰਨਵੀਰ ਨੇ ਤਾਕੀ ਦੇ ਸ਼ੀਸ਼ੇ ਵੱਲੋਂ ਧਿਆਨ ਹਟਾ ਕੇ ਅੱਗੇ ਵੱਲ ਦੇਖਿਆ। ਬੱਤੀ ਲਾਲ ਹੋ ਗਈ ਸੀ। ਟਰੱਕ ਦੇ ਮੂਹਰਲੀ ਕਾਰ ਰੁਕ ਗਈ ਸੀ। ਮਗਰ ਹੀ ਉਨ੍ਹਾਂ ਦਾ ਟਰੱਕ ਰੁਕ ਗਿਆ ਸੀ। ਕਰਨਵੀਰ ਨੇ ਸੋਚਿਆ ਕਿ ਜੇ ਟਰੱਕ ਦੇ ਮਗਰ ਟਰਾਲਾ ਹੁੰਦਾ, ਇਹ ਨਹੀਂ ਸੀ ਰੁਕਣਾ। ਕਾਰ ਨੂੰ ਦਰੜ ਦਿੰਦਾ। ਕਰਨਵੀਰ ਨੇ ਗੁਰਸੀਰ ਵੱਲ ਦੇਖਿਆ। ਉਸ ਦੇ ਚਿੱਤ 'ਚ ਆਈ ਕਿ ਪੁੱਛੇ, 'ਵੀਰ, ਗੁੱਸਾ ਕਿਹੜੀ ਗੱਲ ਦਾ ਏ?' ਗੁਰਸੀਰ ਦੀ ਚੜ੍ਹੀ ਤਿਊੜੀ ਦੇਖ ਕੇ ਉਸ ਨੇ ਇਰਾਦਾ ਬਦਲ ਲਿਆ। ਟਰੱਕ 'ਚ ਪ੍ਰੇਸ਼ਾਨ ਬੈਠੇ ਕਰਨਵੀਰ ਨੂੰ ਸਮਝ ਨਹੀਂ ਸੀ ਲੱਗ ਰਹੀ ਕਿ ਗੁਰਸੀਰ ਐਨਾ ਗੁੱਸੇ ਵਿਚ ਕਿਉਂ ਸੀ। ਉਸ ਦੀ ਤਾਂ ਸਾਰੀ ਆਸ ਹੀ ਇਸ 'ਤੇ ਸੀ ਪਰ ਇਹ ਉਸ ਵੱਲ ਦੇਖ ਤੱਕ ਨਹੀਂ ਸੀ ਰਿਹਾ। ਘੰਟੇ ਦੇ ਅੰਦਰ-ਅੰਦਰ ਹੀ ਤਾਂ ਉਹ 'ਯਾਰਡ' ਵਿਚ ਪਹੁੰਚ ਗਿਆ ਸੀ।

ਗੁਰਸੀਰ ਨੇ ਉਸ ਵੱਲ ਕੀ ਦੇਖਣਾ ਸੀ, ਉਸ ਦੇ ਦਿਮਾਗ਼ ਵਿਚ ਤਾਂ ਕਰਨਵੀਰ ਨੂੰ ਟਰੱਕ 'ਚੋਂ ਲਾਹੁਣ ਦੀਆਂ ਵਿਉਂਤਾਂ ਚੱਲ ਰਹੀਆਂ ਸਨ। ਸ਼ਮਿੰਦਰ ਪ੍ਰਤੀ ਗੁਰਸੀਰ ਦੇ ਚਿੱਤ ਵਿਚ ਉਬਾਲ ਉੱਠਿਆ। ਉਸ ਨੇ ਆਪਣੇ ਜਣੇ ਆਪਣੇ ਚਿੱਤ 'ਚ ਹੀ ਉਸ ਨੂੰ ਗਾਲ੍ਹ ਕੱਢੀ ਪਰ ਇਹ ਉਸ ਦੇ ਬੁੱਲ੍ਹਾਂ 'ਤੇ ਆ ਕੇ ਬੁੜ-ਬੁੜ ਬਣ ਗਈ। ਗੁਰਸੀਰ ਦੀ ਬੁੜ-ਬੁੜ ਸੁਣ ਕੇ ਕਰਨਵੀਰ ਨੇ ਉਸ ਵੱਲ ਦੇਖਿਆ। ਗੁਰਸੀਰ ਆਪਣੇ ਧਿਆਨ ਵਿਚ ਹੀ ਸੀ। ਕੁਝ ਦੇਰ ਬਾਅਦ ਉਹ ਐਨਸਿਸ ਆਈਲੈਂਡ ਪਹੁੰਚ ਗਏ। ਗੁਰਸੀਰ ਟਰੱਕ ਨੂੰ ਪਿਛਾਂਹ ਕਰ ਕੇ ਟਰਾਲਾ ਜੋੜਨ ਲੱਗਾ। ਕਰਨਵੀਰ ਆਪਣੀ ਸੀਟ ਤੋਂ ਅਗਾਂਹ ਨੂੰ ਹੋ ਕੇ ਬਾਰੀ ਨਾਲ਼ ਲੱਗੇ ਸ਼ੀਸ਼ੇ ਰਾਹੀਂ ਬੈਕ ਹੁੰਦਾ ਟਰੱਕ ਦੇਖਣ ਲੱਗਾ।

"ਮੈਂ ਮਿਰਰ ਵਿਚ ਦੇਖਦਾਂ, ਤੂੰ ਆਵਦਾ ਸਿਰ 'ਗਾਂਹ ਨੂੰ ਕਰ ਕੇ ਮੇਰੀ ਵਿਜ਼ਨ ਬਲੌਕ ਕਰੀ ਜਾਨੈਂ।" ਗੁਰਸੀਰ ਦੇ ਹਰਖੇ ਬੋਲ ਸੁਣ ਕੇ ਕਰਨਵੀਰ ਨੇ "ਸੌਰੀ ਵੀਰੇ" ਕਿਹਾ ਅਤੇ ਪਿੱਛੇ ਹੋ ਕੇ ਢੋਅ ਲਾ ਲਿਆ। ਟਰੱਕ ਪਿੱਛੇ ਕਰ ਕੇ ਗੁਰਸੀਰ ਟਰੱਕ ਵਿਚੋਂ ਉੱਤਰ ਗਿਆ। ਕਰਨਵੀਰ ਵੀ ਟਰੱਕ ਵਿਚੋਂ ਬਾਹਰ ਆ ਗਿਆ। ਉਸ ਨੇ ਸੋਚਿਆ ਕਿ ਗੁਰਸੀਰ ਨੂੰ ਪ੍ਰਭਾਵਤ ਕਰਨ ਦਾ ਮੌਕਾ ਹੈ। ਉਹ ਬੋਲਿਆ, "ਵੀਰੇ, ਮੈਂ ਕਰ ਦਿੰਨਾ ਵਾਂ ਕਪਲਿੰਗ।"

"ਮੈਨੂੰ ਆਉਂਦੀ ਐ ਕਰਨੀ।" ਆਖ ਕੇ ਗੁਰਸੀਰ ਟਰੱਕ ਨੂੰ ਟਰਾਲੇ ਨਾਲ਼ ਜੋੜਨ ਲੱਗ ਪਿਆ। ਕਰਨਵੀਰ ਉਸ ਨੂੰ ਦੇਖਦਾ ਰਿਹਾ ਪਰ ਹੋਰ ਕੁਝ ਪੁੱਛਣ ਦਾ ਉਸ ਦਾ ਹੌਸਲਾ ਨਾ ਪਿਆ। ਕਰਨਵੀਰ ਦੇ ਧਿਆਨ ਵਿਚ ਆਇਆ ਕਿ ਟਰੱਕ ਹੱਥੀਂ ਗੇਅਰਾਂ ਵਾਲ਼ਾ ਸੀ। ਜਿਹੜੇ ਟਰੱਕ ਉਸ ਨੇ ਚਲਾਏ ਸਨ, ਉਹ ਸਾਰੇ ਆਟੋਮੈਟਿਕ ਸਨ। ਹੱਥੀਂ ਗੇਅਰ ਬਦਲਦੇ ਗੁਰਸੀਰ ਨੂੰ ਕਰਨਵੀਰ ਧਿਆਨ ਨਾਲ਼ ਦੇਖਣ ਲੱਗਾ। ਟਰਾਲਾ ਜੋੜ ਕੇ ਟਰੱਕ ਦੇ ਤੁਰਨ ਤੋਂ ਬਾਅਦ ਵੀ ਕਰਨਵੀਰ ਦਾ ਕੋਈ ਪ੍ਰਸ਼ਨ ਪੁੱਛਣ ਲਈ ਹੌਸਲਾ ਨਾ ਪਿਆ।

ਗੁਰਸੀਰ ਦੀਆਂ ਸੋਚਾਂ ਵਿਚੋਂ ਸ਼ਮਿੰਦਰ ਪਾਸੇ ਨਹੀਂ ਸੀ ਹੋਇਆ। ਗੁਰਸੀਰ ਨੂੰ ਲਗਦਾ ਸੀ ਕਿ ਇਸ ਗੇੜੇ ਤੋਂ ਬਾਅਦ ਵੀ ਸ਼ਮਿੰਦਰ ਉਸ ਨੂੰ ਸਪੌਂਸਰਸ਼ਿਪ ਵਾਲੀ ਚਿੱਠੀ ਨਹੀਂ ਦੇਵੇਗਾ। ਉਸ ਨੂੰ ਲਗਦਾ ਸੀ ਕਿ ਸ਼ਮਿੰਦਰ ਉਸ ਦਿਨ ਤੋਂ ਹੋਰ ਵੀ ਜ਼ਿਆਦਾ ਢਿੱਲ-ਮੱਠ ਕਰਨ ਲੱਗਾ ਸੀ ਜਿਸ ਦਿਨ ਉਸ ਨੇ ਵਾਪਸੀ ਗੇੜੇ ਦੀ ਉਡੀਕ ਵਾਲੇ ਸਮੇਂ ਦੇ ਪੈਸੇ ਦੇਣ ਲਈ ਕਿਹਾ ਸੀ। ਸ਼ਮਿੰਦਰ ਪ੍ਰਤੀ ਅੰਦਰੇ-ਅੰਦਰ ਵਿਹੁ ਘੋਲਦੇ ਗੁਰਸੀਰ ਨੇ ਐਨਸਿਸ ਆਈਲੈਂਡ ਤੋਂ ਟਰਾਲਾ ਜੋੜ ਕੇ ਟਰਾਂਟੋ ਜਾਣ ਲਈ ਟਰੱਕ ਦਾ ਰੁਖ ਐਲੈਕਸ ਫ਼ਰੇਜ਼ਰ ਬ੍ਰਿੱਜ ਵੱਲ ਕਰ ਲਿਆ। ਜਦੋਂ ਟਰੱਕ ਐਲਕਸ ਫ਼ਰੇਜ਼ਰ ਪੁਲ 'ਤੇ ਚੜ੍ਹਿਆ ਤਾਂ ਕਰਨਵੀਰ ਨੂੰ ਸਿਆਣ ਆ ਗਈ। ਇਹ ਪੁਲ ਹੀ ਉਸ ਨੇ ਦੋ ਦਿਨ ਪਹਿਲਾਂ ਪਾਰ ਕੀਤਾ ਸੀ। ਉਸ ਦੇ ਚਿੱਤ 'ਚ ਆਈ ਕਿ ਉਹ ਇਸ ਬਾਰੇ ਗੁਰਸੀਰ ਨੂੰ ਦੱਸੇ ਪਰ ਉਸ ਨੇ ਝੱਟ ਇਰਾਦਾ ਬਦਲ ਲਿਆ। ਉਸ ਨੇ ਸੋਚਿਆ ਕਿ ਅੱਗੇ ਜਾ ਕੇ ਕੋਈ ਗੱਲ ਸ਼ੁਰੂ ਕਰ ਲਵੇਗਾ। ਕਿੰਨੀ ਕੁ ਦੇਰ ਇਹ ਚੁੱਪ ਰਹਿ ਲਵੇਗਾ। ਉਸ ਨੇ ਪੁਲ ਤੋਂ ਆਸੇ-ਪਾਸੇ ਦੇਖਿਆ ਤੇ ਮੁੜ ਆਪਣਾ ਧਿਆਨ ਗੇਅਰ ਬਦਲ ਰਹੇ ਗੁਰਸੀਰ ਦੇ ਹੱਥ ਵੱਲ ਕਰ ਲਿਆ। ਟਰੱਕ ਦੇ ਐਲਿਕਸ ਫ਼ਰੇਜ਼ਰ ਪੁਲ ਪਾਰ ਕਰ ਕੇ ਹਾਈਵੇ 'ਤੇ ਪੈਣ ਤਕ ਕਰਨਵੀਰ ਜਕਾਂ-ਤਕਾਂ ਵਿਚ ਰਿਹਾ ਕਿ ਉਹ ਗੁਰਸੀਰ ਨੂੰ ਦੱਸੇ ਜਾਂ ਨਾ। ਕਦੇ ਉਸ ਨੂੰ ਲਗਦਾ ਸੀ ਕਿ ਉਹ ਹੱਥੀਂ ਗੇਅਰਾਂ ਵਾਲ਼ਾ ਟਰੱਕ ਚਲਾ ਲਵੇਗਾ, ਕਦੇ ਲਗਦਾ ਕਿ ਸਿੱਖੇ ਤੋਂ ਬਿਨਾਂ ਉਸ ਤੋਂ ਚਲਾ ਨਹੀਂ ਹੋਣਾ। ਜਿਸ ਤਰ੍ਹਾਂ ਉਸ ਨੂੰ ਗੁਰਸੀਰ ਦਾ ਮੂੰਹ ਸੁੱਜਿਆ ਲੱਗ ਰਿਹਾ ਸੀ, ਉਸ ਨੂੰ ਉਮੀਦ ਨਹੀਂ ਸੀ ਕਿ ਉਹ ਉਸ ਨੂੰ ਸਿਖਾਵੇਗਾ। ਅਖ਼ੀਰ ਉਸ ਨੇ ਸੋਚਿਆ ਕਿ ਦੱਸ ਹੀ ਦੇਵੇ, ਹਾਲੇ ਤਾਂ ਉਹ ਵੈਨਕੂਵਰ ਦੀ ਹੱਦ ਅੰਦਰ ਹੀ ਸਨ; ਜੇ ਇਸ ਨੇ ਲਾਹੁਣਾ ਹੋਇਆ, ਲਾਹ ਦੇਵੇਗਾ। ਉਹ ਬੋਲਿਆ, "ਵੀਰੇ, ਮੈਂ ਕਦੇ ਗੇਅਰਾਂ ਵਾਲਾ ਟਰੱਕ ਨਹੀਂ ਚਲਾਇਆ।" ਗੁਰਸੀਰ ਤਾਂ ਪਹਿਲਾਂ ਹੀ ਭਰਿਆ ਪੀਤਾ ਬੈਠਾ ਸੀ, ਉਹ ਭੜਕ ਦੇਣੇ ਬੋਲਿਆ, "ਭੈਣ ਦੀ--- ਤੈਨੂੰ ਹੁਣ ਚੇਤਾ ਆਇਆ ਦੱਸਣ ਦਾ।" ਆਖਦਿਆਂ ਉਸ ਨੇ ਟਰੱਕ ਨੂੰ ਬਰੇਕਾਂ ਮਾਰੀਆਂ। ਟਰੱਕ ਡੋਲ ਗਿਆ ਪਰ ਗੁਰਸੀਰ ਨੇ ਸੰਭਾਲ਼ ਲਿਆ। ਗਾਲ੍ਹ ਸੁਣ ਕੇ ਕਰਨਵੀਰ ਅੰਦਰ ਗੁੱਸਾ ਉੱਠਿਆ ਪਰ ਉਹ ਇਸ ਨੂੰ ਪੀ ਗਿਆ। ਗੁਰਸੀਰ ਨੇ ਟਰੱਕ ਪਾਸੇ 'ਤੇ ਖੜ੍ਹਾ ਕਰ ਲਿਆ। ਉਸ ਨੇ ਸ਼ਮਿੰਦਰ ਨੂੰ ਫੋਨ ਮਿਲਾ ਲਿਆ। "ਥੋਡਾ ਇਹ ਡਰਾਈਵਰ ਤਾਂ ਕਹਿੰਦਾ ਗੇਅਰਾਂ ਆਲਾ ਟਰੱਕ ਚਲਾਇਆ ਨੀ ਕਦੇ। ਕਿਸੇ ਆਟੋਮੈਟਿਕ ਟਰੱਕ 'ਤੇ ਭੇਜ ਦਿਓ ਏਹਨੂੰ।"

"ਸਿਖਾਦੀਂ ਰਾਹ 'ਚ। ਇਹ ਕਿਹੜੀ ਗੱਲ ਇਆ। ਐਈਂ ਸਿੱਖਦੇ ਇਆ ਸਾਰੇ।" ਸ਼ਮਿੰਦਰ ਬੋਲਿਆ।

"ਮੈਂ ਫਿਰ ਸੌਊਂਗਾ ਕਦੋਂ। ਮੇਰੇ 'ਤੇ ਮਿਹਰ ਕਰੋ ਕੁਛ। ਇਹ ਕਹਿੰਦਾ, ਇਹਦੇ ਤੋਂ ਨੀ ਚਲਾਇਆ ਜਾਣਾ।" ਟਰੱਕ ਦੇ ਸਪੀਕਰ ਰਾਹੀਂ ਕਰਨਵੀਰ ਉਨ੍ਹਾਂ ਦੀ ਗੱਲਬਾਤ ਸੁਣ ਰਿਹਾ ਸੀ। ਇਹ ਸੁਣ ਕੇ ਉਹ ਬੋਲਿਆ, "ਮੈਂ ਇਉਂ ਨਹੀਂ ਕਿਹਾ ਕਿ ਚਲਾ ਨਹੀਂ ਸਕਦਾ। ਮੈਂ ਤਾਂ ਏਦਾਂ ਕਹਿਨਾ ਵਾਂ ਕਿ ਮੈਂ ਗੇਅਰਾਂ ਵਾਲ਼ਾ ਟਰੱਕ ਕਦੇ ਚਲਾਇਆ ਨਹੀਂ।" ਇਹ ਸੁਣ ਕੇ ਗੁਰਸੀਰ ਨੇ ਉਸ ਵੱਲ ਖਾ ਜਾਣ ਵਾਲੀ ਨਿਗ੍ਹਾ ਨਾਲ਼ ਦੇਖਿਆ।

ਸ਼ਮਿੰਦਰ ਬੋਲਿਆ, "ਗੁਰਸੀਰ ਲੈ ਜਾ। ਕੈਲਗਰੀ ਤੋਂ ਅੱਗੇ ਰਾਹ ਸਿੱਧਾ ਇਆ। ਓਥੋਂ ਫੜਾ ਦੀਂ ਟਰੱਕ ਇਹਨੂੰ। ਮੁੜ ਕੇ ਆਏ ਦਾ ਤੇਰਾ ਮਸਲਾ ਹੱਲ ਕਰਦੇ ਇਆਂ।" ਗੁਰਸੀਰ ਨੇ ਢਿੱਲੀ ਆਵਾਜ਼ 'ਚ "ਠੀਕ ਐ" ਕਿਹਾ। ਉਸ ਨੂੰ ਇਸ ਗੱਲ ਦੀ ਸਮਝ ਨਹੀਂ ਲੱਗੀ ਕਿ ਸ਼ਮਿੰਦਰ ਨੇ ਉਸ ਨੂੰ ਨੌਕਰੀ ਤੋਂ ਕੱਢਣ ਦੀ ਧਮਕੀ ਦਿੱਤੀ ਸੀ ਜਾਂ ਉਹ ਸੱਚ ਹੀ ਉਸ ਨੂੰ ਸਪੌਂਸਰ ਲੈਟਰ ਦੇ ਦੇਵੇਗਾ। ਉਸ ਨੇ ਟਰੱਕ ਤੋਰ ਲਿਆ। ਟਰੱਕ ਵਿਚ ਪਹਿਲਾਂ ਵਾਲ਼ਾ ਤਣਾਅ ਫਿਰ ਪੱਸਰ ਗਿਆ। ***(ਚੱਲਦਾ)***

# ਮਨ-ਮੱਤਾਂ, ਕਰਮ ਕਾਂਡਾਂ ਵਿਚ ਸਕੂਨ ਭਾਲਦੇ ਅਤੇ ਭਟਕਦੇ ਸਿੱਖ

ਅਮਰਜੀਤ ਸਿੰਘ ਮੁਲਤਾਨੀ

ਇਹ 80 ਵੇਂ ਦਹਾਕੇ ਦੀ ਗੱਲ ਹੈ, ਮੈਂ ਉਦੋਂ ਟਾਂਡਾ ਉੜਮੜ ਦੇ ਸਰਕਾਰੀ ਸੈਕੰਡਰੀ ਸਕੂਲ ਵਿਚ ਅੱਠਵੀਂ ਜਮਾਤ ਦਾ ਵਿਦਿਆਰਥੀ ਸੀ। ਹਰ ਸਾਲ ਮਾਰਚ ਮਹੀਨੇ ਖੜਿਆਲਾ ਸੈਣੀਆਂ ਤੋਂ ਥੋੜ੍ਹੇ ਜਿਹੇ ਲੋਕਾਂ ਦਾ ਜਥਾ ਤੁਰਦਾ ਸੀ, ਜਿਸ ਵਿਚ ਰਾਹ ਵਿਚ ਪੈਂਦੇ ਪਿੰਡਾਂ ਤੋਂ ਵੀ ਕੁਝ ਸ਼ਰਧਾਲੂ ਜੁੜ ਜਾਇਆ ਕਰਦੇ ਸਨ। ਉਹ ਰਵਾਇਤੀ ਢੋਲਕੀ ਛੈਣਿਆਂ ਨਾਲ ਸਾਧਾਰਨ ਭਾਸ਼ਾ ਵਿਚ ਸ਼ਬਦ ਪੜ੍ਹਦੇ ਹੋਏ ਪੈਦਲ ਡੇਰਾ ਬਾਬਾ ਨਾਨਕ ਜਾਣ ਲਈ ਵੱਡੀ ਮਿਆਣੀ ਤੋਂ ਕਿਸ਼ਤੀਆਂ ਰਾਹੀਂ ਬਿਆਸ ਦਰਿਆ ਪਾਰ ਕਰਦੇ ਸਨ। ਮਿਆਣੀ ਦਰਿਆ ਦੇ ਪੱਤਣ 'ਤੇ ਕੁਝ ਕੁ ਸੌ ਲੋਕਾਂ ਦਾ ਜਮਾਵੜਾ ਹੁੰਦਾ ਸੀ। ਕਈ ਲੋਕ ਘਰੋਂ ਲੰਗਰ ਤਿਆਰ ਕਰ ਕੇ ਇੱਥੇ ਸੰਗਤ ਨੂੰ ਛਕਾਇਆ ਕਰਦੇ ਸਨ। ਲੰਗਰ ਤੋਂ ਇਲਾਵਾ ਇੱਥੇ ਬੇਟ ਇਲਾਕੇ ਦੇ ਲਾਗਲੇ ਪਿੰਡਾਂ ਵਿਚੋਂ ਕਈ ਲੋਕ ਘਰ ਦੀ ਕੱਢੀ ਦੇਸੀ ਸ਼ਰਾਬ ਵੀ ਜੁੜੀ ਸੰਗਤ ਵਿਚੋਂ ਪੀਣ ਦੀ ਇੱਛਾ ਰੱਖਣ ਵਾਲਿਆਂ ਨੂੰ ਪਿਆਇਆ ਕਰਦੇ ਸਨ। ਦਰਿਆ ਪਾਰ ਕਰਨ ਤੋਂ ਬਾਅਦ ਸੰਗਤ ਅਗਲੇ ਪੜਾਅ ਡੇਰਾ ਬਾਬਾ ਨਾਨਕ ਜਾ ਕੇ ਗੁਰਦੁਆਰਾ ਚੋਲਾ ਸਾਹਿਬ ਵਿਖੇ ਕਥਿਤ ਗੁਰੂ ਨਾਨਕ ਸਾਹਿਬ ਦੇ ਚੋਲੇ ਦੇ ਦਰਸ਼ਨ ਕਰ ਕੇ ਵਾਪਿਸ ਆਪਣੇ ਪਿੰਡਾਂ ਨੂੰ ਪਰਤਦੀ ਸੀ। ਇਸ ਯਾਤਰਾ ਨੂੰ ਸਾਲਾਨਾ ਸੰਗ ਦੇ ਤੌਰ 'ਤੇ ਜਾਣਿਆ ਜਾਂਦਾ ਸੀ। ਖੜਿਆਲਾ ਸੈਣੀਆਂ ਪਿੰਡ ਪਠਾਨਕੋਟ ਨੂੰ ਜਾਂਦੀ ਰੇਲਵੇ ਲਾਈਨ ਦੇ ਉਸ ਪਾਰ ਹੁਸ਼ਿਆਰਪੁਰ ਨੂੰ ਜਾਂਦੀ ਸੜਕ 'ਤੇ ਸਥਿਤ ਹੈ। ਇੱਧਰ ਜੱਟ ਸਿੱਖਾਂ ਅਤੇ ਸੈਣੀ ਬਿਰਾਦਰੀ ਦੇ ਸਿੱਖਾਂ ਦੀ ਅਬਾਦੀ ਵਾਲੇ ਪਿੰਡ ਬਹੁਤਾਤ ਵਿਚ ਹਨ।

ਰੇਲਵੇ ਲਾਈਨ ਦੇ ਇਸ ਪਾਰ ਸ੍ਰੀ ਹਰਿਗੋਬਿੰਦ ਪੁਰ ਨੂੰ ਜਾਂਦੀ ਸੜਕ ਦੇ ਦੋਵੇਂ ਪਾਸੇ ਜੱਟ ਸਿੱਖਾਂ ਅਤੇ ਲੁਬਾਣਾ ਸਿੱਖਾਂ ਦੇ ਪਿੰਡ ਬਹੁਤਾਤ ਵਿਚ ਹਨ। ਸਮਾਂ ਪੈਣ 'ਤੇ ਲੁਬਾਣਾ ਸਿੱਖਾਂ ਵਿਚ ਸਿੱਧੇ ਜਾਂ ਅਸਿੱਧੇ ਢੰਗ ਨਾਲ ਵਿਦੇਸ਼ ਜਾਣ ਦੀ ਅਜਿਹੀ ਦੌੜ ਸ਼ੁਰੂ ਹੋਈ ਕਿ ਵੇਖਦੇ ਹੀ ਵੇਖਦੇ ਪਿੰਡਾਂ ਦੇ ਪਿੰਡ ਨੌਜਵਾਨਾਂ ਤੋਂ ਖਾਲੀ ਹੋ ਗਏ। ਇਹ ਦੌੜ ਅੱਜ ਵੀ ਬਾ-ਦਸਤੂਰ ਜਾਰੀ ਹੈ। ਵਿਦੇਸ਼ੀ ਕਮਾਈਆਂ ਨੇ ਲੁਬਾਣਾ ਸਿੱਖਾਂ ਦੇ ਪਿੰਡਾਂ ਦੀ ਨੁਹਾਰ ਕਸਬਿਆਂ ਦੇ ਰੂਪ ਵਿਚ ਬਦਲ ਦਿੱਤੀ। ਲੋਕਾਂ ਦੇ ਰਹਿਣ ਸਹਿਣ, ਖਾਣ ਪੀਣ ਅਤੇ ਸਮਾਜਿਕ ਜੀਵਨ ਵਿਚ ਵਿਦੇਸ਼ੀ ਕਮਾਈਆਂ ਦਾ ਰੰਗ ਸਾਫ਼ ਨਜ਼ਰ ਆਉਣ ਲੱਗ ਪਿਆ। ਲੁਬਾਣਾ ਸਿੱਖਾਂ ਦੀ ਖ਼ੁਸ਼ਹਾਲੀ ਤੋਂ ਲਾਭ ਲੈਣ ਲਈ ਬੇਗੋਵਾਲ ਅਤੇ ਮਿਆਣੀ ਦੇ ਆਲੇ ਦੁਆਲੇ ਅੰਗਰੇਜ਼ੀ ਮੀਡੀਅਮ ਸਕੂਲਾਂ ਦਾ ਹੜ੍ਹ ਆ ਗਿਆ। ਪੈਸੇ ਦਾ ਵਿਖਾਵਾ ਹੱਦ ਤੋਂ ਵਧ ਗਿਆ। ਮਿਸਾਲ ਵਜੋਂ ਜ਼ਿਲ੍ਹਾ ਕਪੂਰਥਲਾ ਦਾ ਪਿੰਡ ਬੇਗੋਵਾਲ ਸ਼ਾਇਦ ਪੰਜਾਬ ਦੇ ਸਭ ਤੋਂ ਮਹਿੰਗੇ ਕਸਬਿਆਂ ਦੀ ਲਿਸਟ ਵਿਚ ਸਭ ਤੋਂ ਉੱਪਰ ਹੋਵੇਗਾ। ਬੇਗੋਵਾਲ ਵਿਚ ਵਿਦੇਸ਼ੀ ਬੈਂਕਾਂ ਨੂੰ ਛੱਡ ਕੇ ਹਰ ਭਾਰਤੀ ਬੈਂਕ ਦੀ ਬ੍ਰਾਂਚ ਹੈ। ਪੰਜਾਬ ਨੈਸ਼ਨਲ ਬੈਂਕ ਅਤੇ ਸਟੇਟ ਬੈਂਕ ਆਫ ਇੰਡੀਆ ਦੀਆਂ ਦੋ-ਦੋ ਬ੍ਰਾਂਚਾਂ ਹਨ। ਬੇਗੋਵਾਲ ਦੇ ਬਾਜ਼ਾਰ ਵਿਚ ਸੋਨੇ ਦੇ ਗਹਿਣੇ ਬਣਾਉਣ ਦੇ ਸ਼ੋਅ ਰੂਮ, ਦੁਖਾਣਾਂ ਅਤੇ ਲੇਡੀਜ਼ ਸੂਟਾਂ ਦੇ ਬਹੁਤ ਵੱਡੇ ਸ਼ੋਅ ਰੂਮ ਹਨ, ਜਿੱਥੇ ਐਨ ਆਰ ਆਈ ਗਾਹਕਾਂ ਦਾ ਜਮਾਵੜਾ ਲੱਗਾ ਰਹਿੰਦਾ ਏ।

ਲੁਬਾਣਾ ਸਿੱਖਾਂ ਦੀ ਖ਼ੁਸ਼ਹਾਲੀ ਦਾ ਇਕ ਹੋਰ ਪ੍ਰਮਾਣ : ਪੁਲ ਪੁਖ਼ਤਾ ਵਿਖੇ ਕਾਲੀ ਵੇਈਂ ਕੰਢੇ ਅਸੀਂ ਛੋਟੇ ਹੁੰਦੇ ਇਕ ਕਮਰੇ ਵਾਲਾ ਗੁਰਦੁਆਰਾ ਸਾਹਿਬ ਵੇਖਦੇ ਹੁੰਦੇ ਸੀ, ਜਿੱਥੇ ਹੁਣ ਤਰਨ ਤਾਰਨ ਵਾਲੇ ਬਾਬਾ ਜਗਤਾਰ ਸਿੰਘ ਕਾਰ ਸੇਵਾ ਵਾਲੇ ਨੇ ਛੇਵੀਂ ਪਾਤਸ਼ਾਹੀ ਦੇ ਨਾਮ 'ਤੇ ਇਕ ਵਿਸ਼ਾਲ ਆਲੀਸ਼ਾਨ ਗੁਰਦਾਰਾ ਸਾਹਿਬ ਬਣਾ ਦਿੱਤਾ ਹੈ।

ਮੌਜੂਦਾ ਸਮੇਂ ਸੰਗ ਦੀ 1 ਅਤੇ 2 ਮਾਰਚ ਦੀਆਂ ਤਰੀਕਾਂ ਸਾਲਾਨਾ ਕੈਲੰਡਰ ਦੀਆਂ ਅਹਿਮ ਤਰੀਕਾਂ ਬਣ ਗਈਆਂ ਹਨ। ਸੰਗ ਦੇ ਪਠਾਨਕੋਟ ਰੇਲਵੇ ਲਾਈਨ ਤੋਂ ਇਸ ਪਾਰ ਦਾਖਲ ਹੁੰਦਿਆਂ ਹੀ ਲੁਬਾਣਾ ਸਿੱਖਾਂ ਵੱਲੋਂ ਥਾਂ-ਥਾਂ 'ਤੇ ਖਾਣ ਲਈ ਅਣਗਿਣਤ ਕਿਸਮਾਂ ਦੇ ਪਦਾਰਥਾਂ ਦੇ ਸਟਾਲ ਲਾਏ ਹੁੰਦੇ ਹਨ। ਪੀਣ ਲਈ ਵੀ ਉਵੇਂ ਹੀ ਅਣਗਿਣਤ ਕਿਸਮ ਦੇ ਗਰਮ ਅਤੇ ਠੰਢੇ ਪਦਾਰਥ ਉਪਲੱਬਧ ਹੁੰਦੇ ਹਨ। ਇਨ੍ਹਾਂ ਤੋਂ ਇਲਾਵਾ ਡਰਾਈ ਫਰੂਟ ਅਤੇ ਉਸ ਰੁੱਤ ਵਾਲੇ ਫਲ ਵੀ ਵੱਡੀ ਗਿਣਤੀ ਵਿਚ ਵੰਡੇ ਜਾਂਦੇ ਹਨ। ਦੂਜੇ ਪਾਸੇ ਸੰਗਤਾਂ ਨੂੰ ਪਾਲਕੀ ਸਾਹਿਬ ਦੇ ਦਰਸ਼ਨ ਕਰਨ ਅਤੇ ਵੱਡੇ ਨੋਟਾਂ ਵਿਚ ਚੜ੍ਹਾਵੇ ਲਈ ਵੀ ਤਰਲੋ ਮੱਛੀ ਹੁੰਦੇ ਵੇਖਿਆ ਜਾ ਸਕਦਾ ਹੈ। ਬਿਆਸ ਦਰਿਆ ਦੇ ਕੰਢੇ ਤੱਕ ਲੁਬਾਣਾ ਸਿੱਖ ਪੈਸਿਆਂ ਦੀ ਹਨੇਰੀ ਝੁਲਾ ਦਿੰਦੇ ਹਨ। ਬੇਅੰਤ ਮਾਇਆ ਨੂੰ ਸੰਭਾਲਣ ਲਈ ਸੰਗ ਵਾਲੇ ਬਾਬੇ ਤੋੜਿਆਂ ਦੀ ਵਰਤੋਂ ਕਰਦੇ ਹਨ। ਬਿਆਸ ਦਰਿਆ ਦੇ ਕੰਢੇ ਤੱਕ ਸੰਗ ਵਿਚ ਮਹਿੰਗੀਆਂ ਗੱਡੀਆਂ ਅਤੇ ਟਰੈਕਟਰ ਟਰਾਲੀਆਂ ਦਾ ਘੜਮੱਸ ਪਿਆ ਹੁੰਦਾ ਹੈ। ਪੱਤਣ 'ਤੇ ਵੀ ਵੰਨ-ਸੁਵੰਨੇ ਖਾਣਿਆਂ ਦਾ ਲੰਗਰ ਜਾਰੀ ਰਹਿੰਦਾ ਹੈ। ਜਿੱਥੇ ਪਹਿਲਾਂ ਸ਼ੁਰੂਆਤ ਵਿਚ ਇੱਥੇ ਦੇਸੀ ਸ਼ਰਾਬ ਦੇ ਲੰਗਰ ਲੱਗਿਆ ਕਰਦੇ ਸਨ, ਦੀ ਥਾਂ ਹੁਣ ਸ਼ਰਧਾਲੂ ਮਹਿੰਗੇ ਬ੍ਰਾਂਡ ਦੀ ਸ਼ਰਾਬ ਪਿਆ ਕੇ ਆਪਣੇ ਮਨ ਦੀ ਸ਼ਰਧਾ ਪੂਰੀ ਕਰਦੇ ਹਨ। ਇੱਥੇ ਹੁਣ ਭਾਵੇਂ ਕਿ ਬਿਆਸ ਦਰਿਆ ਪਾਰ ਕਰਨ ਲਈ ਆਰਜ਼ੀ ਪੁਲ ਹੈ, ਫਿਰ ਵੀ ਸ਼ਰਧਾ ਵਿਚ ਗੜੁੱਚ ਕਈ ਸ਼ਰਧਾਲੂ ਇੱਥੇ ਸੰਗਤਾਂ ਨੂੰ ਬੇੜੀਆਂ ਰਾਹੀਂ ਦਰਿਆ ਪਾਰ ਕਰਵਾ ਕੇ ਮਲਾਹਾਂ ਨੂੰ ਮੁੱਠਾਂ ਭਰ ਕੇ ਪੈਸੇ ਦਿੰਦੇ ਹਨ ਅਤੇ ਇੰਝ ਪੁੰਨ ਦਾ ਪਹਾੜ ਖੱਟਦੇ ਹਨ। ਇਸਨੂੰ ਸਥਾਨਕ ਲੋਕ "ਬੇੜਾ ਪਾਰ ਲੁਆਉਣਾ" ਕਹਿੰਦੇ ਹਨ। ਇਸ ਬਾਰੇ ਕਈ ਲੋਕਾਂ ਨੇ ਸੁੱਖਣਾ ਸੁੱਖੀਆਂ ਹੁੰਦੀਆਂ ਹਨ। ਹਰ ਸਾਲ ਵੱਡੀ ਗਿਣਤੀ ਵਿਚ ਲੁਬਾਣਾ ਸਿੱਖ ਵਿਦੇਸ਼ਾਂ ਤੋਂ ਮਾਰਚ ਦੇ ਪਹਿਲੇ ਹਫ਼ਤੇ ਸੰਗ ਵਿਚ ਸ਼ਾਮਲ ਹੋਣ ਲਈ ਪੰਜਾਬ ਜਾਂਦੇ ਹਨ। ਪੰਜਾਬੀ ਅਖ਼ਬਾਰਾਂ ਵਿਚ ਸੰਗ ਦੇ ਅਵਸਰ 'ਤੇ ਵਿਸ਼ੇਸ਼ ਸਪਲੀਮੈਂਟ ਵੀ ਨਿਕਲਦੇ ਹਨ। ਇਨ੍ਹਾਂ ਸਪਲੀਮੈਂਟਾਂ ਵਿਚ ਸਾਰੀਆਂ ਰਾਜਨੀਤਕ ਪਾਰਟੀਆਂ ਦੇ ਸਰਪੰਚ ਤੋਂ ਲੈ ਕੇ ਐਮ ਐਲ ਏ ਅਤੇ ਮਨਿਸਟਰ ਤੱਕ ਆਪਣੀਆਂ ਸ਼ੁਭ ਇੱਛਾਵਾਂ ਦੇ ਇਸ਼ਤਿਹਾਰ ਜਾਰੀ ਕਰ ਕੇ ਆਪਣੇ ਵੋਟਰਾਂ ਕੋਲ ਹਾਜ਼ਰੀ ਲੁਆਉਂਦੇ ਹਨ।



ਮੇਰੇ ਆਪਣੇ ਪਿੰਡ ਨੱਥੂ ਪੁਰ ਵਿਖੇ ਬਾਬਾ ਸ੍ਰੀ ਚੰਦ ਦੇ ਨਾਮ 'ਤੇ ਬਹੁਤ ਵੱਡਾ ਡੇਰਾ ਬੜੀ ਸਫਲਤਾ ਨਾਲ ਚੱਲ ਰਿਹਾ ਹੈ। ਸੁਣਨ ਵਿਚ ਆਇਆ ਹੈ ਕਿ ਐਨ ਆਰ ਆਈ ਲੋਕ ਸੋਨੇ ਦੇ ਬਿਸਕੁਟਾਂ ਨਾਲ ਇਸ ਡੇਰੇ 'ਤੇ ਮੱਥਾ ਟੇਕਦੇ ਹਨ। ਕਈ ਵਾਰ ਲੋਕ ਮਹਿੰਗੀਆਂ ਕਾਰਾਂ ਨਾਲ ਵੀ ਇੱਥੇ ਮੱਥਾ ਟੇਕਦੇ ਹਨ। ਹਲਕਾ ਟਾਂਡਾ ਦੇ ਸਾਬਕਾ ਮੰਤਰੀ ਚੌਧਰੀ ਬਲਬੀਰ ਸਿੰਘ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਲਖਵਿੰਦਰ ਸਿੰਘ ਲੱਖੀ ਵੋਟਰ ਰਾਜਨੀਤੀ ਦੇ ਡੰਗੇ ਹੋਏ, ਇਸ ਡੇਰੇ ਦੇ ਅਨਿੰਨ ਭਗਤ ਹਨ ਅਤੇ ਡੇਰੇ ਵਿਚ ਆਏ ਲੋਕਾਂ ਨੂੰ ਪ੍ਰਭਾਵਿਤ ਕਰਨ ਖਾਤਰ ਉਹ ਡੇਰੇ ਵਿਚ ਭਗਵਾਂ ਰੰਗ ਦੇ ਵਸਤਰ ਧਾਰਨ ਕਰਕੇ ਆਉਂਦੇ ਹਨ। ਇਸ ਡੇਰੇ ਵਿਚ ਮੰਗਲਵਾਰ ਅਤੇ ਸ਼ਨਿਚਰਵਾਰ ਵਾਲੇ ਦਿਨ ਬਹੁਤ ਵੱਡੀ ਗਿਣਤੀ ਵਿਚ ਲੋਕ ਆਉਂਦੇ ਹਨ। ਇਸ ਤੋਂ ਇਲਾਵਾ ਇਸ ਇਲਾਕੇ ਵਿਚ ਬਾਬਾ ਸ੍ਰੀ ਚੰਦ ਦੇ ਨਾਮ 'ਤੇ ਹੋਰ ਵੀ ਕਈ ਡੇਰੇ ਚੱਲ ਰਹੇ ਹਨ। ਇਨ੍ਹਾਂ ਦੀ ਸਫਲਤਾ ਅਤੇ ਕਮਾਈਆਂ ਤੋਂ ਪ੍ਰਭਾਵਿਤ ਹੋ ਕੇ ਡੇਰਾ ਬਾਬਾ ਨਾਨਕ ਵਿਖੇ ਗੁਰੂ ਨਾਨਕ ਸਾਹਿਬ ਦਾ ਕਥਿਤ ਚੋਹਲਾ ਸਾਹਿਬ ਦੇ ਦਰਸ਼ਨ ਕਰਵਾਉਣ ਵਾਲੇ ਬੇਦੀ ਵੰਸ਼ ਨੇ ਵੀ ਸ੍ਰੀ ਚੰਦ ਦੇ ਨਾਮ 'ਤੇ ਟਾਂਡਾ ਮਿਆਣੀ ਰੋਡ 'ਤੇ ਗੁਰਦੁਆਰਾ ਸਾਹਿਬ ਉਸਾਰ ਲਿਆ ਹੈ।

ਮੇਰਾ ਇਹ ਸਭ ਲਿਖਣ ਦਾ ਭਾਵ ਹੈ ਕਿ ਸਿੱਖ ਕਿੱਧਰ ਜਾ ਰਹੇ ਹਨ? ਇਨ੍ਹਾਂ ਵਿਚ ਕੋਈ ਅਸਲ ਵਿਚ ਸਿੱਖ ਹੈ ਵੀ ਜਾਂ ਨਹੀਂ? ਸਿੱਖ ਗੁਰੂ ਨਾਨਕ ਨੂੰ ਕੀ ਸਮਝਦੇ ਹਨ? ਪੂਰਨ ਗੁਰੂ ਯਾ ਅਧੂਰਾ? ਜੇਕਰ ਗੁਰੂ ਨਾਨਕ ਨੂੰ ਸੰਪੂਰਨ ਗੁਰੂ ਸਮਝਦੇ ਹਨ ਤਾਂ ਜੋ ਮੈਂ ਉਪਰੋਕਤ ਲਿਖਿਆ ਹੈ, ਇਹ ਸਭ ਸਿੱਖ ਕਿਉਂ ਕਰਦੇ ਹਨ ਅਤੇ ਅਜਿਹਾ ਕਰਨ ਦੀ ਲੋੜ ਕਿਉਂ ਪੈ ਗਈ? ਕੀ ਗੁਰੂ ਨਾਨਕ ਦੀ ਗੁਰਤਾ 'ਤੇ ਭਰੋਸਾ ਨਹੀਂ ਬੱਝਦਾ? ਕਿਤੇ ਅਸੀਂ ਦੋਇਮ ਕਿਸਮ ਦੇ ਸਿੱਖ ਤਾਂ ਨਹੀਂ ਬਣ ਗਏ? ਕਿਤੇ ਸਾਡੇ ਨਕਲ ਬਣ ਜਾਣ ਨਾਲ ਸਿੱਖ ਧਰਮ ਆਪਣੀ ਵਿਲੱਖਣਤਾ ਤਾਂ ਨਹੀਂ ਗੁਆ ਰਿਹਾ? ਕਿਤੇ ਸਿੱਖ ਵੀ ਹਿੰਦੂਆਂ ਵਾਂਗ ਗੁਰੂ ਨਾਨਕ ਨੂੰ ਵੀ ਦੇਵਤਿਆਂ ਦੇ ਕਾਲਪਨਿਕ ਦੇਵਤਿਆਂ ਦਾ ਇਕ ਮੈਂਬਰ ਤਾਂ ਨਹੀਂ ਸਮਝ ਬੈਠੇ, ਜਿੱਥੇ ਇੱਕੋ ਸਮੇਂ ਤੁਸੀਂ 33 ਕਰੋੜ ਦੇਵੀ-ਦੇਵਤਿਆਂ ਵਿਚੋਂ ਪੰਜ, ਦਸ, ਦੋ ਸੌ ਭਿੰਨ -ਭਿੰਨ ਨਾਵਾਂ ਵਾਲਿਆਂ ਨੂੰ ਇੱਕੋ ਵੇਲੇ ਪੂਜ ਸਕਦੇ ਹੋ ?

ਕੀ ਸਿੱਖਾਂ ਨੇ ਖੁਦ ਗੁਰੂ ਨਾਨਕ ਨੂੰ ਸੰਜੀਦਗੀ ਨਾਲ, ਗੁਰੂ ਨਾਨਕ ਦੀ ਮਹੱਤਤਾ ਸਿੱਖ ਧਰਮ ਵਿਚ ਕੀ ਹੈ, ਜਾਣਦੇ ਹੋਏ ਕਦੇ ਪੜ੍ਹਿਆ ਹੈ? ਪੜ੍ਹਿਆ ਤਾਂ ਨਹੀਂ ਸਿਰਫ ਸੁਣਿਆ ਹੈ, ਉਹ ਵੀ ਕੱਚ ਘੜੱਚ ਗ੍ਰੰਥੀਆਂ ਅਤੇ ਕਥਾ ਵਾਚਕਾਂ ਕੋਲੋਂ? ਸਿੱਖਾਂ ਨੇ ਦੇਵਤਿਆਂ ਅਤੇ ਦੇਵੀਆਂ ਦੀਆਂ ਮਿੱਟੀ ਦੀਆਂ ਮੂਰਤੀਆਂ ਵਾਂਗ ਕੈਲੰਡਰ ਦੀਆਂ ਤਸਵੀਰਾਂ ਰਾਹੀਂ ਗੁਰੂ ਨਾਨਕ ਨੂੰ ਵੇਖਿਆ ਹੈ। ਤੋਤਿਆਂ ਵਾਂਗ ਗੁਰਬਾਣੀ ਨੂੰ ਰਟਿਆ ਹੈ, ਗੁਰਬਾਣੀ ਦੇ ਮਾਰਗ 'ਤੇ ਚੱਲੇ ਨਹੀਂ। ਜੇਕਰ ਸਿੱਖ ਜ਼ਾਹਰ ਜਗਤ ਗੁਰੂ ਬਾਬਾ ਨਾਨਕ ਤੋਂ ਸੰਤੁਸ਼ਟ ਨਹੀਂ ਹੋ ਸਕੇ ਤਾਂ ਕਾਲਪਨਿਕ ਸਿੱਧੀਆਂ ਵਾਲੇ ਬਾਬਿਆਂ ਤੋਂ ਸੰਤੁਸ਼ਟੀ ਕਿਵੇਂ ਮਿਲੇਗੀ? ਮੌਜੂਦਾ ਸਮੇਂ ਤਾਂ ਇਹੋ ਲੱਗਦਾ ਹੈ ਕਿ ਸਿੱਖਾਂ ਨੇ ਗੁਰੂ ਨਾਨਕ ਨੂੰ ਨਾ ਪੜ੍ਹਿਆ ਹੈ, ਨਾ ਸਮਝਿਆ ਹੈ ਅਤੇ ਫਿਰ ਗੁਰੂ ਨਾਨਕ ਦੇ ਦੱਸੇ ਮਾਰਗ 'ਤੇ ਚੱਲਣ ਦਾ ਤਾਂ ਸਵਾਲ ਹੀ ਨਹੀਂ ਉੱਠਦਾ। ਸਾਰੇ ਹੀ ਇੱਕ ਦੂਜੇ ਦੀ ਨਕਲ ਕਰਦੇ ਨਜ਼ਰ ਆ ਰਹੇ ਹਨ।

ਮੈਨੂੰ ਲੱਗਦਾ ਹੈ ਕਿ ਹਿੰਦੁਸਤਾਨ ਵਿਚ ਉਪਜੇ ਬੁੱਧ ਧਰਮ ਨੂੰ ਜਿਵੇਂ ਮੂਲਵਾਦੀ ਹਿੰਦੂ ਧਰਮ ਨੇ ਪ੍ਰਫੁੱਲਿਤ ਨਹੀਂ ਹੋਣ ਦਿੱਤਾ, ਠੀਕ ਉਹੋ ਜਿਹਾ ਹਸ਼ਰ ਸਿੱਖ ਧਰਮ ਦਾ ਹੋਇਆ ਹੈ। ਬੁੱਧ ਦੇ ਪੈਰੋਕਾਰਾਂ ਨੂੰ ਤਾਂ ਹਿੰਦੂ ਧਰਮ ਦੇ ਠੇਕੇਦਾਰਾਂ ਨੇ ਕੁੱਟ-ਕੁੱਟ ਕੇ ਹਿੰਦੁਸਤਾਨ ਤੋਂ ਜਲਾਵਤਨ ਕੀਤਾ ਸੀ। ਪਰ ਇਹ ਬੁੱਧ ਦੇ ਪੈਰੋਕਾਰਾਂ ਦੀ ਹਿੰਮਤ ਅਤੇ ਕਾਬਲੀਅਤ ਸੀ ਕਿ ਉਨ੍ਹਾਂ ਨੇ ਹਿੰਦੁਸਤਾਨ ਵਿਚ ਤਾਂ ਨਹੀਂ ਪਰ ਅਨੇਕਾਂ ਹੋਰਨਾਂ ਮੁਲਕਾਂ ਵਿਚ ਬੁੱਧ ਧਰਮ ਦਾ ਪ੍ਰਚਾਰ ਕੀਤਾ ਅਤੇ ਬੁੱਧ ਧਰਮ ਨੂੰ ਕੌਮਾਂਤਰੀ ਧਰਮ ਬਣਾ ਦਿੱਤਾ। ਕੁਝ ਅਜਿਹਾ ਹੀ ਹਸ਼ਰ ਚਾਰਵਾਕ ਦੇ ਵਿਦਵਾਨਾਂ ਦਾ ਹੋਇਆ। ਇਨ੍ਹਾਂ ਵਿਦਵਾਨਾਂ ਵੱਲੋਂ ਲਿਖੇ ਸਾਰੇ ਗ੍ਰੰਥ ਮੂਲਵਾਦੀ ਹਿੰਦੂਆਂ ਨੇ ਸਾੜ ਦਿੱਤੇ। ਹੁਣ ਚਾਰਵਾਕ ਬਾਰੇ ਕੋਈ ਸਟੀਕ ਜਾਣਕਾਰੀ ਵਾਲੇ ਦਸਤਾਵੇਜ਼ ਤਾਂ ਉਪਲੱਬਧ ਨਹੀਂ। ਜੋ ਕੁਝ ਵੀ ਜਾਣਕਾਰੀ ਮਿਲਦੀ ਹੈ ਇਹ ਹੋਰਨਾਂ ਸਮਕਾਲੀਨ ਸਰੋਤਾਂ ਤੋਂ ਮਿਲਦੀ ਹੈ। ਕੁਝ ਅਜਿਹਾ ਹੀ ਹਸ਼ਰ ਜੈਨ ਧਰਮ ਦਾ ਹੋਇਆ ਹੈ। ਗੁਰੂ ਨਾਨਕ ਨਾਲ ਆਪਣੇ ਜੀਵਨ ਕਾਲ ਦੌਰਾਨ ਬੁੱਧ ਧਰਮ ਜਿਹਾ ਘਟਿਤ ਨਹੀਂ ਹੋਇਆ। ਸ਼ਾਇਦ ਇਸਦਾ ਭੂਗੋਲਿਕ ਕਾਰਨ ਮੂਲਵਾਦੀ ਹਿੰਦੂ ਧਰਮ ਦੇ ਭਾਰਤ ਵਿਚਲੇ ਮੁੱਖ ਕੇਂਦਰਾਂ ਤੋਂ ਲਾਹੌਰ ਦਾ ਦੂਰ ਹੋਣਾ ਹੋ ਸਕਦਾ ਹੈ। ਇਹ ਵੀ ਹੋ ਸਕਦਾ ਹੈ ਕਿ ਮੂਲਵਾਦੀਆਂ ਨੇ ਗੁਰੂ ਨਾਨਕ ਨੂੰ ਸ਼ੁਰੂਆਤ ਵਿਚ ਸੰਜੀਦਗੀ ਨਾਲ ਨਾ ਲਿਆ ਹੋਏ? ਗੁਰੂ ਨਾਨਕ ਦਾ ਆਮ ਮਨੁੱਖ ਲਈ ਨਿਵੇਕਲਾ ਇਨਕਲਾਬੀ ਫਲਸਫ਼ਾ ਪੈਰ ਪਸਾਰਨ ਲੱਗ ਪਿਆ ਅਤੇ ਗੁਰੂ ਨਾਨਕ ਵੱਲੋਂ ਮੂਲਵਾਦੀ ਹਿੰਦੂ ਧਰਮ ਦੇ ਗੜ੍ਹ ਹਰਿਦੁਆਰ ਅਤੇ ਕੁਰੂਕਸ਼ੇਤਰ ਆਦਿ ਵਿਚ ਜਾ ਕੇ ਹਿੰਦੂ ਧਰਮ ਦੀਆਂ ਊਣਤਾਈਆਂ ਨੂੰ ਲੋਕਾਂ ਸਾਹਮਣੇ ਉਜਾਗਰ ਕੀਤਾ। ਗੁਰੂ ਗੋਰਖ ਨਾਥ ਦੀਆਂ ਰਿੱਧੀਆਂ ਅਤੇ ਸਿੱਧੀਆਂ ਦੇ ਮਾਇਆ ਜਾਲ ਦਾ ਪਰਦਾਫਾਸ਼ ਕੀਤਾ। ਵੱਡੀ ਗਿਣਤੀ ਲੋਕਾਂ ਵੱਲੋਂ ਉਨ੍ਹਾਂ ਦੇ ਫਲਸਫ਼ੇ ਨੂੰ ਸਵੀਕਾਰਤਾ ਵੀ ਮਿਲਣੀ ਸ਼ੁਰੂ ਹੋ ਗਈ ਪਰ ਉਹ ਗੁਰੂ ਨਾਨਕ ਦੇ ਜੀਵਨ ਕਾਲ ਵਿਚ ਉਨ੍ਹਾਂ ਵਿਰੁੱਧ ਉਹ ਖਾਸ ਨਹੀਂ ਕਰ ਸਕੇ। ਇਸਦਾ ਮੁੱਖ ਕਾਰਨ ਗੁਰੂ ਨਾਨਕ ਦੇ ਪੱਲੇ ਹਕੀਕੀ ਸੱਚ ਦਾ ਹੋਣਾ ਸੀ ਅਤੇ ਗੁਰੂ ਨਾਨਕ ਵੱਲੋਂ ਉਨ੍ਹਾਂ ਦੇ ਘਿਸੇ ਪਿਟੇ ਕਾਲਪਨਿਕ ਤਰਕਾਂ ਦੇ ਜੁਆਬ ਵਿਚ ਅਲੋਕਾਰੀ ਸੱਚ ਦੀਆਂ ਬਾਤਾਂ ਕਰਨੀਆਂ ਸੀ।

ਗੁਰੂ ਨਾਨਕ ਸਾਹਿਬ ਦੇ ਪਰਲੋਕ ਗਮਨ ਤੋਂ ਬਾਅਦ ਹਿੰਦੂ ਮੂਲਵਾਦੀਆ ਨੇ ਸਿੱਖ ਬਣ ਕੇ ਸਿੱਖ ਗੁਰੂ ਸੰਸਥਾ ਵਿਚ ਰਿਸ਼ਤੇਦਾਰੀਆਂ ਨਾਲ ਘੁਸਪੈਠ ਕੀਤੀ। ਉਨ੍ਹਾਂ ਨੇ ਸਿੱਖ ਬਣ ਕੇ ਸੱਜਰੇ ਬਣੇ ਸਿੱਖਾਂ ਨੂੰ ਬੜੇ ਪਿਆਰ ਨਾਲ ਹੌਲੀ-ਹੌਲੀ ਹਿੰਦੂ ਧਰਮ ਦੇ ਗਲਬੇ ਵਿਚ ਲਿਆਉਣਾ ਸ਼ੁਰੂ ਕਰ ਦਿੱਤਾ। ਨਤੀਜਾ ਅੱਜ ਸਾਡੇ ਸਾਹਮਣੇ ਹੈ, ਅੱਜ ਦਾ ਸਿੱਖ ਧਰਮ ਅਤੇ ਸਿੱਖ, ਹਿੰਦੂ ਧਰਮ ਅਤੇ ਹਿੰਦੂ ਦਾ ਵਿਸਤਾਰ ਲੱਗਦੇ ਹਨ। ਹੁਣ ਸਿੱਖ ਧਰਮ ਵਿਚ ਗੁਰੂ ਨਾਨਕ ਅਤੇ ਗੁਰੂ ਨਾਨਕ ਦਾ ਫਲਸਫ਼ਾ ਦੂਰ-ਦੂਰ ਤੱਕ ਨਜ਼ਰ ਨਹੀਂ ਆਉਂਦਾ।

ਸਿੱਖਾਂ ਨੇ ਗੁਰੂ ਨਾਨਕ ਦੇ ਦਰਸ਼ਨ "ੴ ਸਤਿਨਾਮ ਕਰਤਾ ਪੁਰਖ , ਨਿਰਭਉ ਨਿਰਵੈਰ ...ਨਾਨਕ ਹੋਸੀ ਭੀ ਸੱਚ।" ਨੂੰ ਹਿੰਦੂ ਮੱਤ ਦੇ ਅਣਗਿਣਤ ਮੰਤਰਾਂ ਵਾਂਗ ਇਕ ਮੰਤਰ ਸਮਝ ਕੇ ਜਪਣਾ ਸ਼ੁਰੂ ਕੀਤਾ ਅਤੇ ਸਮਾਂ ਪੈਣ 'ਤੇ ਗਿਣਤੀਆਂ ਅਤੇ ਮਿਣਤੀਆਂ ਵੀ ਸ਼ੁਰੂ ਹੋ ਗਈਆਂ। ਮੌਜੂਦਾ ਹਾਲਾਤ ਇਹੋ ਜਿਹੇ ਬਣ ਗਏ ਹਨ ਕਿ ਸਿੱਖ ਪੰਡਤਾਂ (ਪੁਜਾਰੀਆਂ) ਨੇ ਗੁਰਬਾਣੀ ਦੇ ਕਈ ਸ਼ਲੋਕਾਂ ਅਤੇ ਸ਼ਬਦਾਂ ਨੂੰ ਨਵੇਂ ਸਿਰਲੇਖ ਦੇ ਦਿੱਤੇ ਹਨ, ਜਿਵੇਂ ਕਿ "ਸੰਕਟ ਮੋਚਨ" ਅਤੇ "ਰੱਖਿਆ ਦੇ ਸ਼ਬਦ" ਆਦਿ, ਅਤੇ ਤਾਜ਼ਾ ਉਦਾਹਰਨ ਹੈ, ਪੰਜਾਬ ਵਿਚ ਅਤੇ ਖਾਸ ਕਰਕੇ ਅੰਮ੍ਰਿਤਸਰ ਵਿਖੇ ਬਾਬਾ ਦੀਪ ਸਿੰਘ ਦੇ ਨਾਮ 'ਤੇ ਸਥਾਪਿਤ ਗੁਰਦੁਆਰਾ ਸ਼ਹੀਦਾਂ ਵਿਖੇ "ਚੌਪਹਿਰਾ" ਦੇ ਨਾਮ 'ਤੇ ਵਿਸ਼ੇਸ਼ ਸਮਾਗਮਾਂ ਦਾ ਆਯੋਜਨ ਕਰਨਾ। ਇਹ ਸਭ ਕੀ ਦਰਸਾਉਂਦਾ ਹੈ? ਹੁਣ ਇਹ ਸਮਾਗਮ ਨਿਊਯੌਰਕ ਦੇ ਇਕ ਗੁਰਦੁਆਰਾ ਸਾਹਿਬ ਵਿਚ ਵੀ ਹੋ ਰਹੇ ਹਨ।

ਗੁਰੂ ਨਾਨਕ ਨੇ ਆਪਣੇ ਪੂਰੇ ਜੀਵਨ ਕਾਲ ਵਿਚ ਆਪਣੇ ਫਲਸਫ਼ੇ 'ਤੇ ਹੀ ਕੰਮ ਕੀਤਾ। ਉਨ੍ਹਾਂ ਨੇ ਆਪਣੇ ਜੀਵਨ ਕਾਲ ਵਿਚ ਪ੍ਰਚਲਿਤ ਸਾਰੀਆਂ ਧਾਰਮਿਕ ਰੀਤਾਂ ਅਤੇ ਕਰਮ ਕਾਂਡਾਂ ਦਾ ਖੁੱਲ੍ਹ ਕੇ ਵਿਰੋਧ ਕੀਤਾ। ਪਰ ਕੀ ਸਿੱਖ ਇੰਨੇ ਹੀ ਨਾ ਸਮਝ ਹੋ ਗਏ ਹਨ ਕਿ ਉਨ੍ਹਾਂ ਨੂੰ ਗੁਰਦੁਆਰਾ ਸਾਹਿਬ ਦੇ ਅੰਦਰ ਧਰਮ ਦੇ ਨਾਮ 'ਤੇ ਹੋ ਰਹੇ ਕਰਮ ਕਾਂਡ ਦਾ ਕੋਈ ਗਿਆਨ ਨਹੀਂ? ਸੱਚ ਤਾਂ ਇਹ ਲੱਗਦਾ ਹੈ ਕਿ ਸਿੱਖਾਂ ਦੀ ਚੇਤਨਾ ਵਿਚੋਂ ਉਹ ਗੁਰੂ ਨਾਨਕ ਮਨਫ਼ੀ ਹੋ ਗਿਆ ਹੈ, ਜਿਸ ਨੇ ਉਸ ਸਮੇਂ ਦੇ ਸਮਾਜ ਦੇ ਤਾਣੇ-ਬਾਣੇ ਵਿਚੋਂ ਉਪਜੀਆਂ ਸਮਾਜਿਕ ਅਤੇ ਧਾਰਮਿਕ ਊਣਤਾਈਆਂ ਵਿਰੁੱਧ ਬੁਲੰਦੀ ਨਾਲ ਅਵਾਜ਼ ਉਠਾਈ ਅਤੇ ਮੰਨਣ ਤੋਂ ਆਕੀ ਰਹੇ। ਉਹ ਗ੍ਰਹਿਸਤੀ ਬਣੇ, ਬਣਵਾਸੀ ਨਹੀਂ, ਉਨ੍ਹਾਂ ਨੇ ਕਰਾਮਾਤਾਂ ਵਿਖਾਉਣ ਲਈ ਤਪੱਸਿਆ ਨਹੀਂ ਕੀਤੀ, ਉਨ੍ਹਾਂ ਨੇ ਨਿਰਾਕਾਰ ਕਰਤੇ ਦੇ ਸੱਚ ਨੂੰ ਮੰਨਿਆ ਅਤੇ ਉਸਦੇ ਭਾਣੇ ਵਿਚ ਹੀ ਰਹੇ। ਉਨ੍ਹਾਂ ਨੇ ਕੁਦਰਤ ਦੇ ਨਿਯਮਾਂ ਅਨੁਸਾਰ ਹੀ ਉਤਪਤੀ ਨੂੰ ਸੱਚ ਕਰ ਜਾਣਿਆ। ਉਨ੍ਹਾਂ ਨੇ ਸਮਕਾਲੀਨ ਧਰਮਾਂ ਦੇ ਉਲਟ ਆਪਣੇ ਪੈਰੋਕਾਰਾਂ ਨੂੰ ਹਰ ਕਿਸਮ ਦੇ ਬੰਧਨਾਂ ਤੋਂ ਮੁਕਤ ਰੱਖਿਆ। ਪਰ ਗੁਰੂ ਨਾਨਕ ਸਾਹਿਬ ਦੇ ਪਰਲੋਕ ਗਮਨ ਤੋਂ ਬਾਅਦ ਸਭ ਕੁਝ ਇਸਦੇ ਵਿਪਰੀਤ ਹੀ ਹੋਇਆ।

ਹਿੰਦੂ ਮੂਲਵਾਦੀਆਂ ਨੇ ਸਿੱਖ ਧਰਮ ਅਤੇ ਇਸਦੇ ਧਾਰਮਿਕ ਗ੍ਰੰਥਾਂ ਵਿਚ ਅਜਿਹੀ ਚਤੁਰਾਈ ਨਾਲ ਹਿੰਦੂ ਦੇਵਤਿਆਂ, ਦੇਵੀਆਂ, ਭਗਤਾਂ ਦੀਆਂ ਬਾਣੀਆਂ ਅਤੇ ਕਰਮ ਕਾਂਡਾਂ ਨੂੰ ਸਿੱਖ ਧਰਮ ਦੇ ਸਰੂਪ ਵਿਚ ਇੰਜ ਮਿਲਾ ਦਿੱਤਾ ਹੈ ਕਿ ਗੁਰਬਾਣੀ ਵਿਚ ਗੁਰੂ ਨਾਨਕ ਅਤੇ ਉਨ੍ਹਾਂ ਦਾ ਫ਼ਲਸਫ਼ਾ ਮੱਧਮ ਪੈਂਦਾ ਨਜ਼ਰ ਆਉਂਦਾ ਹੈ। ਹਿੰਦੂਆਂ ਨੇ ਸਿੱਖਾਂ ਦੇ ਨਾਮ 'ਤੇ ਗੁਰੂ ਨਾਨਕ ਦੇ ਫਲਸਫ਼ੇ ਨੂੰ ਧੁੰਦਲਾ ਸਾਬਤ ਕਰਨ ਲਈ ਕਈ ਗ੍ਰੰਥਾਂ, ਪੁਸਤਕਾਂ ਅਤੇ ਪੋਥੀਆਂ ਦੀ ਰਚਨਾ ਕੀਤੀ ਅਤੇ ਸਿੱਖ ਧਰਮ ਦੇ ਨਾਮ 'ਤੇ ਮੜ੍ਹ ਦਿੱਤੀਆਂ। ਅਜਿਹੇ ਕਈ ਗ੍ਰੰਥ ਅੱਜ-ਕੱਲ੍ਹ ਸਿੱਖਾਂ ਵਿਚ ਵੰਡੀਆਂ ਅਤੇ ਲੜਾਈਆਂ ਦੇ ਕਾਰਨ ਬਣੇ ਹੋਏ ਹਨ। ਇਨ੍ਹਾਂ ਪੁਸਤਕਾਂ ਦਾ ਮੁਖ ਮਕਸਦ ਸਿੱਖ ਧਰਮ ਨੂੰ ਹਿੰਦੂ ਧਰਮ ਜਿਹਾ ਹੀ ਜਾਂ ਹਿੰਦੂ ਧਰਮ ਦੀ ਹੀ ਇਕਾਈ ਦੱਸਣਾ ਲੱਗਦਾ ਹੈ। ਹਿੰਦੂ ਧਰਮ ਵਾਂਗ ਸਿੱਖ ਧਰਮ 'ਤੇ ਵੀ ਘੱਟ ਪੜ੍ਹੇ ਲਿਖੇ, ਗਿਆਨ ਤੋਂ ਕੋਰੇ, ਮਨ-ਮੱਤ ਅਤੇ ਕਰਮ ਕਾਂਡਾਂ ਵਿਚ ਵਿਸ਼ਵਾਸ ਕਰਨ ਅਤੇ ਇਨ੍ਹਾਂ ਦਾ ਪ੍ਰਚਾਰ ਕਰਨ ਵਾਲੇ ਪੁਜਾਰੀਆਂ ਦਾ ਕਬਜ਼ਾ ਹੈ। ਮੈਂ ਇੱਕ ਦਿਨ ਯੂ ਟਿਊਬ 'ਤੇ ਅਚਾਰੀਆ ਰਜਨੀਸ਼ ਦੇ ਭਗਤ ਰਵਿਦਾਸ ਬਾਰੇ ਵਿਚਾਰਾਂ ਦਾ ਇੱਕ ਆਡੀਓ ਸੁਣ ਰਿਹਾ ਸੀ। ਕਵਰ 'ਤੇ ਤਸਵੀਰ ਸੀ, ਜਿਸ ਤੋਂ ਲੱਗਦਾ ਹੈ, ਭਗਤ ਰਵਿਦਾਸ, ਗੁਰੂ ਨਾਨਕ ਨੂੰ ਪੋਥੀਆਂ ਦੇ ਕੇ, ਕ੍ਰਿਤਾਰਥ ਕਰ ਰਹੇ ਹਨ। ਠੀਕ ਇਸੇ ਤਰ੍ਹਾਂ ਦੀ ਸੋਚ ਕਬੀਰ ਪੰਥੀਆਂ ਦੀ ਵੀ ਹੈ। ਉਨ੍ਹਾਂ ਨੇ ਵੀ ਇੱਕ ਧਾਰਨਾ ਬਣਾਈ ਹੈ ਕਿ ਜਦੋਂ ਗੁਰੂ ਨਾਨਕ ਨੇ ਵੇਈਂ ਵਿਚ ਟੁੱਭੀ ਲਾਈ ਸੀ, ਉਦੋਂ ਭਗਤ ਕਬੀਰ ਨੇ ਹੀ ਰੱਬ ਨਾਲ ਮਿਲਾਪ ਵਿਚ ਗੁਰੂ ਨਾਨਕ ਦੀ ਅਗਵਾਈ ਕੀਤੀ ਸੀ। ਇਨ੍ਹਾਂ ਦੋਹਾਂ ਘਟਨਾਵਾਂ ਪਿੱਛੇ ਮੂਲ ਕਾਰਨ ਗੁਰੂ ਨਾਨਕ ਨੂੰ ਭਗਤ ਰਵਿਦਾਸ ਅਤੇ ਭਗਤ ਕਬੀਰ ਤੋਂ ਕਮਤਰ ਦੱਸਣਾ ਹੈ। ਮੇਰਾ ਨਿੱਜੀ ਵਿਚਾਰ ਹੈ ਕਿ ਗੁਰੂ ਨਾਨਕ ਦੀ ਤੁਲਨਾ ਇਨ੍ਹਾਂ ਭਗਤਾਂ ਨਾਲ ਕਰਨੀ ਸੰਭਵ ਨਹੀਂ। ਗੁਰੂ ਨਾਨਕ ਨਿਰਾਕਾਰ ਦੀ ਗੱਲ ਕਰਦਾ ਹੈ, ਇਸਦੇ ਉਲਟ ਭਗਤ ਰਵਿਦਾਸ ਅਤੇ ਭਗਤ ਕਬੀਰ ਤਰਤੀਬਵਾਰ ਹਿੰਦੂ ਦੇਵੀਆਂ, ਦੇਵਤਿਆਂ ਅਤੇ ਇਸਲਾਮ ਦੇ ਪੂਜਨੀਕ ਅੱਲ੍ਹਾ ਦੀਆਂ ਬਾਤਾਂ ਪਾਉਂਦੇ ਹਨ। ਗੁਰੂ ਨਾਨਕ ਆਪਣੇ ਪਿਤਾ ਪੁਰਖੀ ਹਿੰਦੂ ਧਰਮ ਦੀ ਉਪਾਸਨਾ ਨਾ ਕਰਕੇ ਉਸ ਵਿਚਲੇ ਮਨੁੱਖਤਾ ਵਿਰੋਧੀ ਤੱਤਾਂ ਦੀ ਨਿਸ਼ਾਨਦੇਹੀ ਕਰ ਕੇ ਉਸ ਦੀ ਪੁਰਜ਼ੋਰ ਵਿਰੋਧਤਾ ਕਰਦੇ ਹੋਏ ਇਸ ਬ੍ਰਹਿਮੰਡ ਦੇ ਨਿਰਾਕਾਰ ਕਰਤੇ ਦੀ ਗੱਲ ਡਟ ਕੇ ਕਰਦੇ ਹਨ। ਉਹ ਕਰਤੇ ਦੀ ਨਿਸ਼ਾਨਦੇਹੀ ਕਰ ਕੇ ਆਪਣੀ ਰਚਨਾ ਜਪੁਜੀ ਵਿਚ ਉਸਦੇ ਅਨੰਤ ਕਾਰਜਾਂ ਦਾ ਵਰਣਨ ਕਰਦੇ ਹਨ ਅਤੇ ਅਨੰਤ ਸਿਫ਼ਤ ਸਲਾਹ ਵੀ ਕਰਦੇ ਹਨ। ਉਹ ਆਪਣੇ ਸਮੇਂ ਦੇ ਪ੍ਰਚਲਿਤ ਸਮਕਾਲੀਨ ਧਰਮਾਂ ਦੇ ਸਰੂਪਾਂ ਤੋਂ ਵੀ ਆਕੀ ਹਨ। ਉਨ੍ਹਾਂ ਨੇ ਭਗਤੀ ਅਤੇ ਭਗਤੀ ਵਿਚੋਂ ਸ਼ਕਤੀ ਨੂੰ ਵੀ ਨਕਾਰਿਆ ਹੈ। ਇਸਦਾ ਉਦਾਹਰਨ ਉਨ੍ਹਾਂ ਵੱਲੋਂ ਪੂਜਾ ਪਾਠ ਅਤੇ ਭਗਤੀ ਕਰਕੇ ਰੱਬ ਨੂੰ ਪ੍ਰਾਪਤ ਕਰਨ ਦੇ ਮਾਰਗਾਂ ਤੋਂ ਦੂਰ ਰਹਿਣਾ। ਉਨ੍ਹਾਂ ਨੇ ਨਿਰਾਕਾਰ ਕਰਤੇ ਦੀ ਹੀ ਉਪਾਸਨਾ ਕੀਤੀ ਹੈ। ਮਿਸਾਲ ਵਜੋਂ ਗੁਰੂ ਨਾਨਕ ਸਾਹਿਬ ਵੱਲੋਂ ਉਚਰਾਣ ਕੀਤੀ ਆਰਤੀ ਵਿਚ ਉਨ੍ਹਾਂ ਨੇ ਬ੍ਰਹਿਮੰਡ ਦੀ ਆਰਤੀ ਕਰ ਕੇ ਨਿਰਾਕਾਰ ਕਰਤੇ ਅਤੇ ਉਸਦੀਆਂ ਕਿਰਤਾਂ ਦੀ ਸਿਫ਼ਤ ਸਲਾਹ ਕੀਤੀ ਹੈ। ਇਸਦੇ ਉਲਟ ਉਸ ਤੋਂ ਅਗਲੀਆਂ ਆਰਤੀਆਂ ਵਿਚ ਫਿਰ ਹਿੰਦੂ ਦੇਵੀਆਂ ਅਤੇ ਦੇਵਤਿਆਂ ਦੀਆਂ ਬਾਤਾਂ ਹੁੰਦੀਆਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹਿੰਦੂ ਦੇਵੀਆਂ, ਦੇਵਤਿਆਂ ਅਤੇ ਉਨ੍ਹਾਂ ਦੀਆਂ ਕਾਲਪਨਿਕ ਕਰਾਮਾਤਾਂ ਦਾ ਰੱਜ ਕੇ ਜ਼ਿਕਰ ਹੁੰਦਾ ਹੈ ਅਤੇ ਕੀ ਇਸ ਸਭ ਨੂੰ ਗੁਰੂ ਨਾਨਕ ਦੇ ਨਾਮ ਅਤੇ ਫ਼ਲਸਫ਼ੇ ਦੇ ਅਨੁਸਾਰ ਮਾਨਤਾ ਦਿੱਤੀ ਜਾ ਸਕਦੀ ਹੈ?

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹਿੰਦੂ ਧਰਮ ਦੇ ਮਿੱਥ ਦਾ ਰੱਜ ਕੇ ਵਰਣਨ ਕੀਤਾ ਗਿਆ ਹੈ ਤਾਂ ਕਿ ਹਿੰਦੂ ਧਰਮ ਦੀਆਂ ਕਾਲਪਨਿਕ ਕਥਾਵਾਂ 'ਤੇ ਸਿੱਖ ਧਰਮ ਦੀ ਮਾਨਤਾ ਦਾ ਠੱਪਾ ਲੱਗ ਸਕੇ। ਸਿੱਖ ਗੁਰੂਆਂ ਦੀਆਂ ਬਾਣੀਆਂ ਵਿਚ ਵੀ ਹਿੰਦੂ ਮੱਤ ਦਾ ਜ਼ਿਕਰ ਆਮ ਹੁੰਦਾ ਹੈ। ਰਮਾਇਣ ਅਤੇ ਮਹਾਂਭਾਰਤ ਦੀਆਂ ਕਹਾਣੀਆਂ ਅਤੇ ਇਸਦੇ ਨਾਇਕ ਅਤੇ ਨਾਇਕਾਵਾਂ ਦਾ ਮਹਿਮਾ ਮੰਡਨ ਵੀ ਕੀਤਾ ਹੈ। ਭਗਤ ਕਬੀਰ ਅਤੇ ਵਿਸ਼ੇਸ਼ ਕਰਕੇ ਭਗਤ ਰਵਿਦਾਸ ਦੀਆਂ ਬਾਣੀਆ ਦਾ ਸੰਸਾਰ ਭਰ ਵਿਚ ਜੋ ਵੱਡੀ ਪੱਧਰ 'ਤੇ ਗਾਇਆ ਅਤੇ ਸੁਣਿਆ ਜਾ ਰਿਹਾ ਹੈ, ਇਸਦਾ ਮੂਲ ਕਾਰਨ ਇਨ੍ਹਾਂ ਬਾਣੀਆਂ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੋਣਾ ਏ। ਸੰਸਾਰ ਭਰ ਵਿਚ ਵੱਖ-ਵੱਖ ਗੁਰਦੁਆਰਿਆਂ ਵਿਚ ਭਗਤ ਰਵਿਦਾਸ ਅਤੇ ਭਗਤ ਕਬੀਰ ਦੀ ਬਾਣੀ ਦਾ ਤਕਰੀਬਨ ਰੋਜ਼ਾਨਾ ਕੀਰਤਨ ਹੁੰਦਾ ਏ। 70ਵੇਂ ਦਹਾਕੇ ਤੋਂ ਬਾਅਦ ਜਦੋਂ ਤੋਂ ਸਿੱਖਾਂ ਦਾ ਵਿਦੇਸ਼ਾਂ ਨੂੰ ਪ੍ਰਵਾਸ ਸ਼ੁਰੂ ਹੋਇਆ ਅਤੇ ਆਰਥਿਕ ਖ਼ੁਸ਼ਹਾਲੀ ਨੇ ਪੈਰ ਪਸਾਰਨੇ ਸ਼ੁਰੂ ਕੀਤੇ ਤਾਂ ਸਿੱਖ ਧਰਮ ਵਿਚ ਸ਼ੁਮਾਰ ਫ਼ਿਰਕਿਆਂ ਵਿਚ ਆਪਣੀ ਵੱਖਰੀ ਪਛਾਣ ਬਣਾਉਣ ਦੀ ਇਕ ਅਜਿਹੀ ਦੌੜ ਸ਼ੁਰੂ ਹੋਈ ਕਿ ਬਰਾਦਰੀ ਦੇ ਨਾਮ 'ਤੇ ਗੁਰੂ ਘਰਾਂ ਦੀ ਸਥਾਪਨਾ ਤੋਂ ਲੈ ਕੇ ਹੋਰਨਾਂ ਸੰਸਥਾਵਾਂ ਬਣਨ ਲੱਗ ਪਈਆਂ। ਸਿੱਖ ਸਮਾਜ ਵਿਚ ਫ਼ਿਰਕੇ 'ਤੇ ਆਧਾਰਿਤ ਪੱਕੀਆਂ ਵੰਡੀਆਂ ਪਈਆਂ ਅਤੇ ਇਸਦੇ ਸਿੱਟੇ ਵਜੋਂ ਸਿੱਖ ਸਮਾਜ ਵਿਚਲੇ ਭਗਤ ਰਵਿਦਾਸ ਭਾਈਚਾਰੇ ਨੇ ਵੀ ਬਨਾਰਸ ਵਿਚ ਭਗਤ ਰਵਿਦਾਸ ਨਾਲ ਸੰਬਧਤ ਸਥਾਨਾਂ ਦਾ ਕਾਇਆ ਕਲਪ ਕਰ ਕੇ ਉਨ੍ਹਾਂ ਸਥਾਨਾਂ ਨਾਲ ਪੱਕਿਆਂ ਜੁੜਨ ਦੇ ਉਪਰਾਲੇ ਕੀਤੇ। ਇਨ੍ਹਾਂ ਯਤਨਾਂ ਦੇ ਵਿਸਤਾਰ ਵਿਚ ਜਲੰਧਰ ਨੇੜੇ ਡੇਰਾ ਸੱਚਖੰਡ ਬੱਲਾਂ ਨੂੰ ਸਮਾਜ ਵਿਚ ਮਿਲੀ ਮਕਬੂਲੀਅਤ ਨੂੰ ਵੀ ਵੇਖਿਆ ਜਾ ਸਕਦਾ ਹੈ। ਦੂਜਾ ਇਸ ਸਮਾਜ ਵਿਚ ਫੈਲੀ ਜਾਗਰੂਕਤਾ ਦਾ ਇਕ ਹੋਰ ਪ੍ਰਮਾਣ ਹੈ, ਉਨ੍ਹਾਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਰਜ਼ 'ਤੇ ਆਪਣਾ ਵੱਖਰਾ ਨਵਾਂ ਧਾਰਮਿਕ ਗ੍ਰੰਥ "ਅੰਮ੍ਰਿਤ ਬਾਣੀ" ਬਣਾਉਣਾ। ਕਈ ਥਾਂਵਾਂ 'ਤੇ ਗੁਰੂ ਰਵਿਦਾਸ ਦੇ ਨਾਮ 'ਤੇ ਗੁਰੂ ਘਰ ਬਣਾ ਕੇ ਉੱਥੇ ਅੰਮ੍ਰਿਤ ਬਾਣੀ ਗ੍ਰੰਥਾਂ ਦੀ ਸਥਾਪਨਾ ਵੀ ਕੀਤੀ ਗਈ ਏ। ਇਨ੍ਹਾਂ ਨੇ ਗੁਰੂ ਰਵਿਦਾਸ ਮੰਦਰਾਂ ਵਿਚ ਨਿਸ਼ਾਨ ਸਾਹਿਬ ਵੀ ਵੱਖ ਬਣਾ ਲਏ ਹਨ। ਇਸ ਤੋਂ ਇਲਾਵਾ ਨਾਮਧਾਰੀਆਂ ਦਾ ਤਾਂ ਵੱਖਰਾ ਪੰਥ ਤਾਂ ਚੱਲ ਹੀ ਰਿਹਾ ਏ। ਜਿਸ ਬਾਰੇ ਐਸ ਜੀ ਪੀ ਸੀ

(ਬਾਕੀ ਅਗਲੇ ਸਫੇ 'ਤੇ)

# 'ਪਟਕੇ ਵਾਲਾ ਸਰਦਾਰ' ਬਿਸ਼ਨ ਸਿੰਘ ਬੇਦੀ

ਵਿਸ਼ਵ ਦੇ ਮਹਾਨ ਖਿਡਾਰੀ



ਪ੍ਰਿੰ. ਸਰਵਣ ਸਿੰਘ
ਫੋਨ: 647-785-1661
principalsarwansingh@gmail.com


ਬਿਸ਼ਨ ਸਿੰਘ ਬੇਦੀ ਕ੍ਰਿਕਟ ਦਾ ਮਹਾਨ ਖਿਡਾਰੀ ਸੀ ਜਿਸ ਦਾ ਦੇਹਾਂਤ ਉਦੋਂ ਹੋਇਆ ਜਦੋਂ ਭਾਰਤ ਵਿਚ ਕ੍ਰਿਕਟ ਦਾ ਵਿਸ਼ਵ ਕੱਪ ਖੇਡਿਆ ਜਾ ਰਿਹੈ। 23 ਅਕਤੂਬਰ 2023 ਨੂੰ ਦਿੱਲੀ ਵਿਚ ਹੋਈ ਉਸ ਦੀ ਮ੍ਰਿਤੂ ਨਾਲ ਕ੍ਰਿਕਟ ਜਗਤ ਵਿਚ ਸੋਗ ਛਾ ਗਿਆ। ਖਿਡਾਰੀਆਂ ਤੇ ਖੇਡ ਅਧਿਕਾਰੀਆਂ ਨੇ ਵਿਛੜੇ ਸਾਥੀ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ। ਕ੍ਰਿਕਟ ਦੇ ਦਿਗਜ ਖਿਡਾਰੀ ਤੇ ਫਿਲਮੀ ਸਿਤਾਰੇ ਉਸ ਦੀ ਦੇਹ 'ਤੇ ਫੁੱਲ ਮਾਲਾਵਾਂ ਅਰਪਣ ਕਰਨ ਪੁੱਜੇ ਤੇ ਪਰਿਵਾਰ ਨਾਲ ਦੁੱਖ ਵੰਡਾਇਆ। ਉਸ ਦਾ ਅੰਤਮ ਸੰਸਕਾਰ ਦਿੱਲੀ ਵਿਚ ਕੀਤਾ ਗਿਆ। ਜਨ ਸਾਧਾਰਨ ਤੋਂ ਲੈ ਕੇ ਭਾਰਤ ਦੇ ਪ੍ਰਧਾਨ ਮੰਤਰੀ ਤਕ ਸਭ ਨੇ ਮਹਾਨ ਕ੍ਰਿਕਟਰ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।

ਬੇਦੀ ਵਿਸ਼ਵ ਦਾ ਮੰਨਿਆ ਪ੍ਰਮੰਨਿਆ ਸਪਿੰਨ ਗੇਂਦਬਾਜ਼ ਸੀ ਜਿਸ ਨੇ ਦਸੰਬਰ 1966 ਤੋਂ ਜਨਵਰੀ 1979 ਤਕ 67 ਟੈੱਸਟ ਮੈਚ ਖੇਡ ਕੇ 266 ਵਿਕਟਾਂ ਲਈਆਂ। ਉਦੋਂ ਉਸ ਨੇ ਹਿੰਦ ਮਹਾਂਦੀਪ ਵਿਚ ਸਭ ਤੋਂ ਵੱਧ ਟੈੱਸਟ ਮੈਚ ਖੇਡਣ ਤੇ ਸਭ ਤੋਂ ਵੱਧ ਵਿਕਟਾਂ ਲੈਣ ਦਾ ਰਿਕਾਰਡ ਰੱਖ ਦਿੱਤਾ ਸੀ। ਟੈੱਸਟ ਮੈਚ ਖੇਡਣ ਦੇ ਨਾਲ 22 ਵਾਰ ਉਸ ਨੇ ਭਾਰਤੀ ਟੀਮਾਂ ਦੀ ਕਪਤਾਨੀ ਕੀਤੀ ਸੀ। ਉਦੋਂ ਭਾਰਤ ਦੇ ਚਾਰ ਸਪਿੰਨਰਾਂ ਪ੍ਰਸੰਨਾ, ਚੰਦਰ ਸ਼ੇਖਰ, ਵੈਂਕਟਰਾਘਵਣ ਤੇ ਬੇਦੀ ਦੀਆਂ ਚੜ੍ਹ ਮੱਚੀਆਂ ਸਨ। ਬੇਦੀ ਨੂੰ 'ਸਰਦਾਰ ਆਫ਼ ਸਪਿੰਨ' ਕਿਹਾ ਜਾਣ ਲੱਗਾ ਸੀ। ਟੈੱਸਟ ਮੈਚਾਂ ਤੋਂ ਬਿਨਾਂ ਬੇਦੀ ਨੇ 10 ਇਕ ਰੋਜ਼ਾ ਮੈਚ ਵੀ ਖੇਡੇ ਜੋ ਉਦੋਂ ਸ਼ੁਰੂ ਹੀ ਹੋਏ ਸਨ। ਉਨ੍ਹਾਂ ਵਿਚ ਵੀ ਕਫਾਇਤੀ ਗੇਂਦਬਾਜ਼ੀ ਕੀਤੀ ਸੀ ਤੇ ਵਿਕਟਾਂ ਲਈਆਂ ਸਨ। ਉਸ ਨੇ ਪਹਿਲੀ ਸ਼੍ਰੇਣੀ ਦੇ ਕ੍ਰਿਕਟ ਮੈਚਾਂ ਦੀਆਂ ਵੀ 1560 ਵਿਕਟਾਂ ਲੈਣ ਦਾ ਰਿਕਾਰਡ ਰੱਖਿਆ। ਇਕੇਰਾਂ ਇਕੋ ਮੈਚ ਵਿਚ 10 ਵਿਕਟਾਂ ਲਈਆਂ ਤੇ 14 ਟੈੱਸਟ ਮੈਚਾਂ ਵਿਚ 5-5 ਵਿਕਟਾਂ ਉਡਾਈਆਂ। ਜਿਵੇਂ ਧਿਆਨ ਚੰਦ ਨੂੰ ਹਾਕੀ ਦਾ ਜਾਦੂਗਰ ਕਿਹਾ ਜਾਦਾ ਸੀ ਉਵੇਂ ਬੇਦੀ ਨੂੰ ਸਪਿੰਨ ਦਾ ਜਾਦੂਗਰ ਕਿਹਾ ਜਾਣ ਲੱਗਾ ਸੀ।

ਬਿਸ਼ਨ ਸਿੰਘ ਦਾ ਜਨਮ 29 ਸਤੰਬਰ 1946 ਨੂੰ ਗੁਰੂ ਨਾਨਕ ਦੇਵ ਜੀ ਦੇ ਵੰਸ਼ ਵਿਚ ਗੁਰੂ ਰਾਮ ਦਾਸ ਜੀ ਦੀ ਵਸਾਈ ਨਗਰੀ ਅੰਮ੍ਰਿਤਸਰ ਵਿਚ ਹੋਇਆ ਸੀ। ਉਸ ਦੇ ਪਿਤਾ ਜੀ ਖ਼ੁਦ ਖੇਡਾਂ ਵਿਚ ਦਿਲਚਸਪੀ ਰੱਖਦੇ ਸਨ। ਉਹ ਚਾਹੁੰਦੇ ਸਨ ਕਿ ਉਨ੍ਹਾਂ ਦਾ ਪੁੱਤਰ ਤਕੜਾ ਖਿਡਾਰੀ ਬਣੇ। ਉਹ ਅੰਮ੍ਰਿਤਸਰ ਦੇ ਜਿਨ੍ਹਾਂ ਸਕੂਲਾਂ ਕਾਲਜਾਂ ਵਿਚ ਪੜ੍ਹਿਆ ਸਭ ਨੇ ਉਸ ਨੂੰ ਖੇਡ ਸਹੂਲਤਾਂ ਦਿੱਤੀਆਂ। ਪਹਿਲਾਂ ਪਹਿਲ ਉਹ ਫੁੱਟਬਾਲ ਖੇਡਣ ਲੱਗਾ ਸੀ। ਫਿਰ ਕ੍ਰਿਕਟ ਪ੍ਰੇਮੀ ਕਿਰਪਾਲ ਸਿੰਘ ਦੀ ਪ੍ਰੇਰਨਾ ਨਾਲ ਕ੍ਰਿਕਟ ਵੱਲ ਆ ਗਿਆ। ਪ੍ਰੋ. ਗਿਆਨ ਪ੍ਰਕਾਸ਼ ਨੇ ਵੀ ਉਸ ਨੂੰ ਵਧੀਆ ਕ੍ਰਿਕਟ ਖਿਡਾਰੀ ਬਣਨ ਦੇ ਰਾਹ ਪਾਇਆ। ਉਹ ਸਿਰਫ਼ ਪੰਦਰਾਂ ਸਾਲਾਂ ਦਾ ਸੀ ਜਦੋਂ ਰਣਜੀ ਟਰਾਫੀ ਦਾ ਪਹਿਲਾ ਮੈਚ ਖੇਡਿਆ। ਉਸ ਪਿੱਛੋਂ ਉਹ ਅੱਗੇ ਹੀ ਅੱਗੇ ਵਧਦਾ ਗਿਆ। ਫੇਰ ਉਹ ਦਿਨ ਵੀ ਆਏ ਜਦੋਂ ਅਕਾਸ਼ਵਾਣੀ ਤੋਂ ਕ੍ਰਿਕਟ ਦੀ ਕੁਮੈਂਟਰੀ ਕਰਨ ਵਾਲਿਆਂ ਨੇ ਜਿੰਨੀ ਵਾਰ ਬੇਦੀ ਦਾ ਨਾਂ ਉਚਾਰਿਆ ਓਨੀ ਵਾਰ ਸ਼ਾਇਦ ਭਾਰਤ ਦੇ ਕਿਸੇ ਪ੍ਰਧਾਨ ਮੰਤਰੀ ਦਾ ਵੀ ਨਹੀਂ ਉਚਾਰਿਆ ਹੋਣਾ। ਉਦੋਂ ਬੇਦੀ ਦੇ ਨਾਂ ਨਾਲ ਕੁਮੈਂਟਰੀ ਕਰਨ ਵਾਲਿਆਂ ਨੇ ਤਿੰਨ ਨਾਂ ਹੋਰ ਜੋੜ ਦਿੱਤੇ ਸਨ: ਪਟਕੇ ਵਾਲਾ ਸਰਦਾਰ, ਅੰਮ੍ਰਿਤਸਰ ਦਾ ਹੀਰਾ ਤੇ ਸਰਦਾਰ ਆਫ਼ ਸਪਿੰਨ।

ਦਸੰਬਰ 1966 ਵਿਚ ਦਿੱਲੀ ਵਿਖੇ ਪ੍ਰਧਾਨ ਮੰਤਰੀ ਦੀ ਟੀਮ ਦਾ ਵੈਸਟ ਇੰਡੀਜ਼ ਦੀ ਟੀਮ ਵਿਰੁੱਧ ਕ੍ਰਿਕਟ ਮੈਚ ਚੱਲ ਰਿਹਾ ਸੀ। ਬਿਸ਼ਨ ਸਿੰਘ ਬੇਦੀ ਨੇ ਪ੍ਰਧਾਨ ਮੰਤਰੀ ਦੀ ਟੀਮ ਵੱਲੋਂ ਗੇਂਦਬਾਜ਼ੀ ਕਰਦਿਆਂ 139 ਦੌੜਾਂ ਦੇ ਕੇ 6 ਵਿਕਟਾਂ ਲੈ ਲਈਆਂ ਸਨ। ਤਦੇ ਭਾਰਤੀ ਟੀਮ ਦੇ ਚੋਣਕਾਰ ਦੱਤਾ ਰੇਅ ਤੇ ਐੱਮ. ਕੇ. ਮੰਤਰੀ ਨੇ ਉਸ ਨੂੰ ਆਪਣੇ ਕੋਲ ਸੱਦਿਆ ਤੇ ਕਿਹਾ, "ਆਪਣਾ ਪਟਕਾ ਤੇ ਪਗੜੀ ਬਗੈਰਾ ਬੈਗ 'ਚ ਪਾ ਕੇ ਤਿਆਰ ਹੋ ਜਾਹ ਤੇ ਜਹਾਜ਼ੇ ਚੜ੍ਹ ਚੱਲ, ਕਲਕੱਤੇ ਤੂੰ ਟੈੱਸਟ ਮੈਚ ਖੇਡਣਾ ਹੋਵੇਗਾ।"

ਕਿਸੇ ਨਵੇਂ ਉੱਠਦੇ ਖਿਡਾਰੀ ਲਈ ਇਸ ਤੋਂ ਵੱਧ ਖ਼ੁਸ਼ੀ ਦੀ ਗੱਲ ਕੀ ਹੋ ਸਕਦੀ ਸੀ। ਉਦੋਂ ਭਾਰਤੀ ਟੀਮ ਦਾ ਕਪਤਾਨ ਨਵਾਬ ਪਟੌਦੀ ਸੀ। ਜਿਥੇ ਉਸ ਵਿਚ ਹੋਰ ਖ਼ੂਬੀਆਂ ਸਨ ਉਥੇ ਹਾਸਾ ਮਜ਼ਾਕ ਕਰਨ ਦੀ ਖ਼ੂਬੀ ਵੀ ਹੋਰਨਾਂ ਨੂੰ ਖ਼ੁਸ਼ ਕਰਨ ਵਾਲੀ ਸੀ। ਕਲਕੱਤੇ ਦੇ ਈਡਨ ਗਾਰਡਨ ਮੈਦਾਨ ਵਿਚ ਜਦੋਂ ਘੜੀ ਦੀ ਸੂਈ ਬਾਰਾਂ ਵਜਾਉਣ ਲੱਗੀ ਤਾਂ ਕਪਤਾਨ ਪਟੌਦੀ ਨੇ ਬੇਦੀ ਨੂੰ ਆਪਣਾ ਪਹਿਲਾ ਟੈੱਸਟ ਓਵਰ ਸੁੱਟਣ ਲਈ ਬੁਲਾਇਆ। ਉਹ ਅਸਲ ਵਿਚ ਦੁਪਹਿਰ ਦੇ ਖਾਣੇ ਤੋਂ ਪਹਿਲਾਂ ਪੱਗੜੀ ਵਾਲੇ ਸਰਦਾਰਾਂ ਨਾਲ ਜੁੜੇ ਲਤੀਫ਼ੇ ਰਾਹੀਂ ਹਾਜ਼ਰੀਨਾਂ ਦਾ ਚਿੱਤ ਖ਼ੁਸ਼ ਕਰਨਾ ਚਾਹੁੰਦਾ ਸੀ। ਬੇਦੀ ਨੇ ਵੀ ਵਧੀਆ ਗੇਂਦਾਂ ਸੁੱਟ ਕੇ ਸਭਨਾਂ ਦਾ



ਚਿੱਤ ਰਾਜ਼ੀ ਕਰ ਦਿੱਤਾ।

ਕਲਕੱਤੇ ਦੇ ਉਸ ਟੈੱਸਟ ਮੈਚ ਤੋਂ ਬਾਅਦ ਬੇਦੀ ਨੇ ਪਿੱਛੇ ਮੁੜ ਕੇ ਨਹੀਂ ਵੇਖਿਆ। ਉਦੋਂ ਤੋਂ ਉਹ ਭਾਰਤੀ ਕ੍ਰਿਕਟ ਟੀਮਾਂ ਦਾ ਅਨਿੱਖੜ ਅੰਗ ਬਣ ਗਿਆ। ਪੂਰੇ ਬਾਰਾਂ ਵਰ੍ਹੇ ਬੇਦੀ ਤੋਂ ਬਗੈਰ ਕਿਸੇ ਭਾਰਤੀ ਕ੍ਰਿਕਟ ਟੀਮ ਦਾ ਸੰਕਲਪ ਹੀ ਨਹੀਂ ਕੀਤਾ ਜਾ ਸਕਿਆ। ਇਕ ਅੱਧ ਵਾਰ ਅਜਿਹਾ ਮੌਕਾ ਵੀ ਆਇਆ ਜਦੋਂ ਦੇਸ਼ ਭਰ ਦੇ ਕ੍ਰਿਕਟ ਪ੍ਰੇਮੀਆਂ ਨੇ ਚੋਣਕਾਰਾਂ ਨੂੰ ਮਜਬੂਰ ਕਰ ਦਿੱਤਾ ਕਿ ਜੇ ਉਹ ਬੇਦੀ ਨੂੰ ਟੀਮ ਵਿਚ ਪਾਉਣਗੇ ਤਦ ਹੀ ਟੈੱਸਟ ਮੈਚ ਖੇਡਣ ਦਿੱਤਾ ਜਾਵੇਗਾ ਵਰਨਾ ਨੋ ਬੇਦੀ ਨੋ ਮੈਚ!

ਥੋੜ੍ਹੇ ਹੀ ਸਮੇਂ ਵਿਚ ਬੇਦੀ ਦੀ ਮਸ਼ਹੂਰੀ ਦਾ ਇਹ ਆਲਮ ਹੋਇਆ ਕਿ ਆਸਟ੍ਰੇਲੀਆ ਵਿਚ ਔਰਤਾਂ ਦੇ ਇਕ ਸੰਸਾਰ ਪ੍ਰਸਿੱਧ ਰਸਾਲੇ ਨੇ ਉਸ ਦੀ ਇੰਟਰਵਿਊ ਲਈ। ਉਸ ਮੈਗਜ਼ੀਨ ਵੱਲੋਂ ਬੇਦੀ ਤੋਂ ਪਹਿਲਾਂ ਅਜਿਹੀ ਇੰਟਰਵਿਊ ਕੇਵਲ ਐਲਿਜ਼ਬੈੱਥ ਟੇਲਰ, ਜੈਕੀ ਓਨਾਸਿਸ ਤੇ ਸੋਨੀਆ ਮੈਕਮਾਹਣੋ ਨਾਲ ਹੀ ਕੀਤੀ ਗਈ ਸੀ। ਰਸਾਲੇ ਦੀ ਪੱਤਰਕਾਰ ਨੇ ਬੇਦੀ ਨੂੰ ਪੁੱਛਿਆ,"ਕੀ ਕਾਰਨ ਹੈ, ਤੁਹਾਡੀ ਖੇਡ ਦੇ ਲੋਕ ਐਨੇ ਦੀਵਾਨੇ ਕਿਉਂ ਹਨ?" ਬੇਦੀ ਨੇ ਮੁਸਕਰਾਂਦਿਆਂ ਉੱਤਰ ਦਿੱਤਾ, "ਸ਼ਾਇਦ ਲੋਕ ਖੇਡ ਵਿਚ ਕੋਈ ਬਦਲਾਅ ਵੇਖਣਾ ਚਾਹੁੰਦੇ ਹੋਣ। ਮੇਰੀ ਗੇਂਦਬਾਜ਼ੀ ਵਿਚ ਵੱਖਰਾ ਅੰਦਾਜ਼ ਵੀ ਹੈ ਤੇ ਮੇਰੇ ਸਰੂਪ ਵਿਚ ਵੀ ਵਿਲੱਖਣਤਾ ਹੈ। ਸੰਭਵ ਹੈ ਮੇਰੀ ਪਗੜੀ ਤੇ ਪਟਕੇ ਵਿਚ ਵੀ ਖ਼ਾਸ ਖਿੱਚ ਹੋਏ। ਬਾਕੀ ਆਸਟ੍ਰੇਲੀਆ ਦੇ ਕ੍ਰਿਕਟ ਪ੍ਰੇਮੀ ਮੇਰੀ ਇਸ ਚਾਹਤ ਨੂੰ ਵੀ ਜਾਣਦੇ ਹੋਣਗੇ ਕਿ ਮੈਨੂੰ ਤੁਹਾਡੀ ਬੀਅਰ ਬਹੁਤ ਚੰਗੀ ਲੱਗਦੀ ਹੈ। ਇਸ ਤੋਂ ਬਿਨਾਂ ਮੇਰਾ ਪੰਜਾਬੀ ਸੁਭਾਅ ਉਂਜ ਹੀ ਘੁਲ ਮਿਲ ਜਾਣ ਵਾਲਾ ਹੈ।"

ਬਾਅਦ ਵਿਚ ਉਸ ਦੇ ਘੁਲ ਮਿਲ ਜਾਣ ਵਾਲੇ ਸੁਭਾਅ ਨੇ ਹੀ ਰੰਗ ਭਾਗ ਲਾਏ ਕਿ ਆਸਟ੍ਰੇਲੀਆ ਦੀ ਜੰਮਪਲ ਇਕ ਗੋਰੀ ਮੁਟਿਆਰ ਮਿਸ ਗਲੈਨਿਥ ਅੰਬਰਸਰੀਏ ਭਾਊ ਉਤੇ ਮਿਹਰਬਾਨ ਹੋ ਗਈ ਜੋ ਹੀਰ ਰਾਂਝੇ ਦੇ ਇਸ਼ਕ ਵਾਲੀ ਬਾਤ ਬਣ ਗਈ। ਉਹ ਮਝੈਲ ਭਾਊ ਦੇ ਮਗਰੇ ਅੰਮ੍ਰਿਤਸਰ ਆ ਕੇ ਸਿੰਘਣੀ ਸਜ ਗਈ। ਫਿਰ ਪੂਰੀ ਗੁਰ ਮਰਿਆਦਾ ਨਾਲ ਅਨੰਦ ਕਾਰਜ ਰਚਾ ਕੇ ਗਲੈਨਿਥ ਬੇਦੀ ਬਣ ਗਈ। ਵਿਆਹ ਤੋਂ ਦੋ ਦਿਨਾਂ ਪਿੱਛੋਂ ਕਲਕੱਤੇ, ਬੇਦੀ ਨੇ ਆਸਟ੍ਰੇਲੀਆ ਵਿਰੁੱਧ ਟੈੱਸਟ ਮੈਚ ਖੇਡਿਆ ਤੇ ਲੱਗਦੇ ਹੱਥ 98 ਦੌੜਾਂ ਦੇ ਕੇ ਸਹੁਰਿਆਂ ਦੀਆਂ 7 ਵਿਕਟਾਂ ਬਟੋਰ ਲਈਆਂ। ਇਹ ਉਹਦਾ ਨਵ ਵਿਆਹੀ ਆਸਟ੍ਰੇਲੀਅਨ ਵਹੁਟੀ ਨੂੰ ਪਹਿਲਾ ਤੋਹਫ਼ਾ ਸੀ!

ਫਿਰ ਤਾਂ ਤੋਹਫਿਆਂ ਦੀ ਝੜੀ ਹੀ ਲੱਗ ਗਈ। ਵਾਹਿਗੁਰੂ ਨੇ ਪੁੱਤਰ ਦੀ ਦਾਤ ਬਖ਼ਸ਼ ਦਿੱਤੀ। ਗਵਾਸਕਰ ਦਾ ਅੱਧਾ ਨਾਂ ਤੇ ਗਲੈਨਿਥ ਦੇ ਨਾਂ ਨਾਲ ਪੁਰਖਿਆਂ ਦਾ ਨਾਂ ਜੋੜ ਕੇ ਪੁੱਤਰ ਦਾ ਨਾਂ ਰੱਖਿਆ ਗਵਾਸਇੰਦਰ ਸਿੰਘ ਬੇਦੀ। ਧੀ ਜੰਮੀ ਤਾਂ ਨਾਂ ਰੱਖਿਆ ਗਿਆ ਗਿੱਲਇੰਦਰ ਕੌਰ ਬੇਦੀ। ਵਿਆਹੁਤਾ ਜੋੜੀ ਚੰਗੀ ਭਲੀ ਚੱਲ ਰਹੀ ਸੀ ਕਿ ਅਚਾਨਕ ਵਿਗਾੜ ਪੈ ਗਿਆ ਜੋ ਤਲਾਕ ਨਾਲ ਸਿਰੇ ਲੱਗਾ। ਬਥੇਰੇ ਖਿਡਾਰੀਆਂ ਨਾਲ ਅਜਿਹਾ ਹੋਇਆ ਹੈ। ਉਹ ਭਾਵੇਂ ਫੁੱਟਬਾਲ ਦਾ ਬਾਦਸ਼ਾਹ ਪੇਲੇ ਸੀ ਭਾਵੇਂ ਮੁੱਕੇਬਾਜ਼ੀ ਦਾ ਸ਼ਹਿਨਸ਼ਾਹ ਮੁਹੰਮਦ ਅਲੀ। ਸਟਾਰ ਖਿਡਾਰੀਆਂ ਦੇ ਵਿਆਹ ਜਿਵੇਂ ਟੁੱਟਦੇ ਹਨ ਉਵੇਂ ਮੁੜ ਵਿਆਹੇ ਜਾਂਦੇ ਵੀ ਵੇਖੀਦੇ ਹਨ। ਬੇਦੀ ਵੀ ਉਸੇ ਰਾਹ ਤੁਰਿਆ। ਬੇਦੀ ਦਾ ਵੀ ਦੂਜਾ ਵਿਆਹ ਛੇਤੀ ਹੀ ਹੋ ਗਿਆ। ਇੰਦਰਜੀਤ ਕੌਰ ਅੰਜੂ ਉਹਦੀ ਦੂਜੀ ਪਤਨੀ ਬਣੀ ਜਿਸ ਨੇ ਪੁੱਤਰ ਅੰਗਦ ਸਿੰਘ ਤੇ ਧੀ ਨੇਹਾ ਨੂੰ ਜਨਮ ਦਿੱਤਾ। ਧੀ ਨੇਹਾ ਬੇਦੀ ਨੇ ਆਪਣੇ ਬਾਪ ਦੀ ਜੀਵਨੀ ਲਿਖੀ ਜਿਸ ਦਾ ਨਾਂ 'ਸਰਦਾਰ ਆਫ਼ ਸਪਿੰਨ' ਰੱਖਿਆ। ਅੰਗਦ ਬੇਦੀ ਪਹਿਲਾਂ ਮਾਡਲਿੰਗ ਕਰਨ ਲੱਗਾ ਸੀ ਹੁਣ ਫਿਲਮ ਸਟਾਰ ਹੈ। ਉਹ ਫਿਲਮ ਸਟਾਰ ਨੇਹਾ ਧੂਪੀਆ ਨਾਲ ਵਿਆਹਿਆ ਹੋਇਐ। ਉਨ੍ਹਾਂ ਦੇ ਵੀ ਇਕ ਪੁੱਤਰ ਤੇ ਇਕ ਧੀ ਹੈ।

ਮੈਕਸਿਮ ਗੋਰਕੀ ਨੇ ਲਿਖਿਆ ਹੈ ਕਿ ਦੁਨੀਆ ਦਾ ਸ਼ਾਇਦ ਹੀ ਕੋਈ ਕਵੀ ਹੋਵੇ ਜਿਸ ਨੇ ਆਪਣੀ ਬੋਲੀ ਦੇ ਲਫ਼ਜ਼ਾਂ ਦੀ ਥੁੜ ਨੂੰ ਨਾ ਕੋਸਿਆ ਹੋਵੇ। ਇਸੇ ਤਰ੍ਹਾਂ ਸ਼ਾਇਦ ਹੀ ਕੋਈ ਗੇਂਦਬਾਜ਼ ਹੋਵੇ ਜਿਸ ਨੇ ਆਪਣੀਆਂ ਉਂਗਲਾਂ ਦੇ ਘੱਟ ਲੰਮੇ ਹੋਣ ਦਾ ਅਫਸੋਸ ਨਾ ਕੀਤਾ ਹੋਵੇ। ਬੇਦੀ ਦੀਆਂ ਉਂਗਲਾਂ ਨਾ ਬਹੁਤੀਆਂ ਲੰਮੀਆਂ ਸਨ ਨਾ ਬਹੁਤੀਆਂ ਮਜ਼ਬੂਤ। ਉਨ੍ਹਾਂ ਦਾ ਪਤਾ ਮੈਨੂੰ 1982 ਵਿਚ ਦਿੱਲੀ ਏਸ਼ੀਆਡ ਕਵਰ ਕਰਨ ਗਏ ਨੂੰ ਲੱਗਿਆ ਸੀ। ਮੇਰੇ ਮਿੱਤਰ ਅਰਜਨਾ ਅਵਾਰਡੀ ਅਜਮੇਰ ਸਿੰਘ ਨੇ ਮੈਨੂੰ ਬੇਦੀ ਨਾਲ ਮਿਲਾਇਆ ਸੀ। ਉਥੇ ਅਸੀਂ ਖੁੱਲ੍ਹੀਆਂ ਗੱਲਾਂ ਕੀਤੀਆਂ। ਉਹ ਦਰਮਿਆਨੇ ਕੱਦ ਦਾ ਵਜ਼ਨਦਾਰ ਖਿਡਾਰੀ ਸੀ ਜਿਸ ਦੀ ਪੋਚਵੀਂ ਪੱਗ ਹੇਠ ਕਾਲੀ ਫਿਫਟੀ ਲਾਈ ਹੋਈ ਸੀ। ਨੱਕ ਰਤਾ ਚੌੜਾ, ਭਰਵੱਟੇ ਸੰਘਣੇ ਤੇ ਦਾੜ੍ਹੀ ਫੀਤੇ ਨਾਲ ਕਸੀ ਹੋਈ ਸੀ। ਉਥੇ ਮੈਂ ਉਸ ਦੀਆਂ ਉਂਗਲਾਂ ਬਾਰੇ ਸੁਆਲ ਪੁੱਛਿਆ ਸੀ ਕਿ ਇਹ ਹਜ਼ਾਰਾਂ ਓਵਰ ਕਿਵੇਂ ਸੁੱਟ ਸਕੀਆਂ? ਉਸ ਨੇ ਹੱਸਦਿਆਂ ਦੱਸਿਆ ਸੀ ਕਿ ਮੈਂ ਨਿੱਕਾ ਹੁੰਦਾ ਹੀ ਆਪਣੇ ਕੱਪੜੇ ਆਪ ਧੋਂਦਾ ਤੇ ਵਾਰ ਵਾਰ ਨਿਚੋੜਦਾ ਸਾਂ। ਕੱਪੜੇ ਧੋਣ ਤੇ ਨਿਚੋੜਨ ਨੇ ਹੀ ਮੇਰੀਆਂ ਉਂਗਲਾਂ ਤਕੜੀਆਂ ਕੀਤੀਆਂ ਜਿਨ੍ਹਾਂ ਨੇ ਮੈਨੂੰ ਕਦੇ ਧੋਖਾ ਨਹੀਂ ਦਿੱਤਾ।

ਕ੍ਰਿਕਟ ਦੇ ਪ੍ਰਸਿੱਧ ਟਿੱਪਣੀਕਾਰ ਵਿਲਫਰੈੱਡ ਰੋਡਜ਼ ਨੇ ਉਹਦੀ ਗੇਂਦਬਾਜ਼ੀ ਦੀ ਸਿਫ਼ਤ ਕਰਦਿਆਂ ਉਸ ਨੂੰ 'ਗਤੀਸ਼ੀਲ ਕਵਿਤਾ' ਕਿਹਾ ਸੀ। ਗੇਂਦ ਸੁੱਟਣ ਲੱਗਿਆਂ ਬੇਦੀ ਪੰਜ ਛੇ ਕਦਮਾਂ ਦਾ ਨਿੱਕਾ ਜਿਹਾ ਪੈਂਤਰਾ ਲੈਂਦਾ। ਤਿੰਨ ਕਦਮ ਪੁੱਟਦਿਆਂ ਉਹਦਾ ਕੜੇ ਵਾਲਾ ਸੱਜਾ ਹੱਥ ਉਪਰ ਉਠ ਜਾਂਦਾ। ਫਿਰ ਸੱਜਾ ਹੇਠਾਂ ਤੇ ਖੱਬਾ ਉੱਪਰ ਨੂੰ ਘੁੰਮਦਾ। ਐਨ ਸਿਖਰ 'ਤੇ ਉਹ ਉਂਗਲਾਂ ਦੀ ਐਸੀ ਚੱਕਰੀ ਘੁਮਾਉਂਦਾ ਕਿ ਗੇਂਦ ਹਵਾ ਵਿਚ ਹੀ ਘੁਮਾਟੀ ਲੈ ਕੇ ਅਜਿਹੇ ਕੋਨ ਤੇ ਉਚਾਈ ਉਤੇ ਪਹੁੰਚਦੀ ਜਿਸ ਬਾਰੇ ਬੱਲੇਬਾਜ਼ ਨੂੰ ਪਹਿਲਾਂ ਕੋਈ ਅਨੁਮਾਨ ਹੀ ਨਹੀਂ ਸੀ ਹੁੰਦਾ। ਇੰਜ ਬੇਦੀ ਦੀ ਗੇਂਦ ਤੋਂ ਇਕ ਬੰਨੇ ਦੌੜਾਂ ਨਹੀਂ ਸੀ ਬਣਦੀਆਂ ਤੇ ਦੂਜੇ ਬੰਨੇ ਬੱਲੇਬਾਜ਼ ਵਿਕਟ ਦਾ ਸ਼ਿਕਾਰ ਹੋ ਬਹਿੰਦਾ। ਇਸ ਤਰ੍ਹਾਂ ਬੜਾ ਘੱਟ ਦੌੜ ਕੇ ਉਹ ਘੰਟਿਆਂ ਬੱਧੀ ਗੇਂਦਬਾਜ਼ੀ ਕਰਦਾ ਰਿਹਾ।

ਕ੍ਰਿਕਟ ਬੇਦੀ ਲਈ ਰੌਚਕ ਖੇਡ ਸੀ, ਮਨੋਰੰਜਨ ਵੀ ਤੇ ਥੋੜ੍ਹੀ ਬਹੁਤ ਕਮਾਈ ਦਾ ਸਾਧਨ ਵੀ। ਉਸ ਨੂੰ ਇੰਗਲੈਂਡ ਦੀਆਂ ਪਿੱਚਾਂ 'ਤੇ ਖੇਡਣਾ ਵਧੇਰੇ ਪਸੰਦ ਸੀ। ਕ੍ਰਿਕਟ ਉਹਦੇ ਲਈ ਅਧਿਐਨ ਦਾ ਵਿਸ਼ਾ ਵੀ ਸੀ। ਕੇਵਲ ਕ੍ਰਿਕਟ ਬਾਰੇ ਹੀ ਉਸ ਦੀ ਲਾਇਬ੍ਰੇਰੀ ਵਿਚ ਚਾਰ ਸੌ ਤੋਂ ਵੱਧ ਕਿਤਾਬਾਂ ਸਨ। ਉਹ ਆਮ ਪੇਸ਼ਾਵਰ ਖਿਡਾਰੀਆਂ ਵਾਂਗ ਪੈਸੇ ਬਟੋਰਨ ਵਾਲਾ ਖਿਡਾਰੀ ਨਹੀਂ ਸੀ। ਤਦੇ ਉਹ ਡਾਲਰਾਂ/ਪੌਂਡਾਂ ਪਿੱਛੇ ਨਾ ਕੈਰੀ ਪੈਕਰ ਦੀ ਕ੍ਰਿਕਟ ਸਰਕਸ ਵਿਚ ਗਿਆ ਤੇ ਨਾ ਕਿਸੇ ਹੋਰ ਲੋਭ ਲਾਲਚ ਨਾਲ ਭਰਮਾਇਆ ਗਿਆ। ਉਹ ਖੇਡ ਵਿਚ ਮੁਹਾਰਤ ਹਾਸਲ ਕਰਨ ਲਈ ਕਰੜੀ ਕਸਰਤ ਕਰਨ ਦਾ ਹਾਮੀ ਸੀ। ਇਹੋ ਕਾਰਨ ਸੀ ਕਿ ਸਿਖਲਾਈ ਦੌਰਾਨ ਉਹ ਸਾਥੀਆਂ ਨਾਲੋਂ ਦੌੜਾਂ ਵੀ ਵੱਧ ਲਾਉਂਦਾ ਤੇ ਗੇਂਦਾਂ ਨਾਲ ਪ੍ਰੈਕਟਿਸ ਵੀ ਵੱਧ ਕਰਦਾ ਸੀ।

ਬਤੌਰ ਗੇਂਦਬਾਜ਼ ਤੇ ਟੀਮ ਕਪਤਾਨ ਉਹਦਾ ਵਿਸ਼ੇਸ਼ ਬਿੰਬ ਸੀ। ਕ੍ਰਿਕਟ ਦੇ ਧਨੰਤਰ ਟਿੱਪਣੀਕਾਰ ਉਸ ਨੂੰ ਨਿਡਰ, ਸਵੈ-ਵਿਸ਼ਵਾਸੀ, ਸੱਚਾ-ਸੁੱਚਾ ਤੇ ਬਾਦਲੀਲ ਵਿਅਕਤੀ ਸਵੀਕਾਰਦੇ ਸਨ। ਉਹ ਵਧੀਆ ਬੁਲਾਰਾ ਸੀ। ਉਹਦੀਆਂ ਗੱਲਾਂ ਸਪੱਸ਼ਟ ਤੇ ਦਿਲਚਸਪ ਹੁੰਦੀਆਂ ਸਨ। ਉਹ ਔਖੀਆਂ ਘੜੀਆਂ ਵਿਚ ਵੀ ਹੱਸ ਖੇਡ ਤੇ ਟਿੱਚਰ ਮਖੌਲ ਕਰ ਸਕਦਾ ਸੀ। ਉਹ ਅਰਜਨਾ ਅਵਾਰਡੀ ਵੀ ਸੀ ਤੇ ਪਦਮਸ੍ਰੀ ਵੀ। ਉਹ ਹੋਰ ਵੀ ਬਹੁਤ ਕੁਝ ਸੀ। ਸੰਖੇਪ ਵਿਚ ਕਹਿਣਾ ਹੋਵੇ ਤਾਂ 'ਲੱਠਾ ਬੰਦਾ' ਸੀ।

ਕਈ ਮਹੀਨੇ ਪਹਿਲਾਂ ਦਿਲ ਦੀ ਬਿਮਾਰੀ ਦੀਰਘ ਹੋ ਜਾਣ ਕਾਰਨ ਉਹ ਉਸ ਨੂੰ ਲਾਇਲਾਜ ਸਮਝਣ ਲੱਗ ਪਿਆ ਸੀ। ਪਰਿਵਾਰ ਨੂੰ ਕਹਿਣ ਲੱਗ ਪਿਆ ਸੀ, "ਮੈਨੂੰ ਇਕ ਵਾਰ ਅੰਬਰਸਰ ਲੈ ਚੱਲੋ, ਮੈਂ ਆਪਣੀ ਜਨਮ ਭੋਇੰ ਤੇ ਆਪਣਾ ਕ੍ਰਿਕਟ ਗਰਾਊਂਡ ਵੇਖ ਆਵਾਂ। ਬਚਪਨ ਦੇ ਦੋਸਤਾਂ ਨੂੰ ਮਿਲ ਲਵਾਂ ਤੇ ਦਰਬਾਰ ਸਾਹਿਬ ਮੱਥਾ ਟੇਕ ਆਵਾਂ। ਸਦੀਵੀ ਅਲਵਿਦਾ ਕਹਿਣ ਤੋਂ ਕੁਝ ਸਮਾਂ ਪਹਿਲਾਂ ਪਰਿਵਾਰ ਉਸ ਨੂੰ ਅੰਮ੍ਰਿਤਸਰ ਲੈ ਵੀ ਗਿਆ ਸੀ। ਉਸ ਨੇ ਆਪਣੇ ਕ੍ਰਿਕਟ ਕੋਚ ਨਮਿੱਤ ਅਖੰਡ ਪਾਠ ਕਰਵਾਇਆ ਸੀ। ਉਥੇ ਆਪਣਾ ਜੱਦੀ ਘਰ ਵੇਖਿਆ, ਦੋਸਤਾਂ ਨੂੰ ਮਿਲਿਆ, ਦਰਬਾਰ ਸਾਹਿਬ ਗਿਆ ਤੇ ਫਿਰ ਗਾਂਧੀ ਗਰਾਊਂਡ ਵੱਲ ਚੱਲ ਪਿਆ ਜੋ ਉਸ ਦੀ ਖੇਡ ਦਾ ਮੱਕਾ ਮਦੀਨਾ ਸੀ। ਗੋਡੇ ਦੁਖਦੇ ਹੋਣ ਕਰਕੇ ਉਹ ਤੁਰਨ ਤੋਂ ਆਹਰੀ ਸੀ। ਉਸ ਨੂੰ ਸਹਾਰੇ ਨਾਲ ਪਿੱਚ ਤਕ ਲਿਜਾਇਆ ਗਿਆ। ਪਿੱਚ ਉਤੇ ਉਹ ਨਿਵਿਆਂ, ਮੱਥਾ ਮਿੱਟੀ ਨਾਲ ਛੁਹਾਇਆ ਤਾਂ ਉਸ ਦੀਆਂ ਅੱਖਾਂ ਭਰ ਆਈਆਂ। ਰੋਕਦਿਆਂ ਵੀ ਉਸ ਦੇ ਹੰਝੂ ਵਹਿ ਤੁਰੇ। ਉਸ ਨੂੰ ਪਤਾ ਸੀ, ਮੁੜ ਉਸ ਨੇ ਆਪਣੇ ਅੰਬਰਸਰ ਨਹੀਂ ਆ ਸਕਣਾ। ਭਰੇ ਮਨ ਨਾਲ ਉਹ ਪਰਿਵਾਰ ਸੰਗ ਦਿੱਲੀ ਚਲਾ ਗਿਆ ਜਿਥੋਂ ਫਿਰ ਪਰਤ ਨਾ ਸਕਿਆ। ਉਹ ਉਥੇ ਚਲਾ ਗਿਆ ਜਿਥੋਂ ਕੋਈ ਮੁੜ ਕੇ ਨਹੀਂ ਆਉਂਦਾ। ਇਹ ਹੁਣ ਅੰਬਰਸਰੀਆਂ ਨੇ ਵੇਖਣਾ ਕਿ ਕ੍ਰਿਕਟ ਦੇ ਹੀਰੇ 'ਪਟਕੇ ਵਾਲੇ ਸਰਦਾਰ' ਨੂੰ ਕਿਵੇਂ ਯਾਦ ਰੱਖਣਾ? ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੀ ਸੋਚਣਾ ਚਾਹੀਦੈ ਕਿ ਸਾਰੀ ਦੁਨੀਆ ਵਿਚ ਸਿੱਖ ਸਰੂਪ ਦੀ ਪ੍ਰਦਰਸ਼ਨੀ ਕਰਨ ਵਾਲੇ ਵਿਸ਼ਵ ਦੇ ਮਹਾਨ ਖਿਡਾਰੀ ਬਲਬੀਰ ਸਿੰਘ ਤੇ ਬਿਸ਼ਨ ਸਿੰਘ ਵਰਗਿਆਂ ਦੇ ਚਿੱਤਰ ਕੇਂਦਰੀ ਸਿੱਖ ਅਜਾਇਬ ਘਰ ਵਿਚ ਸਜਾਉਣੇ ਹਨ ਜਾਂ ਨਹੀਂ?

---

*(ਪਿਛਲੇ ਸਫੇ 'ਦੀ ਬਾਕੀ)*

ਦਹਾਕਿਆਂ ਤੋਂ ਚੁੱਪ ਧਾਰੀ ਬੈਠੀ ਹੈ।

ਹੁਣ ਤਾਂ ਹਿੰਦੂ ਵੀ ਆਮ ਜ਼ਿਕਰ ਕਰਨ ਲੱਗ ਪਏ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਵਾਨ ਰਾਮ ਦਾ ਜ਼ਿਕਰ 2533 ਵਾਰ, ਹਰੀ ਦਾ ਜ਼ਿਕਰ 8334 ਵਾਰ, ਪ੍ਰਭੂ ਦਾ ਜ਼ਿਕਰ 1371 ਵਾਰ, ਗੋਪਾਲ ਦਾ ਜ਼ਿਕਰ 491 ਵਾਰ ਹੁੰਦਾ ਏ। ਇਨ੍ਹਾਂ ਤੋਂ ਇਲਾਵਾ ਕ੍ਰਿਸ਼ਨ, ਸ਼ਿਵ ਜੀ, ਬ੍ਰਹਮਾ, ਵਿਸ਼ਨੂੰ, ਮਹੇਸ਼, ਸੀਤਾ ਅਤੇ ਪਾਰਵਤੀ ਦਾ ਜ਼ਿਕਰ ਵੀ ਕਈ ਵਾਰ ਆਉਂਦਾ ਏ। ਫੇਸਬੁੱਕ ਅਤੇ ਯੂ ਟਿਊਬ' ਤੇ ਸਿੱਖ ਧਰਮ ਨੂੰ ਲੈ ਕੇ ਸੈਂਕੜੇ ਵੀਡੀਓ ਮਿਲ ਜਾਣਗੇ, ਜਿਨ੍ਹਾਂ ਵਿਚ ਸਿੱਖ ਧਰਮ ਨੂੰ ਹਿੰਦੂ ਧਰਮ ਦੇ ਇਕ ਅੰਗ ਵਜੋਂ ਦਿਖਾਇਆ ਗਿਆ ਹੈ। ਕਈ ਵਾਰ ਤਾਂ ਮਨ-ਘੜਤ ਘਟਨਾਵਾਂ ਦਾ ਜ਼ਿਕਰ ਕਰਕੇ ਗੁਰੂ ਸਾਹਿਬਾਨਾਂ ਨੂੰ ਹਿੰਦੂ ਦੇਵਤਿਆਂ ਨਾਲ ਵਾਰਤਾਲਾਪ ਕਰਦੇ ਦੱਸਿਆ ਗਿਆ ਹੈ। ਜਿਵੇਂ ਆਰ ਐਸ ਐਸ ਵਾਲਿਆਂ ਨੇ ਵੱਖ-ਵੱਖ ਤਰਤੀਬਾਂ ਰਾਹੀ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਦਖਲ ਦੇਣਾ ਸ਼ੁਰੂ ਕੀਤਾ ਹੈ, ਇਹ ਵੱਡੀ ਚਿੰਤਾ ਦਾ ਵਿਸ਼ਾ ਹੈ। ਪਰ ਸਿੱਖਾਂ ਦੀ ਬਦਕਿਸਮਤੀ ਹੈ ਕਿ ਸਿੱਖਾਂ ਦੇ ਧਾਰਮਿਕ ਮਸਲਿਆਂ ਦਾ ਸਮਾਧਾਨ ਕਰਨ ਵਾਲੀ ਸ਼੍ਰੋਮਣੀ ਕਮੇਟੀ 'ਤੇ ਇਕ ਰਾਜਨੀਤਕ ਪਾਰਟੀ ਦਾ ਗ਼ਲਬਾ ਹੈ, ਅਤੇ ਉਸਦੇ ਭ੍ਰਿਸ਼ਟ ਲੀਡਰਾਂ ਨੇ ਆਪਣੇ ਨਿੱਜੀ ਮੁਫ਼ਾਦਾਂ ਨੂੰ ਮੁੱਖ ਕਰਕੇ ਹੀ ਸਾਰੇ ਧਾਰਮਿਕ ਤੇ ਰਾਜਨੀਤਕ ਫੈਸਲੇ ਲਏ ਹਨ। ਅਤੇ ਫਿਰ ਉਨ੍ਹਾਂ ਨੂੰ ਪੰਥਕ ਫੈਸਲਿਆਂ ਵਜੋਂ ਪ੍ਰਚਾਰਿਆ ਹੈ। ਅਸਲ ਵਿਚ ਸਿੱਖ ਧਰਮ ਨੂੰ ਲੱਗ ਰਹੀ ਢਾਹ ਲਈ ਇਹ ਸਭ ਤੋਂ ਵੱਧ ਜ਼ਿੰਮੇਵਾਰ ਹਨ।

ਜਿੰਨੀ ਦੇਰ ਤੱਕ ਹਰ ਸਿੱਖ ਨਿੱਜੀ ਤੌਰ 'ਤੇ ਆਪਣੇ ਧਾਰਮਿਕ ਮਸਲਿਆਂ ਅਤੇ ਉਨ੍ਹਾਂ ਦੇ ਹੱਲ ਲਈ ਸੰਜੀਦਾ ਨਹੀਂ ਹੁੰਦਾ, ਉਨੀ ਦੇਰ ਸਿੱਖ ਧਰਮ ਨੂੰ ਢਾਹਾਂ ਹੀ ਲੱਗਣੀਆਂ ਹਨ। ਸਿੱਖਾਂ ਨੂੰ ਪੰਥਕ ਪੁਜਾਰੀਆਂ ਦੇ ਗ਼ਲਬੇ ਤੋਂ ਨਿਕਲ ਕੇ ਸਮੇਂ ਦੀ ਲੋੜ ਨੂੰ ਧਿਆਨ ਵਿਚ ਰੱਖ ਕੇ ਅਗਾਂਹਵਧੂ ਸੋਚਾਂ ਦਾ ਹਾਣੀ ਬਣਨਾ ਪਵੇਗਾ, ਤਾਂ ਹੀ ਸਿੱਖ ਧਰਮ ਦੇ ਪ੍ਰਸਾਰ ਵਿਚ ਆਈ ਖੜੋਤ ਵੀ ਦੂਰ ਹੋਏਗੀ। ਸਿੱਖੋ! ਹਰ ਵੇਲੇ ਇਹ ਗੱਲ ਜ਼ਰੂਰ ਚੇਤੇ ਰੱਖੋ ਕਿ ਗੁਰੂ ਨਾਨਕ ਨੇ ਆਪਣੀ ਹਯਾਤੀ ਵਿਚ ਪੰਡਤ ਹਰਦਿਆਲ ਹੀ ਨਹੀਂ ਅਨੇਕਾਂ ਰਿੱਧੀਆਂ-ਸਿੱਧੀਆਂ ਵਾਲੇ ਯੋਗੀਆਂ ਅਤੇ ਪੰਡਤਾਂ ਨਾਲ ਅੱਖਾਂ ਵਿਚ ਅੱਖਾਂ ਪਾ ਕੇ ਉਨ੍ਹਾਂ ਦੇ ਅਯੋਗ ਕੰਮਾਂ ਲਈ ਨਾਂਹ ਕੀਤੀ ਹੈ। ਗੁਰੂ ਨਾਨਕ ਸਾਹਿਬ ਇਕੱਲੇ ਸਨ। ਗੁਰੂ ਨਾਨਕ ਨਹੀਂ ਡਰਿਆ ਉਨ੍ਹਾਂ ਤੋਂ ਅਤੇ ਉਨ੍ਹਾਂ ਦੇ ਸ਼ਰਾਪਾਂ ਤੋਂ? ਤੁਸੀਂ ਇੰਨੇ ਕਿਉਂ ਡਰੇ ਹੋਏ ਹੋ? ਸਮਾਂ ਆ ਗਿਆ ਹੈ ਕਿ ਹਰ ਸਿੱਖ ਨੂੰ ਗੁਰੂ ਨਾਨਕ ਦੇ ਪਦ ਚਿੰਨ੍ਹਾਂ 'ਤੇ ਚੱਲਦੇ ਹੋਏ ਸਿੱਖ ਧਰਮ ਨੂੰ ਹਿੰਦੂ ਧਰਮ ਦੇ ਗ਼ਲਬੇ ਤੋਂ ਬਚਾਉਣ ਲਈ ਕਮਰ ਕੱਸਾ ਕਰਨਾ ਪੈਣਾ ਏ ਅਤੇ ਸਿੱਖ ਧਰਮ ਨੂੰ ਦੁਨੀਆ ਭਰ ਵਿਚ ਪ੍ਰਸਾਰਿਤ ਅਤੇ ਪ੍ਰਚਾਰਿਤ ਕਰਨਾ ਏ।

# ਜਦੋਂ ਚੀਨ ਵਿਚ ਵੀ ਸਿੱਖ ਵਸਦੇ ਸਨ...

**ਮਿਸ਼ੀ ਸਰਨ 2006 ਵਿਚ ਸ਼ੰਘਾਈ ਗਈ ਅਤੇ ਫਿਰ ਉੱਥੇ ਅੱਠ ਵਰ੍ਹੇ ਰਹੀ। ਉਹ ਮੰਦਾਰਨਿ ਭਾਸ਼ਾ ਦੀ ਪੋਸਟ ਗਰੈਜੂਏਟ ਹੈ। ਅਮਰੀਕਾ ਵਿਚ ਵੀ ਪੜ੍ਹਾ ਚੁੱਕੀ ਹੈ। ਉਸ ਦੀ ਕਿਤਾਬ 'ਚੇਜ਼ਿੰਗ ਦਿ ਮੌਂਕ'ਸ ਸ਼ੈਡੋ' (ਭਿਖਸ਼ੂ ਦੇ ਪਰਛਾਵੇਂ ਦਾ ਪਿੱਛਾ ਕਰਦਿਆਂ) ਕੌਮਾਂਤਰੀ ਬੈਸਟ ਸੈੱਲਰ ਰਹੀ। ਇਹ ਚੀਨੀ ਭਿਖਸ਼ੂ ਜ਼ੂਆਨ ਜਾਂਗ ਦੀ 8ਵੀਂ ਸਦੀ ਦੀ ਭਾਰਤ ਯਾਤਰਾ ਵਾਲੇ ਭੇਤਭਰੇ ਰਾਹ ਰਾਹੀਂ ਅਜੋਕੇ ਸਮੇਂ ਵਿਚ ਕੀਤੇ ਗਏ ਸਫ਼ਰ ਦੀ ਰੋਮਾਂਚਿਕ ਗਾਥਾ ਹੈ। ਇਸ ਲੇਖ ਵਿਚ ਮਿਸ਼ੀ ਸਰਨ ਅਤੇ ਪ੍ਰੋਫੈਸਰ ਜ਼ਾਂਗ ਚੀ ਦੀ ਕਿਤਾਬ 'ਸਟ੍ਰੇਅ ਬਰਡਜ਼ ਔਨ ਹੁਆਂਗਪੂ' ਬਾਰੇ ਚਰਚਾ ਕੀਤੀ ਗਈ ਹੈ।**

ਇਕ ਸਮਾਂ ਸੀ ਜਦੋਂ ਚੀਨ ਵਿਚ ਵੀ ਸਿੱਖ ਵਸਦੇ ਸਨ। ਸ਼ੰਘਾਈ, ਨਾਨਚਿੰਗ, ਮਕਾਓ ਤੇ ਕੈਂਟਨ ਵਿਚ ਉਨ੍ਹਾਂ ਦੀ ਵਸੋਂ 13 ਹਜ਼ਾਰ ਦੇ ਆਸ-ਪਾਸ ਸੀ। ਹਾਂਗ-ਕਾਂਗ ਵਿਚ ਵਸੇ ਸਿੱਖਾਂ ਦੀ ਤਾਦਾਦ ਵੱਖਰੀ ਸੀ। 1915 ਤੋਂ ਬਾਅਦ ਇਹ ਗਿਣਤੀ ਘਟਣ ਲੱਗੀ। 1949 ਤੋਂ ਬਾਅਦ ਕੋਈ ਵਿਰਲਾ ਟਾਂਵਾਂ ਸਿੱਖ ਪਰਿਵਾਰ ਹੀ ਚੀਨ ਵਿਚ ਰਹਿ ਗਿਆ। ਜਿਹੜਾ ਰਿਹਾ ਵੀ, ਉਸ ਦੀਆਂ ਜੜ੍ਹਾਂ ਭਾਰਤੀ ਨਹੀਂ ਸਨ, ਉਸ ਦਾ ਮੁੱਢ ਤੇ ਮੂਲ ਚੀਨੀ ਸੀ। ਹੁਣ ਪੇਈਚਿੰਗ ਵਿਚ 100 ਦੇ ਕਰੀਬ ਸਿੱਖ ਰਹਿੰਦੇ ਹਨ ਪਰ ਉਹ ਚੀਨੀ ਨਾਗਰਿਕ ਨਹੀਂ। ਉਨ੍ਹਾਂ ਵਿਚੋਂ ਦੋ ਕੁ ਪਰਿਵਾਰ ਰੈਸਤਰਾਂ ਚਲਾਉਂਦੇ ਹਨ, ਦਰਜਨ ਦੇ ਕਰੀਬ ਸਿੱਖ ਕੌਮਾਂਤਰੀ ਫਰਮਾਂ ਦੇ ਕਰਮਚਾਰੀ ਹਨ ਅਤੇ ਬਾਕੀ ਦੇ ਵਪਾਰੀ ਜਾਂ ਵਿਦਿਆਰਥੀ ਹਨ। ਆਮ ਚੀਨੀਆਂ ਨੂੰ ਸਿੱਖਾਂ ਤੇ ਅਰਬਾਂ ਦਰਮਿਆਨ ਫ਼ਰਕ ਦਾ ਬਹੁਤਾ ਪਤਾ ਨਹੀਂ। ਇਸੇ ਲਈ ਜਦੋਂ ਕੋਈ ਸਿੱਖ, ਪਬਲਿਕ ਟਰਾਂਸਪੋਰਟ ਜਾਂ ਮੈਟਰੋ 'ਤੇ ਚੜ੍ਹਦਾ ਹੈ ਤਾਂ ਲੋਕ 'ਅਲੀ ਪਾਪਾ, ਅਲੀ ਪਾਪਾ' (ਅਲੀ ਬਾਬਾ, ਅਲੀ ਬਾਬਾ) ਫੁਸਫੁਸਾਉਣ ਲੱਗਦੇ ਹਨ।



**ਸੁਰਿੰਦਰ ਸਿੰਘ ਤੇਜ**
ਫੋਨ: +91-98555-01488

ਹੁਣ ਵਾਲੀ ਸਥਿਤੀ ਤੋਂ ਉਲਟ ਇਕ ਸਮਾਂ ਅਜਿਹਾ ਸੀ ਜਦੋਂ ਚੀਨੀ ਲੋਕ ਸਿੱਖਾਂ ਤੋਂ ਚੰਗੀ ਤਰ੍ਹਾਂ ਵਾਕਫ਼ ਸਨ। ਸਿੱਖ 1845 ਵਿਚ ਚੀਨ ਪੁੱਜਣੇ ਸ਼ੁਰੂ ਹੋ ਗਏ ਸਨ। 1850 ਵਿਚ ਸ਼ੰਘਾਈ ਬੰਦਰਗਾਹ ਬ੍ਰਿਟਿਸ਼ ਸਾਮਰਾਜ ਦੇ ਪ੍ਰਸ਼ਾਸਨਿਕ ਅਧਿਕਾਰ ਹੇਠ ਆਉਣ ਮਗਰੋਂ ਸਿੱਖਾਂ ਨੂੰ ਪੁਲਿਸ ਮੁਲਾਜ਼ਮਾਂ ਵਜੋਂ ਸ਼ੰਘਾਈ ਲਿਆਂਦਾ ਗਿਆ। ਬ੍ਰਿਟਿਸ਼ ਅਧਿਕਾਰੀਆਂ ਨੂੰ ਆਪਣੇ ਗੁਦਾਮਾਂ ਤੇ ਪ੍ਰਸ਼ਾਸਨਿਕ ਇਮਾਰਤਾਂ ਦੀ ਰਾਖੀ ਲਈ ਸਿੱਖ ਪੁਲਿਸ ਕਰਮੀ ਹੀ ਸਭ ਤੋਂ ਢੁਕਵੇਂ ਜਾਪਦੇ ਸਨ। 1920 ਵਿਚ ਸ਼ੰਘਾਈ ਮਿਉਂਸਿਪਲ ਪੁਲਿਸ ਵਿਚ ਸਿੱਖਾਂ ਦੀ ਗਿਣਤੀ 567 ਸੀ, ਪਰ 1945 ਤੋਂ ਬਾਅਦ ਕੋਈ ਵੀ ਸਿੱਖ ਇਸ ਫੋਰਸ ਦਾ ਹਿੱਸਾ ਨਹੀਂ ਰਿਹਾ। ਸ਼ੰਘਾਈ ਵਿਚ ਰਹਿੰਦੇ ਸਿੱਖਾਂ ਨੇ 1908 ਵਿਚ ਡੌਂਗ ਬਾਓਸਿੰਗ ਰੋਡ ਉਪਰ ਚੀਨ ਦਾ ਪਹਿਲਾ ਗੁਰਦੁਆਰਾ ਸਥਾਪਿਤ ਕੀਤਾ।

ਇਸ ਤੋਂ ਇਲਾਵਾ ਦੋ ਹੋਰ ਗੁਰਦੁਆਰੇ ਅਗਲੇ ਦਸ ਵਰ੍ਹਿਆਂ ਦੌਰਾਨ ਸ਼ੰਘਾਈ ਮਿਉਂਸਿਪਲ ਖੇਤਰ ਵਿਚ ਸਥਾਪਿਤ ਕੀਤੇ ਗਏ। ਇਨ੍ਹਾਂ ਤਿੰਨਾਂ ਵਿਚੋਂ ਸਿਰਫ਼ ਡੌਂਗ ਬਾਓਸਿੰਗ ਰੋਡ ਵਾਲੇ ਗੁਰਦੁਆਰੇ (ਗੁਰਦੁਆਰਾ ਗੁਰੂ ਨਾਨਕ ਦਰਬਾਰ) ਦੀ ਇਮਾਰਤ ਸਲਾਮਤ ਬਚੀ ਹੈ। ਇਸ ਨੂੰ ਵੀ ਸਮੂਹਿਕ ਸਿਹਤ ਕੇਂਦਰ ਤੇ ਕੁਝ ਸਿਹਤ ਕਰਮੀਆਂ ਦੀ ਰਿਹਾਇਸ਼ ਦੇ ਤੌਰ 'ਤੇ ਵਰਤਿਆ ਜਾ ਰਿਹਾ ਹੈ। ਇਹ ਇਤਿਹਾਸਕ ਤੱਥ ਹੈ ਕਿ 1928 ਵਿਚ ਗੁਰੂਦੇਵ ਰਾਬਿੰਦਰਨਾਥ ਟੈਗੋਰ ਇਸ ਗੁਰਦੁਆਰੇ ਵਿਚ ਕੁਝ ਦਿਨ ਰਹੇ ਸਨ। ਇਹ ਦੱਸਿਆ ਜਾਂਦਾ ਹੈ ਕਿ ਸਤਬੀਰ ਸਿੰਘ ਨਾਂ ਦੇ ਸਿੱਖ ਦੇ ਘਰ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੈ। ਉੱਥੇ ਗੁਰਪੁਰਬਾਂ ਮੌਕੇ ਦੀਵਾਨ ਸਜਦੇ ਹਨ ਜਿਨ੍ਹਾਂ ਵਿਚ ਸਿੰਧੀ ਤੇ ਹਿੰਦੂ ਸ਼ਰਧਾਲੂ ਸ਼ਰੀਕ ਹੁੰਦੇ ਹਨ।

ਸਿੱਖਾਂ ਨੂੰ ਕਦੇ ਵੀ ਚੀਨੀਆਂ ਤੋਂ ਬਹੁਤਾ ਸਨੇਹ ਤੇ ਸਤਿਕਾਰ ਨਹੀਂ ਮਿਲਿਆ ਕਿਉਂਕਿ ਉਹ ਅਫ਼ੀਮ ਯੁੱਧਾਂ ਮਗਰੋਂ 'ਬ੍ਰਿਟਿਸ਼ ਧਾੜਵੀਆਂ' ਦੇ ਗੁਮਾਸ਼ਤਿਆਂ ਵਜੋਂ ਚੀਨ, ਖ਼ਾਸ ਕਰ ਕੇ ਸ਼ੰਘਾਈ ਪਹੁੰਚੇ ਸਨ, ਇਸ ਲਈ ਉਨ੍ਹਾਂ ਨੂੰ ਆਮ ਚੀਨੀ ਨਾਗਰਿਕ ਹਿਕਾਰਤ ਦੀ ਨਜ਼ਰ ਨਾਲ ਦੇਖਦੇ ਸਨ। ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਵੀ ਪੰਜਾਬ ਦੇ ਦਲਿਤ ਸਿੱਖ ਪਰਿਵਾਰਾਂ ਦੇ ਮੈਂਬਰਾਂ ਨੂੰ ਹੀ ਕਾਂਸਟੇਬਲ ਭਰਤੀ ਕਰ ਕੇ ਲੈ ਗਈ ਸੀ। ਉਨ੍ਹਾਂ ਵਿਚੋਂ ਬਹੁਤਿਆਂ ਦਾ ਰੰਗ ਕਾਲਾ ਸੀ। ਇਨ੍ਹਾਂ ਨੂੰ ਚੀਨੀ 'ਸ਼ਿਆਹ ਸ਼ੈਤਾਨ' ਦੱਸਿਆ ਕਰਦੇ ਸਨ। ਫਿਰ ਇਕ ਸਮਾਂ ਅਜਿਹਾ ਸੀ ਜਦੋਂ ਭਾਰਤੀ ਕੌਮ ਦੀ ਸ਼ਨਾਖ਼ਤ ਹੀ ਸਿੱਖਾਂ ਤੋਂ ਹੁੰਦੀ ਸੀ। ਜਦੋਂ ਡਾ. ਦਵਾਰਕਾਨਾਥ ਕੋਟਨੀਸ ਦਾ ਮੈਡੀਕਲ ਮਿਸ਼ਨ 1939 'ਚ ਯਾ-ਨਾਨ ਵਿਚ ਚੀਨੀ ਫ਼ੌਜੀ ਜ਼ਖ਼ਮੀਆਂ ਦੀ ਦੇਖਭਾਲ ਕਰਨ ਲਈ ਪਹੁੰਚਿਆ ਤਾਂ ਉਸ ਦੇ ਸਵਾਗਤ ਵਜੋਂ ਪੇਸ਼ ਕੀਤੇ ਗਏ ਸਕਿੱਟ ਦੇ ਸਾਰੇ ਅੱਠ ਅਦਾਕਾਰ ਸਿੱਖੀ ਬਾਣੇ ਵਿਚ ਸਨ। ਸਕਿੱਟ ਮਗਰੋਂ ਡਾ. ਕੋਟਨੀਸ ਨੂੰ ਦਰਸ਼ਕਾਂ ਨੂੰ ਸਮਝਾਉਣਾ ਪਿਆ ਕਿ ਸਾਰੇ ਭਾਰਤ ਵਾਸੀ ਪਗੜੀਧਾਰੀ ਸਿੱਖਾਂ ਵਰਗੇ ਨਹੀਂ ਦਿਸਦੇ। ਸਿੱਖ ਤਾਂ ਭਾਰਤੀ ਵਸੋਂ ਦਾ ਇਕ ਛੋਟਾ ਜਿਹਾ ਹਿੱਸਾ ਸਨ।

ਪਹਿਲੇ ਸਿੱਖ ਪੁਲਿਸ ਮੁਲਾਜ਼ਮ ਦਾ ਚੀਨ ਵਿਚ ਕਤਲ 6 ਅਪਰੈਲ 1927 ਨੂੰ ਸ਼ੰਘਾਈ ਵਿਚ ਹੋਇਆ। ਉਸ ਦਾ ਨਾਮ ਜਮਾਦਾਰ (ਇੰਸਪੈਕਟਰ) ਬੁੱਢਾ ਸਿੰਘ ਸੀ। ਕਤਲ ਚੀਨੀਆਂ ਨੇ ਨਹੀਂ, ਪੰਜਾਬੀ ਗ਼ਦਰੀਆਂ ਨੇ ਕੀਤਾ। ਮਾਝੇ ਨਾਲ ਸਬੰਧਤ ਬੁੱਢਾ ਸਿੰਘ 1902 ਵਿਚ ਸ਼ੰਘਾਈ ਮਿਉਂਸਿਪਲ ਪੁਲਿਸ ਵਿਚ ਭਰਤੀ ਹੋਇਆ। ਉਹ ਆਪਣੀ ਪੇਸ਼ੇਵਾਰਾਨਾ ਕਾਰਗੁਜ਼ਾਰੀ ਸਦਕਾ ਛੇਤੀ ਹੀ ਕਈ ਤਰੱਕੀਆਂ ਹਾਸਲ ਕਰ ਗਿਆ, ਨਾਲ ਹੀ ਉਸ ਨੇ ਗੁਰਦੁਆਰੇ ਤੇ ਸਿੰਘ ਸਭਾ ਦੇ ਪ੍ਰਬੰਧਾਂ ਨੂੰ ਸੁਚਾਰੂ ਬਣਾਉਣ ਵਿਚ ਯੋਗਦਾਨ ਪਾਇਆ ਪਰ ਤਰੱਕੀਆਂ ਦੀ ਲਾਲਸਾਵੱਸ ਉਹ ਬ੍ਰਿਟਿਸ਼ ਸੂਹੀਆ ਢਾਂਚੇ ਦਾ ਗੁਪਤ ਤੌਰ 'ਤੇ ਹਿੱਸਾ ਬਣ ਗਿਆ। ਉਸ ਨੇ ਗ਼ਦਰ ਅਖ਼ਬਾਰ ਦੀਆਂ ਕਾਪੀਆਂ ਫੜਵਾਉਣ, ਗ਼ਦਰੀਆਂ ਦੇ ਹਮਦਰਦਾਂ ਨੂੰ ਸੀ.ਆਈ.ਡੀ. ਦੀ ਨਿਗਰਾਨੀ ਹੇਠ ਲਿਆਉਣ ਅਤੇ ਸ਼ੰਘਾਈ ਪੁਲਿਸ 'ਚ ਬਗ਼ਾਵਤ ਕਰਵਾਉਣ ਦੀ ਗ਼ਦਰੀਆਂ ਦੀ ਕੋਸ਼ਿਸ਼ ਨਾਕਾਮ ਬਣਾਉਣ ਵਿਚ ਅਹਿਮ ਭੂਮਿਕਾ ਨਿਭਾਈ। ਇਸ ਤਰ੍ਹਾਂ ਗ਼ਦਰੀ ਉਸ ਦੀ ਜਾਨ ਦੇ ਪਿਆਸੇ ਹੋ ਗਏ। ਉਪਰੋਂ ਪੁਲਿਸ ਵਿਭਾਗ ਵਿਚ ਉਸ ਦੇ ਈਰਖਾਲੂਆਂ ਦੀ ਗਿਣਤੀ ਦਿਨੋ-ਦਿਨ ਵਧ ਰਹੀ ਸੀ। 1915 ਤੋਂ ਬਾਅਦ ਉਸ ਉਪਰ ਦੋ ਕਾਤਲਾਨਾ ਹਮਲੇ ਹੋਏ ਪਰ ਉਹ ਬਚ ਗਿਆ। 1927 ਵਿਚ ਉਸ ਨੂੰ ਹਰਬੰਤ ਸਿੰਘ ਨਾਮ ਦੇ ਗ਼ਦਰੀ ਨੇ ਕੇਂਦਰੀ ਥਾਣੇ ਦੇ ਗੇਟ ਉੱਤੇ ਐਨ ਨੇੜਿਓਂ ਗੋਲੀ ਮਾਰ ਕੇ ਹਲਾਕ ਕਰ ਦਿੱਤਾ। ਹਰਬੰਤ ਸਿੰਘ ਜਾਂ ਹੋਰ ਸਾਜ਼ਿਸ਼ੀਆਂ ਦਾ ਕੀ ਬਣਿਆ, ਇਸ ਬਾਰੇ ਜਾਣਕਾਰੀ ਸ਼ੰਘਾਈ ਦੇ ਸਰਕਾਰੀ ਰਿਕਾਰਡ ਵਿਚ ਮੌਜੂਦ ਨਹੀਂ। ਹਾਂ, ਇਤਿਹਾਸ ਦੇ ਜਾਣਕਾਰ ਲੋਕ ਭਾਰਤੀ ਟੂਰਿਸਟਾਂ, ਖ਼ਾਸ ਕਰ ਕੇ ਸਿੱਖਾਂ ਨੂੰ ਉਹ ਥਾਂ ਜ਼ਰੂਰ ਦਿਖਾਉਂਦੇ ਹਨ ਜਿੱਥੇ ਬੁੱਢਾ ਸਿੰਘ ਨੂੰ ਗੋਲੀ ਮਾਰੀ ਗਈ।

ਉਪਰੋਕਤ ਸਾਰੇ ਤੱਥ ਮਿਸ਼ੀ ਸਰਨ ਅਤੇ ਫੂਤਾਨ ਯੂਨੀਵਰਸਿਟੀ ਦੇ ਪ੍ਰੋਫੈਸਰ ਜ਼ਾਂਗ ਚੀ ਵੱਲੋਂ ਸੰਪਾਦਿਤ ਕਿਤਾਬ 'ਸਟ੍ਰੇਅ ਬਰਡਜ਼ ਔਨ ਹੁਆਂਗਪੂ' ਦੇ ਇਕ ਅਧਿਆਇ ਦਾ ਹਿੱਸਾ ਹਨ। ਚਾਰ ਸਾਲ ਪਹਿਲਾਂ ਵੀ ਕਿਤਾਬ ਦਾ ਜ਼ਿਕਰ ਕੀਤਾ ਗਿਆ ਸੀ। ਉਦੋਂ ਇਹ ਸਿੰਗਾਪੁਰ ਵਿਚ ਛਪੀ ਸੀ। ਹੁਣ ਇਸ ਦਾ ਸੋਧਿਆ ਅਤੇ ਵੱਧ ਜਾਣਕਾਰੀ ਵਾਲਾ ਸੰਸਕਰਨ ਪ੍ਰਕਾਸ਼ਿਤ ਹੋਇਆ ਹੈ। ਕਿਤਾਬ ਦੋ ਭਾਸ਼ਾਵਾਂ ਵਿਚ ਹੈ: ਅੰਗਰੇਜ਼ੀ ਤੇ ਮੰਦਾਰਨਿ। ਅੱਧਾ ਪੰਨਾ ਅੰਗਰੇਜ਼ੀ 'ਚ, ਉਸ ਦੇ ਸਮਾਨਾਂਤਰ ਅੱਧਾ ਪੰਨਾ ਮੰਦਾਰਨਿ 'ਚ। ਕਿਤਾਬ ਦੀ ਲੰਬਾਈ ਘੱਟ, ਚੌੜਾਈ ਵੱਧ। ਸੱਚਮੁੱਚ ਮਹਿੰਗੀ ਹੈ ਇਹ ਕਿਤਾਬ। ਮੈਨੂੰ ਵੀ ਇਹ ਭਾਰਤੀ ਵਿਦੇਸ਼ ਸੇਵਾ ਨਾਲ ਸਬੰਧਤ ਰਹੇ ਇਕ ਦੋਸਤ ਨੇ ਇਕ ਹਫ਼ਤੇ ਲਈ ਉਧਾਰ ਦਿੱਤੀ (ਉਸ ਨੂੰ ਇਹ ਚੀਨੀ ਦੂਤਾਵਾਸ ਤੋਂ ਤੋਹਫ਼ੇ ਵਜੋਂ ਮਿਲੀ ਸੀ)। ਦੂਜੇ ਸੰਸਕਰਨ ਵਿਚ 100 ਸਫਿਆਂ ਦਾ ਇਜ਼ਾਫ਼ਾ ਹੈ। ਇਸ ਵਿਚ ਮੁਹੱਈਆ ਕਰਵਾਈ ਗਈ ਜਾਣਕਾਰੀ ਵੀ ਲਾਮਿਸਾਲ ਹੈ। ਪਤਾ ਲੱਗਾ ਹੈ ਕਿ ਹੁਣ ਇਸ ਦਾ ਭਾਰਤ ਤੇ ਨੇਪਾਲ ਲਈ ਸਿਰਫ਼ ਅੰਗਰੇਜ਼ੀ ਐਡੀਸ਼ਨ ਸੇਜ ਪਬਲਿਸ਼ਰਜ਼ ਵੱਲੋਂ ਛਾਪਿਆ ਜਾ ਰਿਹਾ ਹੈ।

ਮਿਸ਼ੀ ਸਰਨ 2006 ਵਿਚ ਸ਼ੰਘਾਈ ਗਈ ਅਤੇ ਫਿਰ ਉੱਥੇ ਅੱਠ ਵਰ੍ਹੇ ਵਸੀ ਰਹੀ। ਉਹ ਮੰਦਾਰਨਿ ਭਾਸ਼ਾ ਦੀ ਪੋਸਟ ਗਰੈਜੂਏਟ ਹੈ। ਅਮਰੀਕਾ ਵਿਚ ਵੀ ਪੜ੍ਹਾ ਚੁੱਕੀ ਹੈ ਅਤੇ ਸ਼ੰਘਾਈ ਦੀ ਫੂਤਾਨ (ਅੰਗਰੇਜ਼ੀ 'ਚ) ਯੂਨੀਵਰਸਿਟੀ ਵਿਚ ਵੀ। ਉਸ ਦੀ ਇਕ ਕਿਤਾਬ 'ਚੇਜ਼ਿੰਗ ਦਿ ਮੌਂਕ'ਸ ਸ਼ੈਡੋ' (ਭਿਖਸ਼ੂ ਦੇ ਪਰਛਾਵੇਂ ਦਾ ਪਿੱਛਾ ਕਰਦਿਆਂ) ਕੌਮਾਂਤਰੀ ਬੈਸਟ ਸੈੱਲਰ ਰਹੀ। ਇਹ ਚੀਨੀ ਭਿਖਸ਼ੂ ਜ਼ੂਆਨ ਜਾਂਗ (ਚੀਨੀ ਉਚਾਰਨ ਸ਼ੂਆਨ ਚਾਂਗ) ਦੀ 8ਵੀਂ ਸਦੀ ਦੀ ਭਾਰਤ ਯਾਤਰਾ ਵਾਲੇ ਭੇਤਭਰੇ ਰਾਹ ਰਾਹੀਂ ਅਜੋਕੇ ਸਮੇਂ ਵਿਚ ਕੀਤੇ ਗਏ ਸਫ਼ਰ ਦੀ ਰੋਮਾਂਚਿਕ ਗਾਥਾ ਹੈ। ਇਹ ਭਿਖਸ਼ੂ ਪ੍ਰਾਚੀਨ ਬੋਧੀ ਗਰੰਥ ਤੇ ਧਾਰਮਿਕ ਚਿੰਨ੍ਹ ਪ੍ਰਾਪਤ ਕਰਨ ਲਈ ਭਾਰਤ ਆਇਆ ਸੀ। ਮਿਸ਼ੀ ਸਰਨ ਦਾ ਸਹਿਯੋਗੀ ਪ੍ਰੋ. ਜ਼ਾਂਗ, ਸ਼ੰਘਾਈ ਦੀ ਹਰ ਨੁੱਕਰ ਤੇ ਹਰ ਕੋਨੇ ਦੇ ਇਤਿਹਾਸ ਤੋਂ ਵਾਕਫ਼ ਹੈ। ਉਸ ਤੇ ਮਿਸ਼ੀ ਵੱਲੋਂ ਤਿੰਨ ਅਧਿਆਇ ਖ਼ੁਦ ਲਿਖੇ ਗਏ ਹਨ। ਇਹ ਬਾਕੀ ਸੱਤਾਂ ਨਾਲੋਂ ਵੱਧ ਨਿੱਗਰ ਤੇ ਵੱਧ ਗਿਆਨਵਰਧਕ ਹਨ। ਭੂਮਿਕਾ ਪ੍ਰੋ. ਤਾਨਚੁੰਗ ਵੱਲੋਂ ਲਿਖਿਤ ਹੈ। ਇਹ ਸ਼ੰਘਾਈ ਦੇ ਇਤਿਹਾਸ ਨੂੰ ਕੁੱਜੇ ਵਿਚ ਸਮੁੰਦਰ ਵਾਂਗ ਪੇਸ਼ ਕਰਦੀ ਹੈ।

**ਸਿੱਖਾਂ ਨੂੰ ਕਦੇ ਵੀ ਚੀਨੀਆਂ ਤੋਂ ਬਹੁਤਾ ਸਨੇਹ ਤੇ ਸਤਿਕਾਰ ਨਹੀਂ ਮਿਲਿਆ ਕਿਉਂਕਿ ਉਹ ਅਫ਼ੀਮ ਯੁੱਧਾਂ ਮਗਰੋਂ 'ਬ੍ਰਿਟਿਸ਼ ਧਾੜਵੀਆਂ' ਦੇ ਗੁਮਾਸ਼ਤਿਆਂ ਵਜੋਂ ਚੀਨ, ਖ਼ਾਸ ਕਰ ਕੇ ਸ਼ੰਘਾਈ ਪਹੁੰਚੇ ਸਨ, ਇਸ ਲਈ ਉਨ੍ਹਾਂ ਨੂੰ ਆਮ ਚੀਨੀ ਨਾਗਰਿਕ ਹਿਕਾਰਤ ਦੀ ਨਜ਼ਰ ਨਾਲ ਦੇਖਦੇ ਸਨ। ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਵੀ ਪੰਜਾਬ ਦੇ ਦਲਿਤ ਸਿੱਖ ਪਰਿਵਾਰਾਂ ਦੇ ਮੈਂਬਰਾਂ ਨੂੰ ਹੀ ਕਾਂਸਟੇਬਲ ਭਰਤੀ ਕਰ ਕੇ ਲੈ ਗਈ ਸੀ। ਉਨ੍ਹਾਂ ਵਿਚੋਂ ਬਹੁਤਿਆਂ ਦਾ ਰੰਗ ਕਾਲਾ ਸੀ। ਇਨ੍ਹਾਂ ਨੂੰ ਚੀਨੀ 'ਸ਼ਿਆਹ ਸ਼ੈਤਾਨ' ਦੱਸਿਆ ਕਰਦੇ ਸਨ। ਫਿਰ ਇਕ ਸਮਾਂ ਅਜਿਹਾ ਸੀ ਜਦੋਂ ਭਾਰਤੀ ਕੌਮ ਦੀ ਸ਼ਨਾਖ਼ਤ ਹੀ ਸਿੱਖਾਂ ਤੋਂ ਹੁੰਦੀ ਸੀ।**




*ਮਿਸ਼ੀ ਸਰਨ ਅਤੇ ਪ੍ਰੋਫੈਸਰ ਜ਼ਾਂਗ ਚੀ ਦੀ ਕਿਤਾਬ 'ਸਟ੍ਰੇਅ ਬਰਡਜ਼ ਔਨ ਹੁਆਂਗਪੂ' ਦਾ ਮੁਖੜਾ।*

ਇਹ ਜਾਣਿਆ-ਪਛਾਣਿਆ ਤੱਥ ਹੈ ਕਿ ਬ੍ਰਿਟੇਨ ਨੇ ਚਾਹਪੱਤੀ ਦੀ ਦਰਾਮਦ ਵਿਆਪਕ ਪੱਧਰ 'ਤੇ ਸੰਭਵ ਬਣਾਉਣ ਅਤੇ ਚੀਨ ਨੂੰ ਇਸ ਬਦਲੇ ਚਾਂਦੀ ਦੀ ਅਦਾਇਗੀ ਕਰਨ ਦੀ ਥਾਂ ਅਫ਼ੀਮ ਨੂੰ 'ਕਰੰਸੀ' ਵਜੋਂ ਵਰਤਣ ਦਾ ਰਾਹ ਚੁਣਿਆ। ਜਦੋਂ ਚੀਨੀ ਹੁਕਮਰਾਨਾਂ ਨੂੰ ਇਸ ਕਰੰਸੀ ਕਾਰਨ ਚੀਨੀ ਵਸੋਂ ਨੂੰ ਹੋ ਰਹੇ ਨੁਕਸਾਨ ਦੀ ਸਮਝ ਆਈ ਤਾਂ ਬ੍ਰਿਟੇਨ ਨੇ ਆਪਣੀ ਧੌਂਸ ਬਰਕਰਾਰ ਰੱਖਣ ਲਈ ਦੋ ਯੁੱਧਾਂ ਦਾ ਸਹਾਰਾ ਲਿਆ। ਇਨ੍ਹਾਂ ਯੁੱਧਾਂ ਵਿਚ ਉਸ ਨੂੰ ਪੁਰਤਗਾਲ ਤੇ ਅਮਰੀਕਾ ਤੋਂ ਮਦਦ ਮਿਲੀ। 1839-44 ਤੇ 1856-60 ਦੌਰਾਨ ਹੋਏ ਇਨ੍ਹਾਂ ਯੁੱਧਾਂ ਵਿਚ ਜਿੱਤ ਰਾਹੀਂ ਬ੍ਰਿਟੇਨ ਨੇ ਪਹਿਲਾਂ ਚਾਰ ਅਤੇ ਫਿਰ 10 ਚੀਨੀ ਬੰਦਰਗਾਹਾਂ ਰਾਹੀਂ ਆਪਣਾ ਮਾਲ ਚੀਨ ਭੇਜਣ ਦੀ ਖੁੱਲ੍ਹ ਹਾਸਲ ਕਰਨ ਤੋਂ ਇਲਾਵਾ ਹਾਂਗਕਾਂਗ ਦੀ 100 ਸਾਲਾ ਲੀਜ਼ ਵੀ ਹਥਿਆ ਲਈ ਜਦੋਂਕਿ ਪੁਰਤਗਾਲ ਨੂੰ ਇਹੀ ਲਾਭ ਮਕਾਓ ਜਜ਼ੀਰੇ ਦੀ ਮਲਕੀਅਤ ਦੇ ਰੂਪ ਵਿਚ ਮਿਲਿਆ। ਸ਼ੰਘਾਈ ਬੰਦਰਗਾਹ ਦੇ ਕਾਰੋਬਾਰੀ ਮਹੱਤਵ ਅਤੇ ਹੁਆਂਗਪੂ ਦਰਿਆ ਰਾਹੀਂ ਮਾਲ-ਅਸਬਾਬ, ਚੀਨ ਦੇ ਅੰਦਰੂਨੀ ਇਲਾਕਿਆਂ ਵਿਚ ਭੇਜਣ ਦੀ ਸਹੂਲਤ ਕਾਰਨ ਸ਼ੰਘਾਈ ਨੂੰ ਹੀ ਮਹਾਂਨਗਰੀ ਰੰਗ-ਰੂਪ ਪ੍ਰਦਾਨ ਕਰਨ ਦਾ ਸਿਲਸਿਲਾ 1850 ਵਿਚ ਆਰੰਭ ਕੀਤਾ ਗਿਆ। ਇਸ ਕੰਮ ਵਿਚ ਹਿੱਸਾ ਪਾਉਣ ਦੀ ਮੁੱਖ ਜ਼ਿੰਮੇਵਾਰੀ ਭਾਰਤੀ ਵਪਾਰੀਆਂ ਨੂੰ ਸੌਂਪੀ ਗਈ। ਸਭ ਤੋਂ ਪਹਿਲਾਂ ਇਸਮਾਇਲੀ ਮੁਸਲਿਮ (ਆਗਾਖਾਨ ਦੇ ਪੈਰੋਕਾਰ) 1840 ਵਿਚ ਆਏ, ਫਿਰ ਪਾਰਸੀ, ਫਿਰ ਦਾਊਦੀ ਬੋਹਰੇ, ਫਿਰ ਸਿੰਧੀ ਅਤੇ ਅੰਤ ਵਿਚ ਮਾਰਵਾੜੀ। ਪੰਜਾਬੀਆਂ, ਖ਼ਾਸ ਕਰ ਕੇ ਸਿੱਖਾਂ ਨੂੰ ਸੁਰੱਖਿਆ ਗਾਰਡਾਂ ਤੇ ਪੁਲਿਸ ਮੁਲਾਜ਼ਮਾਂ ਦੇ ਰੂਪ ਵਿਚ ਇੱਥੇ ਲਿਆਂਦਾ ਗਿਆ। ਉਨ੍ਹਾਂ ਨੂੰ ਮੁਕਾਮੀ ਲੋਕਾਂ ਨਾਲ ਖਰ੍ਹਵੇ ਢੰਗ ਨਾਲ ਪੇਸ਼ ਆਉਣ ਦੀ ਪੂਰੀ ਖੁੱਲ੍ਹ ਦਿੱਤੀ ਗਈ। ਇਸੇ ਕਾਰਨ ਹੀ ਪੰਜਾਬੀ ਹਿਕਾਰਤ ਤੇ ਨਫ਼ਰਤ ਦੇ ਪਾਤਰ ਬਣੇ। 1915 ਤੱਕ ਸਿੱਖਾਂ ਵਿਚ ਚੀਨ ਜਾਣ ਦਾ ਚਾਅ ਬਰਕਰਾਰ ਰਿਹਾ, ਪਰ ਉਸ ਮਗਰੋਂ ਇਹ ਮੋਹ-ਭੰਗ ਹੋਣ ਅਤੇ ਕੁਝ ਹੱਦ ਤੱਕ, ਗ਼ਦਰ ਲਹਿਰ ਦੇ ਪ੍ਰਭਾਵ ਕਾਰਨ ਸਿੱਖ ਪਰਿਵਾਰ ਚੀਨ ਤੋਂ ਹਾਂਗਕਾਂਗ ਤੇ ਮਲੇਸ਼ੀਆ ਵੱਲ ਪਰਵਾਸ ਕਰਨ ਲੱਗੇ। 1945 ਮਗਰੋਂ ਤਾਂ ਇਕ ਵੀ ਸਿੱਖ ਪਰਿਵਾਰ ਸ਼ੰਘਾਈ ਵਿਚ ਨਹੀਂ ਰਿਹਾ।

ਕਿਤਾਬ ਮੁਤਾਬਿਕ ਸ਼ੰਘਾਈ ਵਿਚ ਭਾਰਤੀ ਕਾਰੋਬਾਰੀ ਘਰਾਣੇ ਪਹਿਲਾਂ ਤਾਂ ਅਫ਼ੀਮ ਦੇ ਕਾਰੋਬਾਰ ਦੇ ਸਿਲਸਿਲੇ ਵਿਚ ਆਏ ਪਰ ਬਹੁਤੇ ਘਰਾਣੇ ਇਕ-ਦੋ ਦਹਾਈਆਂ ਬਾਅਦ ਕੱਪੜੇ, ਰੇਸ਼ਮ, ਚਾਹ-ਪੱਤੀ, ਦਵਾਈਆਂ, ਪਟਸਨ ਆਦਿ ਦੇ ਵਪਾਰ ਵੱਲ ਵੱਧ ਕੇਂਦ੍ਰਿਤ ਹੋ ਗਏ। ਇਹ ਤਬਦੀਲੀ ਉਨ੍ਹਾਂ ਪ੍ਰਤੀ ਸ਼ੱਕ ਸੁਬਹੇ ਘਟਾਉਣ ਅਤੇ ਉਨ੍ਹਾਂ ਦੀ ਭੱਲ ਬਣਾਉਣ ਵਿਚ ਸਹਾਈ ਹੋਈ। ਬੇਜਾਨ ਦਾਦਾਭੌਇ ਟਾਟਾ ਅਤੇ ਉਸ ਦੇ ਖ਼ਾਨਦਾਨ ਦੀਆਂ ਅਗਲੀਆਂ ਪੀੜ੍ਹੀਆਂ ਆਲੀਸ਼ਾਨ ਆਵਾਨ ਵਿੱਲਾ ਵਿਚ ਰਹਿੰਦੀਆਂ ਰਹੀਆਂ। ਇਹ ਵਿੱਲਾ ਹੁਣ ਸੂਬਾਈ ਗਵਰਨਰ ਦੀ ਰਿਹਾਇਸ਼ ਹੈ। ਸਸੂਨ ਖ਼ਾਨਦਾਨ ਯਹੂਦੀ ਸੀ। ਮੁੰਬਈ ਤੋਂ ਆਏ ਸਨ ਸਸੂਨ। ਇਨ੍ਹਾਂ ਦੇ ਕਾਰੋਬਾਰ ਦਾ ਮੁੱਖ ਦਫ਼ਤਰ ਮੁੰਬਈ ਵਿਚ ਹੀ ਸੀ; ਸ਼ੰਘਾਈ, ਹਾਂਗਕਾਂਗ, ਕੈਂਟਨ ਤੇ ਮਨੀਲਾ ਵਿਚ ਖੇਤਰੀ ਦਫ਼ਤਰ ਸਨ। ਉਂਜ, ਪੂਰਾ ਖ਼ਾਨਦਾਨ ਰਹਿੰਦਾ ਸ਼ੰਘਾਈ ਵਿਚ ਸੀ। ਹੁਆਂਗਪੂ ਦਰਿਆ ਦੇ ਕੰਢੇ ਬਣਿਆ ਕੈਥੇ ਹੋਟਲ ਇਸੇ ਘਰਾਣੇ ਦਾ ਸੀ। ਸਾਮਵਾਦੀ ਇਨਕਲਾਬ ਮਗਰੋਂ ਇਸ ਨੂੰ ਪੀਸ (ਅਮਨ) ਹੋਟਲ ਦਾ ਨਾਮ ਦੇ ਦਿੱਤਾ ਗਿਆ ਪਰ 1990ਵਿਆਂ ਤੱਕ ਇਸ ਦੀ ਰੂਪ-ਸੱਜਾ 1940ਵਿਆਂ ਵਾਲੀ ਹੀ ਰਹੀ। ਡਿਨਰ ਵੇਲੇ ਜੈਜ਼ ਬੈਂਡ, ਡਿਕਸੀਲੈਂਡ ਸੰਗੀਤ ਵਜਾਉਂਦਾ ਰਿਹਾ। ਫਿਰ ਇਸ ਨੂੰ ਢਾਹ ਕੇ 48 ਮੰਜ਼ਿਲਾ ਇਮਾਰਤ ਵਿਚ ਤਬਦੀਲ ਕਰ ਦਿੱਤਾ ਗਿਆ। ਇਸੇ ਕਿਸਮ ਦੀਆਂ ਹੀ ਕਹਾਣੀਆਂ ਹਨ, 33 ਹੋਰ ਪਰਿਵਾਰਾਂ ਦੀਆਂ। ਉਨ੍ਹਾਂ ਵਿਚੋਂ ਕੋਈ ਵੀ ਹੁਣ ਸ਼ੰਘਾਈ ਵਿਚ ਨਹੀਂ। ਆਵਾਰਾ ਪਰਿੰਦਿਆਂ ਵਾਂਗ ਸਭ ਵੱਖ-ਵੱਖ ਦਿਸ਼ਾਵਾਂ ਵੱਲ ਉੱਡ ਗਏ ਹਨ।

ਕਿਤਾਬ ਨਿਹਾਇਤ ਦਿਲਚਸਪ ਹੈ। ਭੂਮਿਕਾ ਤੋਂ ਅੰਤਿਕਾ ਤੱਕ ਪੜ੍ਹੀ ਜਾਣ ਵਾਲੀ। ਦੁਰਲੱਭ ਤਸਵੀਰਾਂ ਵਾਲੀ। ਇਸੇ ਨੂੰ ਆਧਾਰ ਬਣਾ ਕੇ ਹਾਇਨਾਨ ਵਿਚ ਇਕ ਸਿੱਖ ਵਿਦਵਾਨ ਚੀਨ, ਕੋਰੀਆ ਤੇ ਜਪਾਨ ਵਿਚ ਪੰਜਾਬੀਆਂ, ਖ਼ਾਸ ਕਰ ਕੇ ਸਿੱਖਾਂ ਬਾਰੇ ਖੋਜ ਕਾਰਜ ਕਰ ਰਿਹਾ ਹੈ। ਉਮੀਦ ਕੀਤੀ ਜਾਂਦੀ ਹੈ ਕਿ ਇਸ ਉੱਦਮ ਦਾ ਨਤੀਜਾ ਵੀ ਦੋ ਵਰ੍ਹਿਆਂ ਦੇ ਅੰਦਰ ਸਾਡੇ ਸਾਹਮਣੇ ਆ ਜਾਵੇਗਾ।

**ਅਰਤਿੰਦਰ ਸੰਧੂ:** ਅਰਤਿੰਦਰ ਸੰਧੂ ਪੰਜਾਬੀ ਦੀ ਪ੍ਰਮੁੱਖ ਤੇ ਪ੍ਰਬੁੱਧ ਸ਼ਾਇਰਾ ਹੈ। ਉਨ੍ਹਾਂ ਦੀਆਂ ਕਾਵਿ-ਰਚਨਾਵਾਂ ਦਾ ਧਰਾਤਲ ਹਮੇਸ਼ਾ ਹੀ ਬਹੁਤ ਵਿਸ਼ਾਲ ਰਿਹਾ ਹੈ। ਉਹ ਨੀਲੇ ਅੰਬਰ ਦੀ ਖ਼ੂਬਸੂਰਤੀ ਜਾਂ ਕੁਦਰਤ ਦੀਆਂ ਨਿਆਮਤਾਂ ਦੀ ਬਾਤ ਜਿੰਨੀ ਸੁਹਜ ਨਾਲ ਪਾਉਂਦੇ ਹਨ, ਉਹੋ ਜਿਹੀ ਨਫ਼ਾਸਤ ਇਨਸਾਨੀ ਜਾਂ ਸਮਾਜਿਕ ਸਰੋਕਾਰਾਂ ਉੱਤੇ ਕੇਂਦ੍ਰਿਤ ਕਾਵਿ-ਰਚਨਾਵਾਂ ਦੀ ਵੀ ਮੁੱਖ ਖ਼ੂਬੀ ਹੁੰਦੀ ਹੈ। ਇਹ ਪ੍ਰਭਾਵ ਆਮ ਹੀ ਹੈ ਕਿ ਉਹ ਸਿਰਫ਼ ਖੁੱਲ੍ਹੀ ਕਵਿਤਾ ਹੀ ਕਹਿੰਦੇ ਜਾਂ ਲਿਖਦੇ ਹਨ, ਹੋਰ ਕਾਵਿਕ-ਰੂਪਾਂ ਉੱਪਰ ਉਨ੍ਹਾਂ ਦੀ ਪਕੜ ਘੱਟ ਹੈ। ਇਸ ਪ੍ਰਭਾਵ ਨੂੰ ਉਨ੍ਹਾਂ ਦੀ ਨਵੀਂ ਪੁਸਤਕ 'ਚਾਨਣੀ ਦੇ ਦੇਸ ਵਿਚ' ਗ਼ਲਤ ਸਾਬਤ ਕਰਦੀ ਹੈ। ਇਹ ਪੁਸਤਕ ਉਨ੍ਹਾਂ ਦੀਆਂ ਚੋਣਵੀਆਂ ਪ੍ਰਗੀਤਕ ਕਵਿਤਾਵਾਂ ਦਾ ਸੰਗ੍ਰਹਿ ਹੈ। ਇਸ ਦੀ ਸੰਪਾਦਨਾ ਡਾ. ਮੋਹਨ ਸਿੰਘ ਤਿਆਗੀ ਨੇ ਕੀਤੀ ਹੈ।

ਪੁਸਤਕ ਦੇ ਬੈਕ ਕਵਰ 'ਤੇ ਸੰਖੇਪ ਪਰ ਭਾਵਪੂਰਤ ਸਮੀਖਿਆ ਵਿਚ ਡਾ. ਸੁਰਜੀਤ ਪਾਤਰ ਲਿਖਦੇ ਹਨ: "ਪ੍ਰਗੀਤ ਪੁਸਤਕ 'ਚਾਨਣੀ ਦੇ ਦੇਸ ਵਿਚ' ਅੰਦਰਲੀਆਂ ਰਚਨਾਵਾਂ ਬੇਹੱਦ ਖ਼ੂਬਸੂਰਤ ਹਨ ਪਰ ਉਨ੍ਹਾਂ ਵਿਚ ਬੇਪਨਾਹ ਉਦਾਸੀ ਹੈ। ਏਨੀ ਗਹਿਰੀ ਤੇ ਅਥਾਹ ਉਦਾਸੀ ਕਿ ਕਿਤੇ-ਕਿਤੇ ਉਸ ਦਾ ਤਲ ਹੀ ਨਜ਼ਰ ਨਹੀਂ ਆਉਂਦਾ।" ਉਹ ਇਹ ਵੀ ਲਿਖਦੇ ਹਨ: "ਜਦੋਂ ਮੈਂ... ਆਖ਼ਰੀ ਸਫ਼ੇ 'ਤੇ ਪਹੁੰਚਿਆ ਤਾਂ ਮੈਨੂੰ ਲੱਗਿਆ ਕਿ ਸ਼ਾਇਰਾ ਅਰਤਿੰਦਰ ਉਦਾਸੀ ਦੇ ਬੇਕਨਿਾਰ ਸਮੁੰਦਰ ਨੂੰ ਪਾਰ ਕਰ ਗਈ ਹੈ।" ਮੇਰੀ ਰਾਇ ਵੀ ਇਸੇ ਤਰਜ਼ ਦੀ ਹੈ। ਮੇਰਾ ਜਾਤੀ ਵਿਚਾਰ ਇਹ ਵੀ ਹੈ ਕਿ ਅੰਤਰੀਵੀ ਉਦਾਸੀ ਵਿਚੋਂ ਉਪਜੀ ਕਵਿਤਾ ਵੱਧ ਅਸਰਦਾਰ ਤੇ ਵੱਧ ਭਾਵਪੂਰਤ ਹੁੰਦੀ ਹੈ। ਅੰਤਰੀਵੀ ਉਦਾਸੀ ਇਨਸਾਨ ਨੂੰ ਵੱਧ ਸੰਵੇਦਨਸ਼ੀਲ ਤੇ ਸੂਖ਼ਮਭਾਵੀ ਬਣਾਉਂਦੀ ਹੈ। ਉਦਾਸੀ ਨੂੰ ਜੇ ਅਸੀਂ ਰਚਨਾਤਮਿਕਤਾ ਦਾ ਆਧਾਰ ਤੇ ਵਸੀਲਾ ਬਣਾ ਲਈਏ ਤਾਂ ਇਹ ਖ਼ੁਦ-ਬਖ਼ੁਦ ਸਾਕਾਰਮਿਕਤਾ ਤੇ ਨਿਸ਼ਚੇਵਾਨਤਾ ਵਾਲੀ ਨੁਹਾਰ ਹਾਸਲ ਕਰ ਲੈਂਦੀ ਹੈ।

ਇਸ ਸੰਗ੍ਰਹਿ ਵਿਚਲੀਆਂ ਕਈ ਕਵਿਤਾਵਾਂ ਇਸ ਸੋਚ ਦੀ ਤਸਦੀਕ ਵਾਂਗ ਹਨ। ਜਿਵੇਂ ਕਿ 'ਨਿੱਕੇ-ਨਿੱਕੇ ਅੱਥਰੇਪਣ ਪਿੱਛੋਂ/ਵਾਰ ਵਾਰ ਵੈਰਾਗੀ ਹੋਣਾ/ਕਦੇ ਬਚਾਉਣੇ ਕੰਢੇ ਆਪਣੇ/ਕਦੇ ਉਨ੍ਹਾਂ ਤੋਂ ਬਾਗ਼ੀ ਹੋਣਾ/ਦੱਸ ਆਖ਼ਰ ਸਾਗਰ ਵੀ ਕਿਹੜਾ/ਤੈਨੂੰ ਸਕੇ ਸਹਾਰ ਨੀ.../(ਪੰਨਾ 31) ਜਾਂ 'ਕੁਝ ਫੁੱਲ ਸਿਖਰ ਦੁਪਹਿਰੇ ਖਿੜਦੇ/ਭਰ-ਭਰ ਚਾਨਣ ਪੀਂਦੇ/ਸ਼ਾਮਾਂ ਤੇ ਰਾਤਾਂ ਦਾ ਡਰ/ਬੁੱਕਾਂ ਭਰ ਭਰ ਜੀਂਦੇ/ਬੰਨ੍ਹ ਕੇ ਰੱਖਦੇ ਨੁੱਕਰੇ ਦਿਲ ਦੇ/ਹਿੱਸੇ ਆਏ ਹਨੇਰੇ (ਪੰਨਾ 87) ਜਾਂ 'ਆ ਨਿਰਮੋਹੀਏ ਰੁੱਤੇ ਤੇਰੇ/ਅੱਥਰੇਪਣ ਵਿਚ ਪਿਆਰ ਭਰਾਂ/ਸੋਹਣੇ-ਸੋਹਣੇ ਸੁਪਨੇ ਜੜ੍ਹ ਕੇ/ਚੱਲ ਤੇਰਾ ਸ਼ਿੰਗਾਰ ਕਰਾਂ।; ਸਵਾਗਤਯੋਗ ਹੈ ਇਹ ਕਿਤਾਬ।




*ਅਰਤਿੰਦਰ ਸੰਧੂ ਦੀ ਕਿਤਾਬ 'ਚਾਨਣੀ ਦੇ ਦੇਸ ਵਿਚ' ਦਾ ਮੁਖੜਾ।*

# ਆਤਮ-ਕਥਾ ਤੇ ਇਤਿਹਾਸ ਦਾ ਸ਼ਾਨਦਾਰ ਸੁਮੇਲ - 'ਸਲਾਮ ਬੰਗਾ'

ਬੰਗੇ ਤੋਂ ਮਹਿਜ਼ ਇਕ ਮੀਲ ਦੂਰ ਪੈਂਦੇ ਪਿੰਡ ਜੀਂਦੋਵਾਲ ਦਾ ਵਾਸੀ ਸੋਹਣ ਸਿੰਘ ਪੂੰਨੀ ਪੁਸਤਕ 'ਸਲਾਮ ਬੰਗਾ' ਤੋਂ ਪਹਿਲਾਂ ਗ਼ਦਰੀ ਬਾਬਿਆਂ ਬਾਰੇ ਪੁਸਤਕ 'ਕਨੇਡਾ ਦੇ ਗ਼ਦਰੀ ਯੋਧੇ' 2009 ਵਿਚ ਪੰਜਾਬੀ ਮਾਂ-ਬੋਲੀ ਦੀ ਝੋਲੀ ਵਿਚ ਪਾ ਚੁੱਕਾ ਹੈ ਜਿਸ ਦਾ ਦੂਸਰਾ ਸੰਸਕਰਣ ਪਾਠਕਾਂ ਦੀ ਭਰਪੂਰ ਮੰਗ 'ਤੇ ਇਸ ਤੋਂ ਦੋ ਸਾਲਾਂ ਬਾਅਦ ਹੀ 2011 ਵਿਚ ਛਾਪਣਾ ਪਿਆ। ਇਸ ਵਿਚ 41 ਗ਼ਦਰੀ ਬਾਬਿਆਂ ਦੇ ਜੀਵਨ ਅਤੇ ਉਨ੍ਹਾਂ ਦੀਆਂ ਮਹਾਨ ਕੁਰਬਾਨੀਆਂ ਦਾ ਬਾਖ਼ੂਬੀ ਜ਼ਿਕਰ ਕੀਤਾ ਗਿਆ ਹੈ। 422 ਪੰਨਿਆਂ ਦੀ ਇਹ ਵੱਡ-ਆਕਾਰੀ ਪੁਸਤਕ ਇਨ੍ਹਾਂ ਮਹਾਨ ਯੋਧਿਆਂ ਦੇ ਜੀਵਨ ਦੇ ਨਾਲ ਨਾਲ ਗ਼ਦਰ ਪਾਰਟੀ ਦੇ ਇਤਿਹਾਸ ਨੂੰ ਜਾਣਨ ਲਈ ਅਹਿਮ ਦਸਤਾਵੇਜ਼ ਹੈ।

ਹੱਥਲੀ ਪੁਸਤਕ 'ਸਲਾਮ ਬੰਗਾ', ਜਿਵੇਂ

**ਡਾ. ਸੁਖਦੇਵ ਸਿੰਘ ਝੰਡ**
**ਫ਼ੋਨ : 647-567-9128**

ਕਿ ਇਸ ਦੇ ਸਿਰਲੇਖ ਤੋਂ ਹੀ ਸਪੱਸ਼ਟ ਹੈ, ਬੰਗਾ ਸ਼ਹਿਰ ਨੂੰ ਨਹੀਂ, ਸਗੋਂ ਸਮੂਹ 'ਬੰਗਾ ਇਲਾਕੇ' ਨੂੰ ਸਤਿਕਾਰ-ਸਹਿਤ 'ਸਲਾਮ' ਕਹਿੰਦੀ ਹੋਈ ਇਸ ਇਲਾਕੇ ਦੇ ਬਾਸ਼ਿੰਦਿਆਂ ਵੱਲੋਂ ਦੇਸ਼ ਦੀ ਆਜ਼ਾਦੀ ਲਈ ਪਾਏ ਯੋਗਦਾਨ ਨੂੰ ਦਰਸਾਉਂਦੀ ਹੈ। ਇਹ ਲੇਖਕ ਦੀ ਆਤਮ-ਕਥਾ ਨੂੰ ਨਾਵਲ ਵਾਂਗ ਬੜੇ ਰੌਚਕ ਢੰਗ ਨਾਲ ਪੇਸ਼ ਕਰਦੀ ਹੈ ਅਤੇ ਨਾਲ ਦੀ ਨਾਲ ਬੰਗਾ ਇਲਾਕੇ ਦਾ ਇਤਿਹਾਸ ਬਿਆਨ ਕਰਦੀ ਹੈ। ਇਸ ਤਰ੍ਹਾਂ ਇਹ ਪੁਸਤਕ ਲੇਖਕ ਦੀ ਆਤਮ-ਕਥਾ ਅਤੇ ਬੰਗਾ ਖੇਤਰ ਦੇ ਇਤਿਹਾਸ ਦਾ ਵਧੀਆ 'ਸੁਮੇਲ' ਬਣ ਕੇ ਉੱਭਰੀ ਹੈ।

ਲੇਖਕ ਆਪਣੀ ਰਾਮ-ਕਹਾਣੀ ਚੌਥੀ ਜਮਾਤ ਵਿਚ ਪੜ੍ਹਦਿਆਂ ਆਪਣੇ ਬਾਪ ਨਾਲ ਮੰਡੀ ਵਿਚ ਜਾ ਕੇ ਗੁੜ ਦਾ ਟੋਕਰਾ ਵੇਚਣ ਤੋਂ ਬਾਅਦ 'ਰਾਜ ਹਲਵਾਈ' ਕੋਲ ਬਰਫ਼ੀ ਤੇ ਜਲੇਬੀਆਂ ਖਾਣ ਤੋਂ ਆਰੰਭ ਕਰਦਾ ਹੈ। ਉਹ ਦੱਸਦਾ ਹੈ ਕਿ ਬਰਫੀ ਤੇ ਜਲੇਬੀਆਂ ਖਾਣ ਤੋਂ ਬਾਅਦ ਉਸ ਦੇ ਬਾਪ ਨੇ ਜਲੇਬੀਆਂ ਘਰ ਲਿਜਾਣ ਲਈ ਰਾਜੂ ਕੋਲੋਂ ਲਿਫ਼ਾਫ਼ੇ ਵਿਚ ਪਵਾਈਆਂ ਅਤੇ ਜਦੋਂ ਉਹ ਇਸ ਦੇ ਪੈਸੇ ਦੇਣ ਲੱਗਾ ਤਾਂ ਉਸ ਦੇ ਖੀਸੇ ਵਿਚਲਾ ਬਟੂਆ ਗਾਇਬ ਸੀ। ਪਤਾ ਨਹੀਂ, ਇਹ ਕਿਧਰੇ ਡਿੱਗ ਪਿਆ ਸੀ ਜਾਂ ਕਿਸੇ ਨੇ ਕੱਢ ਲਿਆ ਸੀ। ਉਹ ਜਲੇਬੀਆਂ ਵਾਲਾ ਲਿਫ਼ਾਫ਼ਾ ਵਾਪਸ ਕਰਨ ਲਈ ਜਦੋਂ ਰਾਜੂ ਵੱਲ ਵਧਾਉਂਦਾ ਹੈ ਤਾਂ ਉਹ ਅੱਗੋਂ ਕਹਿੰਦਾ ਹੈ, 'ਸਰਦਾਰ ਜੀ, ਕੀ ਗੱਲਾਂ ਕਰਦੇ ਓ? ਪੈਸੇ ਕਿਧਰੇ ਨੱਠੇ ਜਾਂਦੇ ਆ। ਫੇਰ ਆ ਜਾਣਗੇ।'


ਏਹੀ 'ਲੱਠਾ ਬੰਦਾ' (ਰਾਜ ਹਲਵਾਈ) 92 ਸਾਲ ਦੀ ਉਮਰ ਵਿਚ ਲੇਖਕ ਨੂੰ ਅਚਾਨਕ ਟੋਰਾਂਟੋ ਵਿਚ ਮਿਲਦਾ ਹੈ ਅਤੇ 60 ਸਾਲ ਪਹਿਲਾਂ ਉਸ ਦੇ ਕਹੇ ਹੋਏ ਉਹੀ ਸ਼ਬਦ ਉਸ ਨੂੰ ਯਾਦ ਆਉਂਦੇ ਹਨ, 'ਸਰਦਾਰ ਜੀ, ਕੀ ਗੱਲਾਂ ਕਰਦੇ ਓ? ਪੈਸੇ ਕਿਧਰੇ ਨੱਠੇ ਜਾਂਦੇ ਆ...'। ਇਕ ਹਮਾਤੜ ਜਿਹੇ ਕਿਸਾਨ ਨੂੰ ਰਾਜ ਹਲਵਾਈ ਵੱਲੋਂ 'ਸਰਦਾਰ ਜੀ' ਨਾਲ ਸੰਬੋਧਨ ਕਰਨਾ ਸੱਠਾਂ ਸਾਲਾਂ ਬਾਅਦ ਲੇਖਕ ਨੂੰ ਝੰਜੋੜਦਾ ਹੈ ਅਤੇ ਉਸ ਦੇ ਜੁਆਬ ਵਿਚ ਰਾਜ ਵੱਲੋਂ ਇਹ ਕਹਿਣਾ ਕਿ 'ਅਸੀਂ ਕਾਮਰੇਡ ਜੂ ਹੋਏ' ਉਸ ਨੂੰ ਹੋਰ ਵੀ ਭਾਵੁਕ ਕਰ ਦਿੰਦਾ ਹੈ। ਇਹ ਸ਼ਬਦ ਅਸਲੀ 'ਕਾਮਰੇਡਾਂ' ਦੇ ਚਰਿੱਤਰ ਨੂੰ ਬਾਖ਼ੂਬੀ ਦਰਸਾਉਂਦੇ ਹਨ। ਇਸ ਤਰ੍ਹਾਂ ਇਸ ਪੁਸਤਕ ਦੀ ਸ਼ੁਰੂਆਤ ਬੜੇ ਨਾਟਕੀ ਢੰਗ ਨਾਲ ਹੁੰਦੀ ਹੈ। ਜਿਨ੍ਹਾਂ ਨੇ ਨਾਨਕ ਸਿੰਘ ਦਾ ਨਾਵਲ 'ਚਿੱਟਾ ਲਹੂ' ਪੜ੍ਹਿਆ ਹੈ, ਉਹ ਬੜੀ ਆਸਾਨੀ ਨਾਲ ਇਸ ਦੀ ਉਸ ਨਾਵਲ ਦੇ 'ਅਧੂਰੇ ਕਾਂਡ' ਅਤੇ 'ਅਧੂਰੇ ਕਾਂਡ ਦੀ ਬਾਕੀ' ਨਾਲ ਤੁਲਨਾ ਕਰ ਸਕਦੇ ਹਨ।

ਬੰਗਾ ਇਲਾਕੇ ਦੇ ਕਾਮਰੇਡਾਂ ਦਾ ਜ਼ਿਕਰ ਕਰਦਿਆਂ ਲੇਖਕ ਦੱਸਦਾ ਹੈ ਕਿ ਰਾਜ ਹਲਵਾਈ ਦਾ ਵੱਡਾ ਭਰਾ 'ਬਿਜਲੀ' (ਕ੍ਰਿਸ਼ਨ ਕੁਮਾਰ) ਬੰਗਾ ਸ਼ਹਿਰ ਦਾ ਪਹਿਲਾ ਕਾਮਰੇਡ ਸੀ। ਇਲਾਕੇ ਦੇ ਹੋਰ ਕਾਮਰੇਡਾਂ ਵਿਚ ਭਾਈ ਰਤਨ ਸਿੰਘ 'ਰਾਏਪੁਰ ਡੱਬਾ', ਹਰਬੰਸ ਸਿੰਘ ਕਰਨਾਣਾ, ਕਾਮਰੇਡ ਬੂਝਾ ਸਿੰਘ, ਕਾਮਰੇਡ ਵਿਸ਼ਨੂੰ ਦੱਤ ਸ਼ਰਮਾ, ਉਸ ਦੀ ਭੈਣ ਕਾਮਰੇਡ ਕਾਂਤਾ, ਕਾਮਰੇਡ ਵਤਨ ਸਿੰਘ ਮਾਹਿਲ ਗਹਿਲਾਂ, ਕਾਮਰੇਡ ਨਰਿੰਦਰ ਦੋਸਾਂਝ, ਜੀਂਦੋਵਾਲ ਦੇ ਕਾਮਰੇਡ ਪ੍ਰੀਤਮ ਸਿੰਘ ਪੂੰਨੀ ਤੇ ਹਰਿਦਆਲ ਸਿੰਘ ਪੂੰਨੀ, ਡਾ. ਪ੍ਰੀਤਮ ਸਿੰਘ ਖ਼ਾਨਖ਼ਾਨਾ, ਧਰਮ ਸਿੰਘ ਸੁਜੋਂ ਅਤੇ ਕਈ ਹੋਰਨਾਂ ਦਾ ਵਿਸਥਾਰ ਪੂਰਵਕ ਜ਼ਿਕਰ ਕਰਦਾ ਹੈ। ਇਸ ਤੋਂ ਅਗਲੇ ਅਧਿਆਏ ਵਿਚ ਸਿੱਖਾਂ ਦੇ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਦੀ ਚਰਨ-ਛੋਹ ਪ੍ਰਾਪਤ ਗੁਰਦੁਆਰਾ ਚਰਨ ਕੰਵਲ ਬੰਗਾ ਦਾ ਜ਼ਿਕਰ ਹੈ ਜਿੱਥੇ ਗੁਰੂ ਸਾਹਿਬ 19 ਜੂਨ 1634 (ਮੁਤਾਬਿਕ 21 ਹਾੜ 1692) ਨੂੰ ਆਏ ਸਨ ਅਤੇ ਬੰਗੇ ਦੇ ਨੇੜੇ ਲੇਖਕ ਦੇ ਪਿੰਡ ਜੀਂਦੋਵਾਲ ਲਗਭਗ ਇਕ ਮਹੀਨਾ ਠਹਿਰੇ ਸਨ।

ਪੁਸਤਕ ਦਾ ਅਗਲਾ ਅਧਿਆਇ ਬੰਗਾ ਇਲਾਕੇ ਦੇ ਆਜ਼ਾਦੀ ਘੁਲਾਟੀਆਂ ਨਾਲ ਸਬੰਧਿਤ ਹੈ ਅਤੇ ਆਜ਼ਾਦੀ ਘੁਲਾਟੀਆਂ ਦਾ ਨਾਂ ਸਾਹਮਣੇ ਆਉਂਦਿਆਂ ਸਭ ਤੋਂ ਪਹਿਲਾਂ ਸ਼ਹੀਦ ਭਗਤ ਸਿੰਘ ਦੇ ਪਰਿਵਾਰ ਦੀ ਤਸਵੀਰ ਅੱਖਾਂ ਅੱਗੇ ਘੁੰਮ ਜਾਂਦੀ ਹੈ। ਭਗਤ ਸਿੰਘ ਦੇ ਦਾਦਾ ਜੀ ਸ. ਅਰਜਨ ਸਿੰਘ, ਬਾਪ ਸ. ਕਿਸ਼ਨ ਸਿੰਘ, ਚਾਚੇ ਅਜੀਤ ਸਿੰਘ ਤੇ ਸਵਰਨ ਸਿੰਘ ਯਾਦ ਆਉਂਦੇ ਹਨ ਅਤੇ ਨਾਲ ਹੀ ਚਾਚੀਆਂ ਹਰਨਾਮ ਕੌਰ ਤੇ ਹੁਕਮ ਕੌਰ ਵੀ। ਝਨਾਂ ਦਰਿਆ ਵਿਚੋਂ ਨਹਿਰ ਕੱਢ ਕੇ 1892 ਵਿਚ ਅੰਗਰੇਜ਼ਾਂ ਨੇ 'ਬਾਰ' ਆਬਾਦ ਕੀਤੀ। ਹੋਰ ਬਹੁਤ ਸਾਰੇ ਲੋਕਾਂ ਵਾਂਗ ਬੰਗਾ ਇਲਾਕੇ ਦੇ ਲੋਕ ਵੀ ਇਸ ਨਵੀਂ ਆਬਾਦ ਹੋਈ 'ਬਾਰ' ਦੇ ਚੱਕ ਨੰਬਰ 105 (ਜ਼ਿਲ੍ਹਾ ਲਾਇਲਪੁਰ, ਹੁਣ ਫ਼ੈਸਲਾਬਾਦ) ਵਿਚ ਆ ਵੱਸੇ ਅਤੇ ਉਨ੍ਹਾਂ ਨੇ ਇਸ ਨੂੰ 'ਬੰਗਾ' ਦਾ ਨਾਂ ਦਿੱਤਾ। ਭਗਤ ਸਿੰਘ ਦੇ ਦਾਦਾ ਜੀ ਅਰਜਨ ਸਿੰਘ ਹੁਰਾਂ ਨੇ ਵੀ ਉੱਥੇ ਜ਼ਮੀਨ ਖ਼ਰੀਦ ਲਈ ਅਤੇ ਖਟਕੜ ਕਲਾਂ ਤੋਂ ਉੱਥੇ ਜਾ ਕੇ ਵਾਹੀ-ਖੇਤੀ ਕਰਨ ਲੱਗੇ। ਭਗਤ ਸਿੰਘ ਦਾ ਜਨਮ ਇੱਥੇ 1907 ਵਿਚ ਹੋਇਆ। ਉਸ ਦੇ ਜੀਵਨ, ਵਿਚਾਰਧਾਰਾ ਅਤੇ ਦੇਸ਼ ਦੀ ਆਜ਼ਾਦੀ ਲਈ ਦਿੱਤੀ ਗਈ ਕੁਰਬਾਨੀ ਤੋਂ ਸਾਰੇ ਭਲੀ-ਭਾਂਤ ਵਾਕਿਫ਼ ਹਨ।

1947 ਵਿਚ ਹੋਈ ਭਾਰਤ-ਪਾਕਿ ਵੰਡ ਸਮੇਂ ਇਨਸਾਨ ਹੈਵਾਨ ਬਣ ਗਏ ਸਨ। ਦੋਵੇਂ ਪਾਸੇ ਬੜੀ 'ਵੱਢਾ-ਟੁੱਕ' ਹੋਈ। ਨਿਰਦੋਸ਼ ਲੋਕ ਗੱਡੀਆਂ ਵਿਚੋਂ ਬਾਹਰ ਕੱਢ-ਕੱਢ ਮਾਰੇ ਗਏ। ਇਸ ਦੌਰਾਨ ਆਪਸੀ ਕਟਾ-ਵੱਢ ਵਿਚ 10 ਲੱਖ ਦੇ ਕਰੀਬ ਲੋਕ ਮਾਰੇ ਗਏ ਅਤੇ ਲਗਭਗ 30 ਲੱਖ ਘਰੋਂ ਬੇ-ਘਰ ਹੋ ਕੇ 'ਸ਼ਰਨਾਰਥੀ' ਅਤੇ 'ਪਨਾਹਗੀਰ' ਅਖਵਾਏ। ਪਰ ਇਸ ਸਮੇਂ ਬੰਗੇ ਦੇ ਬਹੁਤੇ ਲੋਕ 'ਇਨਸਾਨ' ਹੀ ਬਣੇ ਰਹੇ। ਹੋਰ ਇਲਾਕਿਆਂ ਦੇ ਮੁਕਾਬਲੇ ਇੱਥੇ 'ਮਾਰ-ਧਾੜ' ਬਹੁਤ ਘੱਟ ਹੋਈ। ਪਰ ਫਿਰ ਵੀ ਇੱਥੇ ਵਿਰਲੇ-ਵਿਰਲੇ ਕੁਝ ਧਾਰਮਿਕ ਜਨੂੰਨੀਏ ਅਤੇ ਲੁੱਟਾਂ-ਖੋਹਾਂ ਕਰਨ ਵਾਲੇ ਵੀ ਸਨ। ਇਨ੍ਹਾਂ ਦਰਿੰਦਿਆਂ ਹੱਥੋਂ ਮਾਰੇ ਗਏ ਲੋਕਾਂ ਨੂੰ ਬੰਗਾ-ਨਵਾਂ ਸ਼ਹਿਰ ਸੜਕ ਦੇ ਦੱਖਣ ਵਾਲੇ ਪਾਸੇ ਖ਼ਤਾਨਾਂ ਵਿਚ ਦੋ ਡੂੰਘੇ ਟੋਏ ਪੁੱਟ ਕੇ ਦਫ਼ਨਾਇਆ ਗਿਆ। ਲੇਖਕ ਦੇ ਦੱਸਣ ਮੁਤਾਬਿਕ ਇਕ 'ਲਾਸ਼' ਨੂੰ ਜਦੋਂ ਕੁਝ ਲੋਕ ਘਸੀਟ ਕੇ ਇੱਕ ਟੋਏ ਵੱਲ ਲਿਜਾਣ ਲੱਗੇ ਤਾਂ ਉਹ ਅੱਗੋਂ ਕਹਿਣ ਲੱਗਾ,"ਉਏ ਮੈਂ ਤਾਂ ਜਿਉਂਦਾ ਹਾਂ।" ਪਰ ਉਸ ਦੀ ਕਿਸੇ ਨਾ ਸੁਣੀ ਅਤੇ ਜਿਊਂਦੇ ਨੂੰ ਹੀ ਟੋਏ ਵਿਚ ਸੁੱਟ ਕੇ ਉੱਪਰ ਮਿੱਟੀ ਪਾ ਦਿੱਤੀ ਗਈ।

ਆਪਣੀ ਅਸਲ 'ਰਾਮ ਕਹਾਣੀ' ਲੇਖਕ ਪੁਸਤਕ ਦੇ ਛੇਵੇਂ ਅਧਿਆਇ ਵਿਚ ਜਾ ਕੇ ਸ਼ੁਰੂ ਕਰਦਾ ਹੈ। ਉਹ 1950'ਵਿਆਂ ਦੇ ਸ਼ੁਰੂ ਵਿਚ ਗੁਰਦੁਆਰਾ ਚਰਨ ਕੰਵਲ ਬੰਗਾ ਦੇ ਨਾਲ ਖੋਲ੍ਹੇ ਗਏ ਪ੍ਰਾਇਮਰੀ ਸਕੂਲ ਵਿਚ 1954 ਵਿਚ ਦਾਖ਼ਲ ਹੁੰਦਾ ਹੈ ਅਤੇ ਇੱਥੇ ਪੜ੍ਹਾਉਣ ਵਾਲੀਆਂ ਅਧਿਆਪਕਾਵਾਂ ਮਹਿੰਦਰ ਭੈਣ ਜੀ, ਸੁਰਿੰਦਰ ਭੈਣ ਜੀ ਅਤੇ ਜਗਜੀਤ ਭੈਣ ਜੀ ਦਾ ਜ਼ਿਕਰ ਕਰਦਾ ਹੈ। ਬੰਗਿਆਂ ਵਿਚ ਉਦੋਂ ਡਿਸਟ੍ਰਿਕਟ ਬੋਰਡ ਦਾ ਮਿਡਲ ਸਕੂਲ ਸੀ ਜੋ 1957 ਵਿਚ ਗੌਰਮਿੰਟ ਸਕੂਲ ਬਣਿਆ ਅਤੇ ਅੱਠਵੀਂ ਜਮਾਤ ਲੇਖਕ ਨੇ ਇੱਥੋਂ ਹੀ ਕੀਤੀ, ਹਾਲਾਂਕਿ ਉਸ ਦਾ ਮਨ ਗੁਰੂ ਹਰਗੋਬਿੰਦ ਖਾਲਸਾ ਹਾਈ ਸਕੂਲ ਵਿਚ ਪੜ੍ਹਨ ਨੂੰ ਕਰਦਾ ਸੀ ਪਰ ਉੱਥੇ ਮਹੀਨੇ ਦੀ ਸਾਢੇ ਤਿੰਨ ਰੁਪਏ ਫ਼ੀਸ ਸੀ ਜੋ ਉਸ ਦੇ ਘਰਦਿਆਂ ਨੂੰ ਉਦੋਂ ਦੇਣੀ ਬੜੀ ਮੁਸ਼ਕਲ ਲੱਗਦੀ ਸੀ। ਮਾਪਿਆਂ ਤੇ ਵਿਦਿਆਰਥੀਆਂ ਦੀ ਇਸ ਮੁਸ਼ਕਲ ਦਾ ਹੱਲ ਸਰਦਾਰ ਠਾਕਰ ਸਿੰਘ ਜੋਸ਼ੀ ਨੇ ਆਪਣੇ ਕੋਲੋਂ ਪੈਸੇ ਖ਼ਰਚ ਕੇ ਸਕੂਲ ਦੀ ਹੋਰ ਬਿਲਡਿੰਗ ਤਿਆਰ ਕਰਵਾ ਕੇ ਬੰਗੇ ਦੇ ਸਰਕਾਰੀ ਮਿਡਲ ਸਕੂਲ ਨੂੰ ਹਾਈ ਸਕੂਲ ਬਣਵਾ ਕੇ ਕੀਤਾ। ਉਨ੍ਹਾਂ ਨੇ ਬੰਗੇ ਦਾ 'ਹਿੰਦੂ ਸਕੂਲ' ਵੀ ਆਪਣੀ ਜ਼ਮੀਨ 'ਤੇ ਬਣਵਾਇਆ। ਲੇਖਕ ਆਪਣੇ ਸਹਿਪਾਠੀਆਂ ਮਹਿੰਦਰ ਸਿੰਘ ਪੂੰਨੀ ਤੇ ਦਰਸ਼ਨ ਖਟਕੜ ਨੂੰ ਯਾਦ ਕਰਦਾ ਹੈ। ਉਹ 1963 ਵਿਚ ਖਟਕੜ ਕਲਾਂ ਭਗਤ ਸਿੰਘ ਦੀ ਮਾਤਾ ਵਿਦਿਆਵਤੀ ਨੂੰ ਮਿਲਣ ਆਏ ਬੀ.ਕੇ. ਦੱਤ ਨੂੰ ਰੇਲਵੇ ਸਟੇਸ਼ਨ 'ਤੇ ਮਿਲਣ ਦੀ ਗੱਲ ਬੜੇ ਚਾਅ ਨਾਲ ਦੱਸਦਾ ਹੈ ਅਤੇ ਨਾਲ




ਹੀ ਜੁਦਾ ਹੋਣ ਵੇਲੇ ਦੱਤ ਵੱਲੋਂ ਉਸ ਦੇ ਮੋਢਿਆਂ 'ਤੇ ਹੱਥ ਰੱਖ ਕੇ ਅੱਖਾਂ 'ਚ ਅੱਖਾਂ ਪਾ ਕੇ ਕੀਤੀ ਹੋਈ ਗੱਲ " ...ਨੌਜਵਾਂ, ਦੇਸ਼ ਮੇਂ ਕਰਨੇ ਵਾਲਾ ਅਭੀ ਭੀ ਬਹੁਤ ਕੁਛ ਪੜਾ ਹੈ" ਨੂੰ ਵੀ ਯਾਦ ਕਰਦਾ ਹੈ।

ਹਾਈ ਸਕੂਲ ਦੀ ਪੜ੍ਹਾਈ ਦੌਰਾਨ ਨਾਲਾਇਕ ਸਾਇੰਸ ਮਾਸਟਰ 'ਬੁੱਚੜ' ਦਾ ਜ਼ਿਕਰ ਪੁਸਤਕ ਵਿਚ ਬਹੁਤ ਵਧੀਆ ਕੀਤਾ ਗਿਆ ਹੈ ਜੋ ਵਿਦਿਆਰਥੀਆਂ ਨੂੰ ਬਿਨਾਂ ਵਜ੍ਹਾ ਤੰਗ ਕਰਦਾ ਸੀ। ਲੇਖਕ ਵੱਲੋਂ ਉਸ ਦੇ ਨਾਲ 'ਪੇਚਾ' ਪੈਣ ਦੀ ਗੱਲ ਬਾਖ਼ੂਬੀ ਕੀਤੀ ਗਈ ਹੈ ਜਦੋਂ ਉਹ ਉਸ ਨੂੰ ਹਾਕੀ ਦੀ ਖੇਡ ਵੱਲ ਜਾਣ ਤੋਂ ਬਾਅਦ ਫੁੱਟਬਾਲ ਖੇਡਣ ਵਾਲੇ 'ਸੌਕਰ ਸ਼ੂਅ' ਵਾਪਸ ਕਰਨ ਲਈ ਕਹਿੰਦਾ ਹੈ ਤਾਂ ਉਹ ਅੱਗੋਂ ਆਖ ਦਿੰਦਾ ਹੈ, 'ਇਸ ਵਿਚ ਮੇਰੇ ਵੀ ਦਸ ਰੁਪਏ ਲੱਗੇ ਹੋਏ ਹਨ।' ਇਸ 'ਤੇ 'ਬੁੱਚੜ' ਦੇ ਗਾਲ੍ਹ ਕੱਢਣ 'ਤੇ ਉਹ ਦੋਵੇਂ 'ਗਾਲ੍ਹੋ-ਗਾਲ੍ਹੀ' ਹੋ ਜਾਂਦੇ ਹਨ ਅਤੇ ਗੱਲ ਵਿਗੜ ਜਾਂਦੀ ਹੈ। ਇਸ ਦੇ ਨਾਲ ਹੀ ਸਕੂਲ ਦੇ ਮਾਸਟਰ ਗਿਆਨੀ ਸੁਰੈਣ ਸਿੰਘ ਕਾਹਲੋਂ ਦਾ ਵਿਦਿਆਰਥੀਆਂ ਪ੍ਰਤੀ 'ਹਾਂ-ਪੱਖੀ' ਰਵੱਈਆ ਲੇਖਕ ਨੂੰ ਸਕੂਲੋਂ ਕੱਢਣ ਤੋਂ ਬਚਾਉਂਦਾ ਹੈ। ... ਤੇ ਇਹੋ 'ਗਿਆਨੀ ਜੀ' ਸੁਜੋਂ ਪਿੰਡ ਦੀ ਪੰਚਾਇਤ ਦੀ ਚੋਣ ਵੀ ਪੂਰੀ ਇਮਾਨਦਾਰੀ ਅਤੇ ਦਿਆਨਤਦਾਰੀ ਨਾਲ ਕਰਵਾਉਂਦੇ ਹਨ।

ਲੇਖਕ ਪੂੰਨੀ ਕਾਲਜ ਸਮੇਂ ਦੀਆਂ ਆਪਣੀਆਂ ਯਾਦਾਂ ਨੂੰ ਤਾਜ਼ਾ ਕਰਦਿਆਂ ਮਹਾਨ ਵਿੱਦਿਆ ਦਾਨੀ ਹਰਗੁਰਨਾਦ ਸਿੰਘ ਨੂੰ ਯਾਦ ਕਰਦਾ ਹੈ ਜਿਸ ਨੇ ਗੁਰੂ ਹਰਗੋਬਿੰਦ ਖ਼ਾਲਸਾ ਹਾਈ ਸਕੂਲ ਉਸ ਦੇ ਪਿੰਡ ਦੀ ਜੂਹ ਵਿਚ ਬਣਵਾਇਆ। ਇਸ ਸ਼ੁਭ ਕੰਮ ਵਿਚ ਅਮਰੀਕਾ ਤੋਂ ਗਏ ਰਲ਼ਾ ਸਿੰਘ ਪੂੰਨੀ ਨੇ ਉਸ ਸਮੇਂ (1950 ਵਿਚ) ਦਸ ਹਜ਼ਾਰ ਰੁਪਏ ਸਕੂਲ ਦਾ ਵੱਡਾ ਹਾਲ ਬਣਾਉਣ ਲਈ ਦਿੱਤੇ ਸਨ। ਸਿੱਖ ਨੈਸ਼ਨਲ ਕਾਲਜ ਬੰਗਾ ਦੀਆਂ ਮੁੱਢਲੀਆਂ ਕਲਾਸਾਂ 1953 ਵਿਚ ਇਸ ਸਕੂਲ ਵਿਚ ਹੀ ਲੱਗਦੀਆਂ ਰਹੀਆਂ ਸਨ। ਇਸ ਤਰ੍ਹਾਂ ਇਸ ਇਲਾਕੇ ਦੇ ਅੰਮ੍ਰਿਤਸਰ ਤੇ ਜਲੰਧਰ ਪੜ੍ਹਦੇ ਲੜਕੇ ਇਸ ਕਾਲਜ ਵਿਚ ਆ ਕੇ ਪੜ੍ਹਨ ਲੱਗ ਪਏ। ਇੱਥੇ ਪੜ੍ਹਦਿਆਂ ਕਾਲਜ ਦੇ ਵਿਦਿਆਰਥੀਆਂ ਨੇ 'ਖ਼ੁਸ਼ਹੈਸੀਅਤੀ ਟੈਕਸ ਦੇ ਮੋਰਚੇ' ਦੌਰਾਨ ਕਮਿਊਨਿਸਟਾਂ ਦਾ ਪੂਰਾ ਸਾਥ ਦਿੱਤਾ। ਬੰਗਾ ਕਾਲਜ ਦੀ ਵਿਦਿਆਰਥਣ ਹਰਸ਼ਰਨ ਕੌਰ ਕਾਲਜ ਵਿਚ 'ਨਾਨ-ਮੈਡੀਕਲ' ਗਰੁੱਪ ਲੈ ਕੇ 1961 ਵਿਚ ਐੱਫ਼.ਐੱਸ.ਸੀ. ਕਰਨ ਵਾਲੀ ਅਤੇ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਵਿਚੋਂ ਇਲੈੱਕਟਰੀਕਲ ਇੰਜੀਨੀਅਰਿੰਗ ਵਿਚ ਬੀ.ਈ. ਦੀ ਡਿਗਰੀ ਲੈਣ ਵਾਲੀ ਪਹਿਲੀ ਲੜਕੀ ਸੀ।

ਕਾਲਜ ਵਿਚ ਪੜ੍ਹਦਿਆਂ ਲੇਖਕ ਦਾ ਪੰਜਾਬ ਪੁਲੀਸ ਨਾਲ ਵੀ ਪੇਚਾ ਪੈਂਦਾ ਹੈ ਜਿਸ ਨੂੰ ਕਾਲਜ ਦੇ ਤਤਕਾਲੀ ਪ੍ਰਿੰਸੀਪਲ ਗੁਰਬਖ਼ਸ਼ ਸਿੰਘ ਸ਼ੇਰਗਿੱਲ ਹੱਲ ਕਰਦੇ ਹਨ। ਨਕਸਲੀ ਲਹਿਰ ਦਾ ਵੀ ਕਾਲਜ ਦੇ ਵਿਦਿਆਰਥੀਆਂ 'ਤੇ ਪ੍ਰਭਾਵ ਪੈਂਦਾ ਹੈ ਅਤੇ ਦਰਸ਼ਨ ਖਟਕੜ ਇੱਥੇ ਇਸ ਦਾ ਮੋਢੀ ਬਣਦਾ ਹੈ। ਇਸ ਨਕਸਲੀ ਲਹਿਰ ਦੀਆਂ ਹਮਦਰਦ ਲੜਕੀਆਂ ਵੀ ਬਣੀਆਂ ਜਿਨ੍ਹਾਂ ਵਿਚ ਜਸਵੀਰ ਕੌਰ ਮਾਹਿਲ ਕਲਾਂ ਅਤੇ ਗੁਰਬਖ਼ਸ਼ ਕੌਰ ਰਾਏਪੁਰ ਦੇ ਨਾਂ ਵਰਣਨਯੋਗ ਹਨ। 1966 ਵਿਚ ਬੰਗਾ ਵਿਚ ਗੁਰੂ ਨਾਨਕ ਕਾਲਜ ਫ਼ਾਰ ਵਿਮੈੱਨ ਬਣਿਆ, ਕਿਉਂਕਿ ਬਹੁਤ ਸਾਰੇ ਮਾਪੇ ਆਪਣੀਆਂ ਬੇਟੀਆਂ ਨੂੰ ਮੁੰਡਿਆਂ ਵਾਲੇ ਕਾਲਜ ਵਿਚ ਭੇਜਣੋਂ ਝਿਜਕਦੇ ਸਨ।

ਬੰਗਾ ਕਾਲਜ ਵਿਚ ਬੀ.ਏ. ਕਰਨ ਤੋਂ ਬਾਅਦ ਐੱਮ.ਏ. (ਹਿਸਟਰੀ) ਦੀ ਪੜ੍ਹਾਈ ਲੇਖਕ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਕੀਤੀ ਇੱਥੇ ਉਸ ਨੂੰ ਸੋਹਣ ਸਿੰਘ ਪਰਮਾਰ ਅਤੇ ਗੁਰਸ਼ਰਨਜੀਤ ਧਾਮੀ ਦਾ ਸਾਥ ਮਿਲਿਆ ਜੋ ਉੱਥੇ ਉਸ ਸਮੇਂ ਬੌਟਨੀ ਅਤੇ ਜ਼ੂਆਲੋਜੀ ਵਿਚ ਐੱਮ.ਐੱਸ.ਸੀ. ਕਰ ਰਹੇ ਸਨ। ਇੱਥੇ ਐੱਮ.ਏ. ਵਿਚ ਡਾ. ਜੇ.ਐੱਸ. ਗਰੇਵਾਲ ਹੁਰਾਂ ਕੋਲ ਸਿੱਖ ਹਿਸਟਰੀ ਦਾ ਪੇਪਰ ਪ੍ਰਿੰਸੀਪਲ ਸ਼ੇਰਗਿਲ ਦੀ ਸਿਫ਼ਾਰਸ਼ੀ ਚਿੱਠੀ ਨਾਲ ਮਿਲਣ ਦਾ ਬਹੁਤ ਵਧੀਆ ਜ਼ਿਕਰ ਕੀਤਾ ਗਿਆ ਹੈ। ਇਸ ਦੌਰਾਨ ਪੀ. ਜੀ. ਆਈ. ਵਿਚ ਤਾਇਨਾਤ ਡਾ. ਜਸਬੀਰ ਸਿੰਘ ਮਾਨ ਕੋਲੋਂ ਸੋਹਣ ਸਿੰਘ ਪਰਮਾਰ ਆਪਣੇ ਇਲਾਕੇ ਦੇ ਬਹੁਤ ਸਾਰੇ ਲੋਕਾਂ ਦਾ ਮੁਫ਼ਤ ਇਲਾਜ ਕਰਾਉਣ ਦਾ ਬਿਰਤਾਂਤ ਲੇਖਕ ਬਾਖ਼ੂਬੀ ਬਿਆਨ ਕਰਦਾ ਹੈ। ਐੱਮ. ਏ. ਕਰਨ ਤੋਂ ਬਾਅਦ ਲੇਖਕ ਨੂੰ ਬੇਅਰਿੰਗ ਕਾਲਜ ਬਟਾਲਾ ਵਿਖੇ ਲੈਕਚਰਾਰ ਦੀ ਨੌਕਰੀ ਡਾ. ਗਰੇਵਾਲ ਵੱਲੋਂ ਸਿਫਾਰਸ਼ ਕਰਨ 'ਤੇ ਮਿਲਦੀ ਹੈ ਜਿੱਥੇ ਉਹ ਡੇਢ ਸਾਲ ਨੌਕਰੀ ਕਰਦਾ ਹੈ ਅਤੇ ਫਿਰ ਨੌਕਰੀ ਛੱਡ ਕੇ ਵਿਜ਼ਟਰ ਵਜੋਂ 1972 ਦੇ ਅਖੀਰ ਵਿਚ ਕੈਨੇਡਾ ਆ ਜਾਂਦਾ ਹੈ, ਕਿਉਂਕਿ ਉਸ ਸਮੇਂ ਕਾਲਜ ਵਿਚ ਮਿਲਦੀ 456 ਰੁਪਏ ਮਹੀਨਾ ਤਨਖ਼ਾਹ ਨਾਲ ਪਰਿਵਾਰ ਦਾ ਗੁਜ਼ਾਰਾ ਚਲਾਉਣਾ ਅਤੇ ਘਰ ਲਈ ਲਿਆ ਕਰਜ਼ਾ ਉਤਾਰਨਾ ਮੁਸ਼ਕਲ ਸੀ। ਇਸ ਦੌਰਾਨ ਲੇਖਕ ਵਿਭਾਗ ਦੇ ਮੁਖੀ ਰਹੇ ਵਿਦਵਾਨ ਇਤਿਹਾਸਕਾਰ ਡਾ. ਜੌਹਨ ਸੀ.ਬੀ. ਵੈੱਬਸਟਰ ਨਾਲ ਬਿਤਾਏ ਦਿਨਾਂ ਨੂੰ ਯਾਦ ਕਰਦਾ ਹੈ। ਕੈਨੇਡਾ ਦੇ ਸ਼ਹਿਰ ਵੈਨਕੂਵਰ ਆ ਕੇ ਲੇਖਕ ਆਪਣੇ ਦੋਸਤ ਅਮਰੀਕ ਸਿੰਘ ਕੋਲ ਸਭ ਤੋਂ ਪਹਿਲਾਂ ਉੱਥੋਂ ਦਾ 1908 ਵਿਚ ਭਾਈ ਅਰਜਨ ਸਿੰਘ ਮਲਿਕ, ਭਾਈ ਭਾਗ ਸਿੰਘ, ਭਾਈ ਬਲਵੰਤ ਸਿੰਘ ਤੇ ਭਾਈ ਮੇਵਾ ਸਿੰਘ ਵੱਲੋਂ ਬਣਵਾਇਆ ਗਿਆ ਇਤਿਹਾਸਕ ਗੁਰਦੁਆਰਾ ਵੇਖਣ ਦੀ ਇੱਛਾ ਪ੍ਰਗਟ ਕਰਦਾ ਹੈ ਜੀਹਦੇ ਕਰਕੇ ਹਿੰਦੋਸਤਾਨੀ ਕੈਨੇਡਾ ਵਿਚੋਂ ਉੱਜੜਨੋਂ ਬਚੇ ਸਨ, ਪਰ ਉਹ ਉਸ ਦੇ ਕੋਲੋਂ ਇਹ ਜਾਣ ਕੇ ਬੜਾ ਦੁਖੀ ਹੁੰਦਾ ਕਿ ਉਹ ਗੁਰਦੁਆਰਾ ਤਾਂ ਬਹੁਤ ਪਹਿਲਾਂ ਵੇਚ ਦਿੱਤਾ ਗਿਆ ਸੀ। ਇਸ ਗੁਰਦੁਆਰੇ ਵਿਚੋਂ ਹੀ ਕੈਨੇਡਾ ਵਿਚ ਆਪਣੇ ਟੱਬਰ ਲਿਆਉਣ ਦਾ ਘੋਲ ਲੜਿਆ ਗਿਆ ਸੀ ਅਤੇ ਇਹ ਗ਼ਦਰ ਲਹਿਰ ਦੀਆਂ ਸਰਗਰਮੀਆਂ ਦਾ ਕੇਂਦਰ ਰਿਹਾ ਸੀ। ਉਹ ਉਸ ਦੇ ਨਾਲ ਸਟੈਨਲੇ ਪਾਰਕ ਵਿਚ ਸਮੁੰਦਰ ਦੇ ਕਿਨਾਰੇ ਉਹ ਜਗ੍ਹਾ ਵੀ ਵੇਖਣ ਗਿਆ ਜਿੱਥੇ ਬਾਬਾ ਗੁਰਦਿੱਤ ਸਿੰਘ ਸਰਹਾਲੀ ਵੱਲੋਂ ਪਟੇ 'ਤੇ ਲਿਆ ਗਿਆ 'ਕਾਮਾਗਾਟਾ ਮਾਰੂ' ਜਹਾਜ਼ ਦੋ ਮਹੀਨੇ ਸਮੁੰਦਰ ਵਿਚ ਦੋ ਮਹੀਨੇ ਖੜ੍ਹਾ ਰਿਹਾ ਸੀ ਅਤੇ ਫਿਰ ਉਸ ਨੂੰ ਤਤਕਾਲੀ ਕੈਨੇਡਾ ਸਰਕਾਰ ਵੱਲੋਂ ਭਾਰਤ ਵਾਪਸ ਮੋੜ ਦਿੱਤਾ ਗਿਆ ਸੀ।

ਪੁਸਤਕ ਦੇ ਆਖ਼ਰ ਵੱਲ ਵਧਦਿਆਂ ਇਸ ਦੇ ਅਗਲੇ ਛੇ ਅਧਿਆਵਾਂ ਵਿਚ ਲੇਖਕ ਮਾਝੇ ਵਿਚ ਹੋਏ ਆਪਣੇ ਵਿਆਹ, ਪਤਨੀ ਨਾਲ ਦੁਨੀਆ ਦੇ ਵੱਖ-ਵੱਖ ਦੇਸ਼ਾਂ ਦੀ ਕੀਤੀ ਗਈ ਸੈਰ, ਕੈਨੇਡਾ ਤੇ ਅਮਰੀਕਾ ਵਿਚ ਵਸੇ ਬੰਗਾ ਇਲਾਕੇ ਦੇ ਲੋਕਾਂ, ਲੇਖਕਾਂ ਅਤੇ ਖਿਡਾਰੀਆਂ ਅਤੇ ਵਿਦੇਸ਼ਾਂ ਵਿਚ ਰਹਿੰਦੇ ਬੰਗਾ ਇਲਾਕੇ ਦੇ ਲੋਕਾਂ ਵੱਲੋਂ ਲੋਕ-ਭਲੀ ਦੇ ਕੰਮਾਂ ਬਾਰੇ ਦੱਸਦਾ ਹੈ ਅਤੇ ਅਖੀਰਲੇ ਇਕ ਪੰਨੇ ਦੇ ਉਨੀਵੇਂ ਅਧਿਆਇ ਵਿਚ ਬੰਗਾ ਖੇਤਰ ਨੂੰ ਸਲਾਮ ਕਰਦਾ ਹੈ।

ਪੁਸਤਕ ਦੇ ਕਈ ਕਾਂਡਾਂ ਵਿਚ 'ਤੁਲਨਾ' ਅਤੇ 'ਉਲਟਾ' (Comparison and Contrast) ਵੇਖਣ ਨੂੰ ਮਿਲਦਾ ਹੈ। ਇਸ ਦੇ ਦੂਸਰੇ ਅਧਿਆਇ ਵਿਚ ਬੰਗਾ ਇਲਾਕੇ ਦੇ ਕਾਮਰੇਡਾਂ ਬਾਰੇ ਹੈ ਜੋ ਪ੍ਰਮਾਤਮਾ ਦੀ ਹੋਂਦ 'ਤੇ 'ਕਿੰਤੂ-ਪਰੰਤੂ' ਕਰਦੇ ਹਨ ਅਤੇ ਇਸ ਤੋਂ ਅਗਲੇ ਤੀਸਰੇ ਅਧਿਆਇ ਵਿਚ ਗੁਰਦੁਆਰਾ ਚਰਨ ਕੰਵਲ ਬੰਗਾ ਦੇ ਇਤਿਹਾਸ ਬਾਰੇ ਵਿਸਥਾਰ ਵਿਚ ਜ਼ਿਕਰ ਕੀਤਾ ਗਿਆ ਹੈ। ਏਸੇ ਤਰ੍ਹਾਂ ਹਾਈ ਸਕੂਲ ਨਾਲ ਸਬੰਧਿਤ ਸੱਤਵੇਂ ਅਧਿਆਇ ਵਿਚ ਹਾਈ ਪੜ੍ਹਦਿਆਂ ਸਾਇੰਸ ਮਾਸਟਰ 'ਬੁੱਚੜ' ਦਾ ਕਿਰਦਾਰ ਵਿਦਿਆਰਥੀ-ਵਿਰੋਧੀ ਹੈ ਅਤੇ ਉਸ ਨਾਲ ਲੇਖਕ ਦਾ ਪੇਚਾ ਵੀ ਪੈਂਦਾ ਹੈ ਪਰ ਇਸ ਦੇ ਨਾਲ ਹੀ ਓਸੇ ਸਕੂਲ ਵਿਚ ਗਿਆਨੀ ਸੁਰੈਣ ਸਿੰਘ ਕਾਹਲੋਂ ਇਕ ਵਧੀਆ ਅਧਿਆਪਕ ਵੀ ਹੈ ਜਿਸ ਦਾ ਰਵੱਈਆ ਵਿਦਿਆਰਥੀਆਂ ਅਤੇ ਸਮਾਜ ਪ੍ਰਤੀ ਬੜਾਂ 'ਹਾਂ-ਪੱਖੀ' ਹੈ।

ਸਭ ਤੋਂ ਵਧੀਆ ਤੁਲਨਾ ਲੇਖਕ ਆਪਣੇ ਵਿਆਹ ਵਾਲੇ ਤੇਰ੍ਹਵੇਂ ਅਧਿਆਇ ਵਿਚ ਮਾਝੇ ਅਤੇ ਦੁਆਬੇ ਵਿਚ ਉਸ ਸਮੇਂ ਦੇ ਵਿਆਹਾਂ ਬਾਰੇ ਕਰਦਾ ਹੈ। ਉਹ ਦੱਸਦਾ ਹੈ ਕਿ ਉਦੋਂ ਮਾਝੇ ਵਾਲੇ ਥੋੜ੍ਹੇ ਕੀਤਿਆਂ ਆਪਣੀਆਂ ਲੜਕੀਆਂ ਦੁਆਬੇ ਵਿਚ ਨਹੀਂ ਵਿਆਹੁੰਦੇ ਸਨ, ਕਿਉਂਕਿ ਉਹ ਦੁਆਬੀਆਂ ਨੂੰ 'ਹੁੱਕੇ ਪੀਣੇ' ਸੱਦਿਆ ਕਰਦੇ ਸਨ। ਇਸ ਦਾ ਕਾਰਨ ਲੇਖਕ ਕਵੀ ਕਰਤਾਰ ਸਿੰਘ 'ਕਲਾਸਵਾਲੀਏ' ਦੇ ਸ਼ਬਦਾਂ ਵਿਚ "ਡਰੂ ਦੇਸ਼ ਦੁਆਬਾ ਕਰਤਾਰ ਸਿੰਘਾ, ਦੱਬ-ਘੁੱਟ ਕੇ ਝੱਟ ਲੰਘਾਵਦਾ ਜੀ" ਦੱਸਦਾ ਹੈ, ਜਦਕਿ ਉਸ ਅਨੁਸਾਰ ਮਝੈਲ ਮੁੱਢ ਤੋਂ ਹੀ ਬਹਾਦਰ, ਦਲੇਰ ਅਤੇ ਅਣਖੀਲੇ ਸਨ। ਉਂਜ, ਵੇਖਿਆ ਜਾਏ ਤਾਂ ਦੁਆਬੀਏ ਬਹਾਦਰੀ ਵਿਚ ਮਝੈਲਾਂ ਨਾਲੋਂ ਕਿਸੇ ਤਰ੍ਹਾਂ ਘੱਟ ਵੀ ਨਹੀਂ ਸਨ। ਵੀਹਵੀਂ ਸਦੀ ਵਿਚ ਚੱਲੀਆਂ ਇਨਕਲਾਬੀ ਲਹਿਰਾਂ ਵਿਚ ਦੁਆਬੀਆਂ ਦਾ ਰੋਲ ਮਝੈਲਾਂ ਦੇ ਬਰਾਬਰ ਹੀ ਸੀ। ਮਾਝੇ ਤੇ ਦੁਆਬੇ ਵਿਚਲੇ ਇਸ 'ਫ਼ਰਕ' ਦਾ ਇਕ ਹੋਰ ਮੁੱਖ ਕਾਰਨ ਲੇਖਕ ਅਨੁਸਾਰ ਉਸ ਸਮੇਂ ਦੁਆਬੇ ਵਾਲਿਆਂ ਦਾ 'ਸੁਲਤਾਨੀਏ' ਹੋਣਾ ਵੀ ਸੀ। ਉਹ 'ਸਖੀ ਸਰਵਰ' ਨੂੰ ਮੰਨਦੇ ਸਨ ਅਤੇ ਉਨ੍ਹਾਂ ਵਿਚੋਂ ਬਹੁਤ ਸਾਰੇ 'ਧੀਰ ਮੱਲੀਏ' ਤੇ 'ਰਾਮਰਾਈਏ' ਪਰੰਪਰਾਵਾਂ ਦੇ ਸ਼ਰਧਾਲੂ ਸਨ ਅਤੇ ਉਨ੍ਹਾਂ ਵਿਚ ਗੁਰੂ ਗੋਬਿੰਦ ਸਿੰਘ ਦੇ ਸਿੱਖ ਘੱਟ ਸਨ।

ਇਹ ਵੱਖਰੀ ਗੱਲ ਹੈ ਕਿ ਦੁਆਬੇ ਦੇ ਪਿਛੋਕੜ ਵਾਲੇ ਕੈਨੇਡਾ ਦੇ ਸਾਬਕਾ ਹੈਲਥ ਮਨਿਸਟਰ ਤੇ ਉਸ ਤੋਂ ਪਹਿਲਾਂ ਬੀ.ਸੀ. ਦੇ ਰਹਿ ਚੁੱਕੇ ਪ੍ਰੀਮੀਅਰ ਉੱਜਲ ਦੋਸਾਂਝ ਦਾ ਵਿਆਹ ਮਾਝੇ ਦੇ ਇਤਿਹਾਸਕ ਪਿੰਡ 'ਅਟਾਰੀ' ਦੇ 'ਪਿਤਾ-ਪੁਰਖ਼ੀ ਸਰਦਾਰ' ਮੇਜਰ ਬਲਰਾਮ ਸਿੰਘ ਸੰਧੂ ਜੋ 'ਮਜੀਠੀਏ ਸਰਦਾਰਾਂ' ਵਿਚ ਵਿਆਹੇ ਹੋਏ ਸਨ, ਦੀ ਧੀ ਰਮਿੰਦਰ ਰੰਮੀ ਨਾਲ ਹੋਇਆ। ਪਰ ਇਹ ਤਾਂ ਪ੍ਰੇਮ-ਵਿਆਹ ਸੀ, ਕਿਉਂਕਿ ਉੱਜਲ ਦੋਸਾਂਝ ਤੇ ਰੰਮੀ ਕਾਲਜ ਵਿਚ ਇਕੱਠੇ ਪੜ੍ਹਦੇ ਸਨ ਅਤੇ ਉੱਥੇ ਹੀ ਉਨ੍ਹਾਂ ਦਾ 'ਅੱਖ-ਮਟੱਕਾ' ਹੋ ਗਿਆ ਸੀ। ਲੇਖਕ ਸੋਹਣ ਸਿੰਘ ਪੂੰਨੀ ਦਾ ਵਿਆਹ ਮਾਝੇ ਵਿਚ ਹੋਣ ਦਾ ਸਬੱਬ ਵੀ ਇਹ 'ਜੋੜੀ' ਹੀ ਬਣੀ ਅਤੇ ਏਹੀ ਜੋੜੀ ਉਸ ਦੀ 'ਵਿਚੋਲਾ' ਬਣੀ। ਵਿਆਹ ਤੋਂ ਪਹਿਲਾਂ ਲੇਖਕ ਜਦੋਂ ਉੱਜਲ ਦੋਸਾਂਝ ਦੀ ਪਤਨੀ ਰੰਮੀ ਨਾਲ ਮਾਝੇ ਦੇ 'ਮਜੀਠੀਏ ਸਰਦਾਰਾਂ' ਦੇ ਵਡੱਪਣ ਬਾਰੇ ਆਪਣਾ ਖ਼ਦਸ਼ਾ ਜ਼ਾਹਿਰ ਕਰਦਾ ਹੈ ਜਿਨ੍ਹਾਂ ਦੀ ਲੜਕੀ 'ਵਿੰਨੀ' ਨਾਲ ਉਸ ਦਾ ਵਿਆਹ ਹੋਣਾ ਹੁੰਦਾ ਹੈ, ਤਾਂ ਉੱਜਲ ਦੋਸਾਂਝ ਇਸ ਦਾ ਜੁਆਬ ਦਿੰਦਿਆਂ ਕਹਿੰਦਾ ਹੈ, "ਮਾਝੇ ਵਾਲੇ ਸਰਦਾਰ ਤਾਂ ਪਹਿਲਾਂ ਹੁੰਦੇ ਸਨ, ਹੁਣ ਤਾਂ ਉਹ ਆਪਣੇ ਵਰਗੇ ਈ ਆ।"

ਇਸ ਤਰ੍ਹਾਂ 164 ਪੰਨਿਆਂ ਦੀ ਇਸ ਵੱਡ-ਆਕਾਰੀ ਪੁਸਤਕ ਵਿਚ ਲੇਖਕ ਨੇ ਆਪਣੀ ਸਵੈ-ਜੀਵਨੀ ਦੇ ਨਾਲ ਨਾਲ ਪੰਜਾਬ ਦੇ ਇਤਿਹਾਸ ਅਤੇ ਸੱਭਿਆਚਾਰ ਦੀ ਵੀ ਵਧੀਆ 'ਫ਼ੋਲਾਫ਼ਾਲੀ' ਕੀਤੀ ਹੈ। ਵਧੀਆ ਮੋਮੀ ਕਾਗ਼ਜ਼ 'ਤੇ ਛਪੇ ਇਤਿਹਾਸਕ ਅਤੇ ਆਤਮ-ਕਥਾ ਦੇ ਦਿਲਚਸਪ ਬਿਰਤਾਂਤ ਦੇ ਨਾਲ ਹੀ ਉਸ ਨਾਲ ਸਬੰਧਿਤ ਤਸਵੀਰਾਂ ਦੇ ਕੇ ਇਸ ਨੂੰ ਹੋਰ ਵੀ ਰੌਚਕ ਬਣਾਇਆ ਗਿਆ ਹੈ। ਇਸ ਦੇ ਲਈ ਪੁਸਤਕ ਦੇ ਟਾਈਪ-ਸੈਟਰ ਤੇ ਪ੍ਰਕਾਸ਼ਕ ਅੰਮ੍ਰਿਤਸਰ ਦੇ ਮਸ਼ਹੂਰ 'ਸਿੰਘ ਬ੍ਰਦਰਜ਼' ਦੋਵੇਂ ਹੀ ਵਧਾਈ ਦੇ ਹੱਕਦਾਰ ਹਨ ਅਤੇ ਪੁਸਤਕ ਲੇਖਕ ਸੋਹਣ ਸਿੰਘ ਪੂੰਨੀ ਨੂੰ ਇਸ ਖ਼ੂਬਸੂਰਤ ਉਪਰਾਲੇ ਦੀਆਂ ਢੇਰ ਸਾਰੀਆਂ ਮੁਬਾਰਕਾਂ!

# ਜੰਗ ਵਿਚੋਂ ਅਮਰੀਕੀ ਕੰਪਨੀਆਂ ਦੀ ਕਮਾਈ

ਮਾਰੂਫ਼ ਰਜ਼ਾ

ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਜੂਨ ਮਹੀਨੇ ਆਪਣੇ ਦੇਸ਼ ਦੇ ਸ਼ਹਿਰ ਸੋਚੀ ਵਿਖੇ ਬੜੀ ਸਾਫ਼ਗੋਈ ਨਾਲ ਕਬੂਲ ਕੀਤਾ ਸੀ ਕਿ ਉਨ੍ਹਾਂ ਦੀ ਫ਼ੌਜ ਨੂੰ ਆਧੁਨਿਕ ਹਥਿਆਰਾਂ ਦੀ ਘਾਟ ਮਹਿਸੂਸ ਹੋ ਰਹੀ ਹੈ ਅਤੇ ਉਮੀਦ ਜਤਾਈ ਸੀ ਕਿ ਦੇਸ਼ ਦੀ ਘਰੋਗੀ ਫ਼ੌਜੀ ਸਨਅਤ ਜਲਦੀ ਹੀ ਯੂਕਰੇਨ ਜੰਗ ਦੇ ਮੱਦੇਨਜ਼ਰ ਵਧ ਰਹੀ ਮੰਗ ਦੀ ਪੂਰਤੀ ਕਰਨ ਦੇ ਯੋਗ ਹੋ ਜਾਵੇਗੀ। ਘਾਟ ਦੀ ਇਕ ਮੁੱਖ ਵਜ੍ਹਾ ਆਲਮੀ ਪਾਬੰਦੀਆਂ ਹਨ ਜਿਨ੍ਹਾਂ ਕਰ ਕੇ ਵੱਖੋ-ਵੱਖਰੇ ਹਥਿਆਰਾਂ ਅਤੇ ਉਨ੍ਹਾਂ ਦੀਆਂ ਸਹਾਇਕ ਪ੍ਰਣਾਲੀਆਂ ਦੇ ਉਤਪਾਦਨ ਵਿਚ ਵਰਤੇ ਜਾਣ ਵਾਲੇ ਸੂਖਮ ਪੁਰਜ਼ੇ ਖਰੀਦਣ 'ਤੇ ਰੋਕਾਂ ਲਾਈਆਂ ਗਈਆਂ ਸਨ। ਇਸ ਕਰ ਕੇ ਮੁੱਖ ਜੰਗੀ ਟੈਂਕਾਂ ਅਤੇ ਬੈਲਿਸਟਿਕ ਮਿਜ਼ਾਈਲਾਂ ਵਿਚ ਕਮੀ ਆ ਗਈ ਹੈ। ਇਸ ਤੋਂ ਇਲਾਵਾ ਕਰੂਜ਼ ਮਿਜ਼ਾਈਲਾਂ ਦੀ ਵਰਤੋਂ ਵੀ ਮਹਿੰਗਾ ਸੌਦਾ ਹੈ। ਇਸੇ ਕਰ ਕੇ ਹਾਲ ਹੀ ਵਿਚ ਉੱਤਰੀ ਕੋਰੀਆ ਦੇ ਆਗੂ ਕਿਮ ਜੋਂਗ ਉਨ ਦੀ ਮਾਸਕੋ ਫੇਰੀ ਨੂੰ ਬਹੁਤ ਤਵੱਜੋ ਮਿਲੀ ਸੀ। ਉੱਤਰੀ ਕੋਰੀਆ ਤੋਂ ਇਲਾਵਾ ਰੂਸ ਨੂੰ ਆਪਣੇ ਅਸਲ੍ਹੇ ਅਤੇ ਹਥਿਆਰਾਂ ਦੇ ਜ਼ਖ਼ੀਰੇ ਬਰਕਰਾਰ ਰੱਖਣ ਲਈ ਬੇਲਾਰੂਸ, ਚੀਨ ਅਤੇ ਇਰਾਨ ਤੋਂ ਵੀ ਮਦਦ ਮਿਲ ਰਹੀ ਹੈ।

ਮਾਨਵ ਸੰਚਾਲਿਤ ਅਤੇ ਮਾਨਵ ਰਹਿਤ ਹਵਾਈ ਜਹਾਜ਼ਾਂ, ਮਿਜ਼ਾਈਲਾਂ ਅਤੇ ਬਿਜਲਈ ਜੰਗੀ ਉਪਕਰਨਾਂ ਵਾਸਤੇ ਮਾਈਕਰੋ ਚਿਪਾਂ ਅਤੇ ਬਾਲ ਬੈਰਿੰਗਾਂ ਜਿਹੇ ਆਧੁਨਿਕ ਉੱਚ ਤਕਨੀਕੀ ਪੁਰਜ਼ੇ ਦਰਕਾਰ ਹਨ। ਯੂਕਰੇਨ ਨਾਲ ਟਕਰਾਅ ਸ਼ੁਰੂ ਹੋਣ ਤੋਂ ਪਹਿਲਾਂ ਦੇ ਅਰਸੇ ਦੇ ਮੁਕਾਬਲੇ ਰੂਸ ਨੂੰ ਪਾਬੰਦੀਆਂ ਕਰ ਕੇ ਇਹ ਪੁਰਜ਼ੇ ਘਰੋਗੀ ਸਪਲਾਇਰਾਂ ਅਤੇ ਉੱਤਰੀ ਅਮਰੀਕਾ ਤੇ ਯੂਰਪ ਬਾਹਰੋਂ ਮੰਗਵਾਉਣ ਵਿਚ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਹੁਣ ਰੂਸ ਨੂੰ ਚੀਨ ਅਤੇ ਮਲੇਸ਼ੀਆ ਤੋਂ ਖ਼ਾਸ ਪੁਰਜ਼ੇ ਮੰਗਵਾਉਣੇ ਪੈ ਰਹੇ ਹਨ ਪਰ ਇਨ੍ਹਾਂ ਦਾ ਮਿਆਰ ਪੱਛਮ ਦੇ ਉਪਕਰਨਾਂ ਜਿੰਨਾ ਉੱਚਾ ਨਹੀਂ ਹੈ। ਮਾਸਕੋ ਨੂੰ ਆਪਣੇ ਰਵਾਇਤੀ ਸਰੋਤਾਂ ਦੀ ਬਜਾਇ ਹੋਰਨਾਂ ਸਰੋਤਾਂ ਤੋਂ ਅਸਲ੍ਹਾ ਖਰੀਦਣ ਦੀ ਫੌਰੀ ਲੋੜ ਇਸ ਲਈ ਵੀ ਪਈ ਹੈ ਕਿਉਂਕਿ ਰੂਸੀ ਫ਼ੌਜ ਨੇ ਜੰਗ ਦੌਰਾਨ ਤੋਪਖਾਨੇ ਦਾ ਕੁਝ ਜ਼ਿਆਦਾ ਹੀ ਇਸਤੇਮਾਲ ਕੀਤਾ ਹੈ।

ਮਾਸਕੋ ਨੂੰ ਸ਼ਹੀਦ 136 ਡਰੋਨਾਂ ਦੇ ਝੁੰਡ ਇਰਾਨ ਵਲੋਂ ਮੁਹੱਈਆ ਕਰਵਾਏ ਗਏ ਸਨ ਅਤੇ ਇਨ੍ਹਾਂ ਨੇ ਯੂਕਰੇਨ ਦੇ ਕਈ ਸ਼ਹਿਰਾਂ ਵਿਚ ਬਹੁਤ ਤਬਾਹੀ ਮਚਾਈ ਸੀ। ਮਾਸਕੋ ਨੇ ਜਦੋਂ ਆਪਣੇ ਗੁਆਂਢੀ ਮੁਲਕ 'ਤੇ ਹਮਲਾ ਵਿੱਢ ਦਿੱਤਾ ਸੀ ਤਾਂ ਚੀਨ ਵਲੋਂ ਉਦੋਂ ਤੋਂ ਹੀ ਉਸ ਨੂੰ ਫ਼ੌਜੀ ਇਮਦਾਦ ਦੇਣ ਤੋਂ ਇਨਕਾਰ ਕੀਤਾ ਜਾ ਰਿਹਾ ਹੈ ਹਾਲਾਂਕਿ ਦੋਵਾਂ ਮੁਲਕਾਂ ਵਿਚਕਾਰ ਫਰਵਰੀ 2022 ਵਿਚ ਹੀ 'ਅਸੀਮਤ ਸਾਂਝੇਦਾਰੀ' ਦਾ ਸਮਝੌਤਾ ਸਹੀਬੰਦ ਹੋਇਆ ਸੀ। ਅਮਰੀਕੀ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ ਇਸ ਸਾਲ ਦੇ ਸ਼ੁਰੂ ਵਿਚ ਚੀਨ ਨੂੰ ਚਿਤਾਵਨੀ ਦਿੱਤੀ ਸੀ ਕਿ ਜੇ ਪੇਈਚਿੰਗ ਨੇ ਯੂਕਰੇਨ ਜੰਗ ਦੌਰਾਨ ਰੂਸ ਨੂੰ ਸਾਜ਼ੋ-ਸਾਮਾਨ ਮੁਹੱਈਆ ਕਰਵਾਇਆ ਤਾਂ ਉਸ ਨੂੰ ਇਸ ਦੇ 'ਸਿੱਟੇ' ਭੁਗਤਣੇ ਪੈਣਗੇ। ਰੂਸ ਨੂੰ ਸੀਤ ਯੁੱਧ ਜ਼ਮਾਨੇ ਦੇ ਆਪਣੇ ਅਸਲ੍ਹੇ ਦੇ ਜ਼ਖੀਰਿਆਂ ਅਤੇ ਪੁਰਾਣੀਆਂ ਹਥਿਆਰ ਪ੍ਰਣਾਲੀਆਂ ਦਾ ਸਹਾਰਾ ਲੈਣਾ ਪੈ ਸਕਦਾ ਹੈ। ਜੰਗੀ ਮੁਹਾਜ਼ 'ਤੇ ਹੋਈਆਂ ਹਾਰਾਂ ਅਤੇ ਪੱਛਮੀ ਦੇਸ਼ਾਂ ਦੀਆਂ ਪਾਬੰਦੀਆਂ ਕਰ ਕੇ ਰੂਸੀ ਫ਼ੌਜ ਕਮਜ਼ੋਰ ਹੋ ਗਈ ਹੈ ਪਰ ਸੈਂਟਰ ਫਾਰ ਸਟ੍ਰੈਟਜਿਕ ਐਂਡ ਇੰਟਰਨੈਸ਼ਨਲ ਸਟੱਡੀਜ਼ (ਸੀ.ਐੱਸ.ਆਈ.ਐੱਸ.) ਮੁਤਾਬਕ ਮਾਸਕੋ ਕੋਲ ਯੂਕਰੇਨ ਜੰਗ ਨੂੰ ਲੰਮਾ ਖਿੱਚਣ ਦਾ ਦਮ ਖ਼ਮ ਹੈ। ਸੈਂਟਰ ਦਾ ਕਹਿਣਾ ਹੈ ਕਿ ਅਨੁਮਾਨ ਮੁਤਾਬਕ ਜੰਗ ਵਿਚ ਰੂਸ ਫ਼ੌਜ ਦੇ ਕਰੀਬ 10 ਹਜ਼ਾਰ ਟੈਂਕ, ਟਰੱਕ, ਤੋਪਾਂ ਅਤੇ ਹਵਾਈ ਡਰੋਨ ਨਸ਼ਟ ਹੋ ਗਏ ਹਨ।



ਇਸ ਦੇ ਨਾਲ ਹੀ ਸੈਂਟਰ ਦਾ ਇਹ ਵੀ ਕਹਿਣਾ ਹੈ ਕਿ ਇਸ ਨੁਕਸਾਨ ਦੀ ਪੂਰਤੀ ਕਰਨ ਲਈ ਰੂਸ ਸੀਤ ਯੁੱਧ ਕਾਲ ਦੇ ਆਪਣੇ ਪੁਰਾਣੇ ਅਸਲ੍ਹਾ ਭੰਡਾਰਾਂ ਦਾ ਇਸਤੇਮਾਲ ਕਰ ਸਕਦਾ ਹੈ। ਸੀ.ਐੱਸ.ਆਈ.ਐੱਸ. ਦੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਆਉਣ ਵਾਲੇ ਕੁਝ ਅਰਸੇ ਦੌਰਾਨ ਨਵੀਨਤਮ ਉਪਕਰਨਾਂ ਦੇ ਲਿਹਾਜ਼ ਤੋਂ ਰੂਸੀ ਫ਼ੌਜੀ ਦੀ ਗੁਣਵੱਤਾ ਵਿਚ ਹੋਰ ਨਿਘਾਰ ਆਉਣ ਦਾ ਖ਼ਦਸ਼ਾ ਹੈ। ਇਸ ਵਿਚ ਕਿਹਾ ਗਿਆ ਹੈ- "ਮਾਸਕੋ 'ਤੇ ਕੌੜਾ ਘੁੱਟ ਭਰਨ, ਅਕਸਰ ਘੱਟ ਭਰੋਸੇਮੰਦ ਅਤੇ ਵਧੇਰੇ ਮਹਿੰਗੀ ਪੂਰਤੀ ਅਤੇ ਸਪਲਾਈ ਮਾਰਗਾਂ, ਹਲਕੇ ਪੱਧਰ ਦੀਆਂ ਦਰਾਮਦਾਂ ਜਾਂ ਦੇਸ਼ ਦੇ ਅੰਦਰ ਹੀ ਪੱਛਮੀ ਉਪਕਰਨ ਮੁੜ ਤਿਆਰ ਕਰਨ ਦਾ ਦਬਾਓ ਹੈ। ਇਸ ਕਰ ਕੇ ਰੂਸੀ ਰੱਖਿਆ ਉਤਪਾਦਨ ਦੀ ਦਰ ਅਤੇ ਗੁਣਵੱਤਾ ਉਪਰ ਮਾੜਾ ਅਸਰ ਪੈਣ ਦਾ ਖ਼ਦਸ਼ਾ ਹੈ।"

ਰਿਪੋਰਟ ਵਿਚ ਖ਼ਬਰਦਾਰ ਕੀਤਾ ਗਿਆ ਹੈ ਕਿ ਯੂਕਰੇਨ ਅਤੇ ਇਸ ਦੇ ਯੂਰਪੀ ਹਮਾਇਤੀਆਂ ਨੂੰ ਫ਼ੌਜੀ ਸਾਜ਼ੋ-ਸਾਮਾਨ ਦੀ ਪੂਰਤੀ ਦੇ ਮੁੱਦਿਆਂ ਕਰ ਕੇ ਜੰਗ ਛੇਤੀ ਖਤਮ ਹੋਣ ਦੀ ਉਮੀਦ ਨਹੀਂ ਕਰਨੀ ਚਾਹੀਦੀ। ਯੂਕਰੇਨ ਦੇ ਮੁਕਾਬਲੇ ਰੂਸ ਦਾ ਪਲੜਾ ਅਜੇ ਵੀ ਭਾਰੂ ਹੈ ਕਿਉਂਕਿ ਇਸ ਕੋਲ ਰਾਖਵੇਂ ਭੰਡਾਰ ਬਹੁਤ ਜ਼ਿਆਦਾ ਹਨ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਹਵਾਈ, ਥਲ ਅਤੇ ਜਲ ਸੈਨਾ ਦੇ ਜ਼ਿਆਦਾਤਰ ਪੈਮਾਨਿਆਂ 'ਤੇ ਯੂਕਰੇਨ ਦੇ ਮੁਕਾਬਲੇ ਰੂਸ ਦੀ ਫ਼ੌਜੀ ਸਮੱਰਥਾ ਹਾਲੇ ਵੀ ਕਾਫ਼ੀ ਜ਼ਿਆਦਾ ਹੈ।

ਸੀ.ਐੱਸ.ਆਈ.ਐੱਸ. ਦੀ ਰਿਪੋਰਟ ਵਿਚ ਦਰਜ ਹੈ ਕਿ ਹਾਲਾਂਕਿ ਮਾਸਕੋ ਦੇ ਮੌਜੂਦਾ ਫ਼ੌਜੀ ਭੰਡਾਰਾਂ ਦਾ ਸਹੀ ਲੇਖਾ ਜੋਖਾ ਜਨਤਕ ਤੌਰ 'ਤੇ ਉਪਲਬਧ ਨਹੀਂ ਹੈ ਪਰ ਅਨੁਮਾਨ ਲਾਇਆ ਜਾਂਦਾ ਹੈ ਕਿ ਫਰਵਰੀ 2023 ਤੱਕ ਕ੍ਰੈਮਲਿਨ ਕੋਲ ਕੀਵ ਦੇ ਮੁਕਾਬਲੇ 13-15 ਗੁਣਾ ਜ਼ਿਆਦਾ ਹਵਾਈ ਜਹਾਜ਼ ਮੌਜੂਦ ਸਨ। ਰੂਸ ਕੋਲ ਸੱਤ ਤੋਂ ਅੱਠ ਗੁਣਾ ਜ਼ਿਆਦਾ ਟੈਂਕ ਅਤੇ ਚਾਰ ਗੁਣਾ ਜ਼ਿਆਦਾ ਬਖ਼ਤਰਬੰਦ ਲੜਾਕੂ ਵਾਹਨ ਹਨ; ਇਸ ਦੀ ਜਲ ਸੈਨਾ ਦੇ ਜੰਗੀ ਬੇੜੇ ਦਾ ਆਕਾਰ ਯੂਕਰੇਨ ਦੇ ਜੰਗੀ ਬੇੜੇ ਨਾਲੋਂ 12-16 ਗੁਣਾ ਜ਼ਿਆਦਾ ਵੱਡਾ ਹੈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ "ਹਥਿਆਰਾਂ ਦੇ ਸੰਖਿਆ ਬਲ ਦੇ ਆਧਾਰ 'ਤੇ ਮਾਸਕੋ ਅਗਲੇ ਸਾਲ ਤੱਕ ਲੜਾਈ ਖਿੱਚ ਸਕਦਾ ਹੈ ਬਸ਼ਰਤੇ ਉਦੋਂ ਤੱਕ ਯੂਕਰੇਨ ਘੱਟ ਨੁਕਸਾਨ ਦੇ ਬਾਵਜੂਦ ਆਪਣਾ ਮਾਲ ਮੱਤਾ ਗੁਆ ਨਾ ਬੈਠੇ।"

ਰੂਸ ਦਾ ਫ਼ੌਜੀ ਸਨਅਤੀ ਕੰਪਲੈਕਸ ਡਿਕ-ਡੋਲੇ ਖਾਂਦਾ ਦਿਖਾਈ ਦੇ ਰਿਹਾ ਹੈ; ਦੂਜੇ ਪਾਸੇ ਅਮਰੀਕੀ ਫ਼ੌਜੀ ਸਨਅਤੀ ਕੰਪਲੈਕਸ ਇਸ ਦਾ ਪੂਰਾ ਲਾਹਾ ਲੈ ਰਿਹਾ ਹੈ। ਅਮਰੀਕੀ ਸੰਸਦ (ਕਾਂਗਰਸ) ਦੀ ਖੋਜ ਸੇਵਾ (ਸੀ.ਆਰ.ਐੱਸ.) ਦੀ ਸੱਜਰੀ ਰਿਪੋਰਟ 'ਯੂਕਰੇਨ ਨੂੰ ਅਮਰੀਕੀ ਸੁਰੱਖਿਆ ਇਮਦਾਦ' ਵਿਚ ਵੀ ਇਹ ਗੱਲ ਉਭਰੀ ਹੈ। ਖ਼ਾਸਕਰ 24 ਫਰਵਰੀ 2022 ਵਿਚ ਰੂਸ ਵਲੋਂ ਯੂਕਰੇਨ 'ਤੇ ਹਮਲਾ ਵਿੱਢਣ ਤੋਂ ਬਾਅਦ ਯੂਕਰੇਨ ਨੂੰ ਸੁਰੱਖਿਆ ਇਮਦਾਦ ਮੁਹੱਈਆ ਕਰਾਉਣ ਵਾਲੇ ਮੁਲਕਾਂ ਵਿਚ ਅਮਰੀਕਾ ਮੋਹਰੀ ਹੈ। ਅਮਰੀਕੀ ਵਿਦੇਸ਼ ਵਿਭਾਗ ਮੁਤਾਬਕ 2014 ਵਿਚ ਜਦੋਂ ਰੂਸ ਨੇ ਯੂਕਰੇਨ ਦੇ ਕੁਝ ਖੇਤਰਾਂ ਉਪਰ ਹਮਲਾ ਕਰ ਕੇ ਕਬਜ਼ਾ ਕਰ ਲਿਆ ਸੀ, ਉਦੋਂ ਤੋਂ ਲੈ ਕੇ 22 ਅਗਸਤ 2023 ਤੱਕ ਅਮਰੀਕਾ ਨੇ ਯੂਕਰੇਨ ਨੂੰ 46 ਅਰਬ ਡਾਲਰ ਦੀ ਫ਼ੌਜੀ ਇਮਦਾਦ ਦਿੱਤੀ ਹੈ ਤਾਂ ਕਿ "ਉਸ (ਯੂਕਰੇਨ) ਨੂੰ ਆਪਣੀ ਇਲਾਕਾਈ ਅਖੰਡਤਾ ਨੂੰ ਬਰਕਰਾਰ ਰੱਖਣ, ਆਪਣੀ ਸਰਹੱਦਾਂ ਦੀ ਰਾਖੀ ਕਰਨ ਅਤੇ ਨਾਟੋ ਨਾਲ ਤਾਲਮੇਲ ਵਧਾਉਣ ਵਿਚ ਮਦਦ ਦਿੱਤੀ ਜਾ ਸਕੇ।"

ਯੂਕਰੇਨ ਜੰਗ ਕਰ ਕੇ ਆਲਮੀ ਸੁਰੱਖਿਆ ਦੇ ਹਾਲਾਤ ਖਰਾਬ ਹੋ ਜਾਣ ਨਾਲ ਅਮਰੀਕੀ ਹਥਿਆਰਾਂ ਦੀ ਵਿਕਰੀ ਵਿਚ ਭਾਰੀ ਵਾਧਾ ਹੋਇਆ ਹੈ। ਪਿਛਲੇ ਸਾਲ ਅਮਰੀਕੀ ਰੱਖਿਆ ਕੰਪਨੀਆਂ ਨੇ ਏਸ਼ੀਆ, ਯੂਰਪ ਅਤੇ ਅਫਰੀਕਾ ਵਿਚ ਆਪਣੇ ਗਾਹਕਾਂ ਨੂੰ ਹਥਿਆਰ ਅਤੇ ਰੱਖਿਆ ਪਲੈਟਫਾਰਮ ਵੇਚ ਕੇ ਭਾਰੀ ਮੁਨਾਫ਼ੇ ਕਮਾਏ ਹਨ। ਤਾਜ਼ਾਤਰੀਨ ਅੰਕੜਿਆਂ ਮੁਤਾਬਕ 2022 ਵਿਚ ਹਥਿਆਰਾਂ ਦੀ ਵਿਕਰੀ ਵਿਚ 51.9 ਅਰਬ ਡਾਲਰ ਦਾ ਇਜ਼ਾਫ਼ਾ ਹੋਇਆ ਹੈ। ਜ਼ਿਆਦਾਤਰ ਹਥਿਆਰ ਰੂਸ-ਯੂਕਰੇਨ ਜੰਗ ਕਰ ਕੇ ਵਿਕੇ ਹਨ ਜਿਸ ਵਿਚ ਅਮਰੀਕਾ ਵਲੋਂ ਯੂਕਰੇਨ ਦੀ ਮਦਦ ਕੀਤੀ ਜਾ ਰਹੀ ਹੈ।

ਰੂਸ ਦੇ ਖ਼ਤਰੇ ਦੇ ਮੱਦੇਨਜ਼ਰ ਕਈ ਯੂਰਪੀ ਮੁਲਕਾਂ ਨੇ ਵੀ ਹਥਿਆਰ ਖਰੀਦਣੇ ਸ਼ੁਰੂ ਕਰ ਦਿੱਤੇ ਹਨ ਜਿਸ ਕਰ ਕੇ ਅਮਰੀਕੀ ਰੱਖਿਆ ਕੰਪਨੀਆਂ ਦੇ ਵਾਰੇ ਨਿਆਰੇ ਹੋ ਰਹੇ ਹਨ। ਇਨ੍ਹਾਂ ਮੁਲਕਾਂ ਵਲੋਂ ਆਪਣੀ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ ਫ਼ੌਜੀ ਉਪਕਰਨਾਂ ਦੇ ਆਰਡਰ ਦਿੱਤੇ ਜਾ ਰਹੇ ਹਨ। ਅੰਕੜਿਆਂ ਮੁਤਾਬਕ ਅਮਰੀਕਾ ਨੇ 2022 ਵਿਚ 153.7 ਅਰਬ ਡਾਲਰ ਦੇ ਮੁੱਲ ਦਾ ਫ਼ੌਜੀ ਸਾਜ਼ੋ-ਸਾਮਾਨ, ਸੇਵਾਵਾਂ ਅਤੇ ਤਕਨੀਕੀ ਡੇਟਾ ਆਪਣੇ ਗਾਹਕਾਂ ਨੂੰ ਵੇਚਿਆ ਸੀ। ਵਿਦੇਸ਼ ਵਿਭਾਗ ਦੇ ਅੰਕੜਿਆਂ ਵਿਚ ਕਿਹਾ ਗਿਆ ਹੈ ਕਿ ਯੂਕਰੇਨ ਵਿਚ ਮੌਜੂਦਾ ਸੰਕਟ ਕਰ ਕੇ ਰੱਖਿਆ ਉਤਪਾਦਾਂ ਦੀ ਵਿਕਰੀ ਵਿਚ ਵਾਧਾ ਹੋਇਆ ਹੈ। ਯੂਕਰੇਨ ਜੰਗ ਕਰ ਕੇ ਜਰਮਨੀ, ਪੋਲੈਂਡ ਅਤੇ ਸਪੇਨ ਜਿਹੇ ਯੂਰਪੀ ਦੇਸ਼ਾਂ ਅੰਦਰ ਅਸੁਰੱਖਿਆ ਦਾ ਮਾਹੌਲ ਹੈ ਜਿਸ ਕਰ ਕੇ ਇਨ੍ਹਾਂ ਨੇ ਆਪੋ-ਆਪਣੀ ਸੁਰੱਖਿਆ ਦੀ ਮਜ਼ਬੂਤੀ ਲਈ ਹਥਿਆਰ ਖਰੀਦਣੇ ਸ਼ੁਰੂ ਕੀਤੇ ਹਨ। ਇਨ੍ਹਾਂ ਨੂੰ ਡਰ ਹੈ ਕਿ ਜੇ ਯੂਕਰੇਨ ਜੰਗ ਲੰਮਾ ਸਮਾਂ ਚਲਦੀ ਰਹੀ ਤਾਂ ਇਸ ਦਾ ਅਸਰ ਉਨ੍ਹਾਂ ਦੀਆਂ ਸਰਹੱਦਾਂ 'ਤੇ ਵੀ ਹੋ ਸਕਦਾ ਹੈ।

# ਇਜ਼ਰਾਈਲ-ਫ਼ਲਸਤੀਨ ਟਕਰਾਅ

ਨਵਦੀਪ ਸੂਰੀ

ਇਜ਼ਰਾਈਲ ਵਿਚ ਸੱਤ ਅਕਤੂਬਰ ਨੂੰ ਹਮਾਸ ਦੀ ਕੀਤੀ ਕਤਲੋਗਾਰਤ ਦੀਆਂ ਸ਼ੁਰੂਆਤੀ ਰਿਪੋਰਟਾਂ ਤੋਂ ਆਪਣੇ ਆਪ ਦੇ ਸਹੀ ਹੋਣ ਦਾ ਨਾਖੁਸ਼ਗਵਾਰ ਜਿਹਾ ਭਾਵ ਪੈਦਾ ਹੁੰਦਾ ਹੈ। ਪਿਛਲੀ ਵਾਰ ਮਈ 2021 ਨੂੰ ਗਾਜ਼ਾ ਹੋਈ ਭੜਕਾਹਟ ਤੋਂ ਬਾਅਦ ਮੈਂ ਲੇਖ ਲਿਖਿਆ ਸੀ ਜਿਸ ਦਾ ਸਿਰਲੇਖ ਸੀ 'ਅਗਲੀ ਵਾਰ ਤੱਕ ...'। ਇਹ ਸਹਿਜ ਭਾਅ ਪੇਸ਼ੀਨਗੋਈ ਸੀ ਕਿਉਂਕਿ 2008 ਅਤੇ 2014 ਦੀਆਂ ਲੜਾਈਆਂ ਦੇ ਦਾਗ਼ ਅਜੇ ਅੱਲੇ ਸਨ ਅਤੇ ਇਸ ਸੱਜਰੀ ਭੜਕਾਹਟ ਦੇ ਬੀਜ ਬੀਜੇ ਜਾ ਰਹੇ ਸਨ ਭਾਵੇਂ ਨਿਤਾਣੀ ਜਿਹੀ ਗੋਲੀਬੰਦੀ ਅਮਲ ਵਿਚ ਲਿਆਂਦੀ ਜਾ ਰਹੀ ਸੀ।

ਸੱਤ ਅਕਤੂਬਰ ਨੂੰ ਹੋਏ ਦਹਿਸ਼ਤਪਸੰਦ ਹਮਲਿਆਂ ਦਾ ਪੈਮਾਨਾ ਲਾਮਿਸਾਲ ਸੀ ਅਤੇ ਇਸ ਕਾਰਨ ਜਿੰਨੀਆਂ ਇਜ਼ਰਾਇਲੀਆਂ ਮੌਤਾਂ ਹੋਈਆਂ, ਓਨੀਆਂ ਅਕਤੂਬਰ 1973 ਵਿਚ ਹੋਈ ਯੌਮ ਕਿੱਪਰ ਜੰਗ ਤੋਂ ਲੈ ਕੇ ਹੁਣ ਤੱਕ ਹੋਈ ਕਿਸੇ ਵੀ ਘਟਨਾ ਵਿਚ ਨਹੀਂ ਹੋਈਆਂ ਸਨ। ਇਸ ਘਟਨਾ ਤੋਂ ਕਈ ਵਾਜਿਬ ਸਵਾਲ ਪੈਦਾ ਹੋ ਗਏ ਹਨ: ਇਹ ਘਟਨਾ ਕਿਵੇਂ ਵਾਪਰੀ? ਕਿਉਂ ਹੋਈ ਅਤੇ ਹੁਣੇ ਕਿਉਂ ਵਾਪਰੀ? ਤੇ ਇਸ ਤੋਂ ਬਾਅਦ ਕੀ ਹੋਵੇਗਾ?

ਇਨ੍ਹਾਂ ਦੇ ਠੋਸ ਜਵਾਬ ਮਿਲਣ ਵਿਚ ਕੁਝ ਸਮਾਂ ਲੱਗੇਗਾ ਪਰ ਫ਼ਿਲਹਾਲ ਅਸੀਂ ਜੋ ਕੁਝ ਜਾਣਦੇ ਹਾਂ, ਉਸ ਦੇ ਆਧਾਰ 'ਤੇ ਨਿਰਖ ਪਰਖ ਕਰ ਕੇ ਕਿਆਸ ਲਾ ਸਕਦੇ ਹਾਂ। ਇਜ਼ਰਾਈਲ ਦੇ ਖੁਫ਼ੀਆ ਤੰਤਰ ਦੀ ਉਪਮਾ ਦੀਆਂ ਬਾਤਾਂ ਪਾਈਆਂ ਜਾਂਦੀਆਂ ਹਨ, ਆਖਰ ਹਮਾਸ ਇਸ ਦੇ ਅੱਖੀਂ ਘੱਟਾ ਪਾ ਕੇ ਇਸ ਤਰ੍ਹਾਂ ਦਾ ਹਮਲਾ ਕਿਵੇਂ ਕਰ ਸਕਦਾ ਹੈ? ਇਸ ਦਾ ਜਵਾਬ ਕੁਝ ਹੱਦ ਤੱਕ ਇਜ਼ਰਾਇਲੀ ਖੁਫ਼ੀਆ ਤੰਤਰ ਦੇ ਘਮੰਡ ਅਤੇ ਇਸ ਦੇ ਵਿਰੋਧੀਆਂ ਪ੍ਰਤੀ ਦਿਖਾਏ ਜਾਂਦੇ ਤਿਰਸਕਾਰ ਨਾਲ ਜੁੜਿਆ ਹੋਇਆ ਹੋ ਸਕਦਾ ਹੈ। ਕੁਝ ਇਜ਼ਰਾਇਲੀ ਸਮੀਖਿਅਕਾਂ ਨੇ ਦੇਸ਼ ਦੇ ਸੁਰੱਖਿਆ ਨਿਜ਼ਾਮ ਅੰਦਰ ਬਦਜ਼ਨੀ ਪੈਦਾ ਕਰਨ ਲਈ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੂੰ ਦੋਸ਼ੀ ਠਹਿਰਾਇਆ ਹੈ ਕਿ ਕਿਵੇਂ ਉਨ੍ਹਾਂ ਨਿਆਂਪਾਲਿਕਾ ਨੂੰ ਗੁੱਠੇ ਲਾਉਣ ਦਾ ਪ੍ਰਸਤਾਵ ਲਿਆਂਦਾ ਅਤੇ ਪਿਛਲੇ ਕੁਝ ਮਹੀਨਿਆਂ ਤੋਂ ਇਜ਼ਰਾਈਲ ਅੰਦਰ ਬਣੇ ਬਦਅਮਨੀ ਦੇ ਮਾਹੌਲ ਨੇ ਇਸ ਹਮਲੇ ਨੂੰ ਸ਼ਹਿ ਦਿੱਤੀ ਹੋਵੇ। ਹਮਾਸ ਦੇ ਪੈਂਤੜਿਆਂ, ਰੇਂਜ, ਰਾਕੇਟਾਂ ਦੇ ਸਟੀਕ ਹੋਣ ਅਤੇ ਡਰੋਨਾਂ ਤੇ ਪੈਰਾਗਲਾਈਡਰਾਂ ਦੀ ਵਰਤੋਂ ਦੇ ਮੱਦੇਨਜ਼ਰ ਸਾਫ਼ ਤੌਰ 'ਤੇ ਇਸ ਵਿਚ ਇਰਾਨ ਦੀ ਭੂਮਿਕਾ ਨਜ਼ਰ ਆਉਂਦੀ ਹੈ।

ਉਂਝ, ਇਸ ਦਾ ਇਕ ਹੋਰ ਛੁਪਿਆ ਹੋਇਆ ਪਹਿਲੂ ਵੀ ਹੈ। 1980ਵਿਆਂ ਦੇ ਦਹਾਕੇ ਵਿਚ ਹਮਾਸ ਦੇ ਸ਼ੁਰੂਆਤੀ ਅਰਸੇ ਦੌਰਾਨ ਇਜ਼ਰਾਈਲ ਤੋਂ ਮਿਲੀ ਮਦਦ ਨੂੰ ਅੱਜ ਕੱਲ੍ਹ ਬਹੁਤੇ ਲੋਕ ਯਾਦ ਨਹੀਂ ਰੱਖ ਰਹੇ ਜਦੋਂ ਇਜ਼ਰਾਈਲ ਦੀ ਘਰੋਗੀ ਸੁਰੱਖਿਆ ਏਜੰਸੀ ਸ਼ਨਿ ਬੇਤ ਨੇ ਧਰਮ ਨਿਰਪੱਖ ਅਤੇ ਕੌਮਪ੍ਰਸਤ 'ਫ਼ਲਸਤੀਨ ਲਿਬਰੇਸ਼ਨ ਆਰਗੇਨਾਈਜ਼ੇਸ਼ਨ' (ਪੀ.ਐੱਲ.ਓ.) ਨੂੰ ਹਾਸ਼ੀਏ 'ਤੇ ਧੱਕਣ ਲਈ ਹਮਾਸ ਨੂੰ ਸ਼ਹਿ ਦੇਣੀ ਸ਼ੁਰੂ ਕੀਤੀ ਸੀ। ਇਸ ਤਰ੍ਹਾਂ ਦਾ ਰੁਝਾਨ ਉਦੋਂ ਤਕ ਜਾਰੀ ਰਿਹਾ ਜਦੋਂ ਤੱਕ ਫਲਸਤੀਨ ਦੇ ਰਾਸ਼ਟਰਪਤੀ ਮਹਿਮੂਦ ਅਬਾਸ ਅਤੇ ਫਲਸਤੀਨੀ ਅਥਾਰਿਟੀ ਨੂੰ ਸਾਹ-ਸਤਹੀਣ ਨਹੀਂ ਕਰ ਦਿੱਤਾ ਗਿਆ ਅਤੇ ਇਸ ਤਰ੍ਹਾਂ ਹਮਾਸ ਨੂੰ ਗਾਜ਼ਾ ਅਤੇ ਪੱਛਮੀ ਕੰਢੇ ਅੰਦਰ ਵੀ ਭਾਰੂ ਸਿਆਸੀ ਤੇ ਫ਼ੌਜੀ ਤਾਕਤ ਵਜੋਂ ਉਭਰਨ ਦੀ ਖੁੱਲ੍ਹ ਮਿਲ ਗਈ। ਹਮਾਸ ਦੇ ਵਰਤਮਾਨ ਮੁਖੀ ਇਸਮਾਈਲ ਹਨੀਆ ਨੇ ਆਪਣੇ ਪੂਰਬਵਰਤੀ ਖਾਲਿਦ ਮਸ਼ਾਲ ਵਾਂਗ ਹੀ ਆਪਣਾ ਟਿਕਾਣਾ ਕਤਰ ਵਿਚ ਬਣਾਇਆ ਹੋਇਆ ਹੈ। ਗਾਜ਼ਾ ਵਿਚ ਹਮਾਸ ਦਾ ਪ੍ਰਸ਼ਾਸਨ ਚਲਾਉਣ ਲਈ ਕਤਰ ਤੋਂ ਆਉਣ ਵਾਲੇ ਫੰਡ ਇਜ਼ਰਾਇਲੀ ਇੰਟੈਲੀਜੈਂਸ ਦੀ ਨਜ਼ਰ ਹੇਠੋਂ ਲੰਘ ਕੇ ਜਾਂਦੇ ਹਨ।

ਇਹ ਕਤਲੇਆਮ ਕਿਉਂ ਵਾਪਰਿਆ ਹੈ? ਕਿਉਂਕਿ ਅਜਿਹਾ ਹੋਣਾ ਲਗਭਗ ਤੈਅ ਸੀ। ਇਸ ਖਿੱਤੇ 'ਤੇ ਨਜ਼ਰ ਰੱਖਣ ਵਾਲਾ ਕੋਈ ਵੀ ਸ਼ਖ਼ਸ ਉੱਥੇ ਧੁਖ ਰਹੇ ਰੋਹ, ਮਾਯੂਸੀ ਅਤੇ ਭਵਿੱਖ ਦੀ ਨਾਉਮੀਦੀ ਨੂੰ ਮਹਿਸੂਸ ਕਰ ਸਕਦਾ ਸੀ। ਜਦੋਂ ਤੁਸੀਂ 22 ਲੱਖ ਲੋਕਾਂ ਨੂੰ 225 ਵਰਗ ਕਿਲੋਮੀਟਰ ਦੀ ਪੱਟੀ ਵਿਚ ਨਰੜ ਕੇ ਰੱਖ ਦਿਓਗੇ ਜਿਸ ਦੇ ਇਕ ਪਾਸੇ ਭੂ-ਮੱਧ ਸਾਗਰ ਅਤੇ ਦੂਜੇ ਪਾਸੇ ਇਜ਼ਰਾਇਲ ਦੀ ਕੰਧ ਉਸਾਰੀ ਹੋਵੇ ਤਾਂ ਇਹ ਦੁਨੀਆ ਦੀ ਸਭ ਤੋਂ ਵੱਡੀ ਜੇਲ੍ਹ ਬਣ ਜਾਂਦੀ ਹੈ ਜਿੱਥੇ ਤੁਸੀਂ ਅਜਿਹਾ ਮਸਾਲਾ ਪੈਦਾ ਕਰ ਦਿੱਤਾ ਜੋ ਇਕ ਦਿਨ ਫਟਣਾ ਹੀ ਹੁੰਦਾ ਹੈ; ਇਸ ਜੇਲ੍ਹ ਦੇ ਬਾਸ਼ਿੰਦੇ 1948 ਅਤੇ 1967 ਦੀਆਂ ਜੰਗਾਂ ਤੋਂ ਬਾਅਦ ਆਪਣੇ ਪੁਸ਼ਤੈਨੀ ਜ਼ਮੀਨ ਤੋਂ ਉੱਜੜੇ ਲੋਕਾਂ ਦੀ ਦੂਜੀ ਤੀਜੀ ਪੀੜ੍ਹੀ ਦੇ ਲੋਕ ਹਨ। ਪੱਛਮੀ ਕੰਢੇ ਦੇ ਹਾਲਾਤ ਵੀ ਕੋਈ ਬਹੁਤੇ ਬਿਹਤਰ ਨਹੀਂ ਹਨ ਜਿੱਥੇ ਇਜ਼ਰਾਇਲੀ ਸਰਕਾਰ ਦੀ ਨੱਕ ਹੇਠ ਗ਼ੈਰ-ਕਾਨੂੰਨੀ ਯਹੂਦੀ ਬਸਤੀਆਂ ਕਾਇਮ ਕੀਤੀਆਂ ਜਾ ਰਹੀਆਂ ਹਨ। ਨੇਤਨਯਾਹੂ ਸਰਕਾਰ ਇਜ਼ਰਾਈਲ ਦੇ ਇਤਿਹਾਸ ਦੀ ਸਭ ਤੋਂ ਵੱਧ ਕੱਟੜਪੰਥੀ ਸਰਕਾਰ ਸਾਬਿਤ ਹੋਈ ਹੈ ਜਿਸ ਦੇ ਕੌਮੀ ਸੁਰੱਖਿਆ ਮੰਤਰੀ ਇਤਾਮਾਰ ਬਨਿ ਗਵੀਰ ਅਤੇ ਵਿੱਤ ਮੰਤਰੀ ਬੇਜ਼ਲੀਲ ਸਮੋਤਰਿਕ ਮਕਬੂਜ਼ਾ ਖੇਤਰਾਂ ਵਿਚ ਵਸਣ ਵਾਲੇ ਫ਼ਲਸਤੀਨੀਆਂ ਨੂੰ ਸਿਆਸੀ ਮਾਨਤਾ ਦੇਣ ਤੋਂ ਵੀ ਇਨਕਾਰ ਕਰ ਕੇ ਲਗਾਤਾਰ ਭੜਕਾਹਟ ਪੈਦਾ ਕਰਦੇ ਰਹੇ ਹਨ। 'ਸ਼ਾਂਤੀ ਬਦਲੇ ਜ਼ਮੀਨ' ਦੀ ਪੁਰਾਣੀ ਇਜ਼ਰਾਇਲੀ ਨੀਤੀ ਨੂੰ ਰੱਦੀ ਦੀ ਟੋਕਰੀ ਵਿਚ ਸੁੱਟ ਦਿੱਤਾ ਗਿਆ ਹੈ। ਮੌਜੂਦਾ ਨੇਤਨਯਾਹੂ ਸਰਕਾਰ ਦੀ ਸੋਚ ਇਹ ਹੈ ਕਿ ਮਕਬੂਜ਼ਾ ਖੇਤਰਾਂ ਵਿਚ ਜ਼ਮੀਨ 'ਤੇ ਜਿੰਨਾ ਮਰਜ਼ੀ ਕਬਜ਼ਾ ਕਰੀ ਜਾਓ ਅਤੇ ਜੇ ਸ਼ਾਂਤੀ ਦੀ ਲੋੜ ਪਵੇਗੀ ਤਾਂ ਇਹ ਬੰਦੂਕ ਦੀ ਨਾਲੀ 'ਚੋਂ ਕੱਢ ਲਈ ਜਾਵੇ।

ਫਿਰ ਹਮਾਸ ਨੇ ਹੁਣ ਹਮਲਾ ਕਿਉਂ ਕੀਤਾ? ਇਸ ਸਵਾਲ ਦੇ ਜਵਾਬ 'ਤੇ ਕੁਝ ਜ਼ਿਆਦਾ ਹੀ ਦਿਮਾਗ ਲੜਾਇਆ ਜਾ ਰਿਹਾ ਹੈ ਅਤੇ ਇਸ ਨੂੰ ਬਾਇਡਨ ਪ੍ਰਸ਼ਾਸਨ ਵੱਲੋਂ ਸਾਊਦੀ ਅਰਬ ਅਤੇ ਇਜ਼ਰਾਈਲ ਵਿਚਕਾਰ ਸ਼ਾਂਤੀ ਸਮਝੌਤਾ ਕਰਾਉਣ ਦੀਆਂ ਕੋਸ਼ਿਸ਼ਾਂ ਨੂੰ ਸਾਬੋਤਾਜ ਕਰਨ ਦੀ ਇਰਾਨ ਦੀ ਮਨਸ਼ਾ ਨਾਲ ਜੋੜਿਆ ਜਾ ਰਿਹਾ ਹੈ। ਬਿਨਾ ਸ਼ੱਕ, ਇਹ ਸੰਭਵ ਹੋ ਸਕਦਾ ਹੈ ਪਰ ਇਹ ਵੀ ਸੰਭਵ ਹੈ ਕਿ ਯੌਮ ਕਿੱਪਰ ਜੰਗ ਦੀ ਪੰਜਾਹਵੀਂ ਵਰ੍ਹੇਗੰਢ ਮੌਕੇ ਹਮਲੇ ਦੀ ਤਸ਼ਬੀਹ ਦੀ ਵਰਤੋਂ ਕੀਤੀ ਗਈ ਹੋਵੇ। ਯੌਮ ਕਿੱਪਰ ਅਜਿਹਾ ਟਕਰਾਅ ਸੀ ਜਿਸ ਵਿਚ ਇਜ਼ਰਾਈਲ ਅਤੇ ਅਰਬ, ਦੋਵੇਂ ਆਪੋ ਆਪਣੀ ਜਿੱਤ ਦਾ ਦਾਅਵਾ ਕਰਦੇ ਰਹੇ ਹਨ; ਜਾਂ ਸਿੱਧ ਪੱਧਰੇ ਢੰਗ ਨਾਲ ਇਹ ਅਚਾਨਕ ਹਮਲੇ ਦਾ ਬਿਹਤਰੀਨ ਵਕਤ ਗਿਣਿਆ ਜਾ ਸਕਦਾ ਹੈ।

ਅਗਾਂਹ ਕੀ ਹੋਵੇਗਾ? ਇਸ ਦੀ ਪੇਸ਼ੀਨਗੋਈ ਬਹੁਤ ਔਖੀ ਹੈ। ਇਜ਼ਰਾਈਲ ਬਦਲਾ ਲੈਣ ਲਈ ਦ੍ਰਿੜ ਜਾਪ ਰਿਹਾ ਹੈ ਭਾਵੇਂ ਗਾਜ਼ਾ ਵਿਚ ਸਮੂਹਕ ਸਜ਼ਾ ਅਤੇ ਭਾਰੀ ਜਾਨੀ ਨੁਕਸਾਨ ਦੇ ਰੂਪ ਵਿਚ ਇਸ ਦਾ ਮਤਲਬ ਕੌਮਾਂਤਰੀ ਕਾਨੂੰਨ ਦੀ ਬੱਜਰ ਅਵੱਗਿਆ ਕਿਉਂ ਨਾ ਗਿਣੀ ਜਾਵੇ। ਹਵਾਈ ਫ਼ੌਜ ਅਤੇ ਤੋਪਖਾਨੇ ਦੀ ਜ਼ਬਰਦਸਤ ਬੰਬਾਰੀ ਤੋਂ ਬਾਅਦ ਜਦੋਂ ਇਜ਼ਰਾਇਲੀ ਫ਼ੌਜ ਗਾਜ਼ਾ ਵਿਚ ਦਾਖ਼ਲ ਹੋਵੇਗੀ ਤਾਂ ਉਹ ਇਸ ਦੀ ਬਦਤਰੀਨ ਸੂਰਤ ਹੋਵੇਗੀ। ਇਸ ਨਾਲ ਹਮਾਸ ਵਲੋਂ ਬੰਦੀ ਬਣਾਏ ਇਜ਼ਰਾਇਲੀਆਂ ਦੇ ਬਚਣ ਦੀਆਂ ਸੰਭਾਵਨਾਵਾਂ ਖ਼ਤਮ ਹੋ ਜਾਣਗੀਆਂ ਅਤੇ ਇੰਝ ਇਹ ਮਾਨਵੀ ਸੰਕਟ ਲੰਮਾ ਖਿੱਚਿਆ ਜਾਵੇਗਾ। ਜੇ ਲਿਬਨਾਨ ਦਾ ਹਿਜ਼ਬੁੱਲਾ ਗਰੁੱਪ ਇਸ ਟਕਰਾਅ ਵਿਚ ਸ਼ਾਮਲ ਹੋ ਗਿਆ ਤਾਂ ਹਾਲਾਤ ਹੋਰ ਵਿਗੜ ਸਕਦੇ ਹਨ ਅਤੇ ਇਜ਼ਰਾਈਲ ਨੂੰ ਇਕ ਹੋਰ ਮੋਰਚੇ 'ਤੇ ਲੜਨਾ ਪਵੇਗਾ। ਹਾਲਾਤ ਬੇਕਾਬੂ ਹੋ ਜਾਣ ਤੋਂ ਰੋਕਣ ਲਈ ਗਹਿਗੱਚ ਕੂਟਨੀਤਕ ਕੋਸ਼ਿਸ਼ਾਂ ਚੱਲ ਰਹੀਆਂ ਹਨ ਪਰ ਇਨ੍ਹਾਂ ਕੋਸ਼ਿਸ਼ਾਂ ਦੇ ਕੋਈ ਠੋਸ ਨਤੀਜੇ ਸਾਹਮਣੇ ਆਉਣ ਦਾ ਕਿਆਸ ਲਾਉਣਾ ਮੁਸ਼ਕਿਲ ਹੈ ਕਿਉਂਕਿ ਇਜ਼ਰਾਈਲ ਦਾ ਰੁਖ਼ ਬਦਲਾ ਲੈਣ 'ਤੇ ਹੀ ਟਿਕਿਆ ਹੋਇਆ ਹੈ।

ਇਸ ਤੋਂ ਬਾਅਦ ਕੀ ਵਾਪਰੇਗਾ? ਕੀ ਇਜ਼ਰਾਈਲ ਫਿਰ ਗਾਜ਼ਾ 'ਤੇ ਕਬਜ਼ਾ ਕਰ ਲਵੇਗਾ? ਕੀ ਇਹ ਹਮਾਸ ਨੂੰ ਮਲੀਆਮੇਟ ਕਰਨ ਅਤੇ ਫ਼ਲਸਤੀਨੀਆਂ ਦੇ ਪ੍ਰਤੀਰੋਧ ਦੀ ਜਵਾਲਾ ਨੂੰ ਬੁਝਾ ਦੇਣ ਦਾ ਆਪਣਾ ਮਨੋਰਥ ਹਾਸਲ ਕਰ ਸਕੇਗਾ? ਫ਼ਿਲਹਾਲ, ਅਜਿਹੀ ਉਮੀਦ ਦੀ ਕੋਈ ਕਿਰਨ ਦਿਖਾਈ ਨਹੀਂ ਦੇ ਰਹੀ। ਯੌਮ ਕਿੱਪਰ ਜੰਗ ਨੇ ਯਥਾ-ਸਥਿਤੀ ਦੀਆਂ ਚੂਲਾਂ ਹਿਲਾ ਦਿੱਤੀਆਂ ਸਨ ਜਿਸ ਕਰ ਕੇ 1978 ਦੀ ਕੈਂਪ ਡੇਵਿਡ ਸੰਧੀ ਤੈਅ ਹੋਈ ਸੀ ਅਤੇ ਇਜ਼ਰਾਈਲ ਤੇ ਮਿਸਰ ਵਿਚਕਾਰ ਹੰਢਣਸਾਰ ਸ਼ਾਂਤੀ ਕਾਇਮ ਹੋਈ ਸੀ। ਕੀ 2023 ਦੇ ਇਸ ਕਤਲੇਆਮ ਕਰ ਕੇ ਨੇਤਨਯਾਹ ਨੂੰ ਬੇਆਬਰੂ ਹੋ ਕੇ ਰੁਖ਼ਸਤ ਹੋਣਾ ਪਵੇਗਾ ਤੇ ਇਸ ਨਾਲ ਇਜ਼ਰਾਇਲੀ ਰਾਜਨੀਤੀ ਵਿਚ ਆਈ ਉਥਲ ਪੁਥਲ ਸਦਕਾ ਯਿਤਜ਼ਾਕ ਰਬੀਨ ਜਿਹੇ ਮੱਧ ਮਾਰਗੀ ਆਗੂ ਮੁੜ ਮੰਜ਼ਰ 'ਤੇ ਉਭਰਨਗੇ? ਕੀ ਪੱਛਮੀ ਕੰਢੇ 'ਚ ਨਕਾਰਾ ਮਹਿਮੂਦ ਅਬਾਸ ਅਤੇ ਗਾਜ਼ਾ ਵਿਚ ਕੱਟੜਪੰਥੀ ਹਮਾਸ ਦੀ ਥਾਂ ਫ਼ਲਸਤੀਨੀ, ਬਿਹਤਰ ਲੀਡਰਸ਼ਿਪ ਲੈਣ ਲਈ ਜਥੇਬੰਦ ਹੋ ਸਕਣਗੇ? ਫ਼ਿਲਹਾਲ ਇਹ ਖ਼ਾਮ ਖਿਆਲੀ ਜਾਪਦੀ ਹੈ ਪਰ ਇਸ ਖ਼ਾਮ ਖਿਆਲੀ ਦਾ ਬਦਲ ਅਗਲੀ ਵਾਰ ਅਤੇ ਉਸ ਤੋਂ ਬਾਅਦ ਦੀ ਅਟੱਲ ਸਚਾਈ ਹੈ।

# 'ਸੈਕਸ਼ਨ 108' ਦਾ ਜਲਵਾ

ਫਿਲਮ 'ਸੈਕਸ਼ਨ 108' ਨਵਾਜ਼ੁਦੀਨ ਸਿੱਦੀਕੀ ਅਤੇ ਰੈਜਿਨਾ ਕੈਸੈਂਡਰਾ ਦੀ ਫ਼ਿਲਮ ਹੈ ਜੋ ਅਗਲੇ ਸਾਲ ਫਰਵਰੀ ਵਿਚ ਰਿਲੀਜ਼ ਹੋਣੀ ਹੈ। ਫਿਲਮ ਦੇ ਨਿਰਦੇਸ਼ਕ ਰਾਸ਼ਿਖ ਖਾਨ ਹਨ ਅਤੇ ਇਸ ਵਿਚ ਨਵਾਜ਼ੁਦੀਨ ਸਿੱਦੀਕੀ ਅਤੇ ਰੈਜਿਨਾ ਕੈਸੈਂਡਰਾ ਤੋਂ ਇਲਾਵਾ ਸਹਾਰਸ਼ ਕੁਮਾਰ, ਅਲੀਸ਼ਾ ਓਹਰੀ, ਸਾਨੰਦ ਵਰਮਾ, ਰੂਮੀ ਖਾਨ, ਆਸਿਫ ਖਾਨ ਆਦਿ ਅਦਾਕਾਰ ਵੀ ਹਨ। ਰੈਜਿਨਾ ਕੈਸੈਂਡਰਾ ਇਸ ਫਿਲਮ ਨੂੰ ਆਪਣੇ ਲਈ ਬਹੁਤ ਅਹਿਮ ਮੰਨ ਰਹੀ ਹੈ। 13 ਦਸੰਬਰ 1990 ਨੂੰ ਜਨਮੀ ਰੈਜਿਨਾ ਕੈਸੈਂਡਰਾ ਮੂਲ ਰੂਪ ਵਿਚ ਤਮਿਲ ਅਤੇ ਤੇਲਗੂ ਫਿਲਮਾਂ ਦੀ ਅਦਾਕਾਰਾ ਹੈ। ਉਸ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਸਾਲ 2005 ਵਿਚ ਤਮਿਲ ਫਿਲਮ 'ਕਾਂਡਾ ਨਾਲ ਮੁਧਈ' ਨਾਲ ਕੀਤੀ ਸੀ। ਤੇਲਗੂ ਸਿਨੇਮਾ ਵਿਚ ਉਸ ਨੇ ਸਾਲ 2012 ਵਿਚ ਫਿਲਮ 'ਸਿਵਾ ਮਾਨਾਸੂਲੋ ਸਰੁਤੀ' ਨਾਲ ਪਰਵੇਸ਼ ਕੀਤਾ ਸੀ। ਉਸ ਦੀ ਪਹਿਲੀ ਹਿੰਦੀ ਫਿਲਮ 'ਏਕ ਲੜਕੀ ਕੋ ਦੇਖਾ ਤੋ ਐਸਾ ਲਗਾ' ਸੀ ਜੋ ਸਾਲ 2019 ਵਿਚ ਰਿਲੀਜ਼ ਹੋਈ ਸੀ। ਇਹ ਫਿਲਮ ਸ਼ੈਲੀ ਚੋਪੜਾ ਧਰ ਨੇ ਡਾਇਰੈਕਟ ਕੀਤੀ ਸੀ ਅਤੇ ਫਿਲਮ ਵਿਚ ਹੋਰਨਾਂ ਤੋਂ ਇਲਾਵਾ ਅਨਿਲ ਕਪੂਰ, ਸੋਨਮ ਕਪੂਰ, ਰਾਜਕੁਮਾਰ ਰਾਓ, ਜੂਹੀ ਚਾਵਲਾ, ਅਕਸ਼ੈ ਓਬਰਾਏ ਵਰਗੇ ਅਦਾਕਾਰ ਸਨ। ਇਸ ਫਿਲਮ ਦਾ ਬਜਟ 30 ਕਰੋੜ ਰੁਪਏ ਸੀ ਅਤੇ ਇਹ ਕੁੱਲ 40 ਕਰੋੜ ਰੁਪਏ ਹੀ ਕਮਾ ਸਕੀ ਸੀ। ਇਸ ਫਿਲਮ ਦੇ ਚੰਗੇ ਰਿਵਿਊ ਤਾਂ ਆਏ ਸਨ ਪਰ ਬਾਕਸ ਆਫਿਸ ਉਤੇ ਇਹ ਫਿਲਮ ਕੋਈ ਵੱਡਾ ਕ੍ਰਿਸ਼ਮਾ ਨਹੀਂ ਕਰ ਸਕੀ ਸੀ। ਇਸ ਨੂੰ ਇਕ ਤਰ੍ਹਾਂ ਨਾਲ ਫਲਾਪ ਫਿਲਮ ਹੀ ਮੰਨਿਆ ਗਿਆ ਸੀ। ਸਾਲ 2021 ਵਿਚ ਆਈ ਫਿਲਮ 'ਥਲਾਇਵੀ' ਜੋ ਹਿੰਦੀ ਅਤੇ ਤਮਿਲ ਭਾਸ਼ਾਵਾਂ ਵਿਚ ਬਣਾਈ ਗਈ ਸੀ, ਵੀ ਰੈਜਿਨਾ ਕੈਸੈਂਡਰਾ ਦੇ ਕਰੀਅਰ ਨੂੰ ਹੁਲਾਰਾ ਨਹੀਂ ਦੇ ਸਕੀ। ਇਸ ਲਈ ਹੁਣ ਹਿੰਦੀ ਫਿਲਮ ਜਗਤ ਵਿਚ ਪੈਰ ਜਮਾਉਣ ਲਈ ਰੈਜਿਨਾ ਕੈਸੈਂਡਰਾ ਨੂੰ 'ਸੈਕਸ਼ਨ 108' ਤੋਂ ਬਹੁਤ ਆਸਾਂ ਹਨ। ਯਾਦ ਰਹੇ ਕਿ ਇਸ ਫਿਲਮ ਦੀ ਸ਼ੂਟਿੰਗ ਆਰੰਭ ਹੋ ਚੁੱਕੀ ਹੈ। ਰੈਜਿਨਾ ਕੈਸੈਂਡਰਾ ਦਾ ਆਖਣਾ ਹੈ ਕਿ ਉਹ ਇਸ ਫਿਲਮ ਲਈ ਖ਼ੂਬ ਮਿਹਨਤ ਕਰ ਰਹੀ ਹੈ। ਪਹਿਲੀਆਂ ਦੋਵੇਂ ਹਿੰਦੀ ਫਿਲਮਾਂ ਵਿਚ ਉਸ ਦੇ ਰੋਲ ਕੋਈ ਬਹੁਤੇ ਵੱਡੇ ਨਹੀਂ ਸਨ ਪਰ ਇਸ ਵਾਰ ਨੂੰ ਵਧੇਰੇ ਕੰਮ ਕਰਨ ਦਾ ਮੌਕਾ ਮਿਲਿਆ ਹੈ। ਉਸ ਅਨੁਸਾਰ, ਉਹ ਇਹ ਮੌਕਾ ਕਿਸੇ ਵੀ ਸੂਰਤ ਵਿਚ ਗੁਆਉਣਾ ਨਹੀਂ ਚਾਹੁੰਦੀ।




ਅਦਾਕਾਰਾ ਰੈਜਿਨਾ ਕੈਸੈਂਡਰਾ ਅਤੇ ਅਦਾਕਾਰ ਨਵਾਜ਼ੁਦੀਨ ਸਿੱਦੀਕੀ।

# ਦਰਸ਼ੀਲ ਸਫਾਰੀ ਦਾ ਸਫਰ




ਅਦਾਕਾਰ ਦਰਸ਼ੀਲ ਸਫਾਰੀ ਅਤੇ ਫਿਲਮ 'ਹੁਕਸ ਬੁਕਸ' ਦਾ ਪੋਸਟਰ।

ਸਾਲ 2007 ਵਿਚ ਰਿਲੀਜ਼ ਹੋਈ ਆਮਿਰ ਖਾਨ ਦੀ ਫਿਲਮ 'ਤਾਰੇ ਜ਼ਮੀਨ ਪਰ' ਵਿਚ ਬਾਲਕ ਦੀ ਭੂਮਿਕਾ ਕਰ ਕੇ ਸਭ ਦਾ ਮਨ ਮੋਹਣ ਵਾਲਾ ਦਰਸ਼ੀਲ ਸਫਾਰੀ ਹੁਣ ਜਵਾਨ ਹੋ ਗਿਆ ਹੈ ਅਤੇ ਹੁਣ ਉਸ ਦੀ ਫਿਲਮ 'ਹੁਕਸ ਬੁਕਸ' ਆ ਗਈ ਹੈ। ਇਸ ਫਿਲਮ ਦਾ ਟਰੇਲਰ ਪਹਿਲਾਂ ਰਿਲੀਜ਼ ਕਰ ਦਿੱਤਾ ਗਿਆ ਸੀ ਅਤੇ ਫਿਲਮ 3 ਨਵੰਬਰ ਨੂੰ ਸਿਨੇਮਿਆਂ ਵਿਚ ਰਿਲੀਜ਼ ਹੋ ਗਈ ਹੈ। ਇਸ ਫਿਲਮ ਵਿਚ ਦਰਸ਼ੀਲ ਸਫਾਰੀ ਇਕ ਕ੍ਰਿਕਟ ਖਿਡਾਰੀ ਦਾ ਮੁੱਖ ਕਿਰਦਾਰ ਨਿਭਾਅ ਰਿਹਾ ਹੈ। ਇਹ ਫਿਲਮ ਵਿਨੈ ਭਾਰਦਵਾਜ ਅਤੇ ਸੁਮਿਤਰਾ ਸਿੰਘ ਨੇ ਰਲ ਕੇ ਨਿਰਦੇਸ਼ਤ ਕੀਤੀ ਹੈ। ਫਿਲਮ ਵਿਚ ਦਰਸ਼ੀਲ ਸਫਾਰੀ ਤੋਂ ਇਲਾਵਾ ਅਰੁਣ ਗੋਵਿਲ, ਸੱਜਾਦ ਡੈਲਾਫਰੂਜ਼, ਗੌਤਮ ਵਿੱਜ ਅਤੇ ਮੀਰ ਸਰਵਰ ਨੇ ਵੀ ਆਪੋ-ਆਪਣੀ ਅਦਾਕਾਰੀ ਦੇ ਜੌਹਰ ਦਿਖਾਏ ਹਨ। ਇਸ ਫਿਲਮ ਵਿਚ ਦਰਸ਼ੀਲ ਸਫਾਰੀ ਉਘੇ ਕ੍ਰਿਕਟ ਖਿਡਾਰੀ ਸਚਿਨ ਤੇਂਦੁਲਕਰ ਦਾ ਬਹੁਤ ਵੱਡਾ ਫੈਨ ਹੈ।

ਫਿਲਮ 'ਤਾਰੇ ਜ਼ਮੀਨ ਪਰ' ਵਿਚ ਦਰਸ਼ੀਲ ਨੇ ਡਿਸਲੈਕਸਿਕ ਤੋਂ ਪੀੜਤ ਬੱਚੇ ਦਾ ਕਿਰਦਾਰ ਨਿਭਾਇਆ ਸੀ। ਆਪਣੀ ਇਸ ਅਦਾਕਾਰੀ ਕਾਰਨ ਉਸ ਦੀ ਬਹੁਤ ਚਰਚਾ ਹੋਈ ਸੀ ਅਤੇ ਕਈ ਇਨਾਮ-ਸਨਮਾਨ ਵੀ ਮਿਲੇ ਸਨ। ਫਿਰ ਸਾਲ 2010 ਵਿਚ ਉਹ ਫਿਲਮ 'ਬਮ ਬਮ ਭੋਲੇ' ਵਿਚ ਨਜ਼ਰ ਆਇਆ। ਕਹਿੰਦੇ ਹਨ ਕਿ ਇਸ ਫਿਲਮ ਲਈ ਉਸ ਨੂੰ ਮਿਹਨਤਾਨੇ ਵਜੋਂ ਤਿੰਨ ਲੱਖ ਰੁਪਏ ਮਿਲੇ ਸਨ ਜੋ ਉਸ ਵਕਤ ਕਿਸੇ ਬਾਲ ਕਲਾਕਾਰ ਲਈ ਬਹੁਤ ਵੱਡੀ ਰਾਸ਼ੀ ਸੀ। ਇਸ ਤੋਂ ਬਾਅਦ ਉਸ ਨੇ ਦੋ ਹੋਰ ਫਿਲਮਾਂ- 'ਜ਼ੋਕੋਮੋਨ' (2011) ਅਤੇ ਦੀਪਾ ਮਹਿਤਾ ਦੀ ਫਿਲਮ 'ਮਿਡ ਨਾਈਟ'ਸ ਚਿਲਡਰਨ' (2012) ਕੀਤੀਆਂ। 2012 ਵਿਚ ਹੀ ਉਸ ਨੇ ਡਾਂਸ ਰਿਐਲਿਟੀ ਸ਼ੋਅ 'ਝਲਕ ਦਿਖਲਾ ਜਾ' ਵਿਚ ਹਿੱਸਾ ਲਿਆ। ਇਸ ਸ਼ੋਅ ਵਿਚ ਉਸ ਦੀ ਸਾਥੀ ਡਾਂਸਰ ਅਵਨੀਤ ਕੌਰ ਸੀ। ਇਸ ਸ਼ੋਅ ਵਿਚ ਉਹ ਬਹੁਤੀ ਦੂਰ ਤੱਕ ਨਹੀਂ ਜਾ ਸਕਿਆ ਅਤੇ ਕੁੱਲ ਮਿਲਾ ਕੇ ਉਸ ਦੀ ਪੁਜ਼ੀਸ਼ਨ 7ਵੀਂ ਰਹੀ ਸੀ। 2022 ਵਿਚ ਉਹ ਇਕ ਛੋਟੀ ਫਿਲਮ 'ਕੈਪੀਟਲ ਏ ਸਮਾਲ ਏ' ਵਿਚ ਦਿਖਾਈ ਦਿੱਤਾ।

2023 ਵਿਚ ਆਈ ਗੁਜਰਾਤੀ ਫਿਲਮ 'ਕੱਛ ਐਕਸਪ੍ਰੈੱਸ' ਵਿਚ ਵੀ ਉਸ ਨੇ ਅਦਾਕਾਰੀ ਕੀਤੀ ਸੀ। ਇਸ ਤੋਂ ਇਲਾਵਾ ਦਰਸ਼ੀਲ ਸਫਾਰੀ ਨੇ ਵੈੱਬ ਸੀਰੀਜ਼ 'ਆਧਾ ਇਸ਼ਕ' ਵਿਚ ਵੀ ਕੰਮ ਕੀਤਾ ਪਰ ਇਸ ਵਿਚ ਉਸ ਦੀ ਬਹੁਤੀ ਚਰਚਾ ਨਹੀਂ ਹੋਈ। ਹੁਣ ਉਸ ਨੂੰ ਫਿਲਮ 'ਹੁਕਸ ਬੁਕਸ' ਤੋਂ ਬਹੁਤ ਆਸਾਂ ਹਨ। ਉਹ ਚਾਹੁੰਦਾ ਹੈ ਕਿ ਉਹ ਹਿੰਦੀ ਫਿਲਮਾਂ ਦਾ ਸਫਲ ਅਦਾਕਾਰ ਬਣੇ। ਇਸ ਕਾਰਜ ਲਈ ਉਹ ਖ਼ੂਬ ਮਿਹਨਤ ਕਰ ਰਿਹਾ ਹੈ।

# ਟਾਈਗਰ ਸ਼ਰੌਫ ਤੇ ਦਿਸ਼ਾ ਪਟਾਨੀ ਦੀ ਨਵੀਂ ਦਿਸ਼ਾ



ਅਦਾਕਾਰ ਟਾਈਗਰ ਸ਼ਰੌਫ ਅਤੇ ਦਿਸ਼ਾ ਪਟਾਨੀ

ਟਾਈਗਰ ਸਰੌਫ ਅਤੇ ਦਿਸ਼ਾ ਪਟਾਨੀ ਇਕ ਵਾਰ ਫਿਰ ਇਕੱਠੇ ਹੋ ਰਹੇ ਹਨ। ਇਨ੍ਹਾਂ ਦੋਹਾਂ ਦੀ ਫਿਲਮ 'ਹੀਰੋ ਨੰਬਰ 1' ਬਣ ਰਹੀ ਹੈ। ਪਿਛਲੀ ਵਾਰ ਇਹ ਦੋਵੇਂ ਫਿਲਮ 'ਬਾਗੀ-3' ਵਿਚ 2020 ਵਿਚ ਨਜ਼ਰ ਆਏ ਸਨ। ਯਾਦ ਰਹੇ ਕਿ ਕਈ ਸਾਲ ਪਹਿਲਾਂ ਡੇਵਿਡ ਧਵਨ ਨੇ ਇਸੇ ਨਾਂ 'ਹੀਰੋ ਨੰਬਰ 1' ਵਾਲੀ ਫਿਲਮ ਬਣਾਈ ਸੀ। ਉਸ ਫਿਲਮ ਵਿਚ ਗੋਵਿੰਦਾ ਅਤੇ ਕ੍ਰਿਸ਼ਮਾ ਕਪੂਰ ਨੇ ਮੁੱਖ ਕਿਰਦਾਰ ਨਿਭਾਏ ਸਨ। ਦੱਸਿਆ ਜਾ ਰਿਹਾ ਹੈ ਕਿ ਨਵੀਂ ਫਿਲਮ ਇਸੇ ਪੁਰਾਣੀ ਫਿਲਮ ਦੀ ਰੀਮੇਕ ਹੋਵੇਗੀ। ਦਿਸ਼ਾ ਪਟਾਨੀ ਦੀ ਇਕ ਹੋਰ ਫਿਲ 'ਯੋਧਾ' ਬਣ ਕੇ ਤਿਆਰ ਹੈ ਅਤੇ ਇਹ ਇਸੇ ਸਾਲ ਦਸੰਬਰ ਵਿਚ ਰਿਲੀਜ਼ ਕੀਤੀ ਜਾ ਰਹੀ ਹੈ। ਇਸ ਫਿਲਮ ਵਿਚ ਦਿਸ਼ਾ ਪਟਾਨੀ ਨਾਲ ਸਿਧਾਰਥ ਮਲਹੋਤਰਾ ਅਤੇ ਰਾਸ਼ੀ ਖੰਨਾ ਨੇ ਅਹਿਮ ਭੂਮਿਕਾਵਾਂ ਨਿਭਾਈਆਂ ਹਨ।

# ਨੇਹਾ ਪੇਂਡਸੇ ਦਾ ਨਜ਼ਰੀਆ

'ਮੇ ਆਈ ਕਮ ਇਨ ਮੈਡਮ' ਵਿਚ ਆਪਣੀ ਅਦਾਕਾਰੀ ਲਈ ਨੇਹਾ ਪੇਂਡਸੇ ਖੂਬ ਚਰਚਾ ਬਟੋਰ ਰਹੀ ਹੈ। 29 ਨਵੰਬਰ 1984 ਨੂੰ ਜਨਮੀ ਨੇਹਾ ਹੁਣ ਤੱਕ ਹਿੰਦੀ, ਮਰਾਠੀ, ਤੇਲਗੂ, ਤਮਿਲ ਅਤੇ ਮਲਿਆਲਮ ਫਿਲਮਾਂ ਅਤੇ ਟੈਲੀਵਿਜ਼ਨ ਨਾਟਕਾਂ ਵਿਚ ਕੰਮ ਕਰ ਚੁੱਕੀ ਹੈ।

ਉਂਝ, 'ਮੇ ਆਈ ਕਮ ਇਨ ਮੈਡਮ' ਨਾਲ ਉਸ ਦੇ ਵਾਰੇ-ਨਿਆਰੇ ਹੋ ਹਏ ਹਨ। ਇਹ ਨਾਟਕ 'ਲਾਈਫ ਓ.ਕੇ.' ਉਤੇ ਨਸ਼ਰ ਕੀਤਾ ਜਾ ਰਿਹਾ ਹੈ। ਯਾਦ ਰਹੇ ਕਿ ਨੇਹਾ ਨੂੰ ਮਰਾਠੀ ਫਿਲਮ 'ਜੂਨ' ਲਈ ਸਰਵੋਤਮ ਅਦਾਕਾਰਾ ਦਾ ਇਨਾਮ ਮਿਲ ਚੁੱਕਾ ਹੈ। ਨੇਹਾ ਦਾ ਜਨਮ ਅਤੇ ਪਾਲਣ-ਪੋਸ਼ਣ ਮੁੰਬਈ ਵਿਚ ਹੋਇਆ। ਸਾਲ 2018 ਵਿਚ ਉਸ ਨੇ ਰਿਐਲਿਟੀ ਸ਼ੋਅ 'ਬਿੱਗ ਬੌਸ-12' ਵਿਚ ਵੀ ਹਿੱਸਾ ਲਿਆ ਸੀ ਅਤੇ ਉਹ ਇਸ ਸ਼ੋਅ ਦੌਰਾਨ 29 ਦਿਨ ਬਿੱਗ ਬੌਸ ਦੇ ਘਰ ਅੰਦਰ ਰਹੀ ਸੀ।

ਆਪਣੇ ਕਰੀਅਰ ਦਾ ਆਰੰਭ ਉਸ ਨੇ ਬਾਲ ਕਲਾਕਾਰ ਵਜੋਂ ਫਿਲਮ 'ਪਿਆਰ ਕੋਈ ਖੇਲ ਨਹੀਂ' ਨਾਲ ਕੀਤਾ ਸੀ। ਇਸ ਤੋਂ ਬਾਅਦ ਉਹ ਫਿਲਮ 'ਦੇਵਦਾਸ' ਅਤੇ ਕੁਝ ਹੋਰ ਫਿਲਮਾਂ ਵਿਚ ਵੀ ਨਜ਼ਰ ਆਈ ਸੀ। ਨੇਹਾ ਦਾ ਆਖਣਾ ਹੈ ਕਿ ਉਹ ਹੌਲੀ-ਹੌਲੀ ਹਿੰਦੀ ਫਿਲਮਾਂ ਵਿਚ ਸਫਲ ਹੋਣਾ ਚਾਹੁੰਦੀ ਹੈ ਅਤੇ ਉਹ ਕੋਈ ਚੰਗਾ ਰੋਲ ਲੱਭ ਰਹੀ ਹੈ।



ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫ਼ਤਹਿ ॥

# 17th Mahan Nagar Kirtan

## On Sat. November 04th, 2023 at 11:30 am

# Gurdwara Sant Sagar

242-25 Braddock Ave., Bellerose NY 11426. Ph. 718-343-1030

## ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਸੰਗਤਾਂ ਨੂੰ ਲੱਖ-ਲੱਖ ਵਧਾਈ ਹੋਵੇ ਜੀ ।

# 17ਵਾਂ ਮਹਾਨ ਨਗਰ ਕੀਰਤਨ





ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ 27 ਨਵੰਬਰ ਦਿਨ ਸੋਮਵਾਰ ਨੂੰ ਆ ਰਿਹਾ ਹੈ। ਜਿਸ ਦੇ ਸੰਬੰਧ ਵਿੱਚ ਹਰ ਸਾਲ ਦੀ ਤਰ੍ਹਾਂ ਗੁਰਦੁਆਰਾ ਸੰਤ ਸਾਗਰ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ 4 ਨਵੰਬਰ ਦਿਨ ਸ਼ਨੀਵਾਰ ਨੂੰ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਪੰਜ ਪਿਆਰਿਆਂ ਦੀ ਅਗਵਾਈ ਅਤੇ ਪੰਜ ਨਗਾਰਿਆਂ ਦੀ ਗੂੰਜ ਵਿੱਚ 11:30 ਵਜੇ ਸਵੇਰ ਨੂੰ ਇਹ ਨਗਰ ਕੀਰਤਨ ਆਰੰਭ ਹੋ ਕੇ ਹਿੱਲ ਸਾਈਡ 263 ਸਟਰੀਟ ਤੋਂ ਲੰਘਦਾ ਹੋਇਆ 82 ਐਵੀਨਿਊ ਤੋਂ ਗੁਰਦੁਆਰਾ ਸੰਤ ਸਾਗਰ ਵਿਖੇ ਸ਼ਾਮ ਦੇ 3:30 ਵਜੇ ਸਮਾਪਤ ਹੋਵੇਗਾ ।

**ਨਗਰ ਕੀਰਤਨ ਵਾਲੇ ਦਿਨ ਦੇ ਲੰਗਰ ਦੀ ਸੇਵਾ ਸੰਤ ਬਾਬਾ ਪ੍ਰੇਮ ਸਿੰਘ ਸੁਸਾਇਟੀ ਬੈੱਲਰੋਜ਼ ਵੱਲੋਂ ਹੋਵੇਗੀ।**

**Saturday November 4, 2023, 17th Mahan Nagar Kirtan will start from GURDWARA SANT SAGAR, Bellerose, NY at 11:30am towards Hillside Ave., to 263rd street. Nagar Kirtan will move toward 82nd Ave. Which will take us back to GURDWARA SAHIB at 3:30pm.**

ਨੋਟ : ਅਕਤੂਬਰ 30 ਦਿਨ ਸੋਮਵਾਰ ਨੂੰ ਧੰਨ ਧੰਨ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ ਜਾ ਰਿਹਾ ਹੈ ਉਸ ਦਿਨ ਸ਼ਾਮ 5:30 ਤੋਂ ਰਾਤ 10:30 ਵਜੇ ਤੱਕ ਵਿਸ਼ੇਸ਼ ਦੀਵਾਨ ਸਜਾਏ ਜਾਣਗੇ।

**ਇਸ ਨਗਰ ਕੀਰਤਨ ਵਿੱਚ ਪੰਥ ਪ੍ਰਸਿੱਧ ਰਾਗੀ ਜਥੇ ਅਤੇ ਢਾਡੀ ਜਥੇ ਗੁਰਬਾਣੀ ਕੀਰਤਨ ਤੇ ਢਾਡੀ ਵਾਰਾਂ ਨਾਲ ਸੰਗਤ ਨੂੰ ਗੁਰੂ ਚਰਣਾਂ ਨਾਲ ਜੋੜਨਗੇ।**

ਭਾਈ ਸੱਜਣ ਸਿੰਘ ਜੀ (ਸਾਬਕਾ ਹਜ਼ੂਰੀ ਰਾਗੀ ਦਰਬਾਰ ਸਾਹਿਬ)
ਭਾਈ ਰਾਏ ਸਿੰਘ ਜੀ (ਹਜ਼ੂਰੀ ਰਾਗੀ ਦਰਬਾਰ ਸਾਹਿਬ)
ਭਾਈ ਸੁਖਜਿੰਦਰ ਸਿੰਘ ਜੀ (ਹਜ਼ੂਰੀ ਰਾਗੀ ਦਰਬਾਰ ਸਾਹਿਬ)
ਭਾਈ ਗੁਰਚਰਨ ਸਿੰਘ ਜੀ (ਹਜ਼ੂਰੀ ਰਾਗੀ ਦਰਬਾਰ ਸਾਹਿਬ)
ਭਾਈ ਗੁਰਪ੍ਰੀਤ ਸਿੰਘ ਜੀ ਬੱਲ੍ਹਡਵਾਲ,
ਭਾਈ ਅਮਰੀਕ ਸਿੰਘ ਜੀ ਗੁਰਦਾਸਪੁਰੀ
ਢਾਡੀ ਭਾਈ ਕਰਨੈਲ ਸਿੰਘ ਜੀ ਮਾਛੀਵਾੜੇ ਵਾਲੇ
ਢਾਡੀ ਭਾਈ ਮੋਹਨ ਸਿੰਘ ਜੀ ਬਡਾਨਾ

Bhai Sajjan Singh Ji (Ex. Hazoori Ragi Darbar Sahib)
Bhai Rai Singh Ji (Hazoori Ragi Darbar Sahib)
Bhai Sukhjinder Singh Ji (Hazoori Ragi Darbar Sahib)
Bhai Gurcharan Singh (Hazoori Ragi Darbar Sahib)
Bhai Gurpreet Singh Ji Ballhadwal
Bhai Amrik Singh Ji Gurdaspuri
Dhadi Bhai Karnail Singh Ji Machiwade wale
Dhadi Bhai Mohan Singh Ji Badana

ਗੁਰਪੁਰਬ ਦੇ ਸੰਬੰਧ ਵਿਚ ਹਰ ਸਾਲ ਦੀ ਤਰ੍ਹਾਂ 27 ਅਗਸਤ ਤੋਂ ਪ੍ਰਭਾਤ ਫੇਰੀਆਂ ਆਰੰਭ ਹਨ ਜੋ ਕਿ 26 ਨਵੰਬਰ ਨੂੰ ਸਮਾਪਤ ਹੋਣਗੀਆਂ।



ਗੱਤਕਾ ਟੀਮ ਆਪਣੇ ਜੋਹਰ ਦਿਖਾਏਗੀ

ਸਮੂਹ ਸੰਗਤਾਂ ਦਾ ਇਸ ਉਲੀਕੇ ਗਏ ਪ੍ਰੋਗਰਾਮਾਂ ਵਿੱਚ ਆਪਣਾ ਯੋਗਦਾਨ ਪਾਕੇ ਸਫਲ ਕਰਨ ਲਈ ਬਹੁਤ ਬਹੁਤ ਧਨੰਵਾਦ।

ਨਗਰ ਕੀਰਤਨ ਵਿਚ ਸਾਰੇ ਭੈਣ, ਭਰਾ ਬੱਚੇ ਤੇ ਬੱਚੀਆਂ ਕੇਸਰੀ ਰੰਗ ਦੀਆਂ ਪੱਗਾਂ, ਦਸਤਾਰਾਂ ਤੇ ਦੁਪੱਟੇ ਸਜਾਕੇ ਆਓ ਜੀ।

ਇਹਨਾਂ ਸਾਰੇ ਪ੍ਰੋਗਰਾਮਾਂ ਵਿੱਚ ਗੁਰੂ ਕਾ ਲੰਗਰ ਅਟੁੱਟ ਵਰਤੇਗਾ।

ਗੁਰੂ-ਸੰਗਤਾਂ ਦਾ ਦਾਸ- ਭਾਈ ਸੱਜਣ ਸਿੰਘ
ਸਾਬਕਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ
ਮੁੱਖ ਸੰਚਾਲਕ - ਗੁਰਦੁਆਰਾ ਸੰਤ ਸਾਗਰ, ਬੈਲਰੋਜ਼, ਨਿਊਯਾਰਕ
Phone # 718.343.1030



LIVE

ਨਗਰ ਕੀਰਤਨ ਦਾ ਸਿੱਧਾ ਪ੍ਰਸਾਰਣ ਫੇਸਬੁਕ ਅਤੇ ਯੂਟਿਊਬ ਤੇ ਦੇਖ ਸਕਦੇ ਹੋ ।
Watch live Nagar Kirtan on Facebook & YouTube

YouTube facebook

Print by : PrintLinkers.com # 347-475-5555 ( Dilpreet Singh )